Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Harmit S Toor
Bay East Brokers, Inc.
BEB BAY EAST BROKERS
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 20; May 20, 2023 20451 N. Plum Grove Rd., Palatine, IL 60074 Ph:847-359-0746, Fax:847-705-9388

## ਬਾਦਲ ਦਲ ਦਾ ਭਵਿੱਖ ਦਾਅ 'ਤੇ

### ਜ਼ਿਮਨੀ ਚੋਣ ਨਤੀਜਿਆਂ ਪਿੱਛੋਂ ਪਹਿਲੇ ਸਵਾਲ ਜਿਉਂ ਦੇ ਤਿਉਂ

**ਚੰਡੀਗੜ੍ਹ:** ਜਲੰਧਰ ਜ਼ਿਮਨੀ ਚੋਣ ਦੇ ਨਤੀਜਿਆਂ ਨੇ ਪੰਜਾਬ ਦੀ ਸੱਤਾ 'ਤੇ ਲੰਮਾ ਸਮਾਂ ਕਾਬਜ਼ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਪੈਰੋਂ ਕੱਢ ਦਿੱਤਾ ਹੈ। ਹਾਰ ਨੇ ਇਸ ਪੰਥਕ ਸਿਆਸੀ ਧਿਰਾਂ ਦੇ ਭਵਿੱਖ ਉਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। 2022 ਦੀਆਂ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਅਕਾਲੀ ਦਲ ਇਸ ਸੰਸਦੀ ਚੋਣ ਦੇ ਜ਼ਰੀਏ ਪੈਰਾਂ ਸਿਰ ਖੜ੍ਹੇ ਹੋਣ ਦੀ ਝਾਕ ਵਿਚ ਸੀ ਪਰ ਚੋਣ ਨਤੀਜਿਆਂ ਨੇ ਅਕਾਲੀ ਦਲ ਦੇ ਆਗੂਆਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ।

ਇਸ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਮਹਿਜ਼ 17.85 ਫੀਸਦੀ ਵੋਟਾਂ ਨਾਲ ਸਬਰ ਕਰਨਾ ਪਿਆ ਹੈ ਹਾਲਾਂਕਿ ਜਲੰਧਰ ਸੰਸਦੀ ਹਲਕੇ ਵਿਚ ਬਹੁਜਨ ਸਮਾਜ ਪਾਰਟੀ ਦਾ ਚੰਗਾ ਆਧਾਰ ਮੰਨਿਆ ਜਾਂਦਾ ਹੈ ਤੇ ਦਲ ਨੇ ਬਸਪਾ ਨਾਲ ਸਿਆਸੀ ਭਾਈਵਾਲੀ ਤਹਿਤ ਹੀ ਸਾਂਝਾ ਉਮੀਦਵਾਰ ਖੜ੍ਹਾ ਕੀਤਾ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਗੁਆਚੀ ਸ਼ਾਖ਼ ਬਹਾਲ ਕਰਨ ਲਈ ਇਸ ਚੋਣ ਲਈ ਟਿੱਲ ਲਾਇਆ ਸੀ। ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਜਲੰਧਰ ਵਿਚ ਡੇਰੇ ਲਾਈ ਬੈਠੀ ਰਹੀ। ਆਮ ਆਦਮੀ ਪਾਰਟੀ (ਆਪ) ਦੇ ਸੁਸ਼ੀਲ ਰਿੰਕੂ ਨੇ 3,02,097 ਵੋਟਾਂ ਹਾਸਲ ਕਰਕੇ 58,691 ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਨੂੰ ਹਰਾਇਆ। ਕਰਮਜੀਤ ਕੌਰ ਨੇ 2,43,450 ਵੋਟਾਂ ਹਾਸਲ ਕੀਤੀਆਂ। ਭਾਜਪਾ ਉਮੀਦਵਾਰ ਨੂੰ 1,34,706 ਵੋਟਾਂ ਮਿਲੀਆਂ, ਜਦਕਿ ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ 1,58,354 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ। ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਪਹਿਲਾਂ ਤੀਜੇ ਨੰਬਰ 'ਤੇ ਚੱਲ ਰਹੇ ਸਨ ਪਰ ਉਹ ਆਖਰੀ ਗੇੜਾਂ ਵਿਚ ਪੱਛੜ ਗਏ। ਸਾਲ 2024 ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਤੇ ਉਸ ਤੋਂ ਬਾਅਦ ਵਿਧਾਨ ਸਭਾ ਦੀਆਂ ਚੋਣਾਂ ਤੱਕ ਦਾ ਪੈਂਡਾ ਅਕਾਲੀ ਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਲਈ ਮੁਸ਼ਕਿਲਾਂ ਭਰਿਆ ਹੋਣ



ਦੇ ਸਪਸ਼ਟ ਸੰਕੇਤ ਦਿਖਾਈ ਦੇ ਰਹੇ ਹਨ। ਇਹ ਨਤੀਜੇ ਸਪਸ਼ਟ ਸੰਕੇਤ ਦੇ ਗਏ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਹੋਈ ਨਮੋਸ਼ੀ ਭਰੀ ਹਾਰ ਤੋਂ ਬਾਅਦ ਨਿਘਾਰ ਦਾ ਅਮਲ ਜਾਰੀ ਹੈ। ਇਹ ਨਿਘਾਰ ਪਾਰਟੀ ਪ੍ਰਧਾਨ ਸੁਖਬੀਰ ਲਈ ਵੱਡੀ ਵੰਗਾਰ ਬਣ ਸਕਦਾ ਹੈ।

ਅਕਾਲੀ ਦਲ ਦੀ ਹੁਣ ਹਾਲਤ ਇਹ ਹੈ ਕਿ ਚੋਣ ਹਾਰਦੇ ਹੀ ਇਸ ਦੇ ਕੁਝ ਸੀਨੀਅਰ ਆਗੂਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਕਿ ਜੇਕਰ ਭਾਜਪਾ ਨਾਲ ਹੁੰਦੀ ਤਾਂ ਨਤੀਜੇ ਕੁਝ ਹੋਰ ਹੋਣੇ ਸੀ। ਹਾਲਾਂਕਿ ਭਾਜਪਾ ਨੇ ਅਕਾਲੀ ਦਲ ਨਾਲ ਕੋਈ ਹਮਦਰਦੀ ਵਿਖਾਉਣ ਦੀ ਥਾਂ ਸਾਫ ਆਖ ਦਿੱਤਾ ਹੈ ਕਿ ਪੰਜਾਬ ਵਿਚ ਇਸ ਧਿਰ (ਅਕਾਲੀ ਦਲ) ਕਾਰਨ ਉਨ੍ਹਾਂ ਨੇ ਵੱਡਾ ਸਿਆਸੀ ਨੁਕਸਾਨ ਝੱਲਿਆ ਹੈ। ਇਸ ਤੋਂ ਸਾਫ ਹੈ ਕਿ ਕਿ ਗੱਠਜੋੜ ਵੇਲੇ ਵੱਡਾ ਭਰਾ ਅਖਵਾਉਣ ਵਾਲਾ ਅਕਾਲੀ ਦਲ ਹੁਣ ਭਗਵਾ ਧਿਰ ਦੇ ਹਾੜ੍ਹੇ ਕੱਢ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਅੰਦਰ ਬਗਾਵਤਾਂ ਦਾ ਅਮਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਸ਼ੁਰੂ ਹੋਇਆ ਸੀ ਜਦੋਂ ਸੁਖਦੇਵ ਸਿੰਘ ਢੀਂਡਸਾ,

*(ਬਾਕੀ ਸਫਾ 6 'ਤੇ)*

### ਆਪ ਰਵਾਇਤੀ ਧਿਰਾਂ ਲਈ ਚੁਣੌਤੀ ਬਣੀ

**ਚੰਡੀਗੜ੍ਹ:** ਜਲੰਧਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ (ਆਪ) ਦੀ ਜਿੱਤ ਨੇ ਪੁਰਾਣੀਆਂ ਪਾਰਟੀਆਂ ਲਈ ਨਵੀਂ ਚਿੰਤਾ ਖੜ੍ਹੀ ਕਰ ਦਿੱਤੀ ਹੈ। 'ਆਪ' ਦੀ ਜਿੱਤ ਨੇ ਸਪਸ਼ਟ ਕਰ ਦਿੱਤਾ ਕਿ ਪੰਜਾਬ 'ਤੇ ਲੰਮਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਜ਼ਿਮਨੀ ਚੋਣ ਦੌਰਾਨ ਜ਼ੋਰ-ਸ਼ੋਰ ਨਾਲ ਚੋਣ ਪ੍ਰਚਾਰ ਕੀਤਾ, ਇਸ ਦੇ ਬਾਵਜੂਦ 'ਆਪ' ਨੇ ਬਾਹਰੀ ਉਮੀਦਵਾਰ ਦੇ ਸਿਰ ਦਾਅ ਖੇਡ ਕੇ ਵੀ ਪੁਰਾਣੀ ਤੇ ਰਵਾਇਤੀ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਚਿੱਤ ਕਰ ਦਿੱਤਾ। ਇਸ ਜਿੱਤ ਨੇ ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੀ ਤਾਕਤਵਰ ਨਹੀਂ ਬਣਾਇਆ ਬਲਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਭਵਿੱਖ ਦੀਆਂ ਚੁਣੌਤੀਆਂ ਦੇ ਸੰਕੇਤ ਦੇ ਦਿੱਤੇ ਹਨ।

## ਕਰਨਾਟਕ ਨਤੀਜਿਆਂ ਪਿੱਛੋਂ ਸਾਂਝੇ ਮੁਹਾਜ਼ ਲਈ ਪਿੜ ਬੱਝਣ ਲੱਗਾ



**ਨਵੀਂ ਦਿੱਲੀ:** ਕਰਨਾਟਕ 'ਚ ਕਾਂਗਰਸ ਆਪਣੇ ਪੱਧਰ 'ਤੇ ਬਹੁਮਤ ਹਾਸਲ ਕਰ ਕੇ 10 ਸਾਲਾਂ ਮਗਰੋਂ ਸੂਬੇ ਦੀ ਸੱਤਾ ਹਾਸਲ ਕਰਨ 'ਚ ਕਾਮਯਾਬ ਰਹੀ ਹੈ। ਕਾਂਗਰਸ ਨੇ ਦੱਖਣ 'ਚ ਭਾਜਪਾ ਦੇ ਇਕਲੌਤੇ ਕਿਲ੍ਹੇ ਨੂੰ ਢਾਹ ਲਗਾਉਂਦਿਆਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਿੜ ਮਘਾ ਦਿੱਤਾ ਹੈ। ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੈਰ-ਭਾਜਪਾ ਪਾਰਟੀਆਂ ਸਾਂਝੇ ਮੰਚ 'ਤੇ ਆਉਣ ਲਈ ਸਰਗਰਮ ਹੋ ਗਈਆਂ ਹਨ।

ਵਿਰੋਧੀ ਧਿਰ ਦੇ ਕਈ ਆਗੂਆਂ ਨੇ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਜਿੱਤ ਮਗਰੋਂ ਕਾਂਗਰਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਨਤੀਜਾ ਦਿਖਾਉਂਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਰਾਇਆ ਜਾ ਸਕਦਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਰਨਾਟਕ ਦੇ ਲੋਕਾਂ ਨੂੰ ਬਦਲਾਅ ਦੇ ਹੱਕ ਵਿਚ ਫਤਵਾ ਦੇਣ ਲਈ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਹੰਕਾਰੀ ਅਤੇ ਤਾਨਾਸ਼ਾਹ ਸਰਕਾਰ ਨੂੰ ਖਤਮ ਕਰ ਦਿੱਤਾ ਹੈ। ਮਮਤਾ ਬੈਨਰਜੀ ਨੇ ਸਾਫ ਆਖ ਦਿੱਤਾ ਹੈ ਕਿ ਉਸ ਦੀ ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਉੱਥੇ ਸਮਰਥਨ ਦੇਵੇਗੀ, ਜਿੱਥੇ ਉਹ ਮਜ਼ਬੂਤ ਹੋਵੇਗੀ। ਆਗਾਮੀ ਚੋਣਾਂ 'ਚ ਵਿਰੋਧੀ ਏਕੇ ਸਬੰਧੀ ਬੈਨਰਜੀ ਨੇ ਪਹਿਲੀ ਵਾਰ ਆਪਣੀ ਪਾਰਟੀ ਦਾ ਸਟੈਂਡ ਸਪੱਸ਼ਟ ਕੀਤਾ ਹੈ।

ਇਸ ਸਬੰਧੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਮੀਟਿੰਗ ਬੁਲਾਉਣ ਦੇ ਸੰਕੇਤ ਦਿੱਤੇ ਹਨ ਜਿਸ ਵਿਚ 10 ਤੋਂ ਜ਼ਿਆਦਾ ਸਿਆਸੀ ਪਾਰਟੀਆਂ ਦੇ ਹਿੱਸਾ ਲੈਣ ਦੀ ਉਮੀਦ ਹੈ। ਪਿਛਲੇ ਦਿਨੀਂ ਨਿਤੀਸ਼ ਕੁਮਾਰ ਨੇ ਵੱਖ ਵੱਖ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਹਨ ਜਿਨ੍ਹਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ, ਐਨ.ਸੀ.ਪੀ. ਦੇ ਸ਼ਰਦ ਪਵਾਰ, ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ, ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ, ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੇ ਊਧਵ ਠਾਕਰੇ ਅਤੇ ਕਈ ਹੋਰ ਆਗੂ ਸ਼ਾਮਲ ਹਨ। ਸਿਆਸੀ ਮਾਹਿਰਾਂ ਅਨੁਸਾਰ ਇਸ ਮੀਟਿੰਗ ਵਿਚ ਜਨਤਾ ਦਲ (ਯੂਨਾਈਟਿਡ), ਰਾਸ਼ਟਰੀ ਜਨਤਾ ਦਲ, ਕਾਂਗਰਸ, ਝਾਰਖੰਡ ਮੁਕਤੀ ਮੋਰਚਾ, ਡੀ.ਐਮ.ਕੇ, ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ), ਐਨ.ਸੀ.ਪੀ, ਸੀ.ਪੀ.ਆਈ, ਸੀ.ਪੀ.ਐਮ, ਸੀ.ਪੀ.ਐਮ.ਐਲ. (ਲਿਬਰੇਸ਼ਨ)

*(ਬਾਕੀ ਸਫਾ 6 'ਤੇ)*

Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.


Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloode Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
GLOBAL TRUCK PERMITS
17 years of experience

Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880


# ਵਾਰਤਕ ਪੁਸਤਕ "ਚੁੱਪ ਦਾ ਮਰਮ ਪਛਾਣੀਏ" ਹੋਈ ਲੋਕ ਅਰਪਿਤ

ਅਮ੍ਰਿਤਸਰ: ਗੁਰੂਆਂ, ਪੀਰਾਂ-ਫਕੀਰਾਂ ਅਤੇ ਸਾਹਿਤਕਾਰਾਂ ਵੱਲੋਂ ਹੋਂਦ ਵਿਚ ਲਿਆਂਦੀ ਗੌਰਵਮਈ ਆਪਸੀ ਸੰਵਾਦ ਦੀ ਪਰੰਪਰਾ ਤਹਿਤ "ਕਿਛ ਸੁਣੀਐ ਕਿਛੁ ਕਹੀਐ " ਦੇ ਅੰਤਰਗਤ ਰਾਬਤਾ ਮੁਕਾਲਮਾਂ ਕਾਵਿ ਮੰਚ ਵਲੋਂ ਸ਼ੁਰੂ ਕੀਤੀ ਸਾਹਿਤਕ ਸਮਾਗਮਾਂ ਦੀ ਲੜੀ ਦੇ ਪਲੇਠੇ ਸਮਾਗਮ ਵਿਚ ਅਜ ਏਥੇ ਸ਼ਾਇਰ ਮਲਵਿੰਦਰ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ।

ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਅਜੋਕੀ ਨੱਠ ਭੱਜ ਵਾਲੀ ਜੀਵਨ ਸ਼ੈਲੀ ਵਿਚ ਅਜਿਹੀ ਅਦਬੀ ਮਹਿਫਲ ਸਹਿਜਤਾ ਬਖਸ਼ਦੀ ਹੈ। ਡਾ. ਮੋਹਨ ਅਤੇ ਹਰਜੀਤ ਕੌਰ ਸੌਂਧ ਨੇ ਕਿਹਾ ਕਿ ਇਹੋ ਜਿਹੀਆਂ ਬੈਠਕਾਂ ਕੇਵਲ ਰਚਨਾਵਾਂ ਦਾ ਅਦਾਨ ਪ੍ਰਦਾਨ ਹੀ ਨਹੀਂ ਕਰਦੀਆਂ ਬਲਕਿ ਸਮਾਜਿਕ ਸਾਂਝ ਦਾ ਮੁੱਢ ਵੀ ਬੰਨਦੀਆਂ ਹਨ।

ਇਸ ਸਮੇਂ ਸ਼ਾਇਰ ਮਲਵਿੰਦਰ ਦੀ ਨਵ



ਸਮਾਗਮ ਦੇ ਕਨਵੀਨਰ ਸਰਬਜੀਤ ਸਿੰਘ ਸੰਧੂ ਨੇ ਸਵਾਗਤੀ ਸਬਦ ਕਹਿੰਦਿਆਂ ਸਮੁੱਚੀ ਰੂਪ-ਰੇਖਾ ਸਾਂਝੀ ਕੀਤੀ। ਗੁਫ਼ਤਗੂ ਦਾ ਆਗਾਜ਼ ਗੁਜਰਾਤ ਤੋਂ ਉਚੇਚੇ ਤੌਰ 'ਤੇ ਆਏ ਮਦਨ ਸਿੰਘ ਸੌਂਧ ਵਲੋਂ ਤਰੁਨਮ ਵਿਚ ਗਾਏ ਗੀਤ "ਮੈਨੂੰ ਮੇਰੇ ਪਿੰਡ ਦਾ ਬਨੇਰਾ ਚੇਤੇ ਆ ਗਿਆ" ਨਾਲ ਹੋਇਆ।

ਵਿਦੇਸ਼ ਤੋਂ ਪਰਤੇ ਸ਼ਾਇਰ ਮਲਵਿੰਦਰ ਨੇ ਕਿਹਾ ਕਿ ਬੇਸ਼ੱਕ ਉਹ ਆਪਣੇ ਬਚਿਆਂ ਕੋਲੋਂ ਹੱਸ ਖੇਡ ਕੇ ਆਏ ਹਨ ਫਿਰ ਵੀ ਮਾਨਸਿਕ ਸਕੂਨ ਆਪਣੀ ਧਰਤੀ, ਆਪਣੇ ਲੋਕ ਅਤੇ ਆਪਣੀ ਭਾਸ਼ਾ 'ਚ ਵਿਚਰਦਿਆਂ ਹੀ ਮਿਲਦਾ ਹੈ। ਕਥਾਕਾਰ ਪ੍ਰਕਾਸ਼ਿਤ ਵਾਰਤਕ ਪੁਸਤਕ "ਚੁੱਪ ਦਾ ਮਰਮ ਪਛਾਣੀਏ" ਹਾਜਰ ਸਾਹਿਤਕਾਰਾਂ ਵਲੋਂ ਲੋਕ ਅਰਪਿਤ ਕੀਤੀ ਗਈ। ਰਚਨਾਵਾਂ ਦੇ ਚੱਲੇ ਦੌਰ ਵਿੱਚ ਅਰਤਿੰਦਰ ਸੰਧੂ, ਵਿਜੇਤਾ ਭਾਰਦਵਾਜ, ਜਗਤਾਰ ਗਿੱਲ, ਬਲਜਿੰਦਰ ਮਾਂਗਟ, ਜਸਵੰਤ ਧਾਪ, ਡਾ ਭੁਪਿੰਦਰ ਸਿੰਘ ਫੇਰੂਮਾਨ, ਸਤਿੰਦਰ ਓਠੀ, ਡਾ ਰਾਜੇਸ਼, ਤਰਸੇਮ ਲਾਲ ਬਾਵਾ, ਰਾਜ ਖੁਸ਼ਵੰਤ ਸਿੰਘ ਸੰਧੂ ਅਤੇ ਬਲਵਿੰਦਰ ਕੌਰ ਆਦਿ ਨੇ ਅਦਬੀ ਰੰਗ ਬਿਖੇਰਿਆ। ਆਏ ਸਾਹਿਤਕਾਰਾਂ ਦਾ ਧੰਨਵਾਦ ਰੰਗ ਕਰਮੀ ਹਰਜੀਤ ਸਿੰਘ ਸੰਧੂ ਨੇ ਕੀਤਾ ਅਤੇ ਅਰਤਿੰਦਰ ਸੰਧੂ ਨੇ ਆਪਣੀ ਪੁਸਤਕ ਚੋਣਵੇਂ ਲੇਖਕਾਂ ਨੂੰ ਭੇਟ ਕੀਤੀ।

# ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਨੇ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਦੇ ਪ੍ਰਬੰਧਕਾਂ ਦਾ ਕੀਤਾ ਸਨਮਾਨ

ਫਰਜ਼ਿਨੋ, ਕੈਲੇਫੋਰਨੀਆ: ਸੈਂਟਰਲ ਕੈਲੇਫੋਰਨੀਆ ਦੇ ਸਮੂੰਹ ਗੁਰੂਘਰਾਂ ਦੇ ਪ੍ਰਬੰਧਾਂ ਅਤੇ ਸਿੱਖੀ ਦੇ ਪ੍ਰਚਾਰ ਲਈ ਬਣੀ ਸੰਸਥਾ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆ" ਵੱਲੋਂ



ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਸਨਵਾਕੀਨ ਦੇ ਸਮੂੰਹ ਪ੍ਰਬੰਧਕਾਂ ਦਾ ਸਿੱਖੀ ਦੇ ਪ੍ਰਚਾਰ ਵਿੱਚ ਸੇਵਾਵਾਂ ਨਿਭਾਉਣ, ਗੁਰੂਘਰ ਦੇ ਉਚੇਚੇ ਪ੍ਰਬੰਧਾਂ ਅਤੇ ਗੁਰੂਘਰ ਦਾ ਸਿੱਖ ਕੌਸ਼ਲ ਦੇ ਮੈਂਬਰ ਕਰਕੇ ਵਿਸ਼ੇਸ਼ ਤੌਰ 'ਤੇ ਪਲੈਕ ਦੇ ਕੇ ਸਨਮਾਨ ਕੀਤਾ ਗਿਆ। ਸਿੱਖ ਕੌਸ਼ਲ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਨੇ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਚੰਗੇ ਕਾਰਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਸੰਗਤਾਂ ਨੂੰ ਵਧਾਈ ਦਿੱਤੀ। ਜਦ ਕਿ ਸਿੱਖ ਕੌਸ਼ਲ ਦੇ ਬਾਕੀ ਪ੍ਰਮੁੱਖ ਮੈਂਬਰਾਂ ਵਿੱਚ ਗੁਰਜੰਟ ਸਿੰਘ ਗਿੱਲ, ਭਾਈ ਪਰਮਪਾਲ ਸਿੰਘ ਆਦਿਕ ਹਾਜ਼ਰ ਸਨ। ਇਸ ਸਮੇਂ ਗੁਰੂਘਰ ਦੀ ਸਮੁੱਚੀ ਕਮੇਟੀ ਵੱਲੋਂ ਗੁਰਬਿੰਦਰ ਸਿੰਘ ਧਾਲੀਵਾਲ ਨੇ ਸਿੱਖ ਕੌਸ਼ਲ ਦਾ ਇਹ ਮਾਣ ਬਖਸਣ ਲਈ ਧੰਨਵਾਦ ਕੀਤਾ। ਯਾਦ ਰਹੇ ਗੁਰੂ ਨਾਨਕ ਸਿੱਖ ਟੈਂਪਲ ਸੈਂਟਰਲ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਅਤੇ ਪੁਰਾਣਾ ਗੁਰੂਘਰ ਹੈ। ਜਿਸ ਨੂੰ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ।

## ਪੱਤਰਕਾਰ ਕੁਲਵੰਤ ਊਭੀ ਧਾਲੀਆਂ ਦੇ ਪੁੱਤਰ ਬਣੇ ਡਿਪਟੀ ਸ਼ੈਰਫ

ਫਰਿਜਨੋ (ਕੈਲੇਫੋਰਨੀਆ): ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਫਰਿਜਨੋ ਰਾਹੀਂ ਪੱਤਰਕਾਰਤਾ ਵਿੱਚ ਸੇਵਾਵਾਂ ਨਿਭਾਉਣ ਵਾਲੇ ਕੁਲਵੰਤ ਊਭੀ ਧਾਲੀਆਂ ਦੇ ਹੋਣਹਾਰ ਸਪੁੱਤਰ ਇਕਰਾਜ ਸਿੰਘ ਊਭੀ ਨੇ ਫਰਿਜਨੋ ਸ਼ੈਰਫ ਕਰਿਮੀਨੌਲਜੀ 108 ਅਕੈਡਮੀ ਤੋ ਗਰੈਜੂਏਟ ਹੋ ਕੇ ਪੂਰੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ।



ਜਿਕਰਯੋਗ ਹੈ ਕਿ ਉਹਨਾਂ ਨੇ ਇਹ ਮੱਲ ਪੂਰੇ ਸਿੱਖੀ ਸਰੂਪ ਵਿੱਚ ਰਹਿ ਕੇ ਮਾਰੀ ਤੇ ਬਹੁਤ ਜਲਦ ਉਹ ਡਿਪਟੀ ਸ਼ੈਰਫ ਦੇ ਤੌਰ ਤੇ ਸੇਵਾਵਾਂ ਦੇਣਗੇ। ਇਸ ਖੁਸ਼ੀ ਦੇ ਮੌਕੇ ਤੇ ਹਰ ਕੋਈ ਊੱਭੀ ਪਰਿਵਾਰ ਨੂੰ ਵਧਾਈਆਂ ਦੇ ਰਿਹਾ ਹੈ, ਇਸ ਬੱਚੇ ਲਈ ਸ਼ੁੱਭਕਾਮਨਾਵਾਂ ਭੇਜ ਰਿਹਾ ਹੈ, ਅਤੇ ਆਸ ਕਰਦੇ ਹਾਂ ਕਿ ਇਹ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਕੇ ਭਾਈਚਾਰੇ ਦਾ ਸਿਰ ਫ਼ਖਰ ਨਾਲ ਉੱਚਾ ਕਰਦਾ ਰਹੇਗਾ।

# ਕਬੱਡੀ ਖੇਡ ਦੀਆਂ ਰੰਗਦਾਰ ਤਸਵੀਰਾਂ ਨਾਲ ਕਿਤਾਬ

ਸਰੀ (ਕੈਨੇਡਾ): ਇਥੇ ਤਾਜ ਬੈਂਕੁਇਟ ਹਾਲ ਵਿਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ (ਮੁੱਖ ਮੰਤਰੀ) ਡੇਵਿਡ ਈਬੀ ਨੂੰ ਕਬੱਡੀ ਖੇਡ ਬਾਰੇ ਇਕ ਬਹੁਤ ਹੀ ਸ਼ਾਨਦਾਰ ਤੇ ਰੰਗਦਾਰ ਪੁੱਸਤਕ ਭੇਟ ਕੀਤੀ ਗਈ। ਇਸ ਨਿਵੇਕਲੀ ਪੁੱਸਤਕ ਵਿਚ ਵਿਸ਼ਵ ਕਬੱਡੀ ਕੱਪ 2020 ਦੇ ਮੁਲਕਾਂ-ਭਾਰਤ, ਪਾਕਿਸਤਾਨ, ਈਰਾਨ, ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਜਰਮਨੀ, ਸਿਆਰਾਲੋਨ, ਕੀਨੀਆ ਤੇ ਅਜਰਬਾਈਜਾਨ ਦੇ ਕਬਡੀ ਖਿਡਾਰੀਆਂ, ਰੈਫਰੀਆਂ ਤੇ ਪ੍ਰਬੰਧਕਾਂ ਦੀਆਂ 510 ਦੇ ਲਗਭਗ ਜਾਣਕਾਰੀ ਸਾਹਿਤ ਬਹੁਤ ਹੀ ਸੁੰਦਰ ਤਸਵੀਰਾਂ ਹਨ। ਕਬੱਡੀ ਦਾ ਇਹ ਵਿਸ਼ਵ ਕੱਪ, 9 ਫਰਵਰੀ ਤੋ 16 ਫਰਵਰੀ 2020 ਨੂੰ, ਪਾਕਿਸਤਾਨ ਕਬੱਡੀ ਫੈਡਰੇਸ਼ਨ, ਪੰਜਾਬ ਕਬੱਡੀ ਐਸੋਸੀਏਸ਼ਨ, ਪੰਜਾਬ ਸਰਕਾਰ ਤੇ ਪੰਜਾਬ ਸਪੋਰਟਸ ਬੋਰਡ-ਲਾਹੌਰ ਦੇ ਸਹਿਯੋਗ ਨਾਲ, ਪਾਕਿਸਤਾਨ ਦੇ 3 ਸ਼ਹਿਰਾਂ-ਲਾਹੌਰ, ਗੁਜਰਾਤ ਤੇ ਲਾਇਲਪੁਰ (ਫੈਸਲਾਬਾਦ) ਦੇ ਸਟੇਡੀਅਮਾਂ ਵਿਚ 70 ਤੋ 80 ਹਜਾਰ ਦਰਸ਼ਕਾਂ ਦੀ ਹਾਜਰੀ ਵਿਚ ਹੋਇਆ। ਇਸ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੇ 10 ਮੁੱਲਕਾਂ ਦੇ ਖਿਡਾਰੀਆਂ, ਰੈਫਰੀਆਂ ਤੇ ਪ੍ਰਬੰਧਕਾਂ ਦੇ ਰਹਿਣ-ਸਹਿਣ ਦਾ ਪ੍ਰਬੰਧ ਲਾਹੌਰ ਦੇ ਬਹੁਤ ਹੀ ਸ਼ਾਨਦਾਰ ਹੋਟਲ 'ਆਵਾਰੀ-ਲਾਹੌਰ' ਵਿਚ ਕੀਤਾ ਗਿਆ, ਜੋ ਖੂਬਸੂਰਤੀ ਪੱਖੋ ਏਸ਼ਿਆ ਦਾ ਸਭ ਤੋ ਸੋਹਣਾ ਹੋਟਲ ਹੈ।



*ਸਰੀ ਦੇ ਸਿਆਸੀ ਲੀਡਰ ਜਨਾਬ ਬਿਲਾਲ ਚੀਮਾ, ਸੰਤੋਖ ਸਿੰਘ ਮੰਡੇਰ, ਡੇਵਿਡ ਈਬੀ (ਪ੍ਰੀਮੀਅਰ ਬੀ ਸੀ ਸਰਕਾਰ), ਜਿਨੀ ਸਿਮਸ (ਐਮ ਐਲ ਏ-ਬੀ ਸੀ), ਸ. ਜਗਰੂਪ ਸਿੰਘ ਬਰਾੜ (ਵਪਾਰ ਮੰਤਰੀ ਬੀ ਸੀ) ਅਤੇ ਹੋਰ ਪਤਵੰਤੇ*

ਕੈਨੇਡੀਅਨ ਸੂਬੇ ਬੀ ਸੀ ਦੇ ਸ਼ਹਿਰ ਸਰੀ ਨਿਵਾਸੀ ਖੇਡ ਫੋਟੋ-ਪਤਰਕਾਰ ਸੰਤੋਖ ਸਿੰਘ ਮੰਡੇਰ ਨੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਖਿਡਾਰੀਆਂ ਤੇ ਪ੍ਰਬੰਧਕਾਂ ਬਾਰੇ ਇਹ ਨਵੇਕਲੀ ਕਿਤਾਬ ਸ਼ਾਨਦਾਰ ਰੰਗਦਾਰ ਤਸਵੀਰਾਂ ਸਾਹਿਤ ਤਿਆਰ ਕੀਤੀ ਹੈ। ਚਾਰ ਭਾਸ਼ਾਵਾਂ ਅੰਗਰੇਜੀ, ਪੰਜਾਬੀ, ਉਰਦੂ ਤੇ ਫਾਰਸੀ ਵਿਚ ਤਿਆਰ ਇਸ ਅਨੋਖੀ "ਕੌਫੀ ਟੇਬਲ ਬੁੱਕ" ਦਾ ਨਾਂ "ਦਾ ਲੀਜੈਂਡਜਸ ਆਫ ਸਪੋਰਟਸ" ਕਬੱਡੀ "ਵਰਲਡ ਕੱਪ-2020, ਪਾਕਿਸਤਾਨ" ਹੈ। ਇਹ ਖੂਬਸੂਰਤ ਕਿਤਾਬ ਕਬੱਡੀ ਖੇਡ ਖੇਤਰ ਵਿਚ ਦੁਨਿਆ ਭਰ ਅੰਦਰ ਆਪਣੀ ਕਿਸਮ ਦੀ ਪਹਿਲੀ ਲਾਸਾਨੀ ਕਿਤਾਬ ਹੈ ਜੋ 180 ਰੰਗਦਾਰ ਸਫਿਆਂ ਨਾਲ ਤੇ 468 ਤਸਵੀਰਾਂ ਨਾਲ ਭਰੀ ਪਈ ਹੈ। ਇਹ ਕਿਤਾਬ ਜਲਦੀ ਸੰਸਾਰ ਭਰ ਵਿਚ ਕਬੱਡੀ ਦੇ ਚਹੇਤਿਆਂ ਨੂੰ ਮਿਲ ਸਕੇਗੀ।

# ਪਹਿਲਵਾਨ ਕੁੜੀਆਂ ਦੀ ਇਨਸਾਫ ਲਈ ਪੈਰਵੀ

ਪੰਜਾਬੀ ਥਿੰਕਰਜ਼ ਫੋਰਮ ਟੋਰਾਂਟੋ ਜੰਤਰ ਮੰਤਰ, ਨਵੀਂ ਦਿੱਲੀ ਧਰਨੇ 'ਤੇ ਬੈਠੀਆਂ ਔਰਤ ਅਤੇ ਮਰਦ ਪਹਿਲਵਾਨਾਂ ਨਾਲ ਆਪਣੀ ਹਮਦਰਦੀ



ਸੁੱਚਾ ਸਿੰਘ ਗਿੱਲ

ਅਤੇ ਆਪਣਾ ਸਮੱਰਥਨ ਜਤਾਉਂਦਾ ਹੈ। ਮੰਚ ਦੇ ਕਨਵੀਨਰ ਬਲਦੇਵ ਦੂਹੜੇ, ਸੁੱਚਾ ਸਿੰਘ ਗਿੱਲ, ਬਲਰਾਜ ਚੀਮਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਇਹ ਵਿਰੋਧ ਇਨਾਮਯਾਫਤਾ ਜਵਾਨ ਪਹਿਲਵਾਨ ਕੁੜੀਆਂ ਨਾਲ ਭਾਰਤ ਦੀ ਪਹਿਲਵਾਨ ਫੈਡਰੇਸ਼ਨ ਦੇ ਪ੍ਰਧਾਨ, ਬ੍ਰਿਜ ਭੂਸ਼ਨ ਸ਼ਰਨ ਸਿੰਘ ਵਲੋਂ ਕੀਤੇ ਗਏ ਲਿੰਗਿਕ ਉਤਪੀੜਨ ਦੇ ਖਿਲਾਫ ਕੀਤਾ ਜਾ ਰਿਹਾ ਹੈ। ਦੁਖਦਾਇਕ ਹੈ ਕਿ ਇਕ ਪੀੜਤ ਲੜਕੀ ਤਾਂ ਅਜੇ ਨਾਬਾਲਗ ਹੀ ਦੱਸੀ ਜਾਂਦੀ ਹੈ। ਇਹ ਹੋਰ ਵੀ ਦੁਖਦ ਹੈ ਕਿ ਕਈ ਮਹੀਨਿਆਂ ਤੋਂ ਚੱਲ ਰਹੇ ਇਸ ਪਰੋਟੈਸਟ ਦੇ ਬਾਵਜੂਦ ਵੀ ਜਨਵਰੀ ਤਕ ਇਸ ਵਿਅੱਕਤੀ ਵਿਰੁੱਧ ਕੋਈ ਐਫ ਆਈ ਆਰ ਵੀ ਦਰਜ ਨਹੀਂ ਕੀਤੀ ਗਈ।

ਇਹ ਕਾਨੂੰਨ ਨਾਲ ਭੱਦੇ ਮਜ਼ਾਕ ਤੋਂ ਵੱਧ ਹੋ ਕੀ ਹੋ ਸਕਦਾ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ ਉਪਰੰਤ ਹੀ ਅੰਤ ਵਿਚ ਐਫ ਆਈ ਆਰ 23 ਜਨਵਰੀ ਨੂੰ ਦਰਜ਼ ਕੀਤੀ ਗਈ। ਕਥਿੱਤ ਦੋਸ਼ੀ ਬੀਜੀਪੀ ਦਾ ਛੇ ਵਾਰ ਐਮ ਪੀ ਚੁਣਿਆ ਜਾਣ ਵਾਲਾ ਵਿਅੱਕਤੀ ਹੈ। ਐਫ ਆਈ ਆਰ ਬਾਅਦ ਵੀ ਇਸ ਤਥਾ-ਕਥਿਤ ਦੋਸ਼ੀ ਦੀ ਅਜੇ ਤਕ ਗ੍ਰਿਫਤਾਰੀ ਨਹੀਂ ਹੋਈ ਅਤੇ ਦੂਜੇ ਪਾਸੇ ਧਰਨੇ 'ਤੇ ਬੈਠੇ ਪਹਿਲਵਾਨਾਂ ਅਤੇ ਉਨ੍ਹਾਂ ਦੇ ਸਮੱਰਥਕਾਂ ਨੂੰ ਦਿੱਲੀ ਪੁਲੀਸ ਵਲੋਂ ਉਲਟਾ ਪਰੇਸ਼ਾਨ ਕੀਤਾ ਗਿਆ ਅਤੇ ਕਈ ਵਿਅੱਕਤੀਆਂ ਨੂੰ ਚੋਟਾਂ ਵੀ ਆਈਆਂ। ਔਰਤ ਰਿਪੋਰਟਰ ਅਤੇ ਵੂਮੈਨ ਕਮਿਸ਼ਨ ਦੀ ਚੇਅਰਪਰਸਨ ਜਦੋਂ ਇਕ ਰਾਤ ਨੂੰ ਧਰਨੇ ਵਾਲੀ ਥਾਂ ਆਏ ਤਾਂ ਉਨ੍ਹਾਂ ਨੂੰ ਵੀ ਪਰੇਸ਼ਾਨ ਕੀਤਾ ਗਿਆ।

ਇਹ ਬਹੁਤ ਮੰਦਭਾਗਾ ਹੈ ਕਿ ਅੰਤਰ-ਰਾਸ਼ਟਰੀਸਤਰ ਦੇ ਜਿੱਤ ਦੇ ਤਗਮੇ ਜਿੱਤਣ ਵਾਲੀਆਂ ਇਨਾਮਯਾਫਤਾ ਔਰਤਾਂ ਨੂੰ, ਜਿਨ੍ਹਾਂ ਨੇ ਦੇਸ਼ ਦੀ ਇੱਜ਼ਤ ਵਧਾਈ ਹੈ ਉਹਨਾਂ ਦਾ ਭਵਿੱਖ ਇਸ ਤਰ੍ਹਾਂ ਬੇਰਹਿਮੀ ਨਾਲ ਖੁਆਰ ਕੀਤਾ ਜਾ ਰਿਹਾ ਹੈ, ਅਤੇ ਇਸ ਨਿਹਾਇੱਤ ਘਿਨੌਣੇ ਜ਼ੁਰਮ ਦਾ ਦੋਸ਼ੀ ਖੁੱਲਾ ਘੁੰਮ ਰਿਹਾ ਹੈ ਇਸ ਕਰਕੇ ਕਿ ਉਹ ਹੁਕਮਰਾਨ ਪਾਰਟੀ ਦਾ ਚਹੇਤਾ ਪਾਰਲੀਮੈਂਟ ਮੈਂਬਰ ਹੈ। ਜਿਸ ਢੰਗ ਨਾਲ ਇਹ ਸਭ ਕੁਝ ਚੱਲ ਰਿਹਾ ਹੈ ਉਸ ਨੇ ਜਵਾਨ ਖਿਡਾਰੀਆਂ ਵਿਚ ਦੇ ਮਨਾਂ ਨੂੰ ਬਹੁਤ ਠੇਸ ਪਹੁੰਚਾਈ ਹੈ ਅਤੇ ਦੇਸ਼ ਦੇ ਲੋਕਤੰਤਰ ਦਾ ਅੰਤਰ-ਰਾਸ਼ਟਰੀ ਪੱਧਰ 'ਤੇ ਮਾਣ ਘਟਾਇਆ ਹੈ।

ਸਾਡੇ ਫੋਰਮ ਦੀ ਮੰਗ ਹੈ ਕਿ ਭਾਰਤ ਸਰਕਾਰ ਇਸ ਸੰਕਟ ਦਾ ਨੋਟਿਸ ਲਵੇ ਅਤੇ ਤੁਰੰਤ ਲੋੜੀਂਦੀ ਕਾਰਵਾਈ ਕਰੇ ਤਾਂ ਕਿ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਸਾਰੇ ਭਾਰਤੀ ਨਾਗਰਿਕਾਂ ਦਾ ਮਨੋਬੱਲ ਵਧਾਇਆ ਜਾ ਸਕੇ।

ਭਾਰਤ ਦੇ ਯੁਵਕ ਖਿਡਾਰੀਆਂ ਨਾਲ ਸੰਬੰਧਤ ਇਸ ਗੰਭੀਰ ਸੰਕਟ ਦੇ ਨਿਪਟਾਰੇ ਲਈ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਭਾਰਤੀ ਪਹਿਲਵਾਨ ਫੈਡਰੇਸ਼ਨ ਦੀ ਪ੍ਰਧਾਨਗੀ ਤੋਂ ਤੁਰੰਤ ਡਿਸਮਿੱਸ ਕੀਤਾ ਜਾਵੇ। ਇਸ ਬੰਦੇ ਦੀ ਪੁਲੀਸ ਗ੍ਰਿਫਤਾਰੀ ਅਤੇ ਕਸਟੋਡੀਅਲ ਇੰਨਟੈਰੋਗੇਸ਼ਨ ਹੀ ਭਾਰਤੀ ਖਿਡਾਰੀਆਂ ਦੇ ਮਨੋਬਲ ਨੂੰ ਕਾਇਮ ਰੱਖ ਸਕੇਗਾ ਕਿ ਉਨ੍ਹਾਂ ਨੂੰ ਯੋਗ ਇਨਸਾਫ ਮਿਲ ਰਿਹਾ ਹੈ।


ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

# ਕੁਲਦੀਪ ਗਿੱਲ ਦੀ ਕਾਵਿ-ਪੁਸਤਕ ਇੰਟਰਨੈੱਟ ਉੱਤੇ ਲੋਕ-ਅਰਪਣ

ਬੀਤੇ ਦਿਨੀ ਪਿੰਡ ਝਿੰਗੜ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਤਹਿਸੀਲ ਦਸੂਹਾ ਤੋਂ ਕੈਨੇਡਾ ਨਿਵਾਸੀ ਨਾਮਵਰ ਲੇਖਕ ਕੁਲਦੀਪ ਗਿੱਲ ਦੀ ਕਾਵਿ-ਪੁਸਤਕ ''ਮੇਰੀ ਕਲਮ ਦੇ ਹੰਝੂ'' ਇੰਟਰਨੈੱਟ ਉੱਤੇ ਲੋਕ-ਅਰਪਣ ਕੀਤੀ ਗਈ।

ਜਿਸਨੂੰ ਕਿ ਕਾਜਲ ਪਬਲਿਸ਼ਰਜ਼ ਵਲੋਂ ਤਿਆਰ ਕਰਕੇ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਨੇ ਇਹ ਪੁਸਤਕ ਆਪਣੇ ਸੁਰਗਵਾਸੀ ਬਾਬਾ ਜੀ ਅਤੇ ਆਪਣੇ ਮਾਤਾ ਪਿਤਾ ਜੀ ਨੂੰ ਸਮਰਪਿਤ ਕੀਤੀ ਹੈ। ਲੇਖਕ ਕੁਲਦੀਪ ਗਿੱਲ ਦੀ ਇਹ ਪਹਿਲੀ ਕਾਵਿ-ਪੁਸਤਕ ਹੈ। ਜਿਸ ਵਿੱਚ ਲੇਖਕ ਨੇ ਜ਼ਿੰਦਗੀ ਦੇ ਦੁੱਖ-ਸੁੱਖ ਅਤੇ ਅਨੇਕਾਂ ਸਮਾਜਿਕ ਵਿਸ਼ਿਆਂ ਨੂੰ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਵਿੱਚ ਪਰੋਇਆ ਹੈ। ਇਸ ਪੁਸਤਕ ਨੂੰ ਪਾਠਕਾਂ ਵਲੋਂ ਇੰਟਰਨੈੱਟ ਉੱਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਥੋੜੇ ਹੀ ਦਿਨਾਂ ਵਿੱਚ ਹੁਣ ਤੱਕ ਇਸ ਪੁਸਤਕ ਨੂੰ ਅਨੇਕਾਂ ਪਾਠਕਾਂ ਵਲੋਂ ਪੜ੍ਹਿਆ ਜਾ ਚੁੱਕਾ ਹੈ।

ਇਸ ਪੁਸਤਕ ਨੂੰ ਗੂਗਲ ਉੱਤੇ ਅੰਗ੍ਰੇਜ਼ੀ ਦੇ ਅੱਖਰਾਂ ਵਿੱਚ ਮੇਰੀ ਕਲਮ ਦੇ ਹੰਝੂ ਜਾਂ ਮਾਂ ਪ੍ਰਕਾਸ਼ ਕੌਰ ਯਾਦਗਾਰ ਲਾਇਬ੍ਰੇਰੀ ਸਰਚ ਕਰਕੇ ਬੜੀ ਹੀ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ।

ਪੁਸਤਕ ਦੇ ਲੋਕ-ਅਰਪਣ ਉੱਤੇ ਕੁਲਦੀਪ ਗਿੱਲ ਨੂੰ ਪੰਜਾਬੀ ਕਾਵਿ ਜਗਤ ਦੀਆਂ ਨਾਮਵਰ ਕਲਮਾਂ ਅਤੇ ਉਨ੍ਹਾਂ ਦੇ ਅਨੇਕਾਂ ਪਾਠਕਾਂ ਵਲੋਂ ਮੁਬਾਰਕਬਾਦ ਦਿੱਤੀ ਗਈ।

Machinist Wanted
ਮਸ਼ੀਨਿਸਟ ਦੀ ਲੋੜ ਹੈ
ਤਜਰਬੇਕਾਰ ਸੈਟਅਪ, ਪ੍ਰੋਗਰਾਮਰ ਅਤੇ ਓਪਰੇਟਰ ਦੀ ਲੋੜ ਹੈ
Set Up, Programmer and Operators are all required with experience for
Lathe Machine & Milling Machine
Apply as Walk In, Email or Telephone (510) 585-5848
Systomatic Inc.
33372 Dowe Ave,
Union City CA
info@systomaticinc.com

ਪੈਨਸਲਵੇਨੀਆ ਵਿਚ ਗੈਸ ਸਟੇਸ਼ਨ ਵਿਕਾਊ ਹੈ
ਹੈਰਿਸ ਬਰਗ (ਪੈਨਸਲਵੇਨੀਆ) ਵਿਚ ਵੈਰੀ ਹਾਈ ਸੇਲ ਗੈਸ ਸਟੇਸ਼ਨ ਵਿਦ ਪ੍ਰਾਪਰਟੀ ਵਿਕਾਊ ਹੈ
ਚਾਹਵਾਨ ਸੰਪਰਕ ਕਰਨ: 717-525-1543

# Matrimonials

## ਲੜਕੀ ਦੀ ਲੋੜ ਹੈ

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures Whatsapp: (224) 595-9926 inderjeetverma08@gmail.com

17-20

Jatt Sikh family looking for a suitable match for their handsome son, 31 years, 5'11'', USA green card holder, well settled. Girl in Canada or USA on study visa, F1B visa, or visitor visa will be preffered. Please contact and send biodata/ picture @ whatsapp : 559 944 9597.

15-18

Jatt Sikh family looking for a suitable Jatt Sikh match for their USA born and raised (1990) 5'10" handsome son. Bachelor in Cyber Security (Information Technology). Currently working. Prefer girl in USA or Canada. A girl on study visa or H1B visa holder can also be considered. Well educated family with liberal values. Please contact and send Bio-data/pic at WhatsApp no +919041452784.

14-17

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only. Please Contact us at: +15103968812

Sikh Arora family looking for a suitable match for their 5'-8" B.tech. PMIM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

17-20

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency Call anytime at 847-673-3825

EARLY BIRD SALE!!!!
Etihad, Air India, KLM, Lufthansa, Delta, Qatar Airlines.
Domestic fares available


UMA TRAVELS
2535 West Devon Ave.,
Chicago, IL 60659
For Delhi-Bombay Ahmedabad, Hydrabad-Madra
Call For Special Sale Fares
Call: 773-338-5603

# ਸ਼੍ਰੋਮਣੀ ਕਮੇਟੀ ਨੂੰ ਅੰਦਰੋਂ ਬਾਹਰੋਂ ਬਹੁਤ ਵੱਡੀਆਂ ਚੁਣੌਤੀਆਂ: ਧਾਮੀ

**ਮੁਹਾਲੀ:** ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਫਤਹਿ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਹੰਗ ਸਿੰਘ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਫ਼ਤਹਿ-ਏ-ਜੰਗ ਸਾਹਿਬ ਚੱਪੜਚਿੜੀ ਤੋਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੱਕ ਫ਼ਤਹਿ ਮਾਰਚ ਸਜਾਇਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਹੋਏ ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਨਿਹੰਗ ਸਿੰਘ ਜਥੇਬੰਦੀਆਂ, ਧਾਰਮਿਕ ਸਭਾ ਸੁਸਾਇਟੀਆਂ, ਬੈਂਡ ਤੇ ਗਤਕਾ ਪਾਰਟੀਆਂ ਨੇ ਖ਼ਾਲਸਾਈ ਜਾਹੋ-ਜਲਾਲ ਨਾਲ ਸ਼ਮੂਲੀਅਤ ਕੀਤੀ।



ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਅਸਥਾਨ 'ਤੇ ਜ਼ਾਲਮ ਹਕੂਮਤ 'ਤੇ ਫਤਹਿ ਹਾਸਲ ਕੀਤੀ। ਇਹ ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ ਹੈ ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ ਜਿਸ ਤੋਂ ਨੌਜਵਾਨ ਪੀੜ੍ਹੀ ਨੂੰ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੰਦਰੋਂ ਅਤੇ ਬਾਹਰੋਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਿੱਖ ਵਿਰੋਧੀ ਤਾਕਤਾਂ ਵੱਲੋਂ ਸਿੱਧੇ ਅਤੇ ਅਸਿੱਧੇ ਰੂਪ ਵਿਚ ਧਾਰਮਿਕ ਸੰਸਥਾ ਨੂੰ ਖੋਰਾ ਲਾਉਣ ਦੀਆ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਇਸ ਕਰ ਕੇ ਸਾਰਿਆਂ ਨੂੰ ਇਕਜੁੱਟ ਹੋ ਕੇ ਅਤੇ ਜਥੇਬੰਦੀਆਂ ਨੂੰ ਇਕ ਦੂਜੇ ਨਾਲ ਲੜਾਈ ਛੱਡ ਕੇ ਗੁਰੂ ਸਿਧਾਂਤ 'ਤੇ ਪਹਿਰਾ ਦੇਣਾ ਚਾਹੀਦਾ ਹੈ। ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਤਿੰਨ ਧਮਾਕੇ ਹੋਣਾ ਬਹੁਤ ਚਿੰਤਾ ਵਾਲੀ ਗੱਲ ਹੈ।

## ਗੁਰਮਤਿ ਦੀ ਰਹਿਣੀ ਦੇ ਧਾਰਨੀ ਬਣਨ ਸਿੱਖ: ਜਥੇਦਾਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾਗੱਦੀ ਦਿਵਸ ਮਨਾਇਆ ਗਿਆ। ਇਸ ਦੌਰਾਨ ਦਰਬਾਰ ਸਾਹਿਬ, ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਵਿਖੇ ਜਲੌਅ ਸਜਾਏ ਗਏ। ਇਸ ਮੌਕੇ ਅਕਾਲ ਤਖ਼ਤ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਸਮਾਗਮ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਤਾਗੱਦੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਜਿਊਣਾ ਹਰ ਸਿੱਖ ਦਾ ਫ਼ਰਜ਼ ਹੈ। ਇਸ ਲਈ ਹਰ ਸਿੱਖ ਗੁਰਮਤਿ ਦੀ ਰਹਿਣੀ ਦਾ ਧਾਰਨੀ ਬਣੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਣੀ ਅਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਆ।

# ਅਜਾਇਬ ਘਰ 'ਚ ਜਥੇਦਾਰ ਤਲਵੰਡੀ ਤੇ ਭਾਈ ਅਮਰਜੀਤ ਸਿੰਘ ਦੀਆਂ ਤਸਵੀਰਾਂ ਲਾਈਆਂ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਦੋ ਸਿੱਖ ਸ਼ਖ਼ਸੀਅਤਾਂ ਜਥੇਦਾਰ ਦਲੀਪ ਸਿੰਘ ਤਲਵੰਡੀ ਤੇ ਭਾਈ ਅਮਰਜੀਤ ਸਿੰਘ ਖੇਮਕਰਨ ਦੀਆਂ ਤਸਵੀਰਾਂ ਲਾਈਆਂ ਗਈਆਂ।

ਜਥੇਦਾਰ ਦਲੀਪ ਸਿੰਘ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਰਹੇ ਹਨ, ਜਦਕਿ ਭਾਈ ਅਮਰਜੀਤ ਸਿੰਘ ਖੇਮਕਰਨ 1984 'ਚ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਦੌਰਾਨ ਸ਼ਹੀਦ ਹੋ ਗਏ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਜਥੇਦਾਰ ਦਲੀਪ ਸਿੰਘ ਤਲਵੰਡੀ ਨੇ ਲੰਮਾ ਸਮਾਂ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਵਜੋਂ ਸੇਵਾਵਾਂ ਨਿਭਾਈਆਂ ਅਤੇ ਉਨ੍ਹਾਂ ਨੇ ਜੈਤੋ ਦੇ ਮੋਰਚੇ ਅਤੇ ਪੰਜਾਬੀ ਸੂਬਾ ਮੋਰਚਾ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਭਾਈ ਅਮਰਜੀਤ ਸਿੰਘ ਖੇਮਕਰਨ ਨੇ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਫੂਲਕਾ ਵੱਲੋਂ ਜਥੇਦਾਰ ਨਾਲ ਮੁਲਾਕਾਤ, ਡੂੰਘੇ ਹੋ ਰਹੇ ਪਾਣੀਆਂ 'ਤੇ ਚਰਚਾ

**ਅੰਮ੍ਰਿਤਸਰ:** ਸੁਪਰੀਮ ਕੋਰਟ ਦੇ ਵਕੀਲ ਤੇ ਸਾਬਕਾ ਵਿਧਾਇਕ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੇ ਆਪਣੇ ਸਾਥੀਆਂ ਸਣੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਹੇਠਾਂ ਜਾਣ ਤੋਂ ਰੋਕਣ ਲਈ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਕੁਦਰਤੀ ਵਿਧੀ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ।

ਜਥੇਦਾਰ ਹਰਪ੍ਰੀਤ ਸਿੰਘ ਨੂੰ ਮਿਲਣ ਵਾਲੇ ਵਫ਼ਦ ਵਿਚ ਡਾ. ਅਵਤਾਰ ਸਿੰਘ , ਡਾ. ਚਮਨ ਲਾਲ ਵਸ਼ਿਸ਼ਟ ਅਤੇ ਹੋਰ ਵੀ ਸ਼ਾਮਲ ਸਨ। ਮੁਲਾਕਾਤ ਤੋਂ ਬਾਅਦ ਹਰਵਿੰਦਰ ਸਿੰਘ ਫੂਲਕਾ ਨੇ ਦੱਸਿਆ ਕਿ ਉਨ੍ਹਾਂ ਨੇ ਜਥੇਦਾਰ ਨੂੰ ਅਪੀਲ ਕੀਤੀ ਹੈ ਪੰਜਾਬ ਦੀ ਹੋਂਦ ਬਚਾਉਣ ਵਾਸਤੇ ਇਸ ਦੇ ਪਾਣੀ ਨੂੰ ਬਚਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਫਸਲਾਂ ਦੀ ਬਿਜਾਈ ਵੇਲੇ ਪਾਣੀ ਦੀ ਵੱਧ ਵਰਤੋਂ ਕਰਨ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗ ਰਿਹਾ ਹੈ, ਇਨ੍ਹਾਂ 'ਚੋਂ ਝੋਨੇ ਦੀ ਫਸਲ ਲਈ ਵਧੇਰੇ ਪਾਣੀ ਦੀ ਵਰਤੋਂ ਹੋ ਰਹੀ ਹੈ।



ਇਸ ਦੌਰਾਨ ਉਨ੍ਹਾਂ ਦੇ ਨਾਲ ਗਏ ਕੁਝ ਖੇਤੀ ਮਾਹਿਰਾਂ ਨੇ ਜਥੇਦਾਰ ਨੂੰ ਕੁਦਰਤੀ ਖੇਤੀ ਰਾਹੀਂ ਝੋਨੇ ਦੀ ਬਿਜਾਈ ਦੇ ਨਵੇਂ ਢੰਗ-ਤਰੀਕਿਆਂ ਤੋਂ ਜਾਣੂ ਕਰਾਇਆ। ਜਿਸ ਨਾਲ ਨਾ ਸਿਰਫ ਜਮੀਨ ਹੇਠਲੇ ਪਾਣੀ ਦੀ ਵਧੇਰੇ ਵਰਤੋਂ ਨੂੰ ਰੋਕਿਆ ਜਾ ਸਕਦਾ ਹੈ ਸਗੋਂ ਜ਼ਹਿਰ ਮੁਕਤ ਖੇਤੀ ਵੀ ਕੀਤੀ ਜਾ ਸਕਦੀ ਹੈ। ਖੇਤੀ ਮਾਹਰ ਡਾਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਜਥੇਦਾਰ ਹਰਪ੍ਰੀਤ ਸਿੰਘ ਨੇ ਇਸ ਮਾਮਲੇ ਵਿਚ ਹਾਂ-ਪੱਖੀ ਹੁੰਗਾਰਾ ਦਿੱਤਾ ਹੈ ਅਤੇ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

# ਸ੍ਰੀ ਦਰਬਾਰ ਸਾਹਿਬ 'ਚ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾਂਜਲੀ

**ਅੰਮ੍ਰਿਤਸਰ:** ਦਲ ਖਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਤੇ ਸ਼ਖ਼ਸੀਅਤਾਂ ਵੱਲੋਂ ਲਾਹੌਰ ਵਿਚ ਕਤਲ ਕੀਤੇ ਗਏ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਆਗੂ ਪਰਮਜੀਤ ਸਿੰਘ ਪੰਜਵੜ ਨਮਿਤ ਅਖੰਡ ਪਾਠ ਦੇ ਭੋਗ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਪਾਏ ਗਏ। ਇਸ ਮੌਕੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਅਰਦਾਸ ਸਮਾਗਮ ਵਿਚ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ, ਬੁਲਾਰਾ ਪਰਮਜੀਤ ਸਿੰਘ ਮੰਡ, ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ, ਹਰਜਾਪ ਸਿੰਘ



ਸੁਲਤਾਨਵਿੰਡ ਅਤੇ ਭਾਈ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਭਾਈ ਪੰਜਵੜ ਸਿੱਖ ਸੰਘਰਸ਼ ਦੇ ਯੋਧੇ ਸਨ, ਜਿਨ੍ਹਾਂ ਨੂੰ ਪੰਥ ਵਿਰੋਧੀਆਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਹੱਦ ਪਾਰ ਹੋਏ ਇਸ ਕਤਲ ਦੀ ਸਾਜ਼ਿਸ਼ ਦਿੱਲੀ ਦੀਆਂ ਏਜੰਸੀਆਂ ਨੇ ਰਚੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਅੰਦਰ ਉਥਲ ਪੁਥਲ ਕਰਨ ਲਈ ਕੇਂਦਰੀ ਏਜੰਸੀਆਂ ਜ਼ਿੰਮੇਵਾਰ ਹਨ।

ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਜਾਂਚ ਦੇ ਖੇਤਰ ਵਿਚ ਸੇਵਾਵਾਂ ਨਿਭਾ ਚੁੱਕੇ ਸਾਬਕਾ ਉੱਚ ਪੱਧਰ ਦੇ ਤਜਰਬੇਕਾਰ ਸਿੱਖਾਂ ਦੀ ਇਕ ਕਮੇਟੀ ਬਣਾਉਣ ਅਤੇ ਇਹੋ ਜਿਹੇ ਗੁੰਝਲਦਾਰ ਮਸਲਿਆਂ ਦੀ ਜਾਂਚ ਅਕਾਲ ਤਖ਼ਤ ਆਪਣੀ ਨਿਗਰਾਨੀ ਹੇਠ ਕਰਵਾਏ।

# ਲਾਹੌਰ ਦੀ ਸ਼ਹਿਨੀਲ ਅਤੇ ਬਟਾਲਾ ਦੇ ਨਮਨ ਲੂਥਰਾ ਦੀ ਮੁਹੱਬਤ ਆਖਰ ਪ੍ਰਵਾਨ ਚੜ੍ਹੀ

**ਬਟਾਲਾ:** ਪਾਕਿਸਤਾਨ ਤੋਂ ਵੀਜ਼ਾ ਲੈ ਕੇ ਪੰਜਾਬ ਆਈ ਲਾਹੌਰ ਦੀ ਸ਼ਹਿਨੀਲ ਅਤੇ ਬਟਾਲਾ ਦੇ ਰਹਿਣ ਵਾਲੇ ਨਮਨ ਲੂਥਰਾ ਦਾ ਵਿਆਹ ਬਟਾਲਾ ਵਿਚ ਭਾਰਤੀ ਰੀਤੀ ਰਿਵਾਜਾਂ ਨਾਲ ਹੋਇਆ। ਜਾਣਕਾਰੀ ਅਨੁਸਾਰ ਦੋਵਾਂ ਦੀ ਮੰਗਣੀ ਸੱਤ ਸਾਲ ਪਹਿਲਾਂ ਹੋ ਗਈ ਸੀ, ਪਰ ਇਹ ਰਿਸ਼ਤਾ ਮੁਕੰਮਲ ਹੋਣ ਵਿਚ ਦੋਵਾਂ ਦੇ ਦੇਸ਼ਾਂ ਵਿਚਾਲੇ ਖੜ੍ਹੀ ਕੌਮਾਂਤਰੀ ਸਰਹੱਦ ਅੜਿੱਕਾ ਬਣ ਰਹੀ ਸੀ।

ਸ਼ਹਿਨੀਲ ਤੇ ਨਮਨ ਦੋਵੇਂ ਇਕ ਦੂਜੇ ਨੂੰ ਪਿਆਰ ਕਰਦੇ ਸਨ ਤੇ ਪਿਛਲੇ ਚਾਰ ਸਾਲਾਂ ਤੋਂ ਉਹ ਕਈ ਵਾਰ-ਵਾਰ ਵੀਜ਼ੇ ਲਈ ਅਪਲਾਈ ਕਰ ਚੁੱਕੇ ਸਨ। ਇਸ ਵੀਜ਼ੇ ਦੀ ਉਡੀਕ ਦੇ ਨਾਲ ਹੀ ਉਨ੍ਹਾਂ ਦੇ ਵਿਆਹ ਦੀ ਤਰੀਕ ਵੀ ਅੱਗੇ ਪੈਂਦੀ ਗਈ। ਦੱਸਣਯੋਗ ਹੈ ਕਿ ਨਮਨ ਲੂਥਰਾ ਪੇਸ਼ੇ ਤੋਂ ਵਕੀਲ ਹੈ ਤੇ ਉਸ ਦੇ ਨਾਨਕੇ ਪਾਕਿਸਤਾਨ ਦੇ ਲਾਹੌਰ ਵਿਚ ਹਨ। ਉਹ 2016 ਵਿਚ ਆਪਣੀ ਮਾਂ ਨਾਲ ਪਹਿਲੀ ਵਾਰ ਪਾਕਿਸਤਾਨ ਗਿਆ ਸੀ, ਜਿਥੇ ਸ਼ਹਿਨੀਲ ਤੇ ਨਮਨ ਨੇ ਇੱਕ ਦੂਜੇ ਨੂੰ ਪਸੰਦ ਕੀਤਾ। ਉਸ ਨੇ ਸ਼ਹਿਨੀਲ ਨਾਲ ਵਿਆਹ ਕਰਵਾਉਣ ਦੀ ਗੱਲ ਆਪਣੇ ਪਰਿਵਾਰ ਨਾਲ ਕੀਤੀ ਤੇ ਪਰਿਵਾਰਾਂ ਦੀ ਸਹਿਮਤੀ ਨਾਲ 2016 ਵਿਚ ਦੋਵਾਂ ਦੀ ਮੰਗਣੀ ਹੋ ਗਈ। ਇਸ ਮਗਰੋਂ ਵਾਰ ਵਾਰ ਰਿਜੈਕਟ ਹੋਈ ਵੀਜ਼ਾ ਦੀ ਐਪਲੀਕੇਸ਼ਨ ਕਰਕੇ ਅਤੇ ਵਿਚਾਲੇ ਕੋਰੋਨਾ ਕਰਕੇ ਲੱਗੇ ਲੌਕਡਾਊਨ ਕਰਕੇ ਉਨ੍ਹਾਂ ਨੂੰ ਲੰਬਾ ਸਮਾਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਲੜਕੇ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬੀਤੇ ਮਾਰਚ ਮਹੀਨੇ 'ਚ ਸੰਸਦ ਮੈਂਬਰ ਸਨੀ ਦਿਓਲ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਦੇ ਯਤਨਾਂ ਨਾਲ ਸ਼ਹਿਨੀਲ ਅਤੇ ਉਸ ਦੇ ਪਰਿਵਾਰ ਨੂੰ ਭਾਰਤ ਦਾ ਵੀਜ਼ਾ ਮਿਲਿਆ ਹੈ। ਹਾਲਾਂਕਿ ਭਾਰਤ ਸਰਕਾਰ ਨੇ ਸਿਰਫ ਸ਼ਹਿਨੀਲ ਅਤੇ ਉਸ ਮਾਤਾ-ਪਿਤਾ ਨੂੰ ਹੀ ਵੀਜ਼ਾ ਦਿੱਤਾ ਹੈ।

# 'ਆਪ' ਵਿਧਾਇਕ ਦੀ ਗੱਡੀ ਘੇਰਨ ਦੇ ਮਾਮਲੇ 'ਚ ਸ਼ੇਰੋਵਾਲੀਆ ਖਿਲਾਫ ਕੇਸ ਦਰਜ

**ਜਲੰਧਰ:** ਜਲੰਧਰ ਜ਼ਿਮਨੀ ਚੋਣ ਦੌਰਾਨ ਵੋਟਾਂ ਵਾਲੇ ਦਿਨ ਕਾਂਗਰਸੀ ਆਗੂਆਂ ਵੱਲੋਂ ਬਾਹਰਲੇ ਬੰਦਿਆਂ ਨੂੰ ਫੜਨਾ ਮਹਿੰਗਾ ਪੈ ਗਿਆ ਹੈ। ਪੁਲਿਸ ਨੇ ਇਸ ਮਾਮਲੇ ਵਿਚ 'ਆਪ' ਵਿਧਾਇਕ ਟੌਂਗ ਦੇ ਡਰਾਈਵਰ ਗਗਨਦੀਪ ਅਰੋੜਾ ਦੀ ਸ਼ਿਕਾਇਤ 'ਤੇ ਕਾਂਗਰਸੀ ਵਿਧਾਇਕ ਸ਼ੇਰੋਵਾਲੀਆ ਅਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਜਬਰੀ ਉਨ੍ਹਾਂ ਦੀ ਗੱਡੀ ਨੂੰ ਘੇਰਨ ਸਬੰਧੀ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਸ਼ਾਹਕੋਟ ਤੋਂ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਬਾਬਾ ਬਕਾਲਾ ਤੋਂ 'ਆਪ' ਦੇ ਵਿਧਾਇਕ ਦਲਬੀਰ ਸਿੰਘ ਟੌਂਗ ਦੀ ਗੱਡੀ ਨੂੰ ਘੇਰ ਕੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਸੀ।



ਇਸ ਦੌਰਾਨ ਸ਼ੇਰੋਵਾਲੀਆ ਆਪਣੇ ਫੇਸਬੁੱਕ 'ਤੇ ਲਾਈਵ ਵੀ ਹੋਏ ਸਨ ਤੇ ਉਨ੍ਹਾਂ ਵਿਧਾਇਕ ਟੌਂਗ ਖਿਲਾਫ ਕਾਰਵਾਈ ਦੀ ਮੰਗ ਵੀ ਕੀਤੀ ਸੀ। ਹੁਣ ਪੁਲਿਸ ਨੇ ਵਿਧਾਇਕ ਦੇ ਡਰਾਈਵਰ ਦੀ ਸ਼ਿਕਾਇਤ ਦੇ ਆਧਾਰ 'ਤੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਬਲਾਕ ਸਮਿਤੀ ਲੋਹੀਆਂ ਖਾਸ ਦੇ ਚੇਅਰਮੈਨ ਲਖਵਿੰਦਰ ਸਿੰਘ ਲੱਖਾ, ਆਕਾਸ਼ਪ੍ਰੀਤ ਸਿੰਘ, ਇਕਬਾਲ ਸਿੰਘ, ਬਲਵੀਰ ਸਿੰਘ, ਬਲਰਾਜ ਸਿੰਘ ਜੰਮੂ, ਸਰਪੰਚ ਹਰਜਿੰਦਰ ਸਿੰਘ, ਹਰਦੀਪ ਸਿੰਘ ਕੁੱਕੂ, ਸੁਰਿੰਦਰ ਸਿੰਘ, ਚੈਂਚਲ ਸਿੰਘ, ਸਰੂਪ ਸਿੰਘ ਤੇ [illegible]

## ਵਿਧਾਇਕ ਸ਼ੇਰੋਵਾਲੀਆ ਨਾਲ ਡਟ ਕੇ ਖੜ੍ਹਾਂਗੇ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸ਼ਾਹਕੋਟ ਤੋਂ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਰੁੱਧ ਐਫ.ਆਈ.ਆਰ. ਦਰਜ ਕਰਨ ਲਈ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਿਆ। ਬਾਜਵਾ ਨੇ ਕਿਹਾ ਕਿ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਉਤੇ ਗੈਰਜ਼ਮਾਨਤੀ ਧਾਰਾ ਤਹਿਤ ਕੇਸ ਦਰਜ ਕੀਤਾ ਗਿਆ ਹੈ। ਬਾਜਵਾ ਨੇ ਕਿਹਾ ਕਿ "ਅਸੀਂ ਆਪਣੇ ਸਾਥੀ ਨਾਲ ਦ੍ਰਿੜ੍ਹਤਾ ਨਾਲ ਖੜ੍ਹੇ ਹੋਵਾਂਗੇ।"

ਖਿਲਾਫ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਸ਼ੇਰੋਵਾਲੀਆ ਖਿਲਾਫ ਗੈਰ ਜ਼ਮਾਨਤੀ ਧਾਰਾ ਹੇਠ ਮਾਮਲਾ ਦਰਜ ਕੀਤਾ ਗਿਆ ਹੈ।

ਪੁਲਿਸ ਵੱਲੋਂ ਵਿਧਾਇਕ ਖਿਲਾਫ ਕੇਸ ਦਰਜ ਹੋਣ ਦੀ ਪੁਸ਼ਟੀ ਕੀਤੀ ਗਈ ਸੀ, ਪਰ ਉਨ੍ਹਾਂ ਕੇਸ [illegible] ਕੋਈ ਜਾਣਕਾਰੀ ਨਹੀਂ ਦਿੱਤੀ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਸ਼ੇਰੋਵਾਲੀਆ ਨੇ ਆਪਣੇ ਸਾਥੀਆਂ ਸਮੇਤ ਉਨ੍ਹਾਂ ਦੀ ਜਿਪਸੀ ਨੂੰ ਘੇਰਾ ਪਾ ਲਿਆ ਤੇ ਜਿਪਸੀ ਦੀ ਚਾਬੀ ਖੋਹ ਲਈ। ਜਦੋਂ ਉਸ ਨੇ ਇਸ ਦਾ ਵਿਰੋਧ ਕੀਤਾ ਤਾਂ ਉਕਤ ਵਿਅਕਤੀਆਂ ਨੇ ਉਨ੍ਹਾਂ ਨਾਲ ਧੱਕੇਸ਼ਾਹੀ ਕੀਤੀ।

# ਸਨਅਤੀ ਨਿਵੇਸ਼ ਲਈ ਰਾਹ ਸੁਖਾਲਾ ਕਰਨ ਵਾਸਤੇ 'ਗਰੀਨ ਸਟੈਂਪ ਪੇਪਰ' ਲਾਂਚ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਨਅਤੀ ਨਿਵੇਸ਼ ਲਈ ਰਾਹ ਸੁਖਾਲਾ ਕਰਨ ਵਾਸਤੇ 'ਗਰੀਨ ਸਟੈਂਪ ਪੇਪਰ' ਲਾਂਚ ਕੀਤਾ ਹੈ ਜਿਸ ਨਾਲ ਸਨਅਤੀ ਮਾਲਕਾਂ ਦੀ ਖੱਜਲ-ਖੁਆਰੀ ਘਟੇਗੀ। ਸਨਅਤੀ ਨਿਵੇਸ਼ ਕਰਨ ਦੇ ਇੱਛੁਕ ਉਦਯੋਗਪਤੀ ਹੁਣ ਇਨਵੈਸਟ ਪੰਜਾਬ ਪੋਰਟਲ ਤੋਂ ਹਰੇ ਰੰਗ ਵਾਲਾ 'ਕਲਰ ਕੋਡਿਡ ਸਟੈਂਪ ਪੇਪਰ' ਹਾਸਲ ਕਰ ਸਕਣਗੇ।

ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨ ਲਈ ਜਲਦੀ ਹੀ ਮਕਾਨਾਂ ਅਤੇ ਹੋਰ ਖੇਤਰਾਂ ਵਿਚ ਵੀ ਇਹੀ ਕਲਰ ਕੋਡਿੰਗ ਸਟੈਂਪ ਪੇਪਰ ਲਾਗੂ ਕਰਨ ਦਾ ਐਲਾਨ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸਨਅਤਕਾਰਾਂ ਨੂੰ 'ਗਰੀਨ ਸਟੈਂਪ ਪੇਪਰ' ਖਰੀਦਣ ਮਗਰੋਂ ਸਨਅਤੀ ਯੂਨਿਟ ਸਥਾਪਿਤ ਕਰਨ ਲਈ ਸੀ.ਐਲ.ਯੂ, ਜੰਗਲਾਤ, ਪ੍ਰਦੂਸ਼ਣ, ਅੱਗ ਅਤੇ ਹੋਰ ਵਿਭਾਗਾਂ ਤੋਂ ਮਨਜ਼ੂਰੀਆਂ ਲੈਣ ਲਈ ਲੋੜੀਂਦੀਆਂ ਵੱਖ-ਵੱਖ ਫੀਸਾਂ ਨਹੀਂ ਭਰਨੀਆਂ ਪੈਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਸਨਅਤਕਾਰਾਂ ਨੂੰ ਗਰੀਨ ਸਟੈਂਪ ਪੇਪਰ ਖਰੀਦਣ ਉਪਰੰਤ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਵਿਭਾਗਾਂ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਹੋ ਜਾਣਗੀਆਂ। ਪੰਜਾਬ ਸਰਕਾਰ ਨੇ ਨਵੇਂ ਉੱਦਮੀਆਂ ਨੂੰ ਦਫਤਰਾਂ ਦੇ ਚੱਕਰ ਤੋਂ ਬਚਾਉਣ ਲਈ ਇਹ ਕਦਮ ਚੁੱਕਿਆ ਹੈ। ਵੀਡੀਓ ਸੁਨੇਹੇ ਜਰੀਏ ਮੁੱਖ ਮੰਤਰੀ ਨੇ 'ਗਰੀਨ ਸਟੈਂਪ ਪੇਪਰ' ਲਾਂਚ ਕਰਨ ਵਾਲਾ ਪੰਜਾਬ ਨੂੰ ਦੇਸ਼ ਦਾ ਪਹਿਲਾ ਸੂਬਾ ਦੱਸਿਆ। ਉਨ੍ਹਾਂ ਕਿਹਾ ਕਿ 'ਗਰੀਨ ਸਟੈਂਪ ਪੇਪਰ' ਦਾ ਉਦੇਸ਼ ਸੂਬੇ ਵਿਚ ਆਪਣੀਆਂ ਇਕਾਈਆਂ ਸਥਾਪਤ ਕਰਨ ਦੇ ਚਾਹਵਾਨ ਉੱਦਮੀਆਂ ਨੂੰ ਕਾਰੋਬਾਰ ਸੁਖਾਲੇ ਢੰਗ ਨਾਲ ਕਰਨ ਪ੍ਰਤੀ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਨਅਤੀ ਇਕਾਈ ਸਥਾਪਿਤ ਕਰਨ ਦਾ ਚਾਹਵਾਨ ਇਨਵੈਸਟ ਪੰਜਾਬ ਪੋਰਟਲ ਰਾਹੀਂ ਇਹ ਵਿਲੱਖਣ ਕਲਰ ਕੋਡਿਡ ਸਟੈਂਪ ਪੇਪਰ ਪ੍ਰਾਪਤ ਕਰ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਵਿਚਾਰ ਇਸ ਸਾਲ ਦੇ ਸ਼ੁਰੂ ਵਿਚ ਕਰਵਾਏ ਗਏ 'ਇਨਵੈਸਟ ਪੰਜਾਬ' ਦੌਰਾਨ ਸੂਬੇ ਅਤੇ ਦੇਸ਼ ਭਰ ਦੇ ਉਦਯੋਗਿਕ ਕਾਰੋਬਾਰੀਆਂ ਨਾਲ ਮੀਟਿੰਗਾਂ ਉਪਰੰਤ ਆਇਆ।

ਉਨ੍ਹਾਂ ਆਸ ਪ੍ਰਗਟਾਈ ਕਿ ਇਸ ਗਰੀਨ ਸਟੈਂਪ ਪੇਪਰ ਨਾਲ ਉਦਯੋਗਪਤੀਆਂ ਦੇ ਸਮੇਂ, ਪੈਸੇ ਅਤੇ ਊਰਜਾ ਦੀ ਬੱਚਤ ਹੋਵੇਗੀ। ਉਨ੍ਹਾਂ ਕਿਹਾ ਕਿ ਹਰੇ ਰੰਗ ਦਾ ਸਟੈਂਪ ਪੇਪਰ ਇਸ ਗੱਲ ਦਾ ਸਬੂਤ ਹੋਵੇਗਾ ਕਿ ਸਨਅਤਕਾਰ ਪਹਿਲਾਂ ਹੀ ਯੂਨਿਟ ਸਥਾਪਿਤ ਕਰਨ ਲਈ ਲੋੜੀਂਦੀਆਂ ਮਨਜ਼ੂਰੀਆਂ ਲਈ ਸਾਰੀ ਫੀਸ ਅਦਾ ਕਰ ਚੁੱਕੇ ਹਨ।

# ਮੋਦੀ ਦੀ ਫੇਰੀ ਤੋਂ ਪਹਿਲਾਂ ਸਿਡਨੀ 'ਚ ਖਾਲਿਸਤਾਨ ਪੱਖੀ ਪ੍ਰੋਗਰਾਮ ਰੱਦ

**ਮੈਲਬਰਨ:** ਆਸਟਰੇਲੀਆ ਦੇ ਪ੍ਰਮੁੱਖ ਸ਼ਹਿਰ ਸਿਡਨੀ ਦੀ ਇਕ ਸਿਟੀ ਕੌਂਸਲ ਨੇ ਅਗਲੇ ਮਹੀਨੇ ਪ੍ਰਸਤਾਵਿਤ ਖਾਲਿਸਤਾਨ ਪੱਖੀ ਪ੍ਰੋਗਰਾਮ ਨੂੰ ਸੁਰੱਖਿਆ ਕਾਰਨਾਂ ਕਰਕੇ ਰੱਦ ਕਰ ਦਿੱਤਾ ਹੈ। ਦਿ ਆਸਟਰੇਲੀਆ ਟੂਡੇ ਅਖਬਾਰ ਅਨੁਸਾਰ ਸੁਰੱਖਿਆ ਏਜੰਸੀਆਂ ਦੀ ਸਲਾਹ 'ਤੇ ਕਾਰਵਾਈ ਕਰਦਿਆਂ ਬਲੈਕਟਾਊਨ ਸਿਟੀ ਵਿਚ 'ਸਿੱਖਸ ਫਾਰ ਜਸਟਿਸ' ਸਮੂਹ ਦੇ ਪ੍ਰੋਗਰਾਮ ਲਈ ਦਿੱਤੀ ਗਈ ਮਨਜ਼ੂਰੀ ਸਿਟੀ ਕੌਂਸਲ ਨੇ ਵਾਪਸ ਲੈ ਲਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ 24 ਮਈ ਨੂੰ ਕੁਆਡ ਸੰਮੇਲਨ ਵਿਚ ਸ਼ਿਰਕਤ ਕਰਨ ਲਈ ਸਿਡਨੀ ਦੇ ਦੌਰੇ ਦਾ ਪ੍ਰੋਗਰਾਮ ਹੈ, ਜਿਸ ਦੀ ਮੇਜ਼ਬਾਨੀ ਆਸਟਰੇਲਿਆਈ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਕਰਨਗੇ। ਸਿਟੀ ਕੌਂਸਲ ਨੇ ਇਕ ਬਿਆਨ ਵਿਚ ਕਿਹਾ, ''ਕੌਂਸਲ ਨੇ ਇਸ ਬੁੱਕਿੰਗ ਨੂੰ ਰੱਦ ਕਰ ਦਿੱਤਾ ਹੈ ਕਿਉਂਕਿ ਇਹ ਕੌਂਸਲ ਦੀ ਨੀਤੀ ਦੇ ਖਿਲਾਫ ਹੈ।'' ਬਿਆਨ ਅਨੁਸਾਰ ਸ਼ਹਿਰ ਵਿਚ ਲੱਗੇ ਪ੍ਰੋਗਰਾਮ ਦੇ ਬੈਨਰਾਂ ਅਤੇ ਪੋਸਟਰਾਂ ਨੂੰ ਹਟਾ ਦਿੱਤਾ ਗਿਆ ਹੈ। ਖਬਰ




ਵਿਚ ਕਿਹਾ ਗਿਆ ਹੈ ਕਿ ਵਿਕਟੋਰੀਆ ਸਥਿਤ ਸਮੂਹ ਖਿਲਾਫ ਜਾਂਚ ਵੀ ਜਾਰੀ ਹੈ। ਖਬਰ ਵਿਚ ਇਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ, ''ਬੇਹਿਸਾਬ ਪੈਸੇ ਦੇ ਲੈਣ-ਦੇਣ ਸਬੰਧੀ ਅਸੀਂ ਜਾਂਚ ਕਰ ਰਹੇ ਹਾਂ।'' ਕੌਂਸਲ ਦਾ ਇਹ ਫੈਸਲਾ ਸਿਡਨੀ ਦੇ ਮੰਦਰਾਂ ਵਿਚ ਖਾਲਿਸਤਾਨ ਪੱਖੀ ਨਾਅਰੇ ਲਿਖਣ ਅਤੇ ਭੰਨ-ਤੋੜ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੀਆਂ ਘਟਨਾਵਾਂ ਮਗਰੋਂ ਲਿਆ ਗਿਆ ਹੈ।

# ਰੱਖਿਆ ਸੇਵਾਵਾਂ 'ਚ ਜਾਣ ਦੀਆਂ ਚਾਹਵਾਨ ਕੁੜੀਆਂ ਦੇ ਸੁਪਨੇ ਸਾਕਾਰ ਕਰੇਗੀ ਮਾਨ ਸਰਕਾਰ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰੱਖਿਆ ਸੇਵਾਵਾਂ ਵਿਚ ਜਾਣ ਦੀਆਂ ਚਾਹਵਾਨ ਲੜਕੀਆਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਸ ਵਿੱਦਿਅਕ ਸੈਸ਼ਨ ਤੋਂ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਲੜਕੀਆਂ) ਮੁਹਾਲੀ ਵਿਖੇ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ) ਪ੍ਰੈਪਰੇਟਰੀ ਵਿੰਗ ਸ਼ੁਰੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਫੈਸਲੇ ਨਾਲ ਰੱਖਿਆ ਸੇਵਾਵਾਂ ਵਿਚ ਲੜਕੀਆਂ ਨੂੰ ਮੌਕੇ ਦੇਣ ਦੇ ਮਾਮਲੇ ਵਿਚ ਪੰਜਾਬ ਮੋਹਰੀ ਸੂਬੇ ਵਜੋਂ ਬਰਕਰਾਰ ਹੈ। ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪਹਿਲਕਦਮੀ ਸੂਬੇ ਵਿਚ ਮਹਿਲਾਵਾਂ ਦੇ ਸ਼ਕਤੀਕਰਨ 'ਚ ਅਹਿਮ ਸਾਬਤ ਹੋਵੇਗੀ। ਇਸ ਨਾਲ ਸੂਬੇ ਦੀਆਂ ਲੜਕੀਆਂ ਨੂੰ ਰੱਖਿਆ ਸੇਵਾਵਾਂ 'ਚ ਕਮਿਸ਼ਨਡ ਅਫਸਰ ਵਜੋਂ ਸੇਵਾਵਾਂ ਨਿਭਾਉਣ ਦੇ ਆਪਣੇ ਸੁਪਨੇ ਸਾਕਾਰ ਹੋਣਗੇ। ਸ੍ਰੀ ਅਰੋੜਾ ਨੇ ਕਿਹਾ ਕਿ 4 ਜੂਨ, 2023 ਨੂੰ ਹੋਣ ਵਾਲੀ ਦਾਖਲਾ ਪ੍ਰੀਖਿਆ ਲਈ ਆਨਲਾਈਨ ਰਜਿਸਟਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਰਜਿਸਟਰੇਸ਼ਨ ਦੀ ਆਖਰੀ ਮਿਤੀ 28 ਮਈ, 2023 ਹੈ। ਉਨ੍ਹਾਂ ਕਿਹਾ ਕਿ ਮੁਹਾਲੀ 'ਚ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਵਿਚ ਪਹਿਲਾਂ ਹੀ ਦੇਸ਼ ਦੀ ਸੇਵਾ ਲਈ ਐਨਡੀਏ 'ਚ ਭਰਤੀ ਹੋਣ ਦੇ ਚਾਹਵਾਨ ਲੜਕਿਆਂ ਲਈ ਸਿਖਲਾਈ ਕੋਰਸ ਚਲਾਇਆ ਜਾ ਰਿਹਾ ਹੈ।

# ਪੰਜਾਬ ਨੇ ਹਵਾਈ ਅੱਡਿਆਂ 'ਤੇ ਮਹਿੰਗੀ ਕੀਤੀ ਸ਼ਰਾਬ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੁਹਾਲੀ ਹਵਾਈ ਅੱਡੇ 'ਤੇ ਸ਼ਰਾਬ ਦੀਆਂ ਦੁਕਾਨਾਂ ਚਲਾਉਣ ਲਈ ਲਾਇਸੈਂਸ ਫੀਸ 10 ਲੱਖ ਰੁਪਏ ਤੋਂ ਵਧਾ ਕੇ ਛੇ ਕਰੋੜ ਅਤੇ ਅੰਮ੍ਰਿਤਸਰ ਹਵਾਈ ਅੱਡੇ 'ਤੇ 4 ਕਰੋੜ ਰੁਪਏ ਕਰ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਨਾਲ ਸੂਬੇ ਦੇ ਹਵਾਈ ਅੱਡਿਆਂ ਤੋਂ ਸਸਤੀ ਸ਼ਰਾਬ ਲੈ ਕੇ ਮਹਿੰਗੀ ਸ਼ਰਾਬ ਵਾਲੇ ਸੂਬਿਆਂ 'ਚ ਵੇਚਣ ਵਾਲਿਆਂ ਦਾ ਕੰਮ ਠੱਪ ਹੋ ਜਾਵੇਗਾ ਤੇ ਸਰਕਾਰੀ ਖਜ਼ਾਨੇ ਨੂੰ ਦਸ ਕਰੋੜ ਦੀ ਕਮਾਈ ਵੀ ਹੋਵੇਗੀ।



ਪ੍ਰਾਪਤ ਜਾਣਕਾਰੀ ਅਨੁਸਾਰ ਆਬਕਾਰੀ ਅਤੇ ਕਰ ਵਿਭਾਗ ਨੇ 5 ਮਈ ਨੂੰ ਪੰਜਾਬ ਲਿਕਰ ਲਾਇਸੈਂਸ ਰੂਲਜ਼ 1956 ਵਿਚ ਸੋਧ ਕਰ ਦਿੱਤੀ ਹੈ, ਜਿਸ ਮਗਰੋਂ ਹੁਣ ਹਵਾਈ ਅੱਡਿਆਂ 'ਤੇ ਲਾਇਸੈਂਸ ਫੀਸ ਵਿਚ ਵਾਧਾ ਕੀਤਾ ਗਿਆ ਹੈ। ਨਵੇਂ ਫੈਸਲੇ ਅਨੁਸਾਰ ਮੁਹਾਲੀ ਹਵਾਈ ਅੱਡੇ 'ਤੇ ਅਰਾਈਵਲ ਟਰਮੀਨਲ ਵਾਲੀ ਸ਼ਰਾਬ ਦੁਕਾਨ ਦੀ ਲਾਇਸੈਂਸ ਫੀਸ ਢਾਈ ਕਰੋੜ ਤੇ ਡਿਪਾਰਚਰ ਟਰਮੀਨਲ ਵਾਲੀ ਦੁਕਾਨ ਦੀ ਫੀਸ 3.50 ਕਰੋੜ ਰੁਪਏ ਨਿਰਧਾਰਿਤ ਕਰ ਦਿੱਤੀ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਅਰਾਈਵਲ ਟਰਮੀਨਲ ਵਾਲੀ ਦੁਕਾਨ ਦੀ ਲਾਇਸੈਂਸ ਫੀਸ 1.60 ਕਰੋੜ ਤੇ ਡਿਪਾਰਚਰ ਟਰਮੀਨਲ ਵਾਲੀ ਦੁਕਾਨ ਦੀ ਫੀਸ 2.40 ਕਰੋੜ ਰੁਪਏ ਕੀਤੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੂੰ ਸੂਹ ਮਿਲੀ ਸੀ ਕਿ ਜਿਨ੍ਹਾਂ ਸੂਬਿਆਂ ਵਿਚ ਸ਼ਰਾਬ 'ਤੇ ਪਾਬੰਦੀ ਹੈ ਜਾਂ ਫਿਰ ਕਈ ਬਰਾਂਡਾਂ 'ਤੇ ਆਬਕਾਰੀ ਡਿਊਟੀ ਜ਼ਿਆਦਾ ਹੈ, ਉਨ੍ਹਾਂ ਸੂਬਿਆਂ ਵਿਚ ਪੰਜਾਬ ਦੇ ਹਵਾਈ ਅੱਡਿਆਂ 'ਤੋਂ ਇਨ੍ਹਾਂ ਬਰਾਂਡਾਂ ਵਾਲੀ ਸਸਤੀ ਸ਼ਰਾਬ ਜਾ ਰਹੀ ਸੀ।

ਮਿਸਾਲ ਵਜੋਂ ਇਕ ਖਾਸ ਵਿਦੇਸ਼ੀ ਸ਼ਰਾਬ ਦੀ ਬੋਤਲ ਦੀ ਕੀਮਤ ਚੰਡੀਗੜ੍ਹ ਹਵਾਈ ਅੱਡੇ 'ਤੇ 2200 ਰੁਪਏ ਹੈ, ਪਰ ਇਸੇ ਬਰਾਂਡ ਦੀ ਮੁੰਬਈ ਵਿਚ ਕੀਮਤ ਛੇ ਹਜ਼ਾਰ ਰੁਪਏ ਹੈ। ਇਸ ਤਰ੍ਹਾਂ ਇਕ ਹੋਰ ਪ੍ਰਸਿੱਧ ਬਰਾਂਡ ਦੀ ਚੰਡੀਗੜ੍ਹ ਹਵਾਈ ਅੱਡੇ 'ਤੇ ਕੀਮਤ 4300 ਰੁਪਏ ਤੇ ਚੇਨਈ ਵਿਚ 9500 ਰੁਪਏ ਹੈ। ਇੱਕ ਯਾਤਰੀ ਉਡਾਣ ਸਮੇਂ ਘਰੇਲੂ ਹਵਾਈ ਅੱਡੇ ਤੋਂ ਸ਼ਰਾਬ ਦੀਆਂ ਚਾਰ ਬੋਤਲਾਂ ਲਿਜਾ ਸਕਦਾ ਹੈ। ਮਹਿਕਮੇ ਨੇ ਇਹ ਗੱਲ ਨੋਟਿਸ ਕੀਤੀ ਕਿ ਕੁਝ ਲੋਕ ਇੱਥੋਂ ਘਰੇਲੂ ਉਡਾਣ ਰਾਹੀਂ ਚਾਰ ਬੋਤਲਾਂ ਸ਼ਰਾਬ ਲਿਜਾ ਕੇ ਹੋਰਨਾਂ ਸੂਬਿਆਂ 'ਚ ਮਹਿੰਗੇ ਭਾਅ ਵੇਚਣ ਮਗਰੋਂ ਵਾਪਸ ਆ ਜਾਂਦੇ ਹਨ। ਇਹ ਕਮਾਈ ਟਿਕਟ ਦੇ ਖਰਚੇ ਮਗਰੋਂ ਵੀ ਚੰਗਾ ਮੁਨਾਫਾ ਦੇ ਰਹੀ ਸੀ। ਆਬਕਾਰੀ ਵਿਭਾਗ ਨੇ ਦੇਖਿਆ ਕਿ ਮੁਹਾਲੀ ਅਤੇ ਅੰਮ੍ਰਿਤਸਰ ਦੇ ਦੋਵੇਂ ਹਵਾਈ ਅੱਡਿਆਂ 'ਤੇ ਸਾਲਾਨਾ ਯਾਤਰੀਆਂ ਦੀ ਆਵਾਜਾਈ 60 ਲੱਖ ਤੋਂ ਵੱਧ ਹੈ ਤੇ ਬਹੁਤ ਸਾਰੇ ਯਾਤਰੀ ਇਨ੍ਹਾਂ ਹਵਾਈ ਅੱਡਿਆਂ ਤੋਂ ਸ਼ਰਾਬ ਖਰੀਦਦੇ ਹਨ।

# ਸੁਖਪਾਲ ਖਹਿਰਾ ਦੇ ਹੱਕ 'ਚ ਡਟੀ ਪੰਜਾਬ ਕਾਂਗਰਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਹੁਣ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਹੱਕ 'ਚ ਆ ਡਟੀ ਹੈ। ਕਾਂਗਰਸੀ ਆਗੂਆਂ ਨੇ 'ਆਪ' ਸਰਕਾਰ ਵੱਲੋਂ ਖਹਿਰਾ ਖ਼ਿਲਾਫ਼ ਕੀਤੀ ਜਾ ਰਹੀ ਕਾਰਵਾਈ ਨੂੰ ਲੈ ਕੇ ਰਾਜਪਾਲ ਤੱਕ ਪਹੁੰਚ ਕੀਤੀ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਰਾਜਪਾਲ ਨਾਲ ਮੁਲਾਕਾਤ ਕਰ ਕੇ ਕੇਸਾਂ ਵਿਚ ਫਸਾਏ ਜਾ ਰਹੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਸੁਰੱਖਿਆ ਲਈ ਉਨ੍ਹਾਂ ਦੇ ਦਖਲ ਦੀ ਮੰਗ ਕੀਤੀ ਹੈ।

ਮੁਲਾਕਾਤ ਮਗਰੋਂ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਬਾਕਾਇਦਾ ਸਾਜ਼ਿਸ਼ ਤਹਿਤ ਖਹਿਰਾ ਨੂੰ ਇਸ ਕਰ ਕੇ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ ਕਿਉਂਕਿ ਖਹਿਰਾ ਸਰਕਾਰ ਦੇ ਆਲੋਚਕ ਹਨ। ਬਾਜਵਾ ਨੇ ਕਿਹਾ ਕਿ ਖਹਿਰਾ ਨੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਮਾਮਲੇ ਨੂੰ ਜਨਤਕ ਕੀਤਾ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਐੱਸ.ਆਈ.ਟੀ. ਦੀ ਜਾਂਚ ਨੂੰ ਛੇਤੀ ਮੁਕੰਮਲ ਕਰਵਾਇਆ ਜਾਵੇ ਅਤੇ ਕਟਾਰੂਚੱਕ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਮੋਗਾ ਤੋਂ 'ਆਪ' ਵਿਧਾਇਕਾ ਦੇ ਪੀਏ ਦਾ ਵੀ ਇਕ ਵੀਡੀਓ ਸਾਹਮਣੇ ਆਇਆ ਹੈ। ਹਾਲਾਂਕਿ ਵਿਧਾਇਕਾ ਨੇ ਉਕਤ ਵਿਅਕਤੀ ਨੂੰ ਆਪਣਾ ਪੀਏ ਮੰਨਣ ਤੋਂ ਇਨਕਾਰ ਕੀਤਾ ਹੈ। ਬਾਜਵਾ ਨੇ ਦੱਸਿਆ ਕਿ ਰਾਜਪਾਲ ਨੇ ਪੂਰਨ ਭਰੋਸਾ ਦਿੱਤਾ ਹੈ ਕਿ ਉਹ ਡੀ.ਜੀ.ਪੀ. ਨੂੰ ਇਸ ਬਾਰੇ ਲਿਖਣਗੇ।



ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਵੀ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਹਮਾਇਤ 'ਚ ਹਾਅ ਦਾ ਨਾਅਰਾ ਮਾਰਿਆ ਹੈ। ਉਨ੍ਹਾਂ ਟਵੀਟ ਕਰ ਕੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਪਿਤਾ 'ਤੇ ਦਰਜ ਕੀਤੇ ਪੁਲਿਸ ਕੇਸ ਨੂੰ ਵੀ ਝੂਠਾ ਦੱਸਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ 'ਆਪ' ਸਰਕਾਰ ਨੇ ਪੁਲਿਸ ਅਤੇ ਏਜੰਸੀਆਂ ਦਾ ਸਿਆਸੀਕਰਨ ਕਰ ਦਿੱਤਾ ਹੈ।

# ਵਿਜੀਲੈਂਸ ਨੂੰ ਰਾਹ ਨਹੀਂ ਦੇ ਰਿਹਾ ਭਰਤਇੰਦਰ ਚਾਹਲ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਵੱਲੋਂ ਜਾਂਚ 'ਚ ਸ਼ਾਮਲ ਨਾ ਹੋ ਸਕਣ ਲਈ ਪੇਸ਼ ਕੀਤੇ ਜਾ ਰਹੇ ਮੈਡੀਕਲ ਸਰਟੀਫਿਕੇਟਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਬਿਊਰੋ ਦੇ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪਟਿਆਲਾ ਦੀ ਵਿਜੀਲੈਂਸ ਯੂਨਿਟ ਨੂੰ ਚਾਹਲ ਵੱਲੋਂ ਪੇਸ਼ ਕੀਤੇ ਮੈਡੀਕਲ ਸਰਟੀਫਿਕੇਟਾਂ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ।




ਵਿਜੀਲੈਂਸ ਵੱਲੋਂ ਸਾਬਕਾ ਮੁੱਖ ਮੰਤਰੀ ਦੇ ਸਲਾਹਕਾਰ ਨੂੰ ਲੰਘੀ 8 ਮਈ ਨੂੰ ਜਾਂਚ 'ਚ ਸ਼ਾਮਲ ਹੋਣ ਲਈ ਸੱਦਿਆ ਗਿਆ ਸੀ। ਚਾਹਲ ਨੇ 7 ਮਈ ਨੂੰ ਖਰਾਬ ਸਿਹਤ ਦਾ ਹਵਾਲਾ ਦਿੰਦਿਆਂ ਵਿਜੀਲੈਂਸ ਨੂੰ ਇਕ ਪੱਤਰ ਲਿਖਿਆ ਤੇ ਇਸ ਨਾਲ ਦੋ ਮੈਡੀਕਲ ਸਰਟੀਫਿਕੇਟਾਂ ਦੀਆਂ ਕਾਪੀਆਂ ਨੱਥੀ ਕਰਕੇ ਜਾਂਚ 'ਚ ਸ਼ਾਮਲ ਹੋਣ ਲਈ 2 ਹਫਤਿਆਂ ਦਾ ਸਮਾਂ ਹੋਰ ਮੰਗਿਆ ਸੀ।

ਸਿਵਲ ਹਸਪਤਾਲ ਪੰਚਕੂਲਾ ਵੱਲੋਂ 24 ਅਪਰੈਲ ਨੂੰ ਜਾਰੀ ਕੀਤੇ ਗਏ ਮੈਡੀਕਲ ਸਰਟੀਫਿਕੇਟ ਮੁਤਾਬਕ ਚਾਹਲ ਦੀ ਸਿਹਤ ਠੀਕ ਨਹੀਂ ਹੈ। ਇਸੇ ਤਰ੍ਹਾਂ 29 ਅਪਰੈਲ ਨੂੰ ਅਮਰ ਹਸਪਤਾਲ ਪਟਿਆਲਾ ਵੱਲੋਂ ਜਾਰੀ ਕੀਤੇ ਮੈਡੀਕਲ ਸਰਟੀਫਿਕੇਟ 'ਤੇ 3 ਹਫਤਿਆਂ ਲਈ ਆਰਾਮ ਕਰਨ ਦੀ ਸਲਾਹ ਦਿੱਤੀ ਗਈ ਸੀ। ਵਿਜੀਲੈਂਸ ਵੱਲੋਂ ਚਾਹਲ ਵਿਰੁੱਧ 24 ਨਵੰਬਰ 2022 ਨੂੰ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿਚ ਜਾਂਚ ਆਰੰਭ ਕੀਤੀ ਸੀ। ਇਸ ਮਾਮਲੇ ਦੀ ਜਾਂਚ 'ਚ ਸ਼ਾਮਲ ਹੋਣ ਲਈ ਸਾਬਕਾ ਮੁੱਖ ਮੰਤਰੀ ਦੇ ਸਲਾਹਕਾਰ ਨੂੰ ਹੁਣ ਤੱਕ ਤਕਰੀਬਨ 10 ਵਾਰੀ ਸੱਦਿਆ ਜਾ ਚੁੱਕਾ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਰਤਇੰਦਰ ਸਿੰਘ ਚਾਹਲ ਵੱਲੋਂ ਜਾਂਚ 'ਚ ਸ਼ਮੂਲੀਅਤ ਤੋਂ ਟਾਲਾ ਵੱਟਣ ਦੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਮੈਡੀਕਲ ਸਰਟੀਫਿਕੇਟਾਂ ਦੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਜਾਂਚ ਦੌਰਾਨ ਡਾਕਟਰਾਂ ਨਾਲ ਰਾਬਤਾ ਕਾਇਮ ਕਰਕੇ ਚਾਹਲ ਦੇ ਬਿਮਾਰੀਆਂ ਤੋਂ ਪੀੜਤ ਹੋਣ ਸਬੰਧੀ ਜਾਣਕਾਰੀ ਇਕੱਤਰ ਕੀਤੀ ਜਾਵੇਗੀ ਤੇ ਜੇਕਰ ਮੈਡੀਕਲ ਸਰਟੀਫਿਕੇਟਾਂ ਦੇ ਸ਼ੱਕੀ ਹੋਣ ਦੀ ਗੁੰਜਾਇਸ਼ ਹੋਈ ਤਾਂ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਅੰਮ੍ਰਿਤਸਰ ਨੂੰ ਸੋਲਰ ਸਿਟੀ ਵਜੋਂ ਵਿਕਸਤ ਕਰਨ ਲਈ ਪਲਾਨ ਜਾਰੀ

**ਚੰਡੀਗੜ੍ਹ:** ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਵੱਲੋਂ ਪੰਜਾਬ ਸਟੇਟ ਐਨਰਜੀ ਐਕਸ਼ਨ ਪਲਾਨ ਲਾਂਚ ਕੀਤਾ ਗਿਆ ਹੈ ਤਾਂ ਜੋ ਇਮਾਰਤਾਂ, ਉਦਯੋਗਾਂ, ਖੇਤੀਬਾੜੀ ਆਦਿ ਖੇਤਰਾਂ ਵਿਚ ਊਰਜਾ ਕੁਸ਼ਲਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਦੌਰਾਨ ਵਿਭਾਗ ਵੱਲੋਂ ਸੂਬੇ ਲਈ ਅੰਮ੍ਰਿਤਸਰ ਸਮਾਰਟ ਸਿਟੀ ਪੋਰਟਲ ਤੇ ਨਵਿਆਉਣਯੋਗ ਪਰਚੇਜ਼ ਔਬਲੀਗੇਸ਼ਨਜ਼ (ਆਰ.ਪੀ.ਓ.) ਪੋਰਟਲ ਦੇ ਨਾਲ ਡਿਸੀਜ਼ਨ ਸਪੋਰਟ ਟੂਲ (ਡੀ.ਐਸ.ਟੀ.) ਵੀ ਲਾਂਚ ਕੀਤਾ ਗਿਆ। ਵਿਭਾਗ ਨੇ ਕਿਹਾ ਕਿ ਅੰਮ੍ਰਿਤਸਰ ਨੂੰ ਸੋਲਰ ਸਿਟੀ ਵਜੋਂ ਵਿਕਸਤ ਕੀਤਾ ਜਾਵੇਗਾ। ਸਟੇਟ ਐਨਰਜੀ ਐਕਸ਼ਨ ਪਲਾਨ ਹਰੇਕ ਸੈਕਟਰ 'ਚ ਨੈੱਟ ਜ਼ੀਰੋ ਟੀਚੇ ਪ੍ਰਾਪਤ ਕਰਨ 'ਚ ਮਦਦ ਕਰੇਗਾ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜ਼ਿਮਨੀ ਚੋਣ ਲੰਘਦੇ ਹੀ ਪੰਜਾਬ 'ਚ ਮਹਿੰਗੀ ਹੋਈ ਬਿਜਲੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਖਪਤਕਾਰਾਂ ਨੂੰ ਝਟਕਾ ਦਿੰਦਿਆਂ ਬਿਜਲੀ ਦਰਾਂ ਵਿਚ 8.64 ਫੀਸਦੀ ਦਾ ਵਾਧਾ ਕਰ ਦਿੱਤਾ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਸਾਲ 2023-24 ਲਈ ਜਾਰੀ ਨਵਾਂ ਟੈਰਿਫ ਸੂਬੇ ਭਰ ਵਿਚ ਲਾਗੂ ਹੋ ਗਿਆ। ਜਲੰਧਰ ਜ਼ਿਮਨੀ ਚੋਣ ਦੇ ਨਤੀਜੇ ਮਗਰੋਂ ਹੀ ਬਿਜਲੀ ਦਰਾਂ 'ਚ ਵਾਧੇ ਦਾ ਐਲਾਨ ਹੋ ਗਿਆ ਹੈ ਜਦੋਂ ਕਿ ਖਪਤਕਾਰ ਅਜਿਹਾ ਕਿਆਸ ਨਹੀਂ ਕਰ ਰਹੇ ਸਨ। 'ਆਪ' ਸਰਕਾਰ ਦੇ ਕਾਰਜਕਾਲ ਦਾ ਬਿਜਲੀ ਸੈਕਟਰ 'ਚ ਇਹ ਪਹਿਲਾ ਵਾਧਾ ਹੈ ਜਿਸ ਦੇ ਨਾਲ ਪੰਜਾਬ 'ਚ ਘਰੇਲੂ, ਸਨਅਤੀ ਅਤੇ ਖੇਤੀ ਖੇਤਰ ਦੀ ਬਿਜਲੀ ਪਹਿਲਾਂ ਨਾਲੋਂ ਮਹਿੰਗੀ ਹੋ ਗਈ ਹੈ। ਅੰਮ੍ਰਿਤਸਰ 'ਚ ਦਰਬਾਰ ਸਾਹਿਬ ਤੇ ਦੁਰਗਿਆਣਾ ਮੰਦਰ ਦੀ ਬਿਜਲੀ 2000 ਯੂਨਿਟ ਤੱਕ ਮੁਫਤ ਹੈ। ਇਸ ਤੋਂ ਉਪਰ ਖਪਤ ਹੋਣ 'ਤੇ ਪ੍ਰਤੀ ਯੂਨਿਟ 30 ਪੈਸੇ ਦਾ ਵਾਧਾ ਕੀਤਾ ਗਿਆ ਹੈ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਜਾਰੀ ਨਵੇਂ ਟੈਰਿਫ਼ ਅਨੁਸਾਰ ਔਸਤਨ 56 ਪੈਸੇ ਪ੍ਰਤੀ ਯੂਨਿਟ ਦਾ ਵਾਧਾ ਕੀਤਾ ਗਿਆ ਹੈ ਅਤੇ ਪਾਵਰਕੌਮ ਨੂੰ ਇਸ ਵਾਧੇ ਨਾਲ ਕਰੀਬ 3584 ਕਰੋੜ ਰੁਪਏ ਦੀ ਵਾਧੂ ਆਮਦਨ ਹੋਣ ਦਾ ਅਨੁਮਾਨ ਹੈ। ਇਸ ਵਾਧੇ ਉਪਰੰਤ 2023-24 ਦੌਰਾਨ ਪਾਵਰਕੌਮ ਦੀ ਸਮੁੱਚੀ ਆਮਦਨ 41704.42 ਕਰੋੜ ਰੁਪਏ ਰਹਿਣ ਦੀ ਸੰਭਾਵਨਾ ਹੈ। ਹਾਲਾਂਕਿ ਨਵੀਂ ਆਮਦਨ 'ਚ 1895 ਕਰੋੜ ਦੇ ਪੁਰਾਣੇ ਬਕਾਏ ਵੀ ਸ਼ਾਮਲ ਹਨ। 'ਆਪ' ਸਰਕਾਰ ਨੇ ਪਹਿਲੀ ਜੁਲਾਈ 2022 ਤੋਂ ਪੰਜਾਬ ਦੇ ਲੋਕਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਪ੍ਰਤੀ ਮਹੀਨੇ ਦੀ ਸੌਗਾਤ ਦਿੱਤੀ ਸੀ ਅਤੇ ਕਰੀਬ 10 ਮਹੀਨੇ ਮਗਰੋਂ ਹੁਣ ਬਿਜਲੀ ਮਹਿੰਗੀ ਕਰ ਦਿੱਤੀ ਗਈ ਹੈ।

ਬਿਜਲੀ ਦਰਾਂ ਵਿਚ ਔਸਤਨ ਪ੍ਰਤੀ ਯੂਨਿਟ 6.48 ਰੁਪਏ ਤੋਂ 7.04 ਰੁਪਏ ਪ੍ਰਤੀ ਯੂਨਿਟ ਦਾ ਵਾਧਾ ਹੋ ਗਿਆ ਹੈ। ਘਰੇਲੂ ਬਿਜਲੀ ਵਿਚ ਔਸਤਨ ਪ੍ਰਤੀ ਯੂਨਿਟ 5.70 ਰੁਪਏ ਤੋਂ 6.35 ਰੁਪਏ ਪ੍ਰਤੀ ਯੂਨਿਟ ਵਾਧਾ ਹੋ ਗਿਆ ਹੈ ਜਦੋਂ ਕਿ ਕਮਰਸ਼ੀਅਲ ਖੇਤਰ ਲਈ ਬਿਜਲੀ ਦਰਾਂ ਵਿਚ ਔਸਤਨ 7.97 ਰੁਪਏ ਤੋਂ ਵਧਾ ਕੇ 8.44 ਰੁਪਏ ਪ੍ਰਤੀ ਯੂਨਿਟ ਦਾ ਵਾਧਾ ਹੋਇਆ ਹੈ।

ਰੈਗੂਲੇਟਰੀ ਕਮਿਸ਼ਨ ਨੇ ਫਿਕਸ ਚਾਰਜਿਜ ਵੀ ਹੁਣ ਵਧਾ ਦਿੱਤੇ ਹਨ। ਘਰੇਲੂ ਬਿਜਲੀ ਦੀ ਗੱਲ ਕਰੀਏ ਤਾਂ ਦੋ ਕਿੱਲੋਵਾਟ ਲੋਡ ਵਾਲੇ ਖਪਤਕਾਰਾਂ ਨੂੰ ਇਕ ਤੋਂ ਸੌ ਯੂਨਿਟ ਤੱਕ ਬਿਜਲੀ 70 ਪੈਸੇ, 101 ਤੋਂ 300 ਯੂਨਿਟ ਤੱਕ 80 ਪੈਸੇ ਅਤੇ 300 ਯੂਨਿਟ ਤੋਂ ਵੱਧ ਬਿਜਲੀ 45 ਪੈਸੇ ਪ੍ਰਤੀ ਯੂਨਿਟ ਮਹਿੰਗੀ ਮਿਲੇਗੀ। ਦੋ ਤੋਂ ਸੱਤ ਕਿੱਲੋਵਾਟ ਲੋਡ ਵਾਲੇ ਖਪਤਕਾਰਾਂ ਨੂੰ ਬਿਜਲੀ ਪਹਿਲੇ ਸੌ ਯੂਨਿਟ ਤੱਕ 70 ਪੈਸੇ, 101 ਤੋਂ 300 ਯੂਨਿਟ ਤੱਕ 80 ਪੈਸੇ ਅਤੇ 300 ਯੂਨਿਟ ਤੋਂ ਉਪਰ 45 ਪੈਸੇ ਪ੍ਰਤੀ ਯੂਨਿਟ ਬਿਜਲੀ ਮਹਿੰਗੀ ਮਿਲੇਗੀ।

## ਪੰਜਾਬ 'ਚ ਝੋਨੇ ਦੀ ਪੜਾਅਵਾਰ ਲੁਆਈ 10 ਜੂਨ ਤੋਂ ਸ਼ੁਰੂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 10 ਜੂਨ ਤੋਂ ਝੋਨੇ ਦੀ ਲੁਆਈ ਜ਼ੋਨ ਵਾਈਜ਼ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਕਾਰਜਕਾਲ ਦੇ ਪਹਿਲੇ ਵਰ੍ਹੇ ਦੌਰਾਨ ਝੋਨੇ ਦੀ ਲੁਆਈ ਜ਼ੋਨ ਅਨੁਸਾਰ ਕਰਨ ਦੇ ਤਜਰਬੇ ਦੇ ਚੰਗੇ ਨਤੀਜੇ ਸਾਹਮਣੇ ਆਉਣ ਮਗਰੋਂ ਐਤਕੀਂ ਵੀ ਸਮੁੱਚੇ ਪੰਜਾਬ ਨੂੰ ਚਾਰ ਜ਼ੋਨਾਂ ਵਿਚ ਵੰਡ ਕੇ ਝੋਨੇ ਦੀ ਲੁਆਈ ਕਰਨ ਦਾ ਫੈਸਲਾ ਕੀਤਾ ਹੈ। ਬਿਜਾਈ 10 ਜੂਨ, 16 ਜੂਨ, 19 ਜੂਨ ਅਤੇ 21 ਜੂਨ ਨੂੰ ਸ਼ੁਰੂ ਹੋਵੇਗੀ।

# ਸਰੋਵਰ ਕੰਢੇ ਬੈਠ ਕੇ ਸ਼ਰਾਬ ਪੀ ਰਹੀ ਔਰਤ ਨੂੰ ਗੋਲੀ ਮਾਰੀ

**ਪਟਿਆਲਾ:** ਪਟਿਆਲਾ ਪੁਲਿਸ ਨੇ ਗੁਰਦੁਆਰਾ ਦੁਖਨਿਵਾਰਨ ਸਾਹਿਬ ਵਿਚ ਔਰਤ ਦੀ ਹੱਤਿਆ ਕਰਨ ਵਾਲੇ ਨਿਰਮਲਜੀਤ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰ ਕੇ ਉਸ ਦਾ ਰਿਮਾਂਡ ਨਹੀਂ ਮੰਗਿਆ। ਇਸ ਕਰ ਕੇ ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਜਦੋਂ ਪੁਲਿਸ ਨੇ ਨਿਰਮਲਜੀਤ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਲਿਆਂਦਾ ਤਾਂ ਉਥੇ ਮੌਜੂਦ ਕੁਝ ਜਥੇਬੰਦੀਆਂ ਦੇ ਸਿੰਘਾਂ ਅਤੇ ਆਮ ਲੋਕਾਂ ਨੇ ਉਸ ਉੱਤੇ ਫੁੱਲਾਂ ਦੀ ਵਰਖਾ ਕਰਦਿਆਂ ਨਾਅਰੇਬਾਜ਼ੀ ਕੀਤੀ।

ਜ਼ਿਕਰਯੋਗ ਹੈ ਕਿ ਪਟਿਆਲਾ ਦੇ ਗੁਰਦੁਆਰਾ ਦੁਖਨਿਵਾਰਨ ਸਾਹਿਬ 'ਚ ਸਰੋਵਰ ਨੇੜੇ ਬੈਠ ਕੇ ਸਰਾਬ ਪੀ ਰਹੀ ਇਕ ਔਰਤ ਦੀ ਇਕ ਸ਼ਰਧਾਲੂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਮ੍ਰਿਤਕਾ ਦੀ ਪਛਾਣ ਪਰਵਿੰਦਰ ਕੌਰ (35) ਵਜੋਂ ਹੋਈ ਹੈ ਜੋ ਸ਼ਰਾਬ ਪੀਣ ਦੀ ਆਦੀ ਸੀ। ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਪਰਵਿੰਦਰ ਕੌਰ ਗੁਰਦੁਆਰੇ ਦੇ ਸਰੋਵਰ ਨੇੜੇ ਬੈਠ ਕੇ ਜਦੋਂ ਸ਼ਰਾਬ ਪੀ ਰਹੀ ਸੀ, ਤਾਂ ਸੰਗਤ ਇਕੱਠੀ ਹੋ ਗਈ ਅਤੇ ਉਸ ਨੂੰ ਮੈਨੇਜਰ ਦੇ ਦਫਤਰ ਲੈ ਗਏ। ਇਸ ਦੌਰਾਨ ਨਿਰਮਲਜੀਤ ਸਿੰਘ ਸੈਣੀ ਨਾਮ ਦੇ ਇਕ ਸ਼ਰਧਾਲੂ ਨੇ ਗੁੱਸੇ ਵਿਚ ਆ ਕੇ ਉਸ 'ਤੇ ਪੰਜ ਗੋਲੀਆਂ ਚਲਾਈਆਂ। ਮਹਿਲਾ ਨੂੰ ਚਾਰ ਗੋਲੀਆਂ ਲੱਗੀਆਂ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਗੁਰਦੁਆਰੇ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਨੇ ਦੱਸਿਆ ਕਿ ਜਦੋਂ ਪੁਲਿਸ ਮਹਿਲਾ ਨੂੰ ਆਪਣੇ ਨਾਲ ਲਿਜਾਣ ਵਾਲੀ ਸੀ ਤਾਂ ਉਸ 'ਤੇ ਗੋਲੀਆਂ ਚਲਾਈਆਂ ਗਈਆਂ।

ਗੁਰਦੁਆਰਾ ਦੂਖ ਨਿਵਾਰਨ ਵਿਚ ਵਾਪਰੀ ਘਟਨਾ 'ਤੇ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਤਿਹਾਸਕ ਗੁਰਦੁਆਰੇ ਅੰਦਰ ਲੜਕੀ ਵੱਲੋਂ ਸ਼ਰਾਬ ਪੀਣ ਦੀ ਘਿਨੌਣੀ ਹਰਕਤ ਸਾਜ਼ਿਸ਼ੀ ਹੈ, ਇਹ ਸੁਭਾਵਿਕ ਵਾਪਰਿਆ ਵਰਤਾਰਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਸ਼ਕਤੀਆਂ ਵੱਲੋਂ ਸੋਚੀ ਸਮਝੀ ਸਾਜ਼ਿਸ਼ ਨਾਲ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਸਰਕਾਰ ਮੂਕ ਦਰਸ਼ਕ ਬਣ ਕੇ ਵੇਖ ਰਹੀ ਹੈ।

# ਕਿਸਾਨ, ਮਜ਼ਦੂਰ ਅਤੇ ਲੇਖਕ ਡਾ. ਨਵਸ਼ਰਨ ਦੀ ਹਮਾਇਤ 'ਚ ਨਿੱਤਰੇ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ, ਮਜ਼ਦੂਰ, ਲੇਖਕ ਤੇ ਜਨਤਕ ਜਥੇਬੰਦੀਆਂ ਨੇ ਜਮਹੂਰੀ ਹੱਕਾਂ ਦੀ ਰਾਖੀ ਦਾ ਹੋਕਾ ਦੇਣ ਵਾਲੀ ਸਮਾਜ ਸੇਵਕਾ ਡਾ. ਨਵਸ਼ਰਨ ਖਿਲਾਫ਼ ਕੇਂਦਰੀ ਏਜੰਸੀ ਈ.ਡੀ. ਵੱਲੋਂ ਜਾਰੀ ਕੀਤੇ ਨੋਟਿਸਾਂ ਦੀ ਨਿਖੇਧੀ ਕੀਤੀ ਹੈ।

ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਨੇ ਕਿਹਾ ਕਿ ਜਮਹੂਰੀ ਹੱਕਾਂ ਲਈ ਸਰਗਰਮ ਕਾਰਕੁਨ, ਲੇਖਕਾ ਅਤੇ ਉੱਘੇ ਨਾਟਕਕਾਰ ਮਰਹੂਮ ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ ਨੂੰ ਹੱਕ ਸੱਚ ਲਈ ਆਵਾਜ਼ ਉਠਾਉਣ ਬਦਲੇ ਮੋਦੀ ਸਰਕਾਰ ਵੱਲੋਂ ਈ.ਡੀ. ਰਾਹੀਂ ਪ੍ਰੇਸ਼ਾਨ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਸਰਬ ਭਾਰਤ ਪ੍ਰਗਤੀਸ਼ੀਲ ਲੇਖਕ ਸੰਘ ਦੇ ਵਰਕਿੰਗ ਪ੍ਰਧਾਨ ਵਿਭੂਤੀ ਨਰਾਇਣ ਰਾਏ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ, ਕਿਰਤੀ ਮਜ਼ਦੂਰ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਸੁਖਪਾਲ ਸਿੰਘ ਖਿਆਲੀਵਾਲਾ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਦੇਸ਼ ਭਰ ਅੰਦਰ ਬੁੱਧੀਜੀਵੀਆਂ ਤੇ ਜਮਹੂਰੀ ਹੱਕਾਂ ਦੇ ਕਾਰਕੁਨਾਂ 'ਤੇ ਬੋਲੇ ਗਏ ਹਮਲੇ ਤਹਿਤ ਡਾ. ਨਵਸ਼ਰਨ ਨੂੰ ਪੀ.ਐਮ.ਐਲ.ਏ. ਕਾਨੂੰਨ ਤਹਿਤ ਭੇਜੇ ਸੰਮਨਾਂ ਦਾ ਵਿਰੋਧ ਕੀਤਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਇਹ ਕਾਨੂੰਨ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦਾ ਹੀ ਇੱਕ ਹੋਰ ਰੂਪ ਹੈ ਜਿਹੜਾ ਸਰਕਾਰ ਨੂੰ ਕਿਸੇ ਵੀ ਵਿਅਕਤੀ ਦੇ ਜਮਹੂਰੀ ਅਧਿਕਾਰ ਕੁਚਲਣ ਦੀਆਂ ਸ਼ਕਤੀਆਂ ਦਿੰਦਾ ਹੈ। ਆਗੂਆਂ ਨੇ ਕਿਹਾ ਕਿ ਡਾ. ਨਵਸ਼ਰਨ ਨਾਲ ਪੰਜਾਬ ਦੇ ਲੋਕਾਂ ਦੀ ਲਹਿਰ ਡਟ ਕੇ ਖੜ੍ਹੀ ਹੈ।

## ਕਰਨਾਟਕ ਨਤੀਜਿਆਂ ਪਿੱਛੋਂ ਸਾਂਝੇ ਮੁਹਾਜ਼ ਲਈ ਪਿੜ ਬੱਝਣ ਲੱਗਾ

*(ਪਹਿਲੇ ਸਫੇ ਦੀ ਬਾਕੀ)*

ਅਤੇ ਕੁਝ ਹੋਰ ਛੋਟੀਆਂ ਖੇਤਰੀ ਪਾਰਟੀਆਂ ਦਾ ਸ਼ਾਮਲ ਹੋਣਾ ਤੈਅ ਹੈ। 'ਆਪ', ਸਮਾਜਵਾਦੀ ਪਾਰਟੀ, ਤ੍ਰਿਣਮੂਲ ਕਾਂਗਰਸ ਅਤੇ ਭਾਰਤ ਰਾਸ਼ਟਰ ਸਮਿਤੀ ਦੇ ਰਵੱਈਏ ਵਿਚ ਸਪੱਸ਼ਟਤਾ ਆਉਣੀ ਬਾਕੀ ਹੈ ਕਿਉਂਕਿ ਇਹ ਪਾਰਟੀਆਂ ਗੈਰ-ਭਾਜਪਾ, ਗੈਰ-ਕਾਂਗਰਸੀ ਮੁਹਾਜ਼ ਬਣਾਉਣ ਬਾਰੇ ਸੰਕੇਤ ਦਿੰਦੀਆਂ ਰਹੀਆਂ ਹਨ। ਹਾਲਾਂਕਿ ਉਮੀਦ ਕੀਤੀ ਜਾ ਰਹੀ ਹੈ ਕਿ ਕਰਨਾਟਕ ਚੋਣਾਂ ਵਿਚ ਕਾਂਗਰਸ ਦੀ ਵੱਡੀ ਜਿੱਤ ਭਾਜਪਾ ਦੇ ਟਾਕਰੇ ਲਈ ਸਾਂਝੇ ਮੋਰਚੇ ਬਾਰੇ ਦੁਚਿੱਤੀ ਵਿਚ ਪਈਆਂ ਸਿਆਸੀ ਧਿਰਾਂ ਦੇ ਮਨ ਬਦਲ ਸਕਦੀ ਹੈ। ਆਉਣ ਵਾਲੇ ਦਿਨ ਵਿਚ ਇਸ ਸਾਂਝੇ ਮੋਰਚੇ ਲਈ ਪਿੜ ਬੱਝਣ ਦੇ ਸਪਸ਼ਟ ਸੰਕੇਤ ਮਿਲ ਰਹੇ ਹਨ, ਜੋ ਭਾਜਪਾ ਲਈ ਵੱਡੀ ਚੁਣੌਤੀ ਖੜ੍ਹੀ ਕਰਨ ਵਾਲੇ ਹਨ।

# ਬਾਦਲ ਦਲ ਦਾ ਭਵਿੱਖ ਦਾਅ 'ਤੇ

*(ਪਹਿਲੇ ਸਫੇ ਦੀ ਬਾਕੀ)*

ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਡਾ. ਰਤਨ ਸਿੰਘ ਅਜਨਾਲਾ ਆਦਿ ਨੇ ਬਗਾਵਤ ਕੀਤੀ ਸੀ ਪਰ ਜਥੇਦਾਰ ਬ੍ਰਹਮਪੁਰਾ ਨੇ ਅਕਾਲੀ ਦਲ ਵਿਚ ਮੁੜ ਸ਼ਮੂਲੀਅਤ ਕਰ ਲਈ ਸੀ। ਸਾਲ 2022 ਦੀਆਂ ਚੋਣਾਂ ਤੋਂ ਬਾਅਦ ਇਹ ਸੰਕਟ ਹੋਰ ਵੀ ਵਧਣ ਲੱਗਿਆ ਸੀ ਤੇ ਜ਼ਮੀਨੀ ਪੱਧਰ 'ਤੇ ਵਰਕਰਾਂ 'ਚ ਨਿਰਾਸ਼ਾ ਹੀ ਨਹੀਂ ਸੀ ਸਗੋਂ ਲੀਡਰਸ਼ਿਪ ਖਿਲਾਫ਼ ਰੋਹ ਵੀ ਸੀ। ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੇ ਸੰਕਟ ਦੇ ਹੱਲ ਲਈ ਪਾਰਟੀ ਵੱਲੋਂ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਜ਼ਮੀਨੀ ਪੱਧਰ ਤੱਕ ਵਰਕਰਾਂ ਨਾਲ ਗੱਲਬਾਤ ਕਰ ਕੇ ਰਿਪੋਰਟ ਤਿਆਰ ਕੀਤੀ ਗਈ। ਇਸ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਤੌਰ 'ਤੇ ਅਕਾਲੀ ਦਲ ਦੇ ਵਰਕਰਾਂ ਨੇ ਪਾਰਟੀ ਦੀ ਲੀਡਰਸ਼ਿਪ ਖਾਸ ਕਰ ਬਾਦਲਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਇਆ ਸੀ। ਕਮੇਟੀ ਦੀ ਲੀਡਰਸ਼ਿਪ ਤਬਦੀਲੀ ਬਾਰੇ ਸਿਫਾਰਸ਼ ਨੂੰ ਹੇਠਲੇ ਪੱਧਰ ਤੱਕ ਹੀ ਲਾਗੂ ਕਰਕੇ ਸੁਖਬੀਰ ਦੀ ਕੁਰਸੀ ਬਚਾ ਲਈ ਗਈ।

ਉਧਰ, ਆਪਣੇ ਦਮਖਮ 'ਤੇ ਪਹਿਲੀ ਵਾਰ ਜਲੰਧਰ ਜ਼ਿਮਨੀ ਚੋਣ ਲੜਨ ਵਾਲੀ ਭਾਜਪਾ ਦੇ ਚੌਥੇ ਸਥਾਨ 'ਤੇ ਰਹੀ। ਭਾਜਪਾ ਆਗੂ ਇਸ ਉਪ ਚੋਣ ਨੂੰ 2024 ਦੀਆਂ ਆਮ ਚੋਣਾਂ ਲਈ ਇਕ 'ਜੰਗੀ ਮਸ਼ਕ' ਵਜੋਂ ਦੇਖ ਰਹੇ ਹਨ। ਭਾਜਪਾ ਆਗੂਆਂ ਅਨੁਸਾਰ ਉਨ੍ਹਾਂ ਇਕ ਰਣਨੀਤੀ ਤਹਿਤ ਇਹ ਚੋਣ ਲੜੀ। ਉਨ੍ਹਾਂ ਦਾ ਨਿਸ਼ਾਨਾ ਤੀਜੇ ਨੰਬਰ 'ਤੇ ਆਉਣਾ ਸੀ। ਉਹ ਭਾਵੇਂ ਇਸ 'ਚੋਂ ਥੋੜ੍ਹੇ ਫਰਕ ਨਾਲ ਪਿੱਛੇ ਰਹੇ ਪਰ ਉਹ ਆਪਣੀ ਕਾਰਗੁਜ਼ਾਰੀ ਤੋਂ ਖੁਸ਼ ਨਜ਼ਰ ਆ ਰਹੇ ਹਨ।

ਭਾਜਪਾ ਭਾਵੇਂ ਚੌਥੇ ਨੰਬਰ 'ਤੇ ਰਹੀ ਪਰ ਉਸ ਦੀ ਵੋਟ ਫੀਸਦੀ ਤੇ ਹਲਕਿਆਂ ਅਨੁਸਾਰ ਚੰਗੀ ਕਾਰਗੁਜ਼ਾਰੀ ਰਹੀ ਹੈ। ਜਲੰਧਰ ਛਾਉਣੀ ਹਲਕੇ ਵਿਚ ਭਾਜਪਾ ਨੇ 17,781 ਵੋਟਾਂ ਹਾਸਲ ਕੀਤੀਆਂ ਜਦ ਕਿ ਅਕਾਲੀ ਦਲ ਨੂੰ 14,052 ਵੋਟਾਂ ਪਈਆਂ। ਸਾਲ 2022 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਇੱਥੋਂ 10 ਹਜ਼ਾਰ ਵੋਟਾਂ ਮਿਲੀਆਂ ਸਨ। ਭਾਜਪਾ ਜਲੰਧਰ ਉਤਰੀ ਤੇ ਜਲੰਧਰ ਕੇਂਦਰੀ ਤੋਂ ਅੱਗੇ ਰਹੀ ਜਿਸ ਵਿਚ ਭਾਜਪਾ ਨੇ ਕ੍ਰਮਵਾਰ 31,549 ਅਤੇ 25,259 ਵੋਟਾਂ ਹਾਸਲ ਕੀਤੀਆਂ। ਇਹ ਅੰਕੜੇ ਸਾਫ ਇਸ਼ਾਰਾ ਕਰਦੇ ਹਨ ਕਿ ਅਕਾਲੀ ਦਲ ਲਈ ਆਉਣ ਵਾਲਾ ਸਮਾਂ ਹੋਰ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰਨ ਵਾਲਾ ਹੈ।

# ਪਹਿਲਵਾਨਾਂ ਵੱਲੋਂ ਅੰਦੋਲਨ ਨੂੰ ਆਲਮੀ ਮੰਚ 'ਤੇ ਲਿਜਾਣ ਦੀ ਤਿਆਰੀ

**ਨਵੀਂ ਦਿੱਲੀ:** ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਨੇ ਆਪਣੇ 'ਅੰਦੋਲਨ ਨੂੰ ਆਲਮੀ ਪੱਧਰ ਉਤੇ' ਲਿਜਾਣ ਲਈ ਹੋਰਨਾਂ ਮੁਲਕਾਂ ਦੇ ਓਲੰਪਿਕ ਤਗਮਾ ਜੇਤੂਆਂ ਤੇ ਅਥਲੀਟਾਂ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਧਰਨਾਕਾਰੀ ਪਹਿਲਵਾਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਉਨ੍ਹਾਂ ਦੀ ਮੰਗ ਵੱਲ ਧਿਆਨ ਨਾ ਦਿੱਤਾ, ਉਹ 21 ਮਈ ਮਗਰੋਂ ਕੋਈ ਵੱਡਾ ਫੈਸਲਾ ਲੈਣਗੇ। ਇਸ ਦੌਰਾਨ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ, ਭਾਜਪਾ ਆਗੂ ਬੀਰੇਂਦਰ ਸਿੰਘ ਅਤੇ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਨੇ ਜੰਤਰ ਮੰਤਰ 'ਤੇ ਪੁੱਜ ਕੇ ਪਹਿਲਵਾਨਾਂ ਨੂੰ ਸਮਰਥਨ ਦਿੱਤਾ ਤੇ ਧਰਨਾਕਾਰੀਆਂ ਨੂੰ ਸੰਬੋਧਨ ਕੀਤਾ। ਓਲੰਪਿਕ ਤਗਮਾ ਜੇਤੂ ਬਜਰੰਗ ਪੂਨੀਆ, ਸਾਕਸ਼ੀ ਮਲਿਕ ਤੇ ਏਸ਼ਿਆਈ ਖੇਡਾਂ 'ਚ ਸੋਨ ਤਗਮਾ ਜਿੱਤਣ ਵਾਲੀ ਵਿਨੇਸ਼ ਫੋਗਾਟ ਸਣੇ ਦੇਸ਼ ਦੇ ਸਿਖਰਲੇ ਪਹਿਲਵਾਨ ਪਿਛਲੇ 23 ਦਿਨਾਂ ਤੋਂ ਜੰਤਰ-ਮੰਤਰ 'ਤੇ ਧਰਨਾ ਲਾਈ ਬੈਠੇ ਹਨ। ਪਹਿਲਵਾਨ ਜਿਨਸੀ ਸ਼ੋਸ਼ਣ ਮਾਮਲੇ 'ਚ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ 'ਤੇ ਬਜ਼ਿਦ ਹਨ।

## ਦਸਤਖਤੀ ਮੁਹਿੰਮ ਦੇ ਪ੍ਰੋਫਾਰਮੇ 18 ਨੂੰ ਸੌਂਪੇ ਜਾਣਗੇ

**ਅੰਮ੍ਰਿਤਸਰ:** ਬੰਦੀ ਸਿੱਖਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਅਰੰਭੀ ਦਸਤਖਤੀ ਮੁਹਿੰਮ ਤਹਿਤ ਭਰਵਾਏ ਪ੍ਰੋਫਾਰਮੇ ਹੁਣ 18 ਮਈ ਨੂੰ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪੇ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਪਹਿਲਾਂ ਇਹ ਪ੍ਰੋਗਰਾਮ 27 ਅਪਰੈਲ ਦਾ ਸੀ ਪਰ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਕਾਰਨ ਮੁਲਤਵੀ ਕਰ ਦਿੱਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੰਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਡਾ. ਇਨਕਲਾਬੀ ਥਾਂਦੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਦਾਲੀਵਾਲ

# ਜ਼ਿਮਨੀ ਚੋਣ: ਆਮ ਆਦਮੀ ਪਾਰਟੀ ਨੇ ਕਾਂਗਰਸ ਤੋਂ ਜਲੰਧਰ ਖੋਹਿਆ

**ਜਲੰਧਰ:** ਆਮ ਆਦਮੀ ਪਾਰਟੀ (ਆਪ) ਨੇ ਜਲੰਧਰ ਜ਼ਿਮਨੀ ਚੋਣ ਦੇ ਆਏ ਨਤੀਜਿਆਂ 'ਚ ਵੱਡੀ ਜਿੱਤ ਦਰਜ ਕਰਦਿਆਂ ਕਾਂਗਰਸ ਦਾ ਮਜ਼ਬੂਤ ਮੰਨਿਆ ਜਾਂਦਾ ਕਿਲ੍ਹਾ ਢਹਿ-ਢੇਰੀ ਕਰ ਦਿੱਤਾ ਹੈ। 'ਆਪ' ਦੇ ਸੁਸ਼ੀਲ ਰਿੰਕੂ ਨੇ 3,02,097 ਵੋਟਾਂ ਹਾਸਲ ਕਰਕੇ 58,691 ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਨੂੰ ਹਰਾਇਆ। ਕਰਮਜੀਤ ਕੌਰ ਨੇ 2,43,450 ਵੋਟਾਂ ਹਾਸਲ ਕੀਤੀਆਂ। ਇਸ ਚੋਣ ਲਈ ਕੁੱਲ 8,87,086 ਲੋਕਾਂ ਨੇ ਵੋਟ ਪਾਈ ਸੀ। ਕਾਂਗਰਸ ਪਾਰਟੀ ਜਲੰਧਰ ਦੇ ਲੋਕ ਸਭਾ ਹਲਕੇ 'ਤੇ 1999 ਤੋਂ ਕਾਬਜ਼ ਚੱਲੀ ਆ ਰਹੀ ਸੀ।

ਸੁਸ਼ੀਲ ਰਿੰਕੂ ਨੇ ਜਲੰਧਰ ਪੱਛਮੀ ਹਲਕੇ ਤੋਂ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜੀ ਸੀ ਤੇ ਉਹ ਜੇਤੂ ਰਹੇ ਸਨ। ਦੂਜੀ ਵਾਰ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਆਗੂ ਸ਼ੀਤਲ ਅੰਗੁਰਾਲ ਤੋਂ ਹਾਰ ਗਏ ਸਨ। ਲੋਕ ਸਭਾ ਦੀ ਉਪ ਚੋਣ ਵੇਲੇ ਉਹ ਕਾਂਗਰਸ ਛੱਡ ਕੇ 'ਆਪ' ਵਿਚ ਆ ਗਏ ਸਨ। ਸੁਸ਼ੀਲ ਕੁਮਾਰ ਰਿੰਕੂ 'ਆਪ' ਦੇ ਪਹਿਲੇ ਐਮ.ਪੀ. ਬਣ ਗਏ ਹਨ ਜੋ ਜਲੰਧਰ ਤੋਂ ਲੋਕ ਸਭਾ ਵਿਚ ਨੁਮਾਇੰਦਗੀ ਕਰਨਗੇ। ਜਦੋਂ ਵੋਟਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਰਿੰਕੂ ਨੇ ਪਹਿਲੇ



ਗੇੜ ਤੋਂ ਹੀ ਲੀਡ ਬਣਾ ਲਈ ਜੋ ਅਖੀਰ ਤੱਕ ਜਾਰੀ ਰਹੀ। ਵੋਟਾਂ ਦੀ ਗਿਣਤੀ ਦੇ ਕੁੱਲ 16 ਗੇੜ ਹੋਏ ਜਿਨ੍ਹਾਂ ਸਾਰਿਆਂ ਵਿਚ ਸੁਸ਼ੀਲ ਰਿੰਕੂ ਅੱਗੇ ਰਹੇ। ਜਲੰਧਰ ਦੇ 9 ਵਿਧਾਨ ਸਭਾ ਹਲਕਿਆਂ 'ਚੋਂ 7 ਵਿਚ 'ਆਪ' ਅਤੇ ਦੋ ਵਿਚ ਕਾਂਗਰਸ ਜੇਤੂ ਰਹੀ। ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਪਹਿਲਾਂ ਤੀਜੇ ਨੰਬਰ 'ਤੇ ਚੱਲਦੇ ਆ ਰਹੇ ਸਨ ਪਰ ਉਹ ਆਖਰੀ ਗੇੜਾਂ ਵਿਚ ਪੱਛੜ ਗਏ। ਭਾਜਪਾ ਉਮੀਦਵਾਰ ਨੂੰ 1,34,706 ਵੋਟਾਂ ਮਿਲੀਆਂ, ਜਦਕਿ ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ 1,58,354 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ। ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੂੰ ਸਿਰਫ 20,354 ਵੋਟਾਂ ਹੀ ਮਿਲੀਆਂ। ਨੋਟਾ ਦਾ ਬਟਨ 6656 ਜਣਿਆਂ ਨੇ ਦਬਾਇਆ।

### ਦਲਿਤ ਪੱਤਾ ਵੀ ਕੰਮ ਨਾ ਆਇਆ

**ਜਲੰਧਰ:** ਕਾਂਗਰਸ ਨੇ ਆਪਣੀ ਚੋਣ ਮੁਹਿੰਮ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੋਣ ਪ੍ਰਚਾਰ ਵਿਚ ਉਤਾਰਿਆ ਸੀ। ਵਿਜੀਲੈਂਸ ਦੀ ਜਾਂਚ ਵਿਚ ਘਿਰੇ ਚੰਨੀ ਬਾਰੇ ਇਕ ਵਾਰ ਦਾ ਹਮਦਰਦੀ ਦੀ ਲਹਿਰ ਬਣਦੀ ਨਜ਼ਰ ਆਈ ਸੀ ਪਰ ਇਹ ਵੋਟਾਂ ਵਿਚ ਤਬਦੀਲ ਨਾ ਹੋ ਸਕੀ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਨੇ ਚੰਨੀ ਦੇ ਨਾਂ 'ਤੇ ਜਿਹੜਾ ਦਲਿਤ ਪੱਤਾ ਖੇਡਿਆ ਸੀ, ਉਹ ਨਹੀਂ ਚੱਲਿਆ। ਕਾਂਗਰਸ ਨੇ ਆਪਣੇ ਹੀ ਗੜ੍ਹ ਵਿਚ ਸਾਬਕਾ ਕਾਂਗਰਸੀ ਕੋਲੋਂ ਹੀ ਮਾਤ ਖਾਧੀ ਹੈ। ਇਸ ਜ਼ਿਮਨੀ ਚੋਣ ਲਈ ਕਾਂਗਰਸ ਦੇ ਸਾਰੇ ਛੋਟੇ-ਵੱਡੇ ਆਗੂ ਇਕਜੁੱਟ ਨਜ਼ਰ ਆਏ ਸਨ ਤੇ ਜਿਸ ਦਿਨ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਨੇ ਕਾਗ਼ਜ਼ ਦਾਖ਼ਲ ਕਰਨੇ ਸਨ, ਉਸ ਦਿਨ ਸਮੁੱਚੀ ਕਾਂਗਰਸ ਪਹਿਲੀ ਵਾਰ ਇਕਜੁੱਟ ਨਜ਼ਰ ਆਈ ਸੀ।

### ਲੋਕ ਭਲਾਈ ਦੇ ਕੰਮਾਂ ਸਦਕਾ 'ਆਪ' ਜਿੱਤੀ: ਕੇਜਰੀਵਾਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ 'ਬੇਮਿਸਾਲ ਜਿੱਤ' ਭਗਵੰਤ ਮਾਨ ਸਰਕਾਰ ਦੇ ਪੰਜਾਬ ਵਿਚ ਲੋਕ ਭਲਾਈ ਕੰਮਾਂ ਸਦਕਾ ਹੋਈ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੀ ਲਹਿਰ ਸਮੇਂ ਵੀ ਜਲੰਧਰ ਦੇ ਨੌਂ ਹਲਕਿਆਂ 'ਚੋਂ ਕਾਂਗਰਸ ਨੇ ਪੰਜ 'ਤੇ ਜਿੱਤ ਹਾਸਲ ਕੀਤੀ ਸੀ ਪਰ 'ਆਪ' ਵੱਲੋਂ ਇਕ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਨੂੰ ਦੇਖਦਿਆਂ ਹਲਕੇ ਦੇ ਲੋਕਾਂ ਨੇ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਜਿਤਾਇਆ ਹੈ।

# ਪੰਜਾਬੀਆਂ ਨੇ 'ਆਪ' ਦਾ ਲੋਕ ਸਭਾ ਵਿਚ ਖਾਤਾ ਮੁੜ ਖੋਲ੍ਹਿਆ



**ਚੰਡੀਗੜ੍ਹ:** ਜਲੰਧਰ ਸੰਸਦੀ ਹਲਕੇ 'ਚ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ (ਆਪ) ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਨੇ ਮੁੜ ਤੋਂ ਲੋਕ ਸਭਾ ਵਿਚ ਆਮ ਆਦਮੀ ਪਾਰਟੀ (ਆਪ) ਦਾ ਖਾਤਾ ਖੋਲ੍ਹ ਦਿੱਤਾ ਹੈ। ਪਹਿਲਾਂ ਵੀ ਲੋਕ ਸਭਾ ਵਿਚ 'ਆਪ' ਦੀ ਅਗਵਾਈ ਪੰਜਾਬ ਦੇ ਸੰਸਦ ਮੈਂਬਰ ਹੀ ਕਰਦੇ ਰਹੇ ਹਨ ਪਰ ਭਗਵੰਤ ਮਾਨ ਦੇ ਅਸਤੀਫੇ ਤੋਂ ਬਾਅਦ ਲੋਕ ਸਭਾ ਵਿਚੋਂ 'ਆਪ' ਦਾ ਕੋਈ ਵੀ ਉਮੀਦਵਾਰ ਨਹੀਂ ਰਿਹਾ ਸੀ।

'ਆਪ' ਨੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਅਤੇ ਦਿੱਲੀ ਵਿਚ ਜ਼ੋਰ-ਸ਼ੋਰ ਨਾਲ ਚੋਣ ਪ੍ਰਚਾਰ ਕੀਤਾ ਸੀ ਪਰ 'ਆਪ' ਨੇ ਪੰਜਾਬ ਦੀਆਂ 13 ਵਿਚੋਂ 4 ਲੋਕ ਸਭਾ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਮੁੜ 'ਆਪ' ਨੇ ਦਿੱਲੀ ਅਤੇ ਪੰਜਾਬ ਵਿਚ ਜ਼ੋਰ ਲਾਇਆ ਪਰ ਪਾਰਟੀ ਦੇ ਪੱਲੇ ਦਿੱਲੀ ਵਿਚ ਕੁਝ ਨਾ ਪਿਆ ਅਤੇ ਪੰਜਾਬ ਵਿਚ ਇਕੋ ਸੀਟ 'ਤੇ ਹੀ ਜਿੱਤ ਮਿਲ ਸਕੀ। ਇਹ ਸੀਟ ਸੰਗਰੂਰ ਲੋਕ ਸਭਾ ਹਲਕੇ ਦੀ ਸੀ, ਜਿੱਥੋਂ 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਲਗਾਤਾਰ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਸੀ।

ਭਗਵੰਤ ਮਾਨ ਨੇ ਸਾਲ 2014 ਵਿੱਚ ਆਪਣੇ ਵਿਰੋਧੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ 2,11,721 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਜਦਕਿ ਸਾਲ 2019 ਵਿਚ ਭਗਵੰਤ ਮਾਨ ਨੇ ਆਪਣੇ ਵਿਰੋਧੀ ਤੇ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੂੰ 1,10,211 ਵੋਟਾਂ ਦੇ ਫਰਕ ਨਾਲ ਹਰਾਇਆ ਸੀ ਪਰ 'ਆਪ' ਤੇ ਭਗਵੰਤ ਮਾਨ ਦੇ ਪੰਜਾਬ ਵਿੱਚ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੱਡੀ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਭਗਵੰਤ ਮਾਨ ਨੇ ਸੰਗਰੂਰ ਲੋਕ ਸਭਾ ਦੀ ਸੀਟ ਤੋਂ ਅਸਤੀਫਾ ਦੇ ਦਿੱਤਾ। ਇਸ ਨਾਲ 'ਆਪ' ਦੀ ਲੋਕ ਸਭਾ 'ਚੋਂ ਨੁਮਾਇੰਦਗੀ ਖਤਮ ਹੋ ਗਈ ਸੀ।

### ਸੰਗਰੂਰ ਜ਼ਿਮਨੀ ਚੋਣ ਵਾਲੇ ਦਾਗ ਧੋਤੇ

**ਚੰਡੀਗੜ੍ਹ:** ਸੰਗਰੂਰ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ 'ਤੇ ਲੱਗੇ ਹਾਰ ਦੇ ਦਾਗ ਜਲੰਧਰ ਦੀ ਜ਼ਿਮਨੀ ਚੋਣ ਦੇ ਨਤੀਜੇ ਨੇ ਧੋ ਦਿੱਤੇ ਹਨ। ਸੰਗਰੂਰ ਜ਼ਿਮਨੀ ਚੋਣ ਨੇ 'ਆਪ' ਦੀ ਝੋਲੀ ਨਮੋਸ਼ੀ ਪਾ ਦਿੱਤੀ ਸੀ। ਜੂਨ 2022 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਆਪਣੇ ਵਿਰੋਧੀ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਤੋਂ 5822 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਹੁਣ ਜਲੰਧਰ ਜ਼ਿਮਨੀ ਚੋਣ 'ਚ 'ਆਪ' ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਮਿਲੀ ਭਾਰੀ ਜਿੱਤ ਨੇ ਪੁਰਾਣੇ ਘਾਟੇ ਵਾਧੇ ਪੂਰੇ ਕਰ ਦਿੱਤੇ ਹਨ। ਜਲੰਧਰ ਚੋਣ ਨੇ ਮੁੜ 'ਆਪ' ਵਿਚ ਨਵਾਂ ਜੋਸ਼ ਭਰ ਦਿੱਤਾ ਹੈ।

# 'ਆਪ' ਸਰਕਾਰ ਨੂੰ ਜ਼ੀਰੋ ਬਿੱਲ ਵਾਲਾ ਫਾਰਮੂਲਾ ਰਾਸ ਆਇਆ

**ਚੰਡੀਗੜ੍ਹ:** 'ਆਪ' ਸਰਕਾਰ ਨੂੰ ਜ਼ੀਰੋ ਬਿੱਲ ਜਲੰਧਰ ਦੀ ਜ਼ਿਮਨੀ ਚੋਣ ਵਿਚ ਰਾਸ ਆ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਵਜ਼ੀਰਾਂ ਨੇ ਜ਼ਿਮਨੀ ਚੋਣ ਦੇ ਪਿੜ 'ਚ 'ਜ਼ੀਰੋ ਬਿੱਲਾਂ' ਨੂੰ ਪੂਰੀ ਤਰ੍ਹਾਂ ਪ੍ਰਚਾਰਿਆ। ਪੰਜਾਬ ਸਰਕਾਰ ਨੇ ਦੋ ਮਹੀਨਿਆਂ ਵਿਚ 600 ਬਿਜਲੀ ਯੂਨਿਟਾਂ ਦੀ ਮੁਆਫੀ ਨੂੰ ਪਹਿਲੀ ਜੁਲਾਈ 2022 ਤੋਂ ਲਾਗੂ ਕੀਤਾ ਸੀ ਅਤੇ ਅਗਸਤ ਮਹੀਨੇ ਤੋਂ ਹੀ ਘਰੇਲੂ ਬਿਜਲੀ ਦੇ ਜ਼ੀਰੋ ਬਿੱਲ ਖਪਤਕਾਰਾਂ ਨੂੰ ਜਾਣੇ ਸ਼ੁਰੂ ਹੋ ਗਏ ਸਨ।

ਵੇਰਵਿਆਂ ਅਨੁਸਾਰ ਅਪਰੈਲ 2023 ਵਿਚ ਜਲੰਧਰ ਲੋਕ ਸਭਾ ਹਲਕੇ ਵਿਚ ਘਰੇਲੂ ਬਿਜਲੀ ਦੇ 3.55 ਲੱਖ ਬਿੱਲ ਭੇਜੇ ਗਏ ਸਨ ਜਿਨ੍ਹਾਂ 'ਚੋਂ 3.13 ਲੱਖ ਬਿੱਲ 'ਜ਼ੀਰੋ' ਸਨ ਜੋ ਕਿ 88.39 ਫੀਸਦੀ ਬਣਦੇ ਹਨ। ਨਕੋਦਰ ਸਿਟੀ ਡਵੀਜ਼ਨ ਵਿਚ 88.42 ਫੀਸਦੀ, ਕਰਤਾਰਪੁਰ ਡਵੀਜ਼ਨ ਵਿਚ 87.46 ਫੀਸਦੀ, ਈਸਟ ਡਵੀਜ਼ਨ ਜਲੰਧਰ ਵਿਚ 89.79 ਫੀਸਦੀ, ਭੋਗਪੁਰ ਡਵੀਜ਼ਨ ਵਿਚ 90.31 ਫੀਸਦੀ ਪਰਿਵਾਰਾਂ ਨੂੰ ਬਿਜਲੀ ਦੇ ਜ਼ੀਰੋ ਬਿੱਲ ਅਪਰੈਲ ਮਹੀਨੇ ਵਿਚ ਪ੍ਰਾਪਤ ਹੋਏ ਸਨ। ਇਸੇ ਤਰ੍ਹਾਂ ਮਾਰਚ ਮਹੀਨੇ ਵਿਚ ਜਲੰਧਰ ਸੰਸਦੀ ਹਲਕੇ ਵਿਚ 87 ਫੀਸਦੀ ਘਰਾਂ ਨੂੰ ਜ਼ੀਰੋ ਬਿੱਲ ਮਿਲੇ ਹਨ। ਮਾਰਚ ਵਿਚ 3.54 ਲੱਖ ਕੁੱਲ




ਘਰੇਲੂ ਬਿੱਲਾਂ 'ਚੋਂ 3.08 ਲੱਖ ਪਰਿਵਾਰਾਂ ਨੂੰ ਬਿਜਲੀ ਦਾ ਜ਼ੀਰੋ ਬਿੱਲ ਆਇਆ ਹੈ। ਇਸੇ ਤਰ੍ਹਾਂ ਹਲਕਾ ਜਲੰਧਰ ਕੈਂਟ ਦੇ ਕੁੱਲ 53,913 ਘਰਾਂ 'ਚੋਂ 47,946 ਪਰਿਵਾਰਾਂ ਨੂੰ ਬਿਜਲੀ ਦੇ ਜ਼ੀਰੋ ਬਿੱਲ ਪ੍ਰਾਪਤ ਹੋਏ ਸਨ। ਸਿਆਸੀ ਮਾਹਿਰਾਂ ਅਨੁਸਾਰ ਜੇਕਰ ਜਲੰਧਰ ਸੰਸਦੀ ਹਲਕੇ ਦੇ ਤਿੰਨ ਲੱਖ ਘਰਾਂ ਨੂੰ ਵੀ ਬਿਜਲੀ ਦੇ ਜ਼ੀਰੋ ਬਿੱਲ ਮਿਲੇ ਹਨ ਤਾਂ ਸਿੱਧੇ ਤੌਰ 'ਤੇ ਕਰੀਬ ਛੇ ਲੱਖ ਵੋਟਰਾਂ ਨੂੰ ਜ਼ੀਰੋ ਬਿੱਲਾਂ ਦਾ ਫਾਇਦਾ ਪੁੱਜਿਆ ਹੈ। ਸਮੁੱਚੇ ਪੰਜਾਬ ਦੀ ਗੱਲ ਕਰੀਏ ਤਾਂ ਜੁਲਾਈ 2022 ਤੋਂ ਹੁਣ ਤੱਕ ਜ਼ੀਰੋ ਬਿੱਲਾਂ ਦੀ ਸਬਸਿਡੀ ਦਾ ਬਿੱਲ 4851 ਕਰੋੜ ਰੁਪਏ ਬਣ ਗਿਆ ਹੈ।

ਵੇਰਵਿਆਂ ਅਨੁਸਾਰ 27 ਜੁਲਾਈ 2022 ਤੋਂ ਹੁਣ ਤੱਕ ਖਪਤਕਾਰਾਂ ਨੂੰ ਕੁੱਲ 3.47 ਕਰੋੜ ਬਿੱਲ ਭੇਜੇ ਗਏ ਹਨ ਜਿਨ੍ਹਾਂ 'ਚੋਂ 2.88 ਕਰੋੜ ਬਿੱਲਾਂ ਦੀ ਰਾਸ਼ੀ ਜ਼ੀਰੋ ਬਣਦੀ ਹੈ। ਇਸ ਤੋਂ ਸਾਫ ਹੈ ਕਿ ਪੰਜਾਬ ਦੇ ਸਿਰਫ 17 ਫੀਸਦੀ ਪਰਿਵਾਰ ਅਜਿਹੇ ਹਨ ਜਿਨ੍ਹਾਂ ਨੂੰ ਘਰੇਲੂ ਬਿਜਲੀ ਦਾ ਜ਼ੀਰੋ ਬਿੱਲ ਨਹੀਂ ਆਇਆ ਹੈ। ਪਾਵਰਕੌਮ ਵੱਲੋਂ 7 ਕਿਲੋਵਾਟ ਤੱਕ ਢਾਈ ਰੁਪਏ ਪ੍ਰਤੀ ਯੂਨਿਟ ਦੀ ਵੱਖਰੀ ਸਬਸਿਡੀ ਵੀ ਦਿੱਤੀ ਜਾ ਰਹੀ ਹੈ। ਘਰੇਲੂ ਬਿਜਲੀ ਦੀ ਸਬਸਿਡੀ ਲੈਣ ਵਾਲੇ ਕੁੱਲ ਖਪਤਕਾਰਾਂ ਦੀ ਗੱਲ ਕਰੀਏ ਤਾਂ ਪੰਜਾਬ ਵਿਚ 97.35 ਫੀਸਦੀ ਪਰਿਵਾਰਾਂ ਨੂੰ ਇਹ ਸਹੂਲਤ ਮਿਲ ਰਹੀ ਹੈ। ਹਰ ਮਹੀਨੇ ਇਹ ਕੁੱਲ ਸਬਸਿਡੀ ਲੈਣ ਵਾਲੇ 95 ਫੀਸਦੀ ਤੋਂ ਜ਼ਿਆਦਾ ਖਪਤਕਾਰ ਹੀ ਹਨ।

# ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿਚ ਪੈਰ-ਧਰਾਅ ਦੀ ਆਸ ਬੱਝੀ

**ਜਲੰਧਰ:** ਆਪਣੇ ਦਮਖ਼ਮ 'ਤੇ ਪਹਿਲੀ ਵਾਰ ਜਲੰਧਰ ਜ਼ਿਮਨੀ ਚੋਣ ਲੜਨ ਵਾਲੀ ਭਾਜਪਾ ਦੇ ਚੌਥੇ ਸਥਾਨ 'ਤੇ ਰਹਿਣ ਦੇ ਬਾਵਜੂਦ ਪਾਰਟੀ ਵਰਕਰਾਂ ਵਿਚ ਖ਼ੁਸ਼ੀ ਦੀ ਲਹਿਰ ਹੈ। ਭਾਜਪਾ ਆਗੂ ਇਸ ਉਪ ਚੋਣ ਨੂੰ 2024 ਦੀਆਂ ਆਮ ਚੋਣਾਂ ਲਈ ਇਕ 'ਜੰਗੀ ਮਸ਼ਕ' ਵਜੋਂ ਦੇਖ ਰਹੇ ਹਨ। ਭਾਜਪਾ ਆਗੂਆਂ ਅਨੁਸਾਰ ਉਨ੍ਹਾਂ ਇਕ ਰਣਨੀਤੀ ਤਹਿਤ ਇਹ ਚੋਣ ਲੜੀ। ਉਨ੍ਹਾਂ ਦਾ ਨਿਸ਼ਾਨਾ ਤੀਜੇ ਨੰਬਰ 'ਤੇ ਆਉਣਾ ਸੀ। ਭਾਵੇਂ ਉਹ ਇਸ 'ਚੋਂ ਥੋੜ੍ਹੇ ਫਰਕ ਨਾਲ ਪਿੱਛੇ ਰਹੇ ਪਰ ਉਹ ਆਪਣੀ ਕਾਰਗੁਜ਼ਾਰੀ ਤੋਂ ਖ਼ੁਸ਼ ਨਜ਼ਰ ਆ ਰਹੇ ਹਨ। ਭਾਜਪਾ ਨੂੰ 1 ਲੱਖ 34 ਹਜ਼ਾਰ 706 ਵੋਟਾਂ ਮਿਲੀਆਂ ਜਦ ਕਿ ਅਕਾਲੀ ਦਲ-ਬਸਪਾ ਗੱਠਜੋੜ 1 ਲੱਖ 58 ਹਜ਼ਾਰ 354 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੀ।

ਅਕਾਲੀ ਦਲ-ਬਸਪਾ ਗੱਠਜੋੜ ਨੂੰ ਉਪ ਚੋਣ ਵਿੱਚ 17.85 ਫੀਸਦੀ ਵੋਟਾਂ ਪਈਆਂ ਜਦ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੱਠਜੋੜ ਨੂੰ ਜਲੰਧਰ ਦੀਆਂ 9 ਵਿਧਾਨ ਸਭਾ ਸੀਟਾਂ ਤੋਂ 20.4 ਫੀਸਦੀ ਵੋਟਾਂ ਪਈਆਂ ਸਨ। ਇਸ ਤਰ੍ਹਾਂ ਅਕਾਲੀ ਦਲ ਦੀਆਂ 2.5 ਫੀਸਦੀ ਵੋਟਾਂ ਘੱਟ ਗਈਆਂ ਹਨ। ਭਾਜਪਾ ਭਾਵੇਂ ਚੌਥੇ ਨੰਬਰ 'ਤੇ ਰਹੀ ਪਰ ਉਸ ਦੀ ਵੋਟ ਫੀਸਦੀ ਤੇ ਹਲਕਿਆਂ ਅਨੁਸਾਰ ਚੰਗੀ ਕਾਰਗੁਜ਼ਾਰੀ ਰਹੀ ਹੈ। ਜਲੰਧਰ ਛਾਉਣੀ ਹਲਕੇ ਵਿਚ ਭਾਜਪਾ ਨੇ 17,781 ਵੋਟਾਂ ਹਾਸਲ ਕੀਤੀਆਂ ਜਦ ਕਿ ਅਕਾਲੀ ਦਲ ਨੂੰ 14,052 ਵੋਟਾਂ ਪਈਆਂ। ਸਾਲ 2022 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਇੱਥੋਂ 10 ਹਜ਼ਾਰ ਵੋਟਾਂ ਮਿਲੀਆਂ ਸਨ। ਭਾਜਪਾ ਜਲੰਧਰ ਉਤਰੀ ਤੇ ਜਲੰਧਰ ਕੇਂਦਰੀ ਤੋਂ ਜੇਤੂ ਰਹੀ, ਜਿਸ ਵਿੱਚ ਭਾਜਪਾ ਨੇ ਕ੍ਰਮਵਾਰ 31,549 ਅਤੇ 25,259 ਵੋਟਾਂ ਹਾਸਲ ਕੀਤੀਆਂ।

ਇਸੇ ਦੌਰਾਨ ਜਲੰਧਰ ਲੋਕ ਸਭਾ ਹਲਕਾ 1999 ਤੋਂ ਕਾਂਗਰਸ ਦੇ ਕਬਜ਼ੇ ਵਿਚ ਹੀ ਚੱਲਿਆ ਆ ਰਿਹਾ ਸੀ। ਉਪ ਚੋਣ ਦੇ ਨਤੀਜਿਆਂ ਨੇ ਕਾਂਗਰਸ ਲੀਡਰਸ਼ਿਪ ਨੂੰ ਸੋਚਾਂ ਵਿਚ ਪਾ ਦਿੱਤਾ ਹੈ। ਜਲੰਧਰ ਲੋਕ ਸਭਾ ਹਲਕੇ ਵਿੱਚ ਨੌਂ ਵਿਧਾਨ ਸਭਾ ਹਲਕੇ ਆਉਂਦੇ ਹਨ। ਇਨ੍ਹਾਂ ਨੌਂ ਵਿਧਾਨ ਸਭਾ ਹਲਕਿਆਂ ਵਿਚ 19 ਵੋਟਾਂ ਦੇ ਗੇੜ ਹੋਏ



ਪਰ ਕਾਂਗਰਸ ਨੂੰ ਕਿਸੇ ਇਕ ਗੇੜ ਵਿਚ ਵੀ ਜਿੱਤ ਨਸੀਬ ਨਹੀਂ ਹੋਈ ਤੇ ਨਾ ਹੀ ਕਾਂਗਰਸ ਕਿਸੇ ਗੇੜ ਵਿਚ ਅੱਗੇ ਨਿਕਲ ਸਕੀ। ਹਾਲਾਂ ਕਿ ਚੌਧਰੀ ਸੰਤੋਖ ਸਿੰਘ 2014 ਤੋਂ ਆਪਣੇ ਆਖਰੀ ਸਾਹਾਂ ਤੱਕ ਇਸ ਹਲਕੇ ਦੀ ਲੋਕ ਸਭਾ ਵਿਚ ਨੁਮਾਇੰਦਗੀ ਕਰਦੇ ਆ ਰਹੇ ਸਨ। ਇਨ੍ਹਾਂ ਹਲਕਿਆਂ ਵਿਚ ਫਿਲੌਰ ਤੇ ਕਰਤਾਰਪੁਰ ਦੋ ਅਜਿਹੇ ਹਲਕੇ ਹਨ ਜਿਹੜੇ ਚੌਧਰੀਆਂ ਦੇ ਪਰਿਵਾਰਕ ਹਲਕੇ ਮੰਨੇ ਜਾਂਦੇ ਸਨ। ਇਨ੍ਹਾਂ ਹਲਕਿਆਂ ਵਿਚ ਵੀ ਕਾਂਗਰਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਫਿਲੌਰ ਹਲਕੇ ਤੋਂ ਚੌਧਰੀ ਸੰਤੋਖ ਸਿੰਘ ਦੇ ਪੁੱਤਰ ਚੌਧਰੀ ਬਿਕਰਮਜੀਤ ਸਿੰਘ ਵਿਧਾਇਕ ਹਨ ਤੇ ਉਹ 2022 ਦੀਆਂ ਚੋਣਾਂ ਦੌਰਾਨ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੇ ਸਨ ਪਰ ਜ਼ਿਮਨੀ ਚੋਣ ਉਹ ਬੁਰੀ ਤਰ੍ਹਾਂ ਨਾਲ ਹਾਰ ਗਏ। ਇਸ ਹਲਕੇ ਤੋਂ ਕਾਂਗਰਸ ਦੀ ਉਮੀਦਵਾਰ 6,999 ਵੋਟਾਂ ਦੇ ਫਰਕ ਨਾਲ ਹਾਰ ਗਈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੌਧਰੀ ਬਿਕਰਮਜੀਤ ਸਿੰਘ 12,303 ਵੋਟਾਂ ਦੇ ਫਰਕ ਨਾਲ ਜਿੱਤੇ ਸਨ। ਇਸ ਤਰ੍ਹਾਂ ਕਰਤਾਰਪੁਰ ਹਲਕੇ ਤੋਂ ਮਰਹੂਮ ਚੌਧਰੀ ਜਗਜੀਤ ਸਿੰਘ ਜਿੱਤਦੇ ਰਹੇ ਸਨ ਤੇ ਉਨ੍ਹਾਂ ਦਾ ਪੁੱਤਰ ਚੌਧਰੀ ਸੁਰਿੰਦਰ ਸਿੰਘ 2017 ਵਿੱਚ ਪਹਿਲੀ ਵਾਰ ਵਿਧਾਇਕ ਬਣਿਆ ਸੀ। ਜਲੰਧਰ ਦੇ ਦੋ ਵਿਧਾਨ ਸਭਾ ਹਲਕਿਆਂ ਵਿਚ ਤਾਂ ਕਾਂਗਰਸ ਨੂੰ ਤੀਜੇ ਸਥਾਨ 'ਤੇ ਸਬਰ ਕਰਨਾ ਪਿਆ।

### ਲੋਕਾਂ ਨੇ ਵਿਰੋਧੀਆਂ ਦੀ ਮਾੜੀ ਸਿਆਸਤ ਨਕਾਰੀ: ਚੀਮਾ

**ਜਲੰਧਰ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜਲੰਧਰ ਵਾਸੀਆਂ ਦਾ ਧੰਨਵਾਦ ਕੀਤਾ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਲੰਧਰ ਦੇ ਲੋਕਾਂ ਨੇ ਸੁਸ਼ੀਲ ਰਿੰਕੂ ਨੂੰ ਜਿਤਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਕੰਮਾਂ 'ਤੇ ਮੋਹਰ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ ਸਪੱਸ਼ਟ ਹੈ ਕਿ ਜਲੰਧਰ ਵਾਸੀਆਂ ਨੇ ਵਿਰੋਧੀ ਪਾਰਟੀਆਂ ਦੀ ਘਟੀਆ ਰਾਜਨੀਤੀ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ।

# ਕਣਕ ਦੀ ਬੰਪਰ ਫਸਲ ਵੇਖ ਮੁਆਵਜ਼ਾ ਦੇਣ ਤੋਂ ਟਾਲਾ ਵੱਟਣ ਲੱਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਣਕ ਦੀ ਬੰਪਰ ਫਸਲ ਮਗਰੋਂ ਨੁਕਸਾਨੀ ਫਸਲ ਦਾ ਮੁਆਵਜ਼ਾ ਦੇਣ ਤੋਂ ਹੱਥ ਘੁੱਟ ਲਿਆ ਹੈ। ਸਰਕਾਰ ਨੇ ਮੁੱਢਲੇ ਪੜਾਅ 'ਤੇ ਫੌਰੀ ਮੁਆਵਜ਼ਾ ਦੇਣ ਦੀ ਗੱਲ ਆਖੀ ਸੀ ਪਰ ਪ੍ਰਭਾਵਿਤ ਕਿਸਾਨਾਂ ਦੇ ਖਾਤਿਆਂ 'ਚ ਹਾਲੇ ਤੱਕ ਮੁਆਵਜ਼ਾ ਰਾਸ਼ੀ ਨਹੀਂ ਪੁੱਜੀ। ਮੁੱਖ ਮੰਤਰੀ ਭਗਵੰਤ ਮਾਨ ਨੇ 13 ਅਪਰੈਲ ਨੂੰ ਮੁਆਵਜ਼ਾ ਵੰਡਣ ਦੀ ਸ਼ੁਰੂਆਤ ਕੀਤੀ ਸੀ ਤੇ ਉਸ ਦਿਨ ਪ੍ਰਭਾਵਿਤ ਇਲਾਕਿਆਂ ਦੇ ਕੁਝ ਕਿਸਾਨਾਂ ਦੇ ਖਾਤਿਆਂ 'ਚ ਮੁਆਵਜ਼ਾ ਰਾਸ਼ੀ ਪੈ ਗਈ ਸੀ। ਪੰਜਾਬ ਵਿਚ ਹਾਲੇ ਵੀ ਸਪੈਸ਼ਲ ਗਿਰਦਾਵਰੀ ਦਾ ਕੰਮ ਮੁਕੰਮਲ ਨਹੀਂ ਹੋਇਆ ਹੈ।

ਖੇਤੀਬਾੜੀ ਵਿਭਾਗ ਨੇ ਕਿਹਾ ਸੀ ਕਿ ਮੀਂਹ ਤੇ ਗੜੇਮਾਰੀ ਕਾਰਨ 40 ਫੀਸਦੀ ਫਸਲ ਪ੍ਰਭਾਵਿਤ ਹੋਈ ਹੈ ਜਿਸ 'ਚੋਂ 46 ਹਜ਼ਾਰ ਹੈਕਟੇਅਰ ਫਸਲ ਮੁਕੰਮਲ ਖਰਾਬੇ ਵਿਚ ਆ ਗਈ ਹੈ। ਪੰਜਾਬ ਸਰਕਾਰ ਨੇ ਸੌ ਫੀਸਦੀ ਖਰਾਬੇ ਦੀ ਮੁਆਵਜ਼ਾ ਰਾਸ਼ੀ ਵਧਾ ਕੇ 15 ਹਜ਼ਾਰ ਕਰ ਦਿੱਤੀ ਸੀ। ਸੂਤਰ ਦੱਸਦੇ ਹਨ ਕਿ ਹੁਣ ਜਦੋਂ ਫਸਲ ਦੀ ਪੈਦਾਵਾਰ ਪਿਛਲੇ ਵਰ੍ਹੇ ਨਾਲੋਂ ਕਾਫੀ ਵਧ ਗਈ ਹੈ ਤਾਂ



ਸਰਕਾਰ ਨੇ ਖਰਾਬੇ ਦੇ ਵਰਗੀਕਰਨ ਬਾਰੇ ਪੁਨਰ ਵਿਚਾਰ ਸ਼ੁਰੂ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਸੌ ਫੀਸਦੀ ਖਰਾਬੇ ਵਾਲੀ ਫਸਲ ਨੂੰ 6400 ਰੁਪਏ ਵਾਲੀ ਦੂਸਰੇ ਨੰਬਰ ਵਾਲੀ ਕੈਟਾਗਿਰੀ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਸ ਸਬੰਧੀ ਕਿਸਾਨ ਧਿਰਾਂ ਨੇ ਮਾਨਸਾ ਜ਼ਿਲ੍ਹੇ ਵਿਚ ਧਰਨੇ ਮੁਜ਼ਾਹਰੇ ਵੀ ਕੀਤੇ ਹਨ। ਮਾਨਸਾ ਦੇ ਪਿੰਡ ਜਟਾਣਾ ਵਿਚ ਛੇ ਹਜ਼ਾਰ ਏਕੜ ਰਕਬੇ ਵਿਚੋਂ 1500 ਏਕੜ ਫਸਲ ਪ੍ਰਭਾਵਿਤ ਹੋਈ ਸੀ ਪ੍ਰੰਤੂ ਇਸ ਪਿੰਡ ਦੇ ਕਿਸੇ ਕਿਸਾਨ ਨੂੰ ਮੁਆਵਜ਼ਾ ਰਾਸ਼ੀ ਨਹੀਂ ਮਿਲੀ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਮੁਆਵਜ਼ਾ ਰਾਸ਼ੀ ਲਈ 39.50 ਕਰੋੜ ਰੁਪਏ ਦੇ ਫੰਡ ਰੱਖੇ ਹਨ ਜਿਨ੍ਹਾਂ ਵਿਚੋਂ 11.50 ਕਰੋੜ ਰੁਪਏ ਹੀ ਜ਼ਿਲ੍ਹਿਆਂ ਨੂੰ ਜਾਰੀ ਕੀਤੇ ਗਏ ਸਨ। ਸੂਤਰਾਂ ਅਨੁਸਾਰ ਸੂਬੇ ਵਿਚ ਸਿਰਫ ਚਾਰ ਜ਼ਿਲ੍ਹਿਆਂ ਵਿਚ ਹੀ ਸਪੈਸ਼ਲ ਗਿਰਦਾਵਰੀ ਦਾ ਕੰਮ ਮੁਕੰਮਲ ਹੋਇਆ ਹੈ ਜਦੋਂ ਕਿ ਚਾਰ ਜ਼ਿਲ੍ਹਿਆਂ ਵਿਚ ਨਿਯਮਾਂ ਮੁਤਾਬਕ ਗਿਰਦਵਾਰੀ ਨਹੀਂ ਹੋਈ ਹੈ ਜਿਥੋਂ ਦੇ ਡਿਪਟੀ ਕਮਿਸ਼ਨਰਾਂ ਨੂੰ ਮੁੜ ਲਿਖਿਆ ਗਿਆ ਹੈ। ਸੂਤਰ ਦੱਸਦੇ ਹਨ ਕਿ ਸਰਕਾਰ ਨੇ ਹੁਣ ਕਣਕ ਦੀ ਵੱਧ ਪੈਦਾਵਾਰ ਨੂੰ ਮੁੱਖ ਰੱਖ ਕੇ ਗਿਰਦਾਵਰੀ ਦਾ ਅੰਕੜਾ ਭੇਜਣ ਲਈ ਕਿਹਾ ਹੈ।

ਇਸ ਦੌਰਾਨ ਜਨਤਕ ਖੇਤਰ ਦੇ ਬੈਂਕਾਂ ਨੇ ਖੇਤੀ ਕਰਜ਼ੇ ਦੇਣ ਤੋਂ ਪਾਸਾ ਵੱਟਿਆ ਹੈ ਜਦੋਂ ਕਿ ਨਿੱਜੀ ਖੇਤਰ ਅਤੇ ਖੇਤਰੀ ਗ੍ਰਾਮੀਣ ਬੈਂਕਾਂ ਨੇ ਖੇਤੀ ਕਰਜ਼ਿਆਂ ਵਿਚ 12.25 ਫੀਸਦੀ ਅਤੇ 10.60 ਫੀਸਦਾ ਦਾ ਵਾਧਾ ਦਿਖਾਇਆ ਹੈ। ਰਾਜ ਪੱਧਰੀ ਬੈਂਕਰਜ ਕਮੇਟੀ ਦੀ ਮੀਟਿੰਗ ਵਿਚ ਸਾਹਮਣੇ ਆਇਆ ਕਿ 2022-23 ਦੌਰਾਨ ਜਨਤਕ ਖੇਤਰ ਦੇ ਬੈਂਕਾਂ ਨੇ 5.96 ਫੀਸਦੀ ਖੇਤੀ ਕਰਜ਼ੇ ਘੱਟ ਦਿੱਤੇ ਹਨ। ਸੂਬੇ ਦੇ 25.17 ਲੱਖ ਕਿਸਾਨਾਂ ਨੇ 81,112 ਕਰੋੜ ਦੇ ਕੁੱਲ ਖੇਤੀ ਕਰਜ਼ੇ ਚੁੱਕੇ ਹਨ।

## ਨੁਕਸਾਨੀ ਫਸਲ ਦੀ ਪੂਰੀ ਭਰਪਾਈ ਕਰਾਂਗੇ: ਜਿੰਪਾ

**ਚੰਡੀਗੜ੍ਹ:** ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦਾ ਕਹਿਣਾ ਸੀ ਕਿ ਵਾਰ ਵਾਰ ਮੀਂਹ ਪੈਣ ਕਰਕੇ ਗਿਰਦਵਾਰੀ ਦਾ ਕੰਮ ਪ੍ਰਭਾਵਿਤ ਹੁੰਦਾ ਰਿਹਾ ਅਤੇ ਹੁਣ ਸਰਕਾਰ ਵੱਲੋਂ ਇਸ ਕੰਮ ਨੂੰ ਜਲਦ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰਾਂ ਨੂੰ ਮੁਆਵਜ਼ਾ ਰਾਸ਼ੀ ਦੇ ਫੰਡ ਭੇਜੇ ਜਾ ਚੁੱਕੇ ਹਨ ਅਤੇ ਮਈ ਮਹੀਨੇ ਵਿਚ ਮੁਆਵਜ਼ਾ ਰਾਸ਼ੀ ਦੀ ਵੰਡ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵੇਗੀ।

## ਮਾਣਹਾਨੀ ਕੇਸ 'ਚ ਚੀਮਾ ਨੇ ਪੇਸ਼ੀ ਭੁਗਤੀ

**ਮੋਗਾ:** ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਾਬਕਾ ਕਾਂਗਰਸੀ ਵਿਧਾਇਕ ਡਾ. ਹਰਜੋਤ ਕਮਲ ਵੱਲੋਂ ਦਾਇਰ ਕੀਤੇ ਮਾਣਹਾਨੀ ਮੁਕੱਦਮੇ ਵਿਚ ਇਥੇ ਚੀਫ ਜੁਡੀਸ਼ਲ ਮੈਜਿਸਟਰੇਟ ਸ਼ਿਲਪੀ ਗੁਪਤਾ ਦੀ ਅਦਾਲਤ ਵਿਚ ਪੇਸ਼ੀ ਭੁਗਤੀ। ਇਸ ਦੇ ਨਾਲ ਹੀ ਤਿੰਨ ਪੱਤਰਕਾਰਾਂ ਤੇ ਇਕ ਸਿਆਸੀ ਆਗੂ ਦੀ ਗਵਾਹੀ ਵੀ



ਦਰਜ ਕੀਤੀ ਗਈ। ਅਦਾਲਤ ਦੀ ਅਗਲੀ ਸੁਣਵਾਈ 26 ਮਈ ਮੁਕੱਰਰ ਕੀਤੀ ਗਈ ਹੈ। ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਅਦਾਲਤ ਵਿਚ ਕੇਸ ਦੀ ਪੈਰਵੀ ਲਈ ਐਡਵੋਕੇਟ ਨਿਰਪਾਲ ਸਿੰਘ ਧਾਲੀਵਾਲ, ਐਡਵੋਕੇਟ ਬਰਿੰਦਰਪਾਲ ਸਿੰਘ ਰੱਤੀਆਂ ਤੇ ਰਵਿੰਦਰਪਾਲ ਸਿੰਘ ਰੱਤੀਆਂ ਪੇਸ਼ ਹੋਏ। ਉਧਰ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਆਪਣੇ ਵਕੀਲ ਹਰਦੀਪ ਸਿੰਘ ਲੋਧੀ ਨਾਲ ਅਦਾਲਤ ਵਿਚ ਹਾਜਰ ਸਨ। ਸੁਣਵਾਈ ਦੌਰਾਨ ਪੱਤਰਕਾਰ ਆਤਿਸ਼ ਗੁਪਤਾ, ਰਮਨਜੀਤ ਸਿੰਘ ਤੇ ਜੈ ਸਿੰਘ ਛਿੱਬਰ ਸਮੇਤ ਰਾਕੇਸ਼ ਕੁਮਾਰ ਕਿੱਟਾ ਵਾਸੀ ਅਜੀਤਵਾਲ ਦੇ ਬਿਆਨ ਦਰਜ ਕੀਤੇ ਗਏ। ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਾਂਗਰਸ ਦੇ ਕਾਰਜਕਾਲ ਦੌਰਾਨ ਪੰਜਾਬ ਵਿਧਾਨ ਵਿਰੋਧੀ ਧਿਰ ਆਗੂ ਹੁੰਦਿਆਂ 10 ਜੂਨ 2020 ਨੂੰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਤਤਕਾਲੀ ਵਿਧਾਇਕ ਹਰਜੋਤ ਕਮਲ 'ਤੇ ਐਨ.ਐਚ-105 ਬੀ, ਬਾਈਪਾਸ ਜਮੀਨ ਐਕੁਆਇਰ ਪ੍ਰੋਜੈਕਟ 'ਚ ਕਥਿਤ ਤੌਰ 'ਤੇ ਘਪਲਾ ਕਰਨ ਦਾ ਦੋਸ਼ ਲਾਇਆ ਸੀ। ਜਿਸ ਦੇ ਵਿਰੋਧ ਵਿਚ ਡਾ. ਹਰਜੋਤ ਕਮਲ ਨੇ ਹਰਪਾਲ ਚੀਮਾ ਖ਼ਿਲਾਫ਼ ਮਾਣਹਾਨੀ ਦਾ ਦਾਅਵਾ ਕੀਤਾ ਸੀ।

# ਸੇਵਾ ਕੇਂਦਰ ਹੁਣ ਫੀਸ ਰਸੀਦਾਂ ਮੋਬਾਈਲ ਐਸ.ਐਮ.ਐਸ. ਰਾਹੀਂ ਭੇਜਣਗੇ

**ਚੰਡੀਗੜ੍ਹ:** ਪੰਜਾਬ ਪ੍ਰਸ਼ਾਸਨਿਕ ਸੁਧਾਰ ਵਿਭਾਗ (ਡੀ.ਜੀ.ਆਰ.) ਵੱਲੋਂ ਸੇਵਾ ਕੇਂਦਰਾਂ ਵਿਚ ਸਰਕਾਰੀ ਸੇਵਾਵਾਂ ਲਈ ਅਦਾ ਕੀਤੀ ਜਾਂਦੀ ਫੀਸ ਦੀਆਂ ਰਸੀਦਾਂ ਬਿਨੈਕਾਰਾਂ ਨੂੰ ਹੁਣ ਉਨ੍ਹਾਂ ਦੇ ਮੋਬਾਈਲ ਫੋਨ 'ਤੇ ਐਸ.ਐਮ.ਐਸ. ਰਾਹੀਂ ਭੇਜਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ ਨਾ ਸਿਰਫ 1.3 ਕਰੋੜ ਕਾਗ਼ਜ਼ਾਂ ਦੀ ਬੱਚਤ ਹੋਵੇਗੀ, ਬਲਕਿ ਸਰਕਾਰੀ ਖਜ਼ਾਨੇ ਤੋਂ ਸਾਲਾਨਾ ਤਕਰੀਬਨ 80 ਲੱਖ ਰੁਪਏ ਦਾ ਬੋਝ ਵੀ ਘਟੇਗਾ।

ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਅਤੇ ਜਨ ਸ਼ਿਕਾਇਤ ਨਿਵਾਰਣ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਹ ਸੇਵਾ ਸ਼ੁਰੂ ਹੋ ਗਈ ਹੈ। ਕਾਗਜ਼ੀ ਰਸੀਦ ਪ੍ਰਣਾਲੀ ਦੇ ਖਾਤਮੇ ਨਾਲ ਸੇਵਾ ਕੇਂਦਰਾਂ ਵਿਚ ਕਾਰਬਨ ਦੀ ਵਰਤੋਂ ਘਟੇਗੀ ਜੋ ਚੰਗੇ ਤੇ




ਸਾਫ ਸੁਥਰੇ ਭਵਿੱਖ ਦੀ ਦਿਸ਼ਾ ਵੱਲ ਅਹਿਮ ਕਦਮ ਸਾਬਿਤ ਹੋਵੇਗਾ। ਉਨ੍ਹਾਂ ਦੱਸਿਆ ਕਿ ਬਿਨੈਕਾਰਾਂ ਨੂੰ ਹੁਣ ਕਾਗਜ਼ੀ ਰਸੀਦਾਂ ਦੇ ਗੁਆਚਣ ਦੀ ਚਿੰਤਾ ਨਹੀਂ ਰਹੇਗੀ ਕਿਉਂਕਿ ਹੁਣ ਉਹ ਐਸ.ਐਮ.ਐਸ. ਰਾਹੀਂ ਆਸਾਨੀ ਨਾਲ ਆਪਣੀਆਂ ਭੁਗਤਾਨ ਰਸੀਦਾਂ ਪ੍ਰਾਪਤ ਕਰ ਸਕਣਗੇ।

ਪ੍ਰਸ਼ਾਸਕੀ ਸੁਧਾਰ ਮੰਤਰੀ ਨੇ ਕਿਹਾ ਕਿ ਡਿਜੀਟਲ ਰਸੀਦਾਂ ਉਤੇ ਆਮ ਕਾਗਜ਼ੀ ਰਸੀਦਾਂ ਵਾਲੀ ਸਾਰੀ ਜਾਣਕਾਰੀ ਉਪਲਬਧ ਹੋਵੇਗੀ ਪਰ ਜੇ ਕੋਈ ਬਿਨੈਕਾਰ ਕਾਗਜ਼ੀ ਰਸੀਦ ਲੈਣਾ ਚਾਹੇਗਾ ਤਾਂ ਉਸ ਨੂੰ ਬਿਨਾਂ ਕਿਸੇ ਵਾਧੂ ਖਰਚ ਦੇ ਦਸਤਖਤ ਅਤੇ ਮੋਹਰ ਲੱਗੀ ਹੋਈ ਰਸੀਦ ਦਿੱਤੀ ਜਾਵੇਗੀ। ਉਨ੍ਹਾਂ ਨਾਲ ਹੀ ਨਾਗਰਿਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਕਾਗਜ਼ੀ ਰਸੀਦਾਂ ਦੀ ਮੰਗ ਨਾ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਸ ਵਾਤਾਵਰਣ ਪੱਖੀ ਪਹਿਲਕਦਮੀ ਦਾ ਹਿੱਸਾ ਬਣਨ।

ਸ੍ਰੀ ਅਰੋੜਾ ਨੇ ਕਿਹਾ ਕਿ ਰਸੀਦ ਦੀ ਆਫਿਸ ਕਾਪੀ ਅਰਜ਼ੀ ਫਾਰਮ ਦੇ ਪਹਿਲੇ ਪੰਨੇ ਦੇ ਪਿਛਲੇ ਪਾਸੇ ਪ੍ਰਿੰਟ ਕੀਤੀ ਜਾਵੇਗੀ ਅਤੇ ਸੇਵਾ ਕੇਂਦਰਾਂ ਦੇ ਅਪਰੇਟਰ ਵੱਲੋਂ ਇਸ ਉਤੇ ਹਸਤਾਖਰ ਕਰਕੇ ਮੋਹਰ ਲਗਾਈ ਜਾਵੇਗੀ। ਫਾਰਮ-ਰਹਿਤ ਸੇਵਾ ਦੇ ਕੇਸ ਵਿਚ ਸਿਸਟਮ ਜੈਨਰੇਟਿਡ ਫਾਰਮ ਦੇ ਪਿਛਲੇ ਪਾਸੇ ਲੋੜ ਪੈਣ ਉਤੇ ਰਸੀਦ ਪ੍ਰਿੰਟ ਕੀਤੀ ਜਾਵੇਗੀ।

## ਪਾਕਿ ਜੇਲ੍ਹਾਂ 'ਚੋਂ ਭਾਰਤੀ ਮਛੇਰੇ ਵਤਨ ਪਰਤੇ

**ਅਟਾਰੀ:** ਭਾਰਤ-ਪਾਕਿਸਤਾਨ ਵਿਚਾਲੇ ਹੋਏ ਸਮਝੌਤਿਆਂ ਤਹਿਤ ਪਾਕਿਸਤਾਨ ਸਰਕਾਰ ਵੱਲੋਂ ਵੱਖ-ਵੱਖ ਜੇਲ੍ਹਾਂ 'ਚੋਂ ਰਿਹਾਅ ਕੀਤੇ 198 ਭਾਰਤੀ ਮਛੇਰੇ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤੇ। ਸਰਹੱਦ 'ਤੇ ਰੀਟਰੀਟ ਸੈਰੇਮਨੀ ਤੋਂ ਬਾਅਦ ਭਾਰਤੀ ਮਛੇਰਿਆਂ ਨੂੰ ਪਾਕਿਸਤਾਨ ਰੇਂਜਰਜ਼ ਵੱਲੋਂ ਸੀਮਾ ਸੁਰੱਖਿਆ ਬਲ ਦੇ ਅਧਿਕਾਰੀਆਂ ਹਵਾਲੇ ਕੀਤਾ ਗਿਆ। ਇਸ ਮੌਕੇ ਇਮੀਗ੍ਰੇਸ਼ਨ ਤੇ ਕਸਟਮ ਦੇ ਅਧਿਕਾਰੀਆਂ ਤੋਂ ਇਲਾਵਾ ਮੱਛੀ ਪਾਲਣ ਵਿਭਾਗ ਅੰਮ੍ਰਿਤਸਰ ਦੇ ਸਹਾਇਕ ਡਾਇਰੈਕਟਰ ਹਰਦੇਵ ਸਿੰਘ ਅਤੇ ਸੀਨੀਅਰ ਅਧਿਕਾਰੀ ਗੁਰਬੀਰ ਸਿੰਘ ਹਾਜ਼ਰ ਸਨ। ਇਹ ਭਾਰਤੀ ਮਛੇਰੇ ਕਰਾਚੀ ਸਥਿਤ ਮਲੀਰ ਤੇ ਲਾਂਡੀ ਜੇਲ੍ਹਾਂ ਵਿਚ ਪਿਛਲੇ 18 ਤੋਂ 30 ਮਹੀਨਿਆਂ ਤੋਂ ਬੰਦ ਸਨ। ਇਨ੍ਹਾਂ ਨੂੰ ਸਮੁੰਦਰ ਰਸਤੇ ਮੱਛੀਆਂ ਫੜਦੇ ਹੋਏ ਪਾਕਿਸਤਾਨੀ ਪਾਣੀਆਂ ਵਿਚ ਦਾਖਲ ਹੋਣ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅਟਾਰੀ ਸਰਹੱਦ 'ਤੇ ਭਾਰਤੀ ਮਛੇਰਿਆਂ ਦੀ ਇਮੀਗ੍ਰੇਸ਼ਨ ਤੇ ਕਸਟਮ ਵਿਭਾਗ ਦੀ ਪ੍ਰਕਿਰਿਆ ਮੁਕੰਮਲ ਹੋਣ ਮਗਰੋਂ ਉਨ੍ਹਾਂ ਨੂੰ ਅੰਮ੍ਰਿਤਸਰ ਪ੍ਰਸ਼ਾਸਨ ਦੇ ਅਧਿਕਾਰੀਆਂ ਹਵਾਲੇ ਕੀਤਾ ਗਿਆ।

# ਨਵੀਂ ਖੇਤੀ ਨੀਤੀ ਲਈ ਕਿਸਾਨਾਂ ਨਾਲ ਸਲਾਹ-ਮਸ਼ਵਰਾ

**ਲੁਧਿਆਣਾ:** ਪੀ.ਏ.ਯੂ. ਵਿਚ ਦੂਜੀ ਸਰਕਾਰ-ਕਿਸਾਨ ਮਿਲਣੀ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤੀ। ਇਸ ਮੌਕੇ ਸ੍ਰੀ ਧਾਲੀਵਾਲ ਨੇ ਖੇਤੀ ਨੂੰ ਲਾਹੇਵੰਦ ਕਿੱਤਾ ਬਣਾਉਣ 'ਤੇ ਜ਼ੋਰ ਦਿੱਤਾ। ਸਮਾਗਮ ਵਿਚ ਪੰਜਾਬ ਦੇ ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਵਿਸ਼ੇਸ਼ ਮਹਿਮਾਨ ਵਜੋਂ, ਜਦਕਿ ਪੀ.ਏ.ਯੂ. ਦੇ ਉਪ ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮਿਲਣੀ ਵਿਚ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਸ਼ਾਮਲ ਹੋਏ।

ਦਰਜਨਾਂ ਸਟਾਲਾਂ 'ਤੇ ਕਿਸਾਨਾਂ ਨੇ ਫਸਲ ਦੀ ਬਿਜਾਈ ਅਤੇ ਹੋਰ ਮੁੱਦਿਆਂ ਬਾਰੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ। ਇਸ ਮੌਕੇ



ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਧਾਲੀਵਾਲ ਨੇ ਕਿਹਾ ਕਿ ਇਸ ਮਿਲਣੀ ਦਾ ਪਹਿਲਾ ਮਕਸਦ ਕਿਸਾਨਾਂ ਨੂੰ ਰਵਾਇਤੀ ਫਸਲ ਚੱਕਰ 'ਚੋਂ ਬਾਹਰ ਕੱਢਣ ਸਬੰਧੀ ਉਨ੍ਹਾਂ ਦੀ ਰਾਏ ਲੈਣਾ ਤੇ ਇਸ ਦੇ ਆਧਾਰ 'ਤੇ ਪੰਜਾਬ ਦੀ ਨਵੀਂ ਖੇਤੀ ਨੀਤੀ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਸਿਰਫ ਖੇਤੀ ਚੁਣੌਤੀਆਂ ਹੱਲ ਕਰਨ ਲਈ ਨਹੀਂ, ਸਗੋਂ ਪੰਜਾਬ ਦੀਆਂ ਹੋਰਨਾਂ ਸਮੱਸਿਆਵਾਂ ਦੇ ਹੱਲ ਲਈ ਤੇ ਸੂਬੇ ਦੀ ਖੁਸ਼ਹਾਲੀ ਲਈ ਖੇਤੀ ਨੂੰ ਲਾਹੇਵੰਦ ਕਿੱਤਾ ਬਣਾਉਣਾ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਆਉਂਦੀ 30 ਜੂਨ ਨੂੰ ਲਾਗੂ ਹੋਣ ਜਾ ਰਹੀ ਖੇਤੀ ਨੀਤੀ ਵਿਚ ਕਿਸਾਨਾਂ ਦੇ ਸੁਝਾਅ ਸ਼ਾਮਲ ਕੀਤੇ ਜਾਣਗੇ। ਇਸ ਮੌਕੇ ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਆਉਂਦੇ ਦਿਨਾਂ ਵਿਚ ਪਸ਼ੂ ਪਾਲਕਾਂ ਨਾਲ ਵੀ ਅਜਿਹੀ ਮਿਲਣੀ ਦੀ ਤਜਵੀਜ਼ ਹੈ। ਉਨ੍ਹਾਂ ਕਿਹਾ ਕਿ ਪਸ਼ੂ ਪਾਲਣ ਬਾਰੇ ਚੰਗੀ ਨੀਤੀ ਤਿਆਰ ਕੀਤੀ ਜਾਵੇਗੀ ਤੇ ਸਹਾਇਕ ਧੰਦੇ ਪ੍ਰਫੁੱਲਤ ਕੀਤੇ ਜਾਣਗੇ ਤਾਂ ਜੋ ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਮਜਬੂਰੀ ਦਾ ਹੱਲ ਹੋ ਸਕੇ।

# ਨਰਮੇ ਦੇ ਬੀਜ ਲਈ ਸਬਸਿਡੀ ਦੇ ਆਸਰੇ ਸਰਕਾਰੀ ਖਜ਼ਾਨੇ ਨੂੰ ਚੂਨਾ

**ਚੰਡੀਗੜ੍ਹ:** ਨਰਮਾ ਪੱਟੀ ਦੇ ਸੈਂਕੜੇ ਕਿਸਾਨ 'ਬੀਜ ਸਬਸਿਡੀ' ਵਿਚ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾ ਰਹੇ ਹਨ ਜਦਕਿ ਕਈ ਡੀਲਰ ਨਰਮੇ ਦੇ ਬੀਜ ਦੀ ਬਲੈਕ ਕਰ ਰਹੇ ਹਨ। ਦੂਜੇ ਪਾਸੇ 'ਆਪ' ਸਰਕਾਰ ਨੇ ਬਿਨਾਂ ਪੜਤਾਲ ਤੋਂ ਹੀ ਕਿਸਾਨਾਂ ਨੂੰ ਬੀਜ ਸਬਸਿਡੀ ਦੇਣੀ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਨਰਮੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਵਾਸਤੇ ਨਰਮੇ ਦੇ ਬੀਜ 'ਤੇ 33 ਫ਼ੀਸਦੀ ਸਬਸਿਡੀ ਦੇਣ ਦਾ ਐਲਾਨ ਕੀਤਾ ਹੋਇਆ ਹੈ।

ਵੇਰਵਿਆਂ ਅਨੁਸਾਰ ਨਰਮਾ ਪੱਟੀ ਵਿਚ ਹੁਣ ਤੱਕ ਕਰੀਬ 90 ਹਜ਼ਾਰ ਹੈਕਟੇਅਰ ਨਰਮੇ ਦੀ ਬਿਜਾਂਦ ਹੋ ਚੁੱਕੀ ਹੈ ਅਤੇ ਖੇਤੀ ਮਹਿਕਮੇ ਨੇ 3 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਈ ਦਾ ਟੀਚਾ ਮਿਥਿਆ ਹੈ। ਜਿਸ ਵਾਸਤੇ ਪੰਜਾਬ ਸਰਕਾਰ ਵੱਲੋਂ ਐਤਕੀਂ ਵੇਲੇ ਸਿਰ ਨਹਿਰੀ ਪਾਣੀ ਅਤੇ ਬਿਜਲੀ ਸਪਲਾਈ ਦੇਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਖੇਤੀਬਾੜੀ ਵਿਭਾਗ ਨੇ ਬੀਜ ਸਬਸਿਡੀ ਲੈਣ ਲਈ ਕਿਸਾਨਾਂ ਵਾਸਤੇ 'ਬੀਜ ਪੋਰਟਲ' ਬਣਾਇਆ ਹੈ ਜਿੱਥੇ ਕਿਸਾਨ ਬੀਜ ਦਾ ਬਿੱਲ ਅਪਲੋਡ ਕਰ ਰਹੇ ਹਨ। ਉਸ ਮਗਰੋਂ ਖੇਤੀਬਾੜੀ ਮਹਿਕਮੇ ਨੇ ਸਬਸਿਡੀ ਜਾਰੀ ਕਰਨੀ ਹੈ। ਖੇਤੀਬਾੜੀ ਵਿਭਾਗ ਵੱਲੋਂ 31 ਮਈ 2023 ਤੱਕ ਕਿਸਾਨਾਂ ਨੂੰ ਬੀਜ ਸਬਸਿਡੀ ਲੈਣ ਵਾਸਤੇ ਅਪਲਾਈ ਕਰਨ ਲਈ ਕਿਹਾ ਹੈ। ਹੁਣ ਤੱਕ 14 ਜ਼ਿਲ੍ਹਿਆਂ ਦੇ 24,290 ਕਿਸਾਨਾਂ ਨੇ ਬੀਜ ਸਬਸਿਡੀ ਲੈਣ ਲਈ ਅਪਲਾਈ ਕੀਤਾ ਹੈ ਜਿਨ੍ਹਾਂ ਨੇ ਇਸ ਦੀ 96,343 ਏਕੜ ਰਕਬੇ ਵਿਚ ਬਿਜਾਂਦ ਕਰਨੀ ਹੈ। ਸਭ ਤੋਂ ਵੱਧ ਫ਼ਾਜ਼ਿਲਕਾ ਜ਼ਿਲ੍ਹੇ ਦੇ 9492 ਕਿਸਾਨਾਂ, ਬਠਿੰਡਾ ਦੇ 6335, ਮਾਨਸਾ ਦੇ 4706 ਕਿਸਾਨਾਂ, ਮੁਕਤਸਰ ਦੇ 3148 [illegible] ਦੇ ਇੱਕ ਕਿਸਾਨ ਨੇ ਸਬਸਿਡੀ ਲਈ ਅਪਲਾਈ ਕੀਤਾ ਹੈ। ਨਰਮਾ ਪੱਟੀ ਦੇ ਕਈ ਕਿਸਾਨਾਂ ਨੇ ਦੱਸਿਆ ਕਿ ਬਹੁਤੇ ਕਿਸਾਨ ਖੇਤੀ ਮਹਿਕਮੇ ਤੋਂ ਸਬਸਿਡੀ ਲੈ ਕੇ ਬੀਜ ਅੱਗੇ ਹਰਿਆਣਾ ਅਤੇ [illegible]



ਖ਼ਰੀਦ ਕੀਤੇ ਬੀਜ ਦਾ ਬਿੱਲ ਅਤੇ ਨਰਮੇ ਦੀ ਵਰਾਇਟੀ ਨੂੰ ਹੀ ਤਸਦੀਕ ਕਰਦਾ ਹੈ, ਉਸ ਮਗਰੋਂ ਸਬਸਿਡੀ ਜਾਰੀ ਕਰਦਾ ਹੈ। ਸਰੀਰਕ ਪੜਤਾਲ (ਫਿਜ਼ੀਕਲ ਵੈਰੀਫਿਕੇਸ਼ਨ) ਕਿਧਰੇ ਵੀ ਨਹੀਂ ਹੋ ਰਹੀ ਹੈ। ਸਰਦੂਲਗੜ੍ਹ, ਤਲਵੰਡੀ ਸਾਬੋ, ਰਾਮਾਂ ਮੰਡੀ, ਸੰਗਤ ਮੰਡੀ, ਹਲਕਾ ਲੰਬੀ, ਮਲੋਟ, ਅਬੋਹਰ ਤੇ ਫ਼ਾਜ਼ਿਲਕਾ ਇਲਾਕੇ ਦੇ ਬਹੁਤੇ ਕਿਸਾਨ ਸਬਸਿਡੀ ਵਾਲਾ ਬੀਜ ਹਰਿਆਣਾ ਤੇ ਰਾਜਸਥਾਨ ਭੇਜ ਰਹੇ ਹਨ। ਜਿਨ੍ਹਾਂ ਕਿਸਾਨਾਂ ਦੀ ਹਰਿਆਣਾ ਤੇ ਰਾਜਸਥਾਨ ਵਿਚ ਪੈਲੀ ਹੈ, ਉਹ ਕਿਸਾਨ ਸਬਸਿਡੀ ਵਾਲਾ ਬੀਜ ਪੰਜਾਬ ਤੋਂ ਬਾਹਰ ਲਿਜਾ ਰਹੇ ਹਨ। ਇੱਕ ਕਿਸਾਨ ਨੇ ਦੱਸਿਆ ਕਿ ਸਰਕਾਰ ਕਿਸੇ ਵੀ ਬੀਜ ਡੀਲਰ ਵੱਲੋਂ ਵੇਚੇ ਨਰਮੇ ਦੀ ਬੀਜ ਦੀ ਸੂਚੀ ਲੈ ਕੇ ਪਿੰਡਾਂ ਵਿਚ ਪੜਤਾਲ ਕਰੇ ਤਾਂ ਵੱਡਾ ਘੁਟਾਲੇ ਸਾਹਮਣੇ ਆਵੇਗਾ।

ਜ਼ਿਕਰਯੋਗ ਹੈ ਕਿ ਖੇਤੀ ਮਹਿਕਮੇ ਵੱਲੋਂ ਇਸ ਵਾਰ 3 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਈ ਦਾ ਟੀਚਾ ਮਿਥਿਆ ਗਿਆ ਹੈ ਤੇ ਪੰਜਾਬ ਸਰਕਾਰ ਵੱਲੋਂ ਕਰੀਬ 45 ਕਰੋੜ ਰੁਪਏ ਬੀਜ ਸਬਸਿਡੀ ਵਜੋਂ ਦਿੱਤੇ ਜਾਣੇ ਹਨ। ਜ਼ਿਲ੍ਹਾ ਮਾਨਸਾ, ਬਠਿੰਡਾ, ਮੁਕਤਸਰ ਅਤੇ ਫ਼ਾਜ਼ਿਲਕਾ ਵਿਚ ਹੀ ਜ਼ਿਆਦਾ ਬਿਜਾਂਦ ਹੋਣੀ ਹੈ। ਪਿਛਲੇ ਵਰ੍ਹੇ ਨਰਮੇ ਹੇਠ 2.48 ਲੱਖ ਹੈਕਟੇਅਰ ਰਕਬਾ ਸੀ। ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਸੀ ਕਿ ਨਰਮੇ ਦੇ ਬੀਜ 'ਤੇ ਸਬਸਿਡੀ ਸਿਰਫ਼ ਉਨ੍ਹਾਂ ਕਿਸਾਨਾਂ ਨੂੰ ਦਿੱਤੀ ਜਾਵੇਗੀ, ਜਿਨ੍ਹਾਂ ਵੱਲੋਂ ਅਮਲੀ ਰੂਪ ਵਿਚ ਫ਼ਸਲ ਦੀ ਬਿਜਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਫਿਜ਼ੀਕਲ ਵੈਰੀਫਿਕੇਸ਼ਨ ਕਰਾਉਣ ਮਗਰੋਂ ਹੀ ਸਬਸਿਡੀ ਜਾਰੀ ਕਰਾਂਗੇ। ਉਹ ਖ਼ੁਦ ਨਰਮਾ ਪੱਟੀ ਦਾ ਦੌਰਾ ਕਰਕੇ ਪੜਤਾਲ ਕਰਨਗੇ।

# ਕਰਨਾਟਕ: ਕਾਂਗਰਸ ਨੇ ਦੱਖਣ 'ਚ ਭਾਜਪਾ ਦਾ ਇਕਲੌਤਾ ਕਿਲ੍ਹਾ ਢਾਹਿਆ

**ਬੰਗਲੂਰੂ:** ਕਰਨਾਟਕ ਵਿਚ ਕਾਂਗਰਸ ਆਪਣੇ ਪੱਧਰ 'ਤੇ ਬਹੁਮਤ ਹਾਸਲ ਕਰਕੇ 10 ਸਾਲਾਂ ਮਗਰੋਂ ਸੂਬੇ ਦੀ ਸੱਤਾ ਹਾਸਲ ਕਰਨ 'ਚ ਕਾਮਯਾਬ ਰਹੀ ਹੈ। ਕਾਂਗਰਸ ਨੇ ਦੱਖਣ 'ਚ ਭਾਜਪਾ ਦੇ ਇਕਲੌਤੇ ਕਿਲ੍ਹੇ ਨੂੰ ਢਾਹ ਲਾਉਂਦਿਆਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਿੜ ਮਘਾ ਦਿੱਤਾ ਹੈ।

ਵਿਧਾਨ ਸਭਾ ਲਈ 10 ਮਈ ਨੂੰ ਪਈਆਂ ਵੋਟਾਂ ਦੀ ਜਦੋਂ ਗਿਣਤੀ ਸ਼ੁਰੂ ਹੋਈ ਤਾਂ ਮੁੱਢਲੇ ਰੁਝਾਨਾਂ ਨੇ ਕਈ ਚੋਣ ਸਰਵੇਖਣਾਂ ਵੱਲੋਂ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਾ ਮਿਲਣ ਦੇ ਦਾਅਵਿਆਂ ਨੂੰ ਝੁਠਲਾ ਦਿੱਤਾ। ਭਾਜਪਾ ਨੂੰ ਪਿਛਲੇ ਸਾਲ ਦਸੰਬਰ 'ਚ ਹਿਮਾਚਲ ਪ੍ਰਦੇਸ਼ ਮਗਰੋਂ ਇਹ ਦੂਜੀ ਵੱਡੀ ਹਾਰ ਮਿਲੀ ਹੈ। ਕਾਂਗਰਸ ਨੇ ਵਿਧਾਨ ਸਭਾ ਦੀਆਂ ਕੁੱਲ 224 ਸੀਟਾਂ 'ਚੋਂ 136 'ਤੇ ਜਿੱਤ ਹਾਸਲ ਕੀਤੀ ਹੈ। ਭਾਜਪਾ ਨੂੰ 65 ਸੀਟਾਂ ਨਾਲ ਸਬਰ ਕਰਨਾ ਪਿਆ ਜੋ 2018 'ਚ ਮਿਲੀਆਂ 104 ਸੀਟਾਂ ਤੋਂ ਬਹੁਤ ਘੱਟ ਹਨ। ਕਿੰਗਮੇਕਰ ਬਣਨ ਦੀ ਆਸ ਰੱਖੀ ਬੈਠੀ ਜਨਤਾ ਦਲ (ਐੱਸ) ਨੂੰ 19 ਸੀਟਾਂ ਹੀ ਨਸੀਬ ਹੋਈਆਂ। ਪਿਛਲੀਆਂ ਚੋਣਾਂ 'ਚ ਉਸ ਨੇ 37 ਸੀਟਾਂ ਹਾਸਲ ਕੀਤੀਆਂ ਸਨ।




ਅਹਿਮ ਦੱਖਣੀ ਸੂਬੇ 'ਚ ਜਿੱਤ ਮਗਰੋਂ ਕਾਂਗਰਸ ਦੇ ਦੇਸ਼ ਭਰ 'ਚ ਸਥਿਤ ਦਫਤਰਾਂ ਬੰਗਲੂਰੂ ਤੋਂ ਬੀਕਾਨੇਰ ਅਤੇ ਰਾਂਚੀ ਤੋਂ ਅਹਿਮਦਾਬਾਦ ਤੱਕ ਜਸ਼ਨ ਦਾ ਮਾਹੌਲ ਬਣ ਗਿਆ ਅਤੇ ਪਾਰਟੀ ਵਰਕਰ ਢੋਲ ਦੀ ਥਾਪ 'ਤੇ ਨੱਚਣ ਲੱਗ ਪਏ ਤੇ ਉਨ੍ਹਾਂ ਆਤਿਸ਼ਬਾਜ਼ੀ ਵੀ ਚਲਾਈ। ਕਾਂਗਰਸ ਲਈ ਕਰਨਾਟਕ ਚੋਣਾਂ ਵੱਡੀ ਚੁਣੌਤੀ ਸਨ ਕਿਉਂਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਮੁੱਖ ਵਿਰੋਧੀ ਧਿਰ ਵਜੋਂ ਆਪਣੇ ਆਪ ਨੂੰ ਉਭਾਰਨ ਲਈ ਉਸ ਦਾ ਸਾਰਾ ਕੁਝ ਦਾਅ 'ਤੇ ਲੱਗਾ ਹੋਇਆ ਸੀ। ਕਾਂਗਰਸ ਆਗੂ ਸਿੱਧਾਰਮੱਈਆ ਨੇ ਆਸ ਜਤਾਈ ਕਿ 2024 'ਚ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣਨਗੇ। ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਡੀ.ਕੇ. ਸ਼ਿਵਕੁਮਾਰ ਨੇ ਗਾਂਧੀ ਪਰਿਵਾਰ ਦੇ ਸੋਹਲੇ ਗਾਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਵੁਕ ਹੋਏ ਸ਼ਿਵਕੁਮਾਰ ਨੇ ਕਿਹਾ, "ਭਾਜਪਾ ਨੇ ਮੈਨੂੰ ਜੇਲ੍ਹ ਭੇਜਿਆ ਤਾਂ ਸੋਨੀਆ ਜੀ ਮੈਨੂੰ ਮਿਲਣ ਆਏ ਸਨ ਤੇ ਮੈਂ ਇਹ ਮੁਲਾਕਾਤ ਨਹੀਂ ਭੁੱਲ ਸਕਦਾ। ਮੈਂ ਗਾਂਧੀ ਪਰਿਵਾਰ ਤੇ ਖੜਗੇ ਨੂੰ ਯਕੀਨ ਦਿਵਾਇਆ ਸੀ ਕਿ ਕਰਨਾਟਕ ਕਾਂਗਰਸ ਦੀ ਝੋਲੀ 'ਚ ਪਾ ਕੇ ਰਹਾਂਗਾ।"

## 'ਕਾਂਗਰਸ ਮੁਕਤ ਭਾਰਤ' ਚਾਹੁਣ ਵਾਲਿਆਂ ਨੂੰ 'ਭਾਜਪਾ ਮੁਕਤ ਦੱਖਣੀ ਭਾਰਤ' ਮਿਲਿਆ: ਖੜਗੇ

**ਬੰਗਲੂਰੂ:** ਕਾਂਗਰਸ ਪ੍ਰਧਾਨ ਐੱਮ ਮਲਿਕਾਰਜੁਨ ਖੜਗੇ ਨੇ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਸ਼ਾਨਦਾਰ ਜਿੱਤ ਮਗਰੋਂ ਭਾਰਤੀ ਜਨਤਾ ਪਾਰਟੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਜੋ ਲੋਕ 'ਕਾਂਗਰਸ ਮੁਕਤ ਭਾਰਤ' ਚਾਹੁੰਦੇ ਸਨ, ਉਨ੍ਹਾਂ ਨੂੰ 'ਭਾਜਪਾ ਮੁਕਤ ਦੱਖਣੀ ਭਾਰਤ' ਮਿਲਿਆ ਹੈ। ਖੜਗੇ ਨੇ ਭਾਜਪਾ 'ਤੇ ਤਨਜ ਕਸਦਿਆਂ ਕਿਹਾ ਕਿ ਹੰਕਾਰੀ ਬਿਆਨ ਹੁਣ ਨਹੀਂ ਚੱਲਣਗੇ ਅਤੇ ਲੋਕਾਂ ਦਾ ਦੁੱਖ ਦਰਦ ਸਮਝਣਾ ਚਾਹੀਦਾ ਹੈ।

## ਸਾਲਾਂ ਬੱਧੀ ਮੌਕਾ ਦੇਣ ਲਈ ਕਰਨਾਟਕ ਦਾ ਧੰਨਵਾਦ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਈ ਸਾਲਾਂ ਤੱਕ ਭਾਜਪਾ ਨੂੰ ਸੇਵਾ ਦਾ ਮੌਕਾ ਦੇਣ ਲਈ ਕਰਨਾਟਕ ਦੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਾਰਟੀ ਸੂਬੇ ਦੀ ਭਲਾਈ ਲਈ ਕੰਮ ਜਾਰੀ ਰੱਖੇਗੀ। ਗ੍ਰਹਿ ਮੰਤਰੀ ਨੇ ਉਤਰ ਪ੍ਰਦੇਸ਼ ਦੀਆਂ ਸਥਾਨਕ ਇਕਾਈਆਂ ਦੀਆਂ ਚੋਣਾਂ ਵਿਚ ਭਾਜਪਾ ਵਰਕਰਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।

# ਭਾਰਤੀ ਜਨਤਾ ਪਾਰਟੀ ਦਾ ਫਿਰਕੂ ਪੱਤਾ ਕੰਮ ਨਾ ਆਇਆ

**ਨਵੀਂ ਦਿੱਲੀ:** ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦਾ ਫਿਰਕੂ ਪੱਤਾ ਕੰਮ ਨਾ ਆਇਆ। ਚੋਣਾਂ ਦੌਰਾਨ ਬਜਰੰਗ ਦਲ, ਬਜਰੰਗ ਬਲੀ, ਭ੍ਰਿਸ਼ਟਾਚਾਰ, ਓ.ਬੀ.ਸੀ. ਮੁਸਲਮਾਨਾਂ ਲਈ ਚਾਰ ਫੀਸਦੀ ਰਾਖਵਾਂਕਰਨ ਖਤਮ ਕਰਨ ਤੇ ਹਿਜਾਬ ਜਿਹੇ ਮੁੱਦੇ ਹਾਵੀ ਰਹੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ 'ਬਜਰੰਗ ਬਲੀ ਦੀ ਜੈ' ਦੇ ਨਾਅਰੇ ਗੁੰਜਾ ਕੇ ਅਤੇ ਰੋਡ ਸ਼ੋਅ ਕਰਕੇ ਚੋਣ ਪ੍ਰਚਾਰ ਭਖਾਇਆ ਸੀ ਪਰ ਕਾਂਗਰਸ ਨੇ ਸਥਾਨਕ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਜਿਸ ਦੇ ਨਤੀਜੇ ਵਜੋਂ ਲੋਕਾਂ ਨੇ ਉਨ੍ਹਾਂ ਦੇ ਪੱਖ 'ਚ ਫਤਵਾ ਦਿੱਤਾ। ਪਾਰਟੀ ਨੇ ਪੰਜ ਗਾਰੰਟੀਆਂ ਵੀ ਦਿੱਤੀਆਂ ਸਨ ਜਿਨ੍ਹਾਂ 'ਚ 200 ਯੂਨਿਟ ਮੁਫਤ ਬਿਜਲੀ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਦੇ ਹਰੇਕ ਮੈਂਬਰ ਨੂੰ 10 ਕਿਲੋ ਮੁਫਤ ਚੌਲ ਦੇਣਾ ਸ਼ਾਮਲ ਸੀ। ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਆਗੂ ਸੰਜੈ ਰਾਊਤ ਨੇ ਕਿਹਾ ਹੈ ਕਿ ਕਰਨਾਟਕ ਚੋਣਾਂ 'ਚ ਭਾਜਪਾ ਦੀ ਹਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਰ ਹੈ।



ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਜਿੱਤ ਨੂੰ ਦੇਸ਼ ਨੂੰ ਜੋੜਨ ਵਾਲੀ ਰਾਜਨੀਤੀ ਦੀ ਜਿੱਤ ਕਰਾਰ ਦਿੱਤਾ ਹੈ। ਸ਼ਿਮਲਾ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਿਯੰਕਾ ਨੇ ਕਿਹਾ ਕਿ ਇਹ ਫਤਵਾ ਸਪੱਸ਼ਟ ਸੰਦੇਸ਼ ਹੈ ਕਿ ਲੋਕ ਆਪਣੀਆਂ ਸਮੱਸਿਆਵਾਂ ਦਾ ਹੱਲ ਚਾਹੁੰਦੇ ਹਨ ਅਤੇ ਮੁੱਖ ਮੁੱਦਿਆਂ ਤੋਂ ਧਿਆਨ ਹਟਾਉਣ ਦੀਆਂ ਚਾਲਾਂ ਕੰਮ ਨਹੀਂ ਆਉਣਗੀਆਂ। ਉਨ੍ਹਾਂ ਕਿਹਾ ਕਿ ਜਿੱਥੇ ਕਾਂਗਰਸ ਨੇ ਪਿਛਲੇ ਸਾਲ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ, ਉੱਥੇ ਕਰਨਾਟਕ ਚੋਣਾਂ 'ਚ ਲੋਕਾਂ ਦੇ ਮੁੱਦਿਆਂ ਨੂੰ ਉਭਾਰਿਆ ਗਿਆ ਸੀ।

ਕਰਨਾਟਕ ਦੇ ਕਾਂਗਰਸ ਪ੍ਰਧਾਨ ਡੀ.ਕੇ. ਸ਼ਿਵਕੁਮਾਰ ਸਣੇ 12 ਪਾਰਟੀ ਉਮੀਦਵਾਰਾਂ ਨੇ 50 ਹਜ਼ਾਰ ਦੇ ਫਰਕ ਨਾਲ ਆਪਣੇ ਨੇੜਲੇ ਵਿਰੋਧੀਆਂ ਨੂੰ ਮਾਤ ਦਿੱਤੀ ਹੈ। ਕਨਕਪੁਰਾ ਹਲਕੇ ਤੋਂ ਸ਼ਿਵਕੁਮਾਰ ਨੇ 1,41,117 ਵੋਟਾਂ ਹਾਸਲ ਕੀਤੀਆਂ ਜਦੋਂ ਕਿ ਜਨਤਾ ਦਲ (ਸੈਕੂਲਰ) ਬੀ ਨਾਗਰਾਜੂ ਦੇ ਹਿੱਸੇ 20,518 ਵੋਟਾਂ ਆਈਆਂ। ਭਾਜਪਾ ਉਮੀਦਵਾਰ ਆਰ ਅਸ਼ੋਕ ਤੀਜੇ ਸਥਾਨ 'ਤੇ ਰਹੇ। ਕਾਂਗਰਸ ਉਮੀਦਵਾਰਾਂ ਨੇ ਤਿੰਨ ਸੀਟਾਂ 'ਤੇ ਭਾਜਪਾ ਵਿਰੋਧੀਆਂ ਨੂੰ 500 ਤੋਂ ਘੱਟ ਵੋਟਾਂ ਦੇ ਫਰਕ ਨਾਲ ਹਰਾਇਆ। ਕਾਂਗਰਸ ਉਮੀਦਵਾਰਾਂ ਟੀ ਡੀ ਰਾਜਗੌੜਾ ਨੇ ਭਾਜਪਾ ਉਮੀਦਵਾਰ ਡੀ ਐਨ ਜੀਵਾਰਾਜ ਨੂੰ ਮਹਿਜ 201 ਵੋਟਾਂ, ਮਲੂਰ ਵਿਚ ਕੇ ਵਾਈ ਨੰਜੇ ਗੌੜਾ ਨੇ ਭਾਜਪਾ ਦੇ ਕੇ ਐਸ ਮੰਜੂਨਾਥਗੌੜਾ ਨੂੰ 248 ਵੋਟਾਂ ਨਾਲ ਹਰਾਇਆ। ਬਾਕੀ ਸੀਟਾਂ 'ਤੇ ਕਾਂਗਰਸ ਉਮੀਦਵਾਰਾਂ ਨੇ 50 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ।

## ਲੋਕਾਂ ਨੇ ਦੇਸ਼ 'ਚ ਪਾੜਾ ਪਾਉਣ ਵਾਲੇ ਨਕਾਰੇ: ਅਬਦੁੱਲ੍ਹਾ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਨੇ ਕਰਨਾਟਕ ਦੇ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਦੇਸ਼ ਨੂੰ ਵੰਡਣ ਵਾਲਿਆਂ ਨੂੰ ਨਕਾਰਨ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ, "ਕਰਨਾਟਕ ਦੇ ਦਲੇਰ ਲੋਕਾਂ ਨੇ ਉਨ੍ਹਾਂ ਨੂੰ ਢੁਕਵਾਂ ਜਵਾਬ ਦਿੱਤਾ ਹੈ ਕਿ ਭਾਰਤ ਇਕ ਹੈ ਅਤੇ ਅਸੀਂ ਸਾਰੇ ਰਲ ਕੇ ਸੂਬੇ ਤੇ ਦੇਸ਼ ਨੂੰ ਅੱਗੇ ਲੈ ਕੇ ਜਾਵਾਂਗੇ। ਦੇਸ਼ 'ਚ ਧਰਮ ਦੇ ਆਧਾਰ 'ਤੇ ਪਾੜਾ ਪਾਉਣ ਵਾਲਿਆਂ ਨੂੰ ਨਕਾਰਨ ਲਈ ਮੈਂ ਕਰਨਾਟਕ ਦੇ ਲੋਕਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਵਧਾਈ ਦਿੰਦਾ ਹਾਂ।"

## ਨਫਰਤ ਦਾ ਬਾਜ਼ਾਰ ਬੰਦ, ਮੁਹੱਬਤ ਦੀਆਂ ਦੁਕਾਨਾਂ ਖੁੱਲ੍ਹੀਆਂ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਕਾਰਗੁਜ਼ਾਰੀ ਨੂੰ ਨਫਰਤ 'ਤੇ ਮੁਹੱਬਤ ਦੀ ਜਿੱਤ ਕਰਾਰ ਦਿੰਦਿਆਂ ਦਾਅਵਾ ਕੀਤਾ ਕਿ ਅਜਿਹੇ ਨਤੀਜੇ ਹੋਰ ਸੂਬਿਆਂ 'ਚ ਵੀ ਦੁਹਰਾਏ ਜਾਣਗੇ। ਰਾਹੁਲ ਨੇ ਸ਼ਾਇਰਾਨਾ ਅੰਦਾਜ਼ 'ਚ ਕਿਹਾ,"ਸੂਬੇ 'ਚ ਨਫਰਤ ਦਾ ਬਾਜ਼ਾਰ ਬੰਦ ਹੋਇਆ, ਮੁਹੱਬਤ ਦੀਆਂ ਦੁਕਾਨਾਂ ਖੁੱਲ੍ਹੀਆਂ।" ਇਥੇ ਪਾਰਟੀ ਦਫਤਰ 'ਤੇ ਆਤਿਸ਼ਬਾਜ਼ੀ ਦੀ ਆਵਾਜ਼ ਅਤੇ ਕਾਂਗਰਸ ਵਰਕਰਾਂ ਦੀ ਨਾਅਰੇਬਾਜ਼ੀ ਦਰਮਿਆਨ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਰਨਾਟਕ ਦੇ ਲੋਕਾਂ, ਪਾਰਟੀ ਵਰਕਰਾਂ ਅਤੇ ਆਗੂਆਂ ਨੂੰ ਵਧਾਈ ਦਿੱਤੀ।

# ਕਰਨਾਟਕ ਚੋਣਾਂ: ਭਾਜਪਾ ਦੇ 14 ਮੰਤਰੀ ਹਾਰੇ

**ਬੰਗਲੂਰੂ:** ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਬਸਵਰਾਜ ਬੋਮਈ ਸਮੇਤ 12 ਕੈਬਨਿਟ ਮੰਤਰੀਆਂ ਨੂੰ ਜਿੱਤ ਨਸੀਬ ਹੋਈ ਹੈ ਜਦਕਿ 14 ਹੋਰ ਮੰਤਰੀ ਚੋਣ ਹਾਰ ਗਏ। ਕਾਂਗਰਸ ਆਗੂ ਅਤੇ ਮੁੱਖ ਮੰਤਰੀ ਅਹੁਦੇ ਦੇ ਮਜ਼ਬੂਤ ਦਾਅਵੇਦਾਰ ਸਿੱਧਾਰਮੱਈਆ, ਸੂਬਾਈ ਕਾਂਗਰਸ ਪ੍ਰਧਾਨ ਡੀ ਕੇ ਸ਼ਿਵਕੁਮਾਰ ਅਤੇ ਸਾਬਕਾ ਕੇਂਦਰੀ ਮੰਤਰੀ ਕੇ ਐਮ ਮੁਨੀਯੱਪਾ ਚੋਣ ਜਿੱਤ ਗਏ ਹਨ। ਬੋਮਈ ਨੇ ਸ਼ਿਗਾਓਂ 'ਚ ਕਾਂਗਰਸ ਦੇ ਯਾਸਿਰ ਅਹਿਮਦ ਖਾਨ ਪਠਾਨ ਨੂੰ 35,978 ਵੋਟਾਂ ਦੇ ਫਰਕ ਨਾਲ ਮਾਤ ਦਿੱਤੀ। ਸਿੱਧਾਰਮੱਈਆ ਵਰੁਣਾ ਹਲਕੇ 'ਚ ਭਾਜਪਾ ਦੇ ਲਿੰਗਾਇਤ ਆਗੂ ਵੀ ਸੋਮੰਨਾ ਨੂੰ 46,006 ਵੋਟਾਂ ਦੇ ਫਰਕ ਨਾਲ ਹਰਾ ਕੇ 9ਵੀਂ ਵਾਰ ਵਿਧਾਨ ਸਭਾ 'ਚ ਪਹੁੰਚੇ ਹਨ। ਇੰਜ ਹੀ ਸ਼ਿਵਕੁਮਾਰ ਨੇ ਕਨਕਪੁਰ ਸੀਟ ਤੋਂ ਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ ਜੇਡੀ (ਐੱਸ) ਦੇ ਬੀ ਨਾਗਰਾਜੂ ਨੂੰ 1,22,392 ਵੋਟਾਂ ਨਾਲ ਹਰਾਇਆ। ਸਾਬਕਾ ਮੁੱਖ ਮੰਤਰੀ ਤੇ ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਜੀ ਪਰਮੇਸ਼ਵਰ ਕੋਰਤਗੇੜੇ ਤੋਂ ਜੇਤੂ ਰਹੇ ਹਨ।



ਕਾਂਗਰਸ ਦੇ ਸੀਨੀਅਰ ਆਗੂ ਤੇ ਸੱਤ ਵਾਰ ਦੇ ਸੰਸਦ ਮੈਂਬਰ ਮੁਨੀਯੱਪਾ ਨੇ ਦੇਵਨਹੱਲੀ ਤੋਂ ਜਿੱਤ ਹਾਸਲ ਕਰ ਕੇ ਜੇਡੀ (ਐੱਸ) ਦੇ ਨਾਰਾਇਣਸਵਾਮੀ ਨੂੰ 4,631 ਵੋਟਾਂ ਨਾਲ ਹਰਾਇਆ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦਾ ਪੁੱਤਰ ਪ੍ਰਿਯਾਂਕ ਖੜਗੇ ਚਿੱਤਪੁਰ ਹਲਕੇ ਤੋਂ 13,640 ਵੋਟਾਂ ਨਾਲ ਚੋਣ ਜਿੱਤ ਗਿਆ। ਉਸ ਨੇ ਭਾਜਪਾ ਦੇ ਮਣੀਕਾਂਤ ਰਾਠੌੜ ਨੂੰ ਹਰਾ ਕੇ ਲਗਾਤਾਰ ਤੀਜੀ ਵਾਰ ਚੋਣ ਜਿੱਤੀ ਹੈ। ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਛੱਡ ਕੇ ਕਾਂਗਰਸ ਦੀ ਟਿਕਟ 'ਤੇ ਚੋਣ ਲੜਨ ਵਾਲੇ ਜਗਦੀਸ਼ ਸ਼ੈੱਟਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਉਨ੍ਹਾਂ ਨੂੰ ਭਾਜਪਾ ਦੇ ਮਹੇਸ਼ ਤੇਨਗਿਨਾਕਾਈ ਨੇ ਹੁਬਲੀ-ਧਾਰਵਾੜ (ਕੇਂਦਰੀ) ਸੀਟ 'ਤੇ 34,289 ਵੋਟਾਂ ਨਾਲ ਹਰਾਇਆ। ਜਨਤਾ ਦਲ (ਐੱਸ) ਦੇ ਐੱਚ ਡੀ ਕੁਮਾਰਸਵਾਮੀ ਨੇ ਚੰਨਾਪਟਨਾ ਸੀਟ ਤੋਂ ਛੇਵੀਂ ਵਾਰ ਚੋਣ ਜਿੱਤ ਲਈ। ਐਚ ਡੀ ਕੁਮਾਰਸਵਾਮੀ ਦੇ ਭਰਾ ਐਚ ਡੀ ਰੇਵੰਨਾ ਨੇ ਹੋਲੇਨਅਰਾਸੀਪੁਰ ਤੋਂ 3152 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਜੇਡੀ (ਐੱਸ) ਦੇ ਸਵਰੂਪ ਪ੍ਰਕਾਸ਼ ਨੇ ਹਾਸਨ ਤੋਂ ਪ੍ਰੀਥਮ ਜੇ ਗੌੜਾ ਨੂੰ 7854 ਵੋਟਾਂ ਦੇ ਫਰਕ ਨਾਲ ਹਰਾਇਆ। ਭਾਜਪਾ ਦੇ ਸੀਨੀਅਰ ਆਗੂ ਬੀ ਐੱਸ ਯੇਦੀਯੁਰੱਪਾ ਦੇ ਪੁੱਤਰ ਬੀ ਵਾਈ ਵਿਜੇਂਦਰ ਨੇ ਸ਼ਿਕਾਰੀਪੁਰਾ ਤੋਂ ਆਜ਼ਾਦ ਉਮੀਦਵਾਰ ਐੱਸ ਪੀ ਨਾਗਰਾਜ ਗੌੜਾ ਨੂੰ 11,008 ਵੋਟਾਂ ਨਾਲ ਹਰਾਇਆ। ਭਾਜਪਾ ਦੇ ਹੋਰ ਜੇਤੂਆਂ ਵਿਚ ਮੰਤਰੀ ਸੀ ਐਨ ਅਸ਼ਵਥ ਨਾਰਾਇਣ (ਮਾਲੇਸ਼ਵਰਮ), ਸੀ ਸੀ ਪਾਟਿਲ (ਨਾਰਾਗੁੰਡ) ਅਤੇ ਆਰ ਅਸ਼ੋਕ (ਪਦਮਨਾਭਨਗਰ) ਸ਼ਾਮਲ ਰਹੇ। ਭਾਜਪਾ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਾਬਕਾ ਡਿਪਟੀ ਮੁੱਖ ਮੰਤਰੀ ਲਕਸ਼ਮਣ ਸਾਵਦੀ ਵੀ ਅਥਾਨੀ ਤੋਂ 76,122 ਵੋਟਾਂ ਨਾਲ ਜਿੱਤ ਗਏ ਹਨ। ਇਨ੍ਹਾਂ ਚੋਣਾਂ 'ਚ ਕਰਨਾਟਕ ਵਿਧਾਨ ਸਭਾ ਦੇ ਸਪੀਕਰ ਵਿਸ਼ਵੇਸ਼ਵਰ ਹੇਗੜੇ ਕਾਰੇਗੀ, ਟਰਾਂਸਪੋਰਟ ਮੰਤਰੀ ਸ੍ਰੀਰਾਮੂਲੂ, ਸਿਹਤ ਮੰਤਰੀ ਕੇ ਸੁਧਾਕਰ ਅਤੇ ਕਾਨੂੰਨ ਤੇ ਕਾਨੂੰਨ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਜੇਸੀ ਮਦੂਸਵਾਮੀ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

## ਫਿਰਕੂ ਸਿਆਸਤ ਦਾ ਅੰਤ ਸ਼ੁਰੂ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਕਾਂਗਰਸ ਦੀ ਜਿੱਤ ਨਾਲ ਭਾਜਪਾ ਦੀ 'ਨਾਕਾਰਾਤਮਕ, ਫਿਰਕੂ ਤੇ ਭ੍ਰਿਸ਼ਟ' ਸਿਆਸਤ ਦਾ ਅੰਤ ਸ਼ੁਰੂ ਹੋ ਗਿਆ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਹਿੰਦੀ ਵਿਚ ਟਵੀਟ ਕੀਤਾ, "ਕਰਨਾਟਕ ਵਾਸੀਆਂ ਵੱਲੋਂ ਕਾਂਗਰਸ ਦੇ ਹੱਕ ਵਿਚ ਦਿੱਤੇ ਫਤਵੇ ਨਾਲ ਭਾਜਪਾ ਦੀਆਂ ਅਜਿਹੀਆਂ ਨੀਤੀਆਂ ਜੋ ਨੌਜਵਾਨਾਂ ਤੇ ਮਹਿਲਾਵਾਂ ਵਿਰੋਧੀ ਅਤੇ ਸਮਾਜਿਕ ਵੰਡ ਪਾਉਣ ਵਾਲੀਆਂ ਹਨ, ਦਾ ਖਾਤਮਾ ਸ਼ੁਰੂ ਹੋ ਗਿਆ ਹੈ।"

# ਮਿਸ਼ਨ 2024: ਮੋਦੀ ਕਾਰਜਕਾਲ ਹੇਠ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਗਿਣਵਾਉਣ ਦੀ ਤਿਆਰੀ

**ਨਵੀਂ ਦਿੱਲੀ:** ਕਰਨਾਟਕ ਵਿਚ ਹਾਰ ਦਾ ਮੂੰਹ ਦੇਖਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ (ਭਾਜਪਾ) ਸਾਰੇ 545 ਲੋਕ ਸਭਾ ਹਲਕਿਆਂ ਤੱਕ ਪਹੁੰਚ ਬਣਾਏਗੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਹੇਠ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਏਗੀ। ਸਿਖਰਲੇ ਕੇਂਦਰੀ ਮੰਤਰੀਆਂ, ਭਾਜਪਾ ਦੇ ਅਹੁਦੇਦਾਰਾਂ ਤੇ ਸੂਬਿਆਂ ਦੇ ਮੁੱਖ ਮੰਤਰੀਆਂ ਵੱਲੋਂ ਸਾਰੇ ਸੰਸਦੀ ਹਲਕਿਆਂ ਦੇ ਇਕ ਲੱਖ ਦੇ ਕਰੀਬ ਉੱਘੇ ਪਰਿਵਾਰਾਂ ਨਾਲ ਰਲ ਕੇ ਲੋਕ ਸਭ ਹਲਕੇ ਦੇ 250 ਪਰਿਵਾਰਾਂ ਤੱਕ ਪਹੁੰਚ ਕੀਤੀ ਜਾਵੇਗੀ। ਇਸ ਦੌਰਾਨ ਭਾਜਪਾ ਸਰਕਾਰ ਦੀਆਂ ਨੌਂ ਵਰ੍ਹਿਆਂ ਦੀ ਪ੍ਰਾਪਤੀਆਂ ਬਾਰੇ ਦੱਸਿਆ ਜਾਵੇਗਾ। ਮਹੀਨਾ ਚੱਲਣ ਵਾਲਾ ਇਹ 'ਮਹਾ ਜਨ ਸੰਪਰਕ ਅਭਿਆਨ' 30 ਮਈ, ਜਿਸ ਦਿਨ ਮੋਦੀ ਸਰਕਾਰ ਦੇ ਨੌਂ ਵਰ੍ਹੇ ਮੁਕੰਮਲ ਹੋ ਜਾਣਗੇ,ਤੋਂ ਸ਼ੁਰੂ ਹੋ ਕੇ 30ਜੂਨ ਤੱਕ ਚੱਲੇਗਾ।



ਪਤਾ ਲੱਗਿਆ ਹੈ ਕਿ ਇਸ ਕੌਮੀ ਅਭਿਆਨ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਮੋਦੀ ਵੱਲੋਂ ਮਈ ਦੇ ਅਖੀਰ ਵਿਚ ਵਿਸ਼ਾਲ ਰੈਲੀ ਰਾਹੀਂ ਕੀਤੀ ਜਾਵੇਗੀ। ਇਸ ਅਭਿਆਨ ਦਾ ਉਦੇਸ਼ ਸਰਕਾਰੀ ਪ੍ਰਾਪਤੀਆਂ ਦਾ ਸੁਨੇਹਾ ਹਰ ਨਾਗਰਿਕ ਤੱਕ ਪਹੁੰਚਾਉਣਾ ਹੈ। ਕੇਂਦਰੀ ਮੰਤਰੀ ਤੇ ਭਾਜਪਾ ਦੇ ਕੌਮੀ ਅਹੁਦੇਦਾਰ 'ਤੇ ਆਧਾਰਿਤ ਦੋ ਮੈਂਬਰੀ ਕੇਂਦਰੀ ਟੀਮ ਹਰੇਕ ਲੋਕ ਸਭਾ ਹਲਕੇ ਤੱਕ ਪਹੁੰਚ ਕਰੇਗੀ ਜਦੋਂ ਕਿ ਭਾਜਪਾ ਦੀ 14 ਮੈਂਬਰੀ ਕੇਂਦਰੀ ਟੀਮ ਯੋਜਨਾ ਦੀ ਪ੍ਰਗਤੀ ਦੀ ਨਿਗਰਾਨੀ ਕਰੇਗੀ। ਇਸ ਮੁਹਿੰਮ ਦੇ ਤਿੰਨ ਪੜਾਅ ਹੋਣਗੇ। ਪਹਿਲਾ ਪੜਾਅ 25 ਮਈ ਤੱਕ ਹੋਵੇਗਾ। ਸਾਰੇ ਸੂਬਿਆਂ ਨੂੰ ਹਰ ਸੰਸਦੀ ਹਲਕੇ ਵਿਚੋਂ 250 ਪ੍ਰਭਾਵਸ਼ਾਲੀ ਪਰਿਵਾਰਾਂ ਦੀ ਸ਼ਨਾਖ਼ਤ ਅਤੇ ਸੋਸ਼ਲ ਮੀਡੀਆ 'ਤੇ ਸਰਗਰਮ ਵਿਅਕਤੀਆਂ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ ਗਿਆ ਹੈ। ਦੂਜਾ ਪੜਾਅ 29 ਮਈ ਤੋਂ 20 ਜੂਨ ਤੱਕ ਹੋਵੇਗਾ। ਇੰਜ ਹੀ ਤੀਜਾ ਪੜਾਅ 20 ਜੂਨ ਤੋਂ 30 ਜੂਨ ਤਕ ਮੁਕੰਮਲ ਹੋਵੇਗਾ। ਇਸ ਦੌਰਾਨ ਸਾਰੇ ਲੋਕ ਸਭਾ ਹਲਕਿਆਂ 'ਚ 16 ਲੱਖ ਭਾਜਪਾ ਵਰਕਰ ਲੋਕਾਂ ਨਾਲ ਰਾਬਤਾ ਕਾਇਮ ਕਰਨਗੇ।

# ਜਲੰਧਰ ਜ਼ਿਮਨੀ ਚੋਣ ਨੇ ਰਵਾਇਤੀ ਪਾਰਟੀਆਂ ਦੀ ਫਿਕਰਮੰਦੀ ਵਧਾਈ



**ਚੰਡੀਗੜ੍ਹ:** ਜਲੰਧਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ (ਆਪ) ਦੀ ਜਿੱਤ ਨੇ ਰਵਾਇਤੀ ਪਾਰਟੀਆਂ ਦੀ ਫਿਕਰਮੰਦੀ ਵਧਾ ਦਿੱਤੀ ਹੈ। 'ਆਪ' ਦੀ ਜਿੱਤ ਨੇ ਸਪਸ਼ਟ ਕਰ ਦਿੱਤਾ ਕਿ ਪੰਜਾਬ 'ਤੇ ਲੰਬਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ।

ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਜ਼ਿਮਨੀ ਚੋਣ ਦੌਰਾਨ ਜ਼ੋਰ-ਸ਼ੋਰ ਨਾਲ ਚੋਣ ਪ੍ਰਚਾਰ ਕੀਤਾ, ਇਸ ਦੇ ਬਾਵਜੂਦ 'ਆਪ' ਨੇ ਬਾਹਰੀ ਉਮੀਦਵਾਰ ਦੇ ਸਿਰ ਦਾਅ ਖੇਡ ਕੇ ਵੀ ਪੁਰਾਣੀ ਤੇ ਰਵਾਇਤੀ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਚਿੱਤ ਕਰ ਦਿੱਤਾ। ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ ਤੋਂ ਕੁਝ ਸਮੇਂ ਬਾਅਦ ਹੀ ਸੰਗਰੂਰ ਜ਼ਿਮਨੀ ਚੋਣ 'ਚ ਨਮੋਸ਼ੀ ਭਰੀ ਹਾਰ ਤੋਂ ਸਬਕ ਸਿੱਖਦਿਆਂ ਜਲੰਧਰ 'ਚ ਹਾਕਮ ਧਿਰ ਨੇ ਸਾਰੀ ਤਾਕਤ ਇਸ ਚੋਣ ਨੂੰ ਜਿੱਤਣ ਲਈ ਲਾ ਦਿੱਤੀ ਸੀ। ਸ਼ੁਰੂਆਤੀ ਦੌਰ 'ਚ ਇਹ ਜਾਪਦਾ ਸੀ ਕਿ ਹਾਕਮ ਧਿਰ ਕੋਲ ਆਪਣਾ ਉਮੀਦਵਾਰ ਵੀ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਉਮੀਦਵਾਰ ਕਾਂਗਰਸ ਤੋਂ ਲਿਆ ਸੀ। ਇਸੇ ਦੌਰਾਨ ਚੋਣ ਮੈਦਾਨ ਗਰਮ ਹੁੰਦਿਆਂ ਹੀ ਆਮ ਆਦਮੀ ਪਾਰਟੀ (ਆਪ) ਕਾਂਗਰਸ ਦੇ ਗੜ੍ਹ ਵਿਚ ਮਜ਼ਬੂਤ ਬਣ ਕੇ ਉਭਰੀ ਹੈ। ਇਸ ਜਿੱਤ ਨੇ ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੀ ਤਾਕਤਵਰ ਨਹੀਂ ਬਣਾਇਆ ਬਲਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਭਵਿੱਖ ਦੀਆਂ ਚੁਣੌਤੀਆਂ ਦੇ ਸੰਕੇਤ ਦੇ ਦਿੱਤੇ ਹਨ। ਹੁਣ ਦੇਖਣਾ ਹੋਵੇਗਾ ਕਿ ਅਗਲੇ ਸਾਲ 2024 ਦੌਰਾਨ ਦੇਸ਼ ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਵਿਚ 'ਆਪ' ਪੰਜਾਬ ਵਿਚ ਕਿਹੋ ਜਿਹਾ ਪ੍ਰਦਰਸ਼ਨ ਕਰਦੀ ਹੈ। ਗੌਰਤਲਬ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪੰਜਾਬੀਆਂ ਨੇ 117 ਵਿੱਚੋਂ 92 ਸੀਟਾਂ 'ਤੇ ਆਮ ਆਦਮੀ ਪਾਰਟੀ (ਆਪ) ਨੂੰ ਵੱਡੀ ਜਿੱਤ ਦਿਵਾ ਕੇ ਕਾਮਯਾਬ ਕੀਤਾ ਸੀ। ਸਰਕਾਰ ਬਣਨ ਤੋਂ 14 ਮਹੀਨੇ ਬਾਅਦ ਮੁੜ ਪੰਜਾਬੀਆਂ ਨੇ ਜਲੰਧਰੀ ਸੰਸਦੀ ਹਲਕੇ ਦੀ ਜ਼ਿਮਨੀ ਚੋਣ 'ਆਪ' ਦੀ ਝੋਲੀ ਵਿਚ ਪਾ ਦਿੱਤੀ ਹੈ। ਇਸ ਵਾਰ ਚੋਣਾਂ ਵਿਚ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ 34.05 ਫ਼ੀਸਦ, ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੂੰ 27.44 ਫੀਸਦ, ਸ਼੍ਰੋਮਣੀ ਅਕਾਲੀ ਦਲ-ਬਸਪਾ ਦੇ ਉਮੀਦਵਾਰ ਡਾ. ਸੁਖਵਿੰਦਰ ਸਿੰਘ ਸੁੱਖੀ ਨੂੰ 17.85 ਫ਼ੀਸਦ ਅਤੇ ਭਾਜਪਾ ਉਮੀਦਵਾਰ ਇੰਦਰਇਕਬਾਲ ਸਿੰਘ ਅਟਵਾਲ ਨੂੰ 15.19 ਫ਼ੀਸਦ ਵੋਟਾਂ ਪਈਆਂ ਹਨ।

## ਮੂਸੇਵਾਲਾ ਫੈਕਟਰ ਨਾ ਚੱਲ ਸਕਿਆ

**ਜਲੰਧਰ:** ਸੰਗਰੂਰ ਜ਼ਿਮਨੀ ਚੋਣ 'ਤੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਘਟਨਾ ਨੇ ਵੱਡਾ ਅਸਰ ਛੱਡਿਆ ਸੀ। ਮੂਸੇਵਾਲਾ ਦੇ ਕਤਲ ਦਾ ਗੁੱਸਾ ਲੋਕਾਂ ਨੇ ਸੰਗਰੂਰ ਜ਼ਿਮਨੀ ਚੋਣ ਵਿਚ ਕੱਢਿਆ ਸੀ। ਜਲੰਧਰ ਚੋਣ ਵਿਚ ਮੂਸੇਵਾਲਾ ਫੈਕਟਰ ਕੰਮ ਨਹੀਂ ਆਇਆ ਹੈ। ਹਾਲਾਂਕਿ ਮੂਸੇਵਾਲਾ ਦੇ ਮਾਪਿਆਂ ਨੇ ਜਲੰਧਰ ਚੋਣ ਵਿਚ ਬਾਕਾਇਦਾ ਚੋਣ ਪ੍ਰਚਾਰ ਵੀ ਕੀਤਾ ਸੀ ਅਤੇ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਬਲਕੌਰ ਸਿੰਘ ਨੇ ਵੀਡੀਓ ਸੁਨੇਹਾ ਜਾਰੀ ਕਰਕੇ 'ਆਪ' ਨੂੰ ਹਰਾਉਣ ਦਾ ਸੱਦਾ ਦਿੱਤਾ ਸੀ। ਚੋਣ ਨਤੀਜਿਆਂ ਤੋਂ ਜਾਪਦਾ ਹੈ ਕਿ ਮੂਸੇਵਾਲਾ ਦੇ ਮਾਪਿਆਂ ਦੀ ਭਾਵੁਕ ਅਪੀਲ ਚੋਣ 'ਤੇ ਕੋਈ ਅਸਰ ਨਹੀਂ ਛੱਡ ਸਕੀ।

# ਲੋਕ ਸਭਾ ਚੋਣਾਂ ਵਿਚ 'ਆਪ' ਦਾ ਵਿਰੋਧ ਕਰਾਂਗੇ: ਬਲਕੌਰ ਸਿੰਘ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਵਿਚ ਉਨ੍ਹਾਂ ਕਿਸੇ ਉਮੀਦਵਾਰ ਦਾ ਨਹੀਂ ਸਗੋਂ ਇਨਸਾਫ ਨਾ ਮਿਲਣ ਕਰਕੇ ਆਮ ਆਦਮੀ ਪਾਰਟੀ ਦਾ ਵਿਰੋਧ ਕੀਤਾ ਸੀ। ਇਸ ਦੌਰਾਨ ਉਨ੍ਹਾਂ ਕਿਸੇ ਵੀ ਉਮੀਦਵਾਰ ਜਾਂ ਪਾਰਟੀ ਦੇ ਹੱਕ ਵਿਚ ਪ੍ਰਚਾਰ ਨਹੀਂ ਕੀਤਾ। ਉਨ੍ਹਾਂ ਦੀ ਕਿਸੇ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨਸਾਫ ਨਾ ਮਿਲਣ 'ਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਉਹ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ 'ਆਪ' ਦਾ ਖੁੱਲ੍ਹਾ ਵਿਰੋਧ ਕਰਨਗੇ। ਉਹ ਇੱਥੇ ਪਿੰਡ ਮੂਸਾ ਵਿੱਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਪੁੱਤ ਦੇ ਕਤਲ ਦਾ ਇਨਸਾਫ਼ ਨਹੀਂ ਮਿਲਦਾ, ਸੰਘਰਸ਼ ਕਰਦੇ ਰਹਿਣਗੇ।

ਉਨ੍ਹਾਂ ਕਿਹਾ ਕਿ 'ਆਪ' ਦੇ ਆਈ.ਟੀ ਸੈੱਲ ਵੱਲੋਂ ਉਨ੍ਹਾਂ ਦੀਆਂ ਫੋਟੋਆਂ ਗੁਰਸਿਮਰਨ ਸਿੰਘ ਮੰਡ ਤੇ ਰਾਹੁਲ ਗਾਂਧੀ ਨਾਲ ਜੋੜ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀਆਂ ਜਾ ਰਹੀਆਂ ਹਨ ਅਤੇ ਫੋਟੋਆਂ ਉਪਰ 'ਸਿੱਖਾਂ ਦਾ ਕਾਤਲ' ਲਿਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਲੰਧਰ ਜ਼ਿਮਨੀ ਚੋਣ ਦੇ ਨਤੀਜੇ ਤੋਂ ਬਾਅਦ ਮੂਸੇਵਾਲਾ ਦੇ ਪਿਤਾ ਬਾਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਕ ਬਜ਼ੁਰਗ ਦੀ ਵੀਡੀਓ ਤੋਂ ਬਾਅਦ ਪੰਜਾਬੀ ਗਾਇਕ ਦੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਆਮ ਆਦਮੀ ਪਾਰਟੀ 'ਤੇ ਵਰ੍ਹਦਿਆਂ ਕਿਹਾ ਕਿ ਜਿੱਤ-ਹਾਰ ਵੱਖਰੀ ਗੱਲ ਹੈ, ਪਰ ਪਾਰਟੀ ਦੇ ਕੁਝ ਵਰਕਰ ਮੂਸੇਵਾਲਾ ਦੇ ਪਿਤਾ ਅਤੇ ਪਰਿਵਾਰ ਲਈ ਗਲਤ ਸ਼ਬਦਾਵਲੀ ਵਰਤ ਕੇ ਟਿੱਪਣੀ ਕਰ ਰਹੇ ਹਨ, ਜੋ ਸਹਿਣਯੋਗ ਨਹੀਂ ਹੈ

## ਜ਼ਿਮਨੀ ਚੋਣ ਨਤੀਜਿਆਂ ਤੋਂ ਸਬਕ ਸਿੱਖੇਗੀ ਕਾਂਗਰਸ: ਚੌਧਰੀ

**ਜਲੰਧਰ:** ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਤੋਂ ਵੱਡੇ ਫਰਕ ਨਾਲ ਹਾਰਨ ਤੋਂ ਬਾਅਦ ਕਾਂਗਰਸ ਦੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੇ ਕਿਹਾ ਕਿ ਕਾਂਗਰਸ ਜ਼ਿਮਨੀ ਚੋਣ ਨਤੀਜਿਆਂ ਤੋਂ ਸਬਕ ਸਿੱਖੇਗੀ। ਅਗਲੇ ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਵਾਪਸੀ ਕਰੇਗੀ। ਕਰਮਜੀਤ ਚੌਧਰੀ ਨੇ ਦੋਸ਼ ਲਾਇਆ ਕਿ 'ਆਪ' ਦੀ ਜਿੱਤ ਜਮਹੂਰੀਅਤ ਦਾ ਕਤਲ ਹੈ ਕਿਉਂਕਿ ਜ਼ਿਮਨੀ ਚੋਣ ਦੌਰਾਨ 'ਆਪ' ਨੇ ਪੈਸੇ ਤੇ ਸ਼ਰਾਬ ਦੀ ਵਰਤੋਂ ਕਰਕੇ ਅਤੇ ਡਰਾ ਧਮਕਾ ਕੇ ਵੋਟਾਂ ਖਰੀਦੀਆਂ ਸਨ।

# ਰਾਘਵ ਚੱਢਾ ਦੇ ਮੰਗਣੀ ਸਮਾਗਮ 'ਚ ਜਥੇਦਾਰ ਦੀ ਹਾਜ਼ਰੀ 'ਤੇ ਸਵਾਲ



**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਅਦਾਕਾਰਾ ਪਰਿਨੀਤੀ ਚੋਪੜਾ ਦੇ ਮੰਗਣੀ ਸਮਾਗਮ ਵਿਚ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ ਵੱਡੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਇਸ ਸਬੰਧੀ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਸਖਤ ਇਤਰਾਜ਼ ਕੀਤਾ ਹੈ। ਉਨ੍ਹਾਂ ਆਖਿਆ ਹੈ ਕਿ 'ਮੇਰੇ ਵਰਗੇ ਨਿਮਾਣੇ ਸਿੱਖ ਨੂੰ ਦੁੱਖ ਹੋਇਆ। ਹੁਣ ਗੁਰੂ ਹੀ ਕੌਮ ਦਾ ਰਖਵਾਲਾ ਹੈ।' ਸੋਸ਼ਲ ਮੀਡੀਆ 'ਤੇ ਲੋਕਾਂ ਵੱਲੋਂ ਲਿਖਿਆ ਜਾ ਰਿਹਾ ਹੈ ਕਿ ਆਮ ਤੌਰ 'ਤੇ ਵਿਆਹ ਵਾਲੇ ਜੋੜੇ ਅਕਾਲ ਤਖਤ ਵਿਖੇ ਆਸ਼ੀਰਵਾਦ ਲੈਣ ਜਾਂਦੇ ਹਨ ਪਰ ਇਸ ਵਾਰ ਉਲਟ ਹੋਇਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਹਾਲ ਹੀ ਵਿਚ ਜਥੇਦਾਰ ਹਰਪ੍ਰੀਤ ਸਿੰਘ ਤੇ 'ਆਪ' ਦੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਕਿੰਤੂ-ਪ੍ਰੰਤੂ ਹੋਈ ਸੀ, ਇਸ ਦੇ ਬਾਵਜੂਦ ਜਥੇਦਾਰ ਹਰਪ੍ਰੀਤ ਸਿੰਘ ਦੀ 'ਆਪ' ਆਗੂ ਦੇ ਸਮਾਗਮ ਵਿਚ ਸ਼ਮੂਲੀਅਤ ਵੱਡੇ ਸਵਾਲ ਖੜ੍ਹੇ ਕਰਦੀ ਹੈ।

# ਪਟਵਾਰੀ ਭਰਤੀ: 28 ਫੀਸਦੀ ਉਮੀਦਵਾਰ ਗੈਰ-ਹਾਜ਼ਰ ਰਹੇ

**ਚੰਡੀਗੜ੍ਹ:** ਪੰਜਾਬ ਅਧੀਨ ਸੇਵਾਵਾਂ ਬੋਰਡ ਵੱਲੋਂ ਨਵੇਂ ਪਟਵਾਰੀ ਭਰਤੀ ਕਰਨ ਲਈ ਲਿਖਤੀ ਪ੍ਰੀਖਿਆ ਲਈ ਗਈ। ਇਸ ਦੌਰਾਨ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿਚ ਹਜ਼ਾਰਾਂ ਉਮੀਦਵਾਰਾਂ ਨੇ ਪ੍ਰੀਖਿਆ ਦਿੱਤੀ ਪਰ ਕਰੀਬ 28 ਫ਼ੀਸਦੀ ਉਮੀਦਵਾਰ ਗ਼ੈਰਹਾਜ਼ਰ ਰਹੇ। ਬੋਰਡ ਵੱਲੋਂ ਪ੍ਰੀਖਿਆ ਕੇਂਦਰ ਦੂਰ ਦੁਰਾਡੇ ਬਣਾਉਣ ਕਰਕੇ ਉਮੀਦਵਾਰਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਵਿਚ ਜਾਮ ਲੱਗੇ ਰਹੇ ਅਤੇ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰਾਂ 'ਚ ਪਹੁੰਚਣ ਲਈ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਉਮੀਦਵਾਰਾਂ ਦੇ ਨਾਲ ਮਾਪਿਆਂ ਨੂੰ ਵੀ ਪਰੇਸ਼ਾਨੀ ਝੱਲਣੀ ਪਈ। ਰਾਜਪੁਰਾ ਵਿਚ ਲੰਮਾ ਸਮਾਂ ਜਾਮ ਲੱਗਾ ਰਿਹਾ। ਮੁਹਾਲੀ ਵਿਚ ਵੀ ਸੜਕਾਂ 'ਤੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਦੇਖਣ ਨੂੰ ਮਿਲੀਆਂ। ਉਮੀਦਵਾਰਾਂ ਨੂੰ ਆਪਣੇ ਜ਼ਿਲ੍ਹੇ ਤੋਂ ਦੂਰ ਦੇ ਪ੍ਰੀਖਿਆ ਕੇਂਦਰ ਅਲਾਟ ਕੀਤੇ ਗਏ, ਜਿਸ ਕਰਕੇ ਜਾਮ ਲੱਗਾ ਰਿਹਾ। ਬੱਸਾਂ ਵਿਚ ਵੀ ਕਾਫ਼ੀ ਭੀੜ ਰਹੀ ਅਤੇ ਕਈ ਥਾਵਾਂ 'ਤੇ ਉਮੀਦਵਾਰ ਸਮੇਂ ਸਿਰ ਪਹੁੰਚ ਵੀ ਨਹੀਂ ਸਕੇ। ਕਪੂਰਥਲਾ ਵਿਚ ਵੀ ਕਾਫ਼ੀ ਥਾਵਾਂ 'ਤੇ ਜਾਮ ਵਰਗੀ ਸਥਿਤੀ ਬਣੀ ਰਹੀ। ਪੰਜਾਬ ਅਧੀਨ ਸੇਵਾਵਾਂ ਬੋਰਡ ਵੱਲੋਂ 710 ਮਾਲ ਪਟਵਾਰੀ, 53 ਖ਼ਜ਼ਾਨਾ ਸਹਾਇਕ, ਚਾਰ ਬੁੱਕ ਬਾਈਂਡਰ ਆਦਿ ਭਰਤੀ ਕੀਤੇ ਜਾਣੇ ਹਨ।

# ਸ਼ੇਰਪਾ ਨੇ 26ਵੀਂ ਵਾਰ ਐਵਰੈਸਟ ਨੂੰ ਫਤਹਿ ਕੀਤਾ



**ਕਾਠਮੰਡੂ:** ਇਥੇ ਇਕ ਸ਼ੇਰਪਾ ਗਾਈਡ ਨੇ 26ਵੀਂ ਵਾਰ ਮਾਊਂਟ ਐਵਰੈਸਟ ਨੂੰ ਫਤਹਿ ਕੀਤਾ। ਇਸ ਦੇ ਨਾਲ ਹੀ ਉਸ ਨੇ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਉਤੇ ਚੜ੍ਹਨ ਦੇ ਇਕ ਹੋਰ ਨੇਪਾਲੀ ਗਾਈਡ ਦੇ ਰਿਕਾਰਡ ਦੀ ਬਰਾਬਰੀ ਕੀਤੀ ਹੈ। ਇਸ ਅਭਿਆਨ ਦੇ ਪ੍ਰਬੰਧਕ ਇਮੈਜਿਨ ਨੇਪਾਲ ਟਰੈਕਸ ਮੁਤਾਬਕ ਪਸਾਂਗ ਦਾਵਾ ਸ਼ੇਰਪਾ ਹੰਗਰੀ ਦੇ ਪਰਬਤਰੋਹੀ ਨਾਲ ਸਿਖਰ 'ਤੇ ਪੁੱਜਿਆ। ਸੀਜ਼ਨ ਵਿਚ ਪਰਬਤਰੋਹੀਆਂ ਦਾ ਪਹਿਲਾ ਜਥਾ ਇਸ ਹਫਤੇ ਪਰਬਤ 'ਤੇ ਪਹੁੰਚਿਆ।

ਸ਼ੇਰਪਾ ਗਾਈਡ ਨੇ ਸੈਂਕੜੇ ਪਰਬਤਰੋਹੀਆਂ ਲਈ ਰੱਸੇ ਬੰਨ੍ਹੇ ਸਨ ਅਤੇ ਰਾਹ ਬਣਾਇਆ ਜੋ ਅਗਲੇ ਕੁਝ ਦਿਨਾਂ ਵਿਚ ਚੋਟੀ ਨੂੰ ਫਤਹਿ ਕਰਨ ਦੀ ਕੋਸ਼ਿਸ਼ ਕਰਨਗੇ। ਸਾਲ 1998 ਵਿਚ ਚੋਟੀ 'ਤੇ ਆਪਣੀ ਸਫਲ ਚੜ੍ਹਾਈ ਤੋਂ ਬਾਅਦ ਦਾਵਾ ਨੇ ਲਗਭਗ ਹਰ ਸਾਲ ਇਹ ਯਾਤਰਾ ਕੀਤੀ ਹੈ। ਤਜਰਬੇਕਾਰ ਪਰਬਤ ਗਾਈਡ ਕਾਮੀ ਰੀਤਾ ਨੇ ਪਿਛਲੇ ਸਾਲ ਚੋਟੀ 'ਤੇ ਆਪਣੀ 26ਵੀਂ ਸਫਲ ਚੜ੍ਹਾਈ ਤੋਂ ਬਾਅਦ ਮਾਊਂਟ ਐਵਰੈਸਟ ਨੂੰ ਸਭ ਤੋਂ ਜ਼ਿਆਦਾ ਵਾਰ ਫਤਹਿ ਕਰਨ ਦਾ ਰਿਕਾਰਡ ਬਣਾਇਆ ਸੀ। ਉਮੀਦ ਹੈ ਕਿ ਰੀਤ ਵੱਲੋਂ ਇਸ ਮਹੀਨੇ ਦੇ ਅਖੀਰ 'ਚ ਮੁੜ ਚੋਟੀ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਜਾਵੇਗੀ।

# 'ਆਪ' ਸਰਕਾਰ ਨੇ ਹੁਣ ਨਿਗਮ ਚੋਣਾਂ ਲਈ ਤਿਆਰੀ ਖਿੱਚੀ



**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਲੰਧਰ ਜ਼ਿਮਨੀ ਚੋਣ 'ਚ ਮਿਲੀ ਜਿੱਤ ਮਗਰੋਂ ਹੁਣ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੀ ਚੋਣ ਕਰਾਏ ਜਾਣ ਦੀ ਤਿਆਰੀ ਖਿੱਚ ਲਈ ਹੈ ਜਿਨ੍ਹਾਂ ਦੀ ਮਿਆਦ ਪੁੱਗ ਚੁੱਕੀ ਹੈ। ਜਲੰਧਰ ਚੋਣਾਂ ਦੇ ਨਤੀਜੇ ਨੇ ਹੁਣ ਪੰਜਾਬ ਵਿਚ 'ਆਪ' ਸਰਕਾਰ ਪ੍ਰਤੀ ਮੁੜ ਜੋ ਮਾਹੌਲ ਸਿਰਜਿਆ ਹੈ, ਸਰਕਾਰ ਇਸ ਦਾ ਸਿਆਸੀ ਲਾਹਾ ਲੈਣ ਦੇ ਰੌਂਅ ਵਿਚ ਹੈ। ਪੰਜਾਬ ਵਿਚ ਅੰਮ੍ਰਿਤਸਰ, ਪਟਿਆਲਾ, ਜਲੰਧਰ ਅਤੇ ਲੁਧਿਆਣਾ ਦੇ ਨਗਰ ਨਿਗਮਾਂ ਦੇ ਮੇਅਰਾਂ ਅਤੇ ਕੌਂਸਲਰਾਂ ਦੀ ਮਿਆਦ ਜਨਵਰੀ 2023 ਵਿਚ ਖ਼ਤਮ ਹੋ ਚੁੱਕੀ ਹੈ।

ਇਸੇ ਤਰ੍ਹਾਂ 34 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀ ਚੁਣੀ ਹੋਈ ਬਾਡੀ ਦੀ ਮਿਆਦ ਦਸੰਬਰ 2022 ਤੋਂ ਫਰਵਰੀ 2023 ਦਰਮਿਆਨ ਖ਼ਤਮ ਹੋ ਚੁੱਕੀ ਹੈ। ਨਗਰ ਨਿਗਮ ਫਗਵਾੜਾ ਦੇ ਹੋਂਦ ਵਿਚ ਆਉਣ ਮਗਰੋਂ ਇਸ ਦੀ ਚੋਣ ਹੋਈ ਹੀ ਨਹੀਂ ਹੈ। ਬੇਸ਼ੱਕ ਸਥਾਨਕ ਸਰਕਾਰਾਂ ਵਿਭਾਗ ਨੇ ਇਨ੍ਹਾਂ ਨਗਰ ਨਿਗਮਾਂ ਤੇ ਕੌਂਸਲਾਂ ਦੀ ਵਾਰਡਬੰਦੀ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਪਰ ਉਹ ਮੱਠੀ ਚਾਲ ਚੱਲ ਰਿਹਾ ਸੀ। ਹੁਣ ਜਦੋਂ ਜਲੰਧਰ ਚੋਣ ਦੇ ਨਤੀਜੇ 'ਆਪ' ਸਰਕਾਰ ਦੇ ਪੱਖ ਵਿਚ ਭੁਗਤੇ ਹਨ ਤਾਂ ਸਰਕਾਰ ਆਉਂਦੇ ਦਿਨਾਂ ਵਿਚ ਵਾਰਡਬੰਦੀ ਦਾ ਕੰਮ ਤੇਜ਼ੀ ਨਾਲ ਮੁਕੰਮਲ ਕਰੇਗੀ।

ਜਲੰਧਰ ਚੋਣ ਦੇ ਪ੍ਰਚਾਰ ਦੌਰਾਨ ਕਾਫ਼ੀ ਕੌਂਸਲਰ ਅਤੇ ਹੋਰ ਚੁਣੇ ਹੋਏ ਆਗੂ 'ਆਪ' ਨਾਲ ਜੁੜੇ ਹਨ। ਉੱਧਰ ਕਾਂਗਰਸ ਪਾਰਟੀ ਨੇ ਤਾਂ ਕੁਝ ਸਮਾਂ ਪਹਿਲਾਂ ਨਗਰ ਨਿਗਮਾਂ ਚੋਣਾਂ ਵਾਸਤੇ ਚਾਰ ਸ਼ਹਿਰਾਂ ਵਿਚ ਕਮੇਟੀਆਂ ਦਾ ਗਠਨ ਵੀ ਕਰ ਦਿੱਤਾ ਸੀ। ਹੁਣ ਜਦੋਂ ਵਿਰੋਧੀ ਧਿਰਾਂ ਨੂੰ ਜਲੰਧਰ ਸੰਸਦੀ ਚੋਣ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ ਤਾਂ ਉਨ੍ਹਾਂ ਲਈ ਆਗਾਮੀ ਨਗਰ ਨਿਗਮ ਅਤੇ ਕੌਂਸਲ ਚੋਣਾਂ ਵੀ ਚੁਣੌਤੀ ਬਣ ਸਕਦੀਆਂ ਹਨ। ਪੰਜਾਬ ਵਿਚ ਦਸੰਬਰ 2023 ਵਿਚ ਪੰਚਾਇਤਾਂ ਦੀ ਮਿਆਦ ਖ਼ਤਮ ਹੋ ਰਹੀ ਹੈ ਅਤੇ ਇਨ੍ਹਾਂ ਪੇਂਡੂ ਚੋਣਾਂ ਵਿਚ ਵੀ 'ਆਪ' ਆਪਣਾ ਭਵਿੱਖ ਦੇਖ ਰਹੀ ਹੈ। ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੌਂਸਲ ਚੋਣਾਂ ਅਤੇ ਪੰਚਾਇਤੀ ਚੋਣਾਂ ਸਭਨਾਂ ਸਿਆਸੀ ਧਿਰਾਂ ਲਈ ਅਹਿਮ ਹੋਣਗੀਆਂ। ਇਨ੍ਹਾਂ ਚੋਣਾਂ ਵਿਚ ਜਿਸ ਪਾਰਟੀ ਦਾ ਹੱਥ ਉੱਪਰ ਰਹੇਗਾ, ਉਸ ਨੂੰ ਆਗਾਮੀ ਲੋਕ ਸਭਾ ਚੋਣਾਂ ਲਈ ਸਾਜ਼ਗਾਰ ਮਾਹੌਲ ਮਿਲੇਗਾ। ਵੇਰਵਿਆਂ ਅਨੁਸਾਰ ਜਿਨ੍ਹਾਂ ਕੌਂਸਲਾਂ ਅਤੇ ਨਿਗਮਾਂ ਦੀ ਮਿਆਦ ਲੰਘ ਚੁੱਕੀ ਹੈ, ਉੱਥੇ ਸਰਕਾਰ ਨੇ ਪ੍ਰਸ਼ਾਸਕ ਲਗਾ ਦਿੱਤੇ ਹਨ। 'ਆਪ' ਸਰਕਾਰ ਪਹਿਲਾਂ ਨਿਗਮ ਚੋਣਾਂ ਦਾ ਕੰਮ ਟਾਲ ਰਹੀ ਸੀ ਅਤੇ ਹੁਣ ਜਲੰਧਰ ਜ਼ਿਮਨੀ ਚੋਣ ਦੀ ਜਿੱਤ ਨੇ ਸਰਕਾਰ 'ਚ ਮੁੜ ਉਤਸ਼ਾਹ ਭਰ ਦਿੱਤਾ ਹੈ। ਭਾਜਪਾ ਨਿਗਮ ਚੋਣਾਂ ਨੂੰ ਲੈ ਕੇ ਕਾਫ਼ੀ ਉਮੀਦਾਂ ਲਗਾਈ ਬੈਠੀ ਹੈ। ਕਾਂਗਰਸ ਪਾਰਟੀ ਵੀ ਇਨ੍ਹਾਂ ਸਥਾਨਕ ਚੋਣਾਂ ਨੂੰ ਲੈ ਕੇ ਕੋਈ ਕਸਰ ਬਾਕੀ ਨਹੀਂ ਛੱਡੇਗੀ। 'ਆਪ' ਨੂੰ ਸੱਤਾ ਵਿਚ ਹੋਣ ਦਾ ਲਾਹਾ ਮਿਲੇਗਾ।

## ਚੋਣ ਨਤੀਜਾ ਪੰਜਾਬੀਆਂ ਦੀ ਆਸ ਮੁਤਾਬਕ ਨਹੀਂ: ਗੜ੍ਹੀ

**ਜਲੰਧਰ:** ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਜ਼ਿਮਨੀ ਚੋਣ ਦੇ ਆਏ ਨਤੀਜਿਆਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਦਾ ਨਤੀਜਾ ਭਾਵੇਂ ਤਿੰਨ ਕਰੋੜ ਪੰਜਾਬੀਆਂ ਦੀ ਆਸ ਮੁਤਾਬਕ ਨਹੀਂ ਹੈ। ਫਿਰ ਵੀ ਬਸਪਾ ਜਲੰਧਰ ਦੇ ਸਮੂਹ ਵੋਟਰਾਂ ਦਾ ਧੰਨਵਾਦ ਕਰਦੀ ਹੈ। ਇਸ ਦੌਰਾਨ ਉਨ੍ਹਾਂ ਸੁਸ਼ੀਲ ਰਿੰਕੂ ਨੂੰ ਜਿੱਤ ਦੀ ਵਧਾਈ ਵੀ ਦਿੱਤੀ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਸਪਾ ਆਪਣੇ ਸਿਆਸੀ ਭਾਈਵਾਲ ਨਾਲ ਗਠਜੋੜ ਦਾ ਧਰਮ ਨਿਭਾਏਗੀ। ਉਨ੍ਹਾਂ ਕਿਹਾ ਕਿ ਸੰਗਰੂਰ ਲੋਕ ਸਭਾ ਉਪ ਚੋਣ ਵਿਚ ਗਠਜੋੜ ਦਾ ਉਮੀਦਵਾਰ ਪੰਜਵੇਂ ਨੰਬਰ 'ਤੇ ਆਇਆ ਸੀ, ਪਰ ਜਲੰਧਰ ਲੋਕ ਸਭਾ ਚੋਣ ਵਿਚ ਨਤੀਜਿਆਂ ਦੇ ਸੁਧਾਰ ਕਰਦਿਆਂ ਗਠਜੋੜ ਤੀਜੇ ਨੰਬਰ 'ਤੇ ਆਇਆ ਹੈ।

# ਜ਼ਿਮਨੀ ਚੋਣ: ਆਮ ਆਦਮੀ ਪਾਰਟੀ ਨੇ ਕਾਂਗਰਸ ਤੋਂ ਜਲੰਧਰ ਖੋਹਿਆ

**ਜਲੰਧਰ:** ਆਮ ਆਦਮੀ ਪਾਰਟੀ (ਆਪ) ਨੇ ਜਲੰਧਰ ਜ਼ਿਮਨੀ ਚੋਣ ਦੇ ਆਏ ਨਤੀਜਿਆਂ 'ਚ ਵੱਡੀ ਜਿੱਤ ਦਰਜ ਕਰਦਿਆਂ ਕਾਂਗਰਸ ਦਾ ਮਜ਼ਬੂਤ ਮੰਨਿਆ ਜਾਂਦਾ ਕਿਲ੍ਹਾ ਢਹਿ-ਢੇਰੀ ਕਰ ਦਿੱਤਾ ਹੈ। 'ਆਪ' ਦੇ ਸੁਸ਼ੀਲ ਰਿੰਕੂ ਨੇ 3,02,097 ਵੋਟਾਂ ਹਾਸਲ ਕਰਕੇ 58,691 ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਨੂੰ ਹਰਾਇਆ। ਕਰਮਜੀਤ ਕੌਰ ਨੇ 2,43,450 ਵੋਟਾਂ ਹਾਸਲ ਕੀਤੀਆਂ। ਇਸ ਚੋਣ ਲਈ ਕੁੱਲ 8,87,086 ਲੋਕਾਂ ਨੇ ਵੋਟ ਪਾਈ ਸੀ। ਕਾਂਗਰਸ ਪਾਰਟੀ ਜਲੰਧਰ ਦੇ ਲੋਕ ਸਭਾ ਹਲਕੇ 'ਤੇ 1999 ਤੋਂ ਕਾਬਜ਼ ਚੱਲੀ ਆ ਰਹੀ ਸੀ।

ਸੁਸ਼ੀਲ ਰਿੰਕੂ ਨੇ ਜਲੰਧਰ ਪੱਛਮੀ ਹਲਕੇ ਤੋਂ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜੀ ਸੀ ਤੇ ਉਹ ਜੇਤੂ ਰਹੇ ਸਨ। ਦੂਜੀ ਵਾਰ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਆਗੂ ਸ਼ੀਤਲ ਅੰਗੁਰਾਲ ਤੋਂ ਹਾਰ ਗਏ ਸਨ। ਲੋਕ ਸਭਾ ਦੀ ਉਪ ਚੋਣ ਵੇਲੇ ਉਹ ਕਾਂਗਰਸ ਛੱਡ ਕੇ 'ਆਪ' ਵਿਚ ਆ ਗਏ ਸਨ। ਸੁਸ਼ੀਲ ਕੁਮਾਰ ਰਿੰਕੂ 'ਆਪ' ਦੇ ਪਹਿਲੇ ਐਮ.ਪੀ. ਬਣ ਗਏ ਹਨ ਜੋ ਜਲੰਧਰ ਤੋਂ ਲੋਕ ਸਭਾ ਵਿਚ ਨੁਮਾਇੰਦਗੀ ਕਰਨਗੇ। ਜਦੋਂ ਵੋਟਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਰਿੰਕੂ ਨੇ ਪਹਿਲੇ



ਗੇੜ ਤੋਂ ਹੀ ਲੀਡ ਬਣਾ ਲਈ ਜੋ ਅਖੀਰ ਤੱਕ ਜਾਰੀ ਰਹੀ। ਵੋਟਾਂ ਦੀ ਗਿਣਤੀ ਦੇ ਕੁੱਲ 16 ਗੇੜ ਹੋਏ ਜਿਨ੍ਹਾਂ ਸਾਰਿਆਂ ਵਿਚ ਸੁਸ਼ੀਲ ਰਿੰਕੂ ਅੱਗੇ ਰਹੇ। ਜਲੰਧਰ ਦੇ 9 ਵਿਧਾਨ ਸਭਾ ਹਲਕਿਆਂ 'ਚੋਂ 7 ਵਿਚ 'ਆਪ' ਅਤੇ ਦੋ ਵਿਚ ਕਾਂਗਰਸ ਜੇਤੂ ਰਹੀ। ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਪਹਿਲਾਂ ਤੀਜੇ ਨੰਬਰ 'ਤੇ ਚੱਲਦੇ ਆ ਰਹੇ ਸਨ ਪਰ ਉਹ ਆਖਰੀ ਗੇੜਾਂ ਵਿਚ ਪੱਛੜ ਗਏ। ਭਾਜਪਾ ਉਮੀਦਵਾਰ ਨੂੰ 1,34,706 ਵੋਟਾਂ ਮਿਲੀਆਂ, ਜਦਕਿ ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ 1,58,354 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ। ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੂੰ ਸਿਰਫ 20,354 ਵੋਟਾਂ ਹੀ ਮਿਲੀਆਂ। ਨੋਟਾ ਦਾ ਬਟਨ 6656 ਜਣਿਆਂ ਨੇ ਦਬਾਇਆ।

### ਦਲਿਤ ਪੱਤਾ ਵੀ ਕੰਮ ਨਾ ਆਇਆ

**ਜਲੰਧਰ:** ਕਾਂਗਰਸ ਨੇ ਆਪਣੀ ਚੋਣ ਮੁਹਿੰਮ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੋਣ ਪ੍ਰਚਾਰ ਵਿਚ ਉਤਾਰਿਆ ਸੀ। ਵਿਜੀਲੈਂਸ ਦੀ ਜਾਂਚ ਵਿਚ ਘਿਰੇ ਚੰਨੀ ਬਾਰੇ ਇਕ ਵਾਰ ਦਾ ਹਮਦਰਦੀ ਦੀ ਲਹਿਰ ਬਣਦੀ ਨਜ਼ਰ ਆਈ ਸੀ ਪਰ ਇਹ ਵੋਟਾਂ ਵਿਚ ਤਬਦੀਲ ਨਾ ਹੋ ਸਕੀ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਨੇ ਚੰਨੀ ਦੇ ਨਾਂ 'ਤੇ ਜਿਹੜਾ ਦਲਿਤ ਪੱਤਾ ਖੇਡਿਆ ਸੀ, ਉਹ ਨਹੀਂ ਚੱਲਿਆ। ਕਾਂਗਰਸ ਨੇ ਆਪਣੇ ਹੀ ਗੜ੍ਹ ਵਿਚ ਸਾਬਕਾ ਕਾਂਗਰਸੀ ਕੋਲੋਂ ਹੀ ਮਾਤ ਖਾਧੀ ਹੈ। ਇਸ ਜਿਮਨੀ ਚੋਣ ਲਈ ਕਾਂਗਰਸ ਦੇ ਸਾਰੇ ਛੋਟੇ-ਵੱਡੇ ਆਗੂ ਇਕਜੁੱਟ ਨਜ਼ਰ ਆਏ ਸਨ ਤੇ ਜਿਸ ਦਿਨ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਨੇ ਕਾਗ਼ਜ਼ ਦਾਖਲ ਕਰਨੇ ਸਨ, ਉਸ ਦਿਨ ਸਮੁੱਚੀ ਕਾਂਗਰਸ ਪਹਿਲੀ ਵਾਰ ਇਕਜੁੱਟ ਨਜ਼ਰ ਆਈ ਸੀ।

### ਲੋਕ ਭਲਾਈ ਦੇ ਕੰਮਾਂ ਸਦਕਾ 'ਆਪ' ਜਿੱਤੀ: ਕੇਜਰੀਵਾਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਲੰਧਰ ਲੋਕ ਸਭਾ ਜਿਮਨੀ ਚੋਣ ਵਿਚ 'ਬੇਮਿਸਾਲ ਜਿੱਤ' ਭਗਵੰਤ ਮਾਨ ਸਰਕਾਰ ਦੇ ਪੰਜਾਬ ਵਿਚ ਲੋਕ ਭਲਾਈ ਕੰਮਾਂ ਸਦਕਾ ਹੋਈ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੀ ਲਹਿਰ ਸਮੇਂ ਵੀ ਜਲੰਧਰ ਦੇ ਨੌਂ ਹਲਕਿਆਂ 'ਚੋਂ ਕਾਂਗਰਸ ਨੇ ਪੰਜ 'ਤੇ ਜਿੱਤ ਹਾਸਲ ਕੀਤੀ ਸੀ ਪਰ 'ਆਪ' ਵੱਲੋਂ ਇਕ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਨੂੰ ਦੇਖਦਿਆਂ ਹਲਕੇ ਦੇ ਲੋਕਾਂ ਨੇ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਜਿਤਾਇਆ ਹੈ।

## ਪੰਜਾਬੀਆਂ ਨੇ 'ਆਪ' ਦਾ ਲੋਕ ਸਭਾ ਵਿਚ ਖਾਤਾ ਮੁੜ ਖੋਲ੍ਹਿਆ



**ਚੰਡੀਗੜ੍ਹ:** ਜਲੰਧਰ ਸੰਸਦੀ ਹਲਕੇ 'ਚ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ (ਆਪ) ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਨੇ ਮੁੜ ਤੋਂ ਲੋਕ ਸਭਾ ਵਿਚ ਆਮ ਆਦਮੀ ਪਾਰਟੀ (ਆਪ) ਦਾ ਖਾਤਾ ਖੋਲ੍ਹ ਦਿੱਤਾ ਹੈ। ਪਹਿਲਾਂ ਵੀ ਲੋਕ ਸਭਾ ਵਿਚ 'ਆਪ' ਦੀ ਅਗਵਾਈ ਪੰਜਾਬ ਦੇ ਸੰਸਦ ਮੈਂਬਰ ਹੀ ਕਰਦੇ ਰਹੇ ਹਨ ਪਰ ਭਗਵੰਤ ਮਾਨ ਦੇ ਅਸਤੀਫੇ ਤੋਂ ਬਾਅਦ ਲੋਕ ਸਭਾ ਵਿਚੋਂ 'ਆਪ' ਦਾ ਕੋਈ ਵੀ ਉਮੀਦਵਾਰ ਨਹੀਂ ਰਿਹਾ ਸੀ।

'ਆਪ' ਨੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਅਤੇ ਦਿੱਲੀ ਵਿਚ ਜ਼ੋਰ-ਸ਼ੋਰ ਨਾਲ ਚੋਣ ਪ੍ਰਚਾਰ ਕੀਤਾ ਸੀ ਪਰ 'ਆਪ' ਨੇ ਪੰਜਾਬ ਦੀਆਂ 13 ਵਿਚੋਂ 4 ਲੋਕ ਸਭਾ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਮੁੜ 'ਆਪ' ਨੇ ਦਿੱਲੀ ਅਤੇ ਪੰਜਾਬ ਵਿਚ ਜ਼ੋਰ ਲਾਇਆ ਪਰ ਪਾਰਟੀ ਦੇ ਪੱਲੇ ਦਿੱਲੀ ਵਿਚ ਕੁਝ ਨਾ ਪਿਆ ਅਤੇ ਪੰਜਾਬ ਵਿਚ ਇਕੋ ਸੀਟ 'ਤੇ ਹੀ ਜਿੱਤ ਮਿਲ ਸਕੀ। ਇਹ ਸੀਟ ਸੰਗਰੂਰ ਲੋਕ ਸਭਾ ਹਲਕੇ ਦੀ ਸੀ, ਜਿੱਥੋਂ 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਲਗਾਤਾਰ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਸੀ।

ਭਗਵੰਤ ਮਾਨ ਨੇ ਸਾਲ 2014 ਵਿੱਚ ਆਪਣੇ ਵਿਰੋਧੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ 2,11,721 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਜਦਕਿ ਸਾਲ 2019 ਵਿਚ ਭਗਵੰਤ ਮਾਨ ਨੇ ਆਪਣੇ ਵਿਰੋਧੀ ਤੇ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੂੰ 1,10,211 ਵੋਟਾਂ ਦੇ ਫਰਕ ਨਾਲ ਹਰਾਇਆ ਸੀ ਪਰ 'ਆਪ' ਤੇ ਭਗਵੰਤ ਮਾਨ ਦੇ ਪੰਜਾਬ ਵਿੱਚ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੱਡੀ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਭਗਵੰਤ ਮਾਨ ਨੇ ਸੰਗਰੂਰ ਲੋਕ ਸਭਾ ਦੀ ਸੀਟ ਤੋਂ ਅਸਤੀਫਾ ਦੇ ਦਿੱਤਾ। ਇਸ ਨਾਲ 'ਆਪ' ਦੀ ਲੋਕ ਸਭਾ 'ਚੋਂ ਨੁਮਾਇੰਦਗੀ ਖਤਮ ਹੋ ਗਈ ਸੀ।

### ਸੰਗਰੂਰ ਜ਼ਿਮਨੀ ਚੋਣ ਵਾਲੇ ਦਾਗ ਧੋਤੇ

**ਚੰਡੀਗੜ੍ਹ:** ਸੰਗਰੂਰ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ 'ਤੇ ਲੱਗੇ ਹਾਰ ਦੇ ਦਾਗ ਜਲੰਧਰ ਦੀ ਜ਼ਿਮਨੀ ਚੋਣ ਦੇ ਨਤੀਜੇ ਨੇ ਧੋ ਦਿੱਤੇ ਹਨ। ਸੰਗਰੂਰ ਜ਼ਿਮਨੀ ਚੋਣ ਨੇ 'ਆਪ' ਦੀ ਝੋਲੀ ਨਮੋਸ਼ੀ ਪਾ ਦਿੱਤੀ ਸੀ। ਜੂਨ 2022 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਆਪਣੇ ਵਿਰੋਧੀ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਤੋਂ 5822 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਹੁਣ ਜਲੰਧਰ ਜ਼ਿਮਨੀ ਚੋਣ 'ਚ 'ਆਪ' ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਮਿਲੀ ਭਾਰੀ ਜਿੱਤ ਨੇ ਪੁਰਾਣੇ ਘਾਟੇ ਵਾਧੇ ਪੂਰੇ ਕਰ ਦਿੱਤੇ ਹਨ। ਜਲੰਧਰ ਚੋਣ ਨੇ ਮੁੜ 'ਆਪ' ਵਿਚ ਨਵਾਂ ਜੋਸ਼ ਭਰ ਦਿੱਤਾ ਹੈ।

## 'ਆਪ' ਸਰਕਾਰ ਨੂੰ ਜ਼ੀਰੋ ਬਿੱਲ ਵਾਲਾ ਫਾਰਮੂਲਾ ਰਾਸ ਆਇਆ

**ਚੰਡੀਗੜ੍ਹ:** 'ਆਪ' ਸਰਕਾਰ ਨੂੰ ਜ਼ੀਰੋ ਬਿੱਲ ਜਲੰਧਰ ਦੀ ਜ਼ਿਮਨੀ ਚੋਣ ਵਿਚ ਰਾਸ ਆ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਵਜ਼ੀਰਾਂ ਨੇ ਜ਼ਿਮਨੀ ਚੋਣ ਦੇ ਪਿੜ 'ਚ 'ਜ਼ੀਰੋ ਬਿੱਲਾਂ' ਨੂੰ ਪੂਰੀ ਤਰ੍ਹਾਂ ਪ੍ਰਚਾਰਿਆ। ਪੰਜਾਬ ਸਰਕਾਰ ਨੇ ਦੋ ਮਹੀਨਿਆਂ ਵਿਚ 600 ਬਿਜਲੀ ਯੂਨਿਟਾਂ ਦੀ ਮੁਆਫੀ ਨੂੰ ਪਹਿਲੀ ਜੁਲਾਈ 2022 ਤੋਂ ਲਾਗੂ ਕੀਤਾ ਸੀ ਅਤੇ ਅਗਸਤ ਮਹੀਨੇ ਤੋਂ ਹੀ ਘਰੇਲੂ ਬਿਜਲੀ ਦੇ ਜ਼ੀਰੋ ਬਿੱਲ ਖਪਤਕਾਰਾਂ ਨੂੰ ਜਾਣੇ ਸ਼ੁਰੂ ਹੋ ਗਏ ਸਨ।

ਵੇਰਵਿਆਂ ਅਨੁਸਾਰ ਅਪਰੈਲ 2023 ਵਿਚ ਜਲੰਧਰ ਲੋਕ ਸਭਾ ਹਲਕੇ ਵਿਚ ਘਰੇਲੂ ਬਿਜਲੀ ਦੇ 3.55 ਲੱਖ ਬਿੱਲ ਭੇਜੇ ਗਏ ਸਨ ਜਿਨ੍ਹਾਂ 'ਚੋਂ 3.13 ਲੱਖ ਬਿੱਲ 'ਜ਼ੀਰੋ' ਸਨ ਜੋ ਕਿ 88.39 ਫੀਸਦੀ ਬਣਦੇ ਹਨ। ਨਕੋਦਰ ਸਿਟੀ ਡਵੀਜ਼ਨ ਵਿਚ 88.42 ਫੀਸਦੀ, ਕਰਤਾਰਪੁਰ ਡਵੀਜ਼ਨ ਵਿਚ 87.46 ਫੀਸਦੀ, ਈਸਟ ਡਵੀਜ਼ਨ ਜਲੰਧਰ ਵਿਚ 89.79 ਫੀਸਦੀ, ਭੋਗਪੁਰ ਡਵੀਜ਼ਨ ਵਿਚ 90.31 ਫੀਸਦੀ ਪਰਿਵਾਰਾਂ ਨੂੰ ਬਿਜਲੀ ਦੇ ਜ਼ੀਰੋ ਬਿੱਲ ਅਪਰੈਲ ਮਹੀਨੇ ਵਿਚ ਪ੍ਰਾਪਤ ਹੋਏ ਸਨ। ਇਸੇ ਤਰ੍ਹਾਂ ਮਾਰਚ ਮਹੀਨੇ ਵਿਚ ਜਲੰਧਰ ਸੰਸਦੀ ਹਲਕੇ ਵਿਚ 87 ਫੀਸਦੀ ਘਰਾਂ ਨੂੰ ਜ਼ੀਰੋ ਬਿੱਲ ਮਿਲੇ ਹਨ। ਮਾਰਚ ਵਿਚ 3.54 ਲੱਖ ਕੁੱਲ ਘਰੇਲੂ ਬਿੱਲਾਂ 'ਚੋਂ 3.08 ਲੱਖ ਪਰਿਵਾਰਾਂ ਨੂੰ ਬਿਜਲੀ ਦਾ ਜ਼ੀਰੋ ਬਿੱਲ ਆਇਆ ਹੈ। ਇਸੇ ਤਰ੍ਹਾਂ ਹਲਕਾ ਜਲੰਧਰ ਕੈਂਟ ਦੇ ਕੁੱਲ 53,913 ਘਰਾਂ 'ਚੋਂ 47,946 ਪਰਿਵਾਰਾਂ ਨੂੰ ਬਿਜਲੀ ਦੇ ਜ਼ੀਰੋ ਬਿੱਲ ਪ੍ਰਾਪਤ ਹੋਏ ਸਨ। ਸਿਆਸੀ ਮਾਹਿਰਾਂ ਅਨੁਸਾਰ ਜੇਕਰ ਜਲੰਧਰ ਸੰਸਦੀ ਹਲਕੇ ਦੇ ਤਿੰਨ ਲੱਖ ਘਰਾਂ ਨੂੰ ਵੀ ਬਿਜਲੀ ਦੇ ਜ਼ੀਰੋ ਬਿੱਲ ਮਿਲੇ ਹਨ ਤਾਂ ਸਿੱਧੇ ਤੌਰ 'ਤੇ ਕਰੀਬ ਛੇ ਲੱਖ ਵੋਟਰਾਂ ਨੂੰ ਜ਼ੀਰੋ ਬਿੱਲਾਂ ਦਾ ਫਾਇਦਾ ਪੁੱਜਿਆ ਹੈ। ਸਮੁੱਚੇ ਪੰਜਾਬ ਦੀ ਗੱਲ ਕਰੀਏ ਤਾਂ ਜੁਲਾਈ 2022 ਤੋਂ ਹੁਣ ਤੱਕ ਜ਼ੀਰੋ ਬਿੱਲਾਂ ਦੀ ਸਬਸਿਡੀ ਦਾ ਬਿੱਲ 4851 ਕਰੋੜ ਰੁਪਏ ਬਣ ਗਿਆ ਹੈ।




ਵੇਰਵਿਆਂ ਅਨੁਸਾਰ 27 ਜੁਲਾਈ 2022 ਤੋਂ ਹੁਣ ਤੱਕ ਖਪਤਕਾਰਾਂ ਨੂੰ ਕੁੱਲ 3.47 ਕਰੋੜ ਬਿੱਲ ਭੇਜੇ ਗਏ ਹਨ ਜਿਨ੍ਹਾਂ 'ਚੋਂ 2.88 ਕਰੋੜ ਬਿੱਲਾਂ ਦੀ ਰਾਸ਼ੀ ਜ਼ੀਰੋ ਬਣਦੀ ਹੈ। ਇਸ ਤੋਂ ਸਾਫ ਹੈ ਕਿ ਪੰਜਾਬ ਦੇ ਸਿਰਫ 17 ਫੀਸਦੀ ਪਰਿਵਾਰ ਅਜਿਹੇ ਹਨ ਜਿਨ੍ਹਾਂ ਨੂੰ ਘਰੇਲੂ ਬਿਜਲੀ ਦਾ ਜ਼ੀਰੋ ਬਿੱਲ ਨਹੀਂ ਆਇਆ ਹੈ। ਪਾਵਰਕੌਮ ਵੱਲੋਂ 7 ਕਿੱਲੋਵਾਟ ਤੱਕ ਢਾਈ ਰੁਪਏ ਪ੍ਰਤੀ ਯੂਨਿਟ ਦੀ ਵੱਖਰੀ ਸਬਸਿਡੀ ਵੀ ਦਿੱਤੀ ਜਾ ਰਹੀ ਹੈ। ਘਰੇਲੂ ਬਿਜਲੀ ਦੀ ਸਬਸਿਡੀ ਲੈਣ ਵਾਲੇ ਕੁੱਲ ਖਪਤਕਾਰਾਂ ਦੀ ਗੱਲ ਕਰੀਏ ਤਾਂ ਪੰਜਾਬ ਵਿਚ 97.35 ਫੀਸਦੀ ਪਰਿਵਾਰਾਂ ਨੂੰ ਇਹ ਸਹੂਲਤ ਮਿਲ ਰਹੀ ਹੈ। ਹਰ ਮਹੀਨੇ ਇਹ ਕੁੱਲ ਸਬਸਿਡੀ ਲੈਣ ਵਾਲੇ 95 ਫੀਸਦੀ ਤੋਂ ਜ਼ਿਆਦਾ ਖਪਤਕਾਰ ਹੀ ਹਨ।

## ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿਚ ਪੈਰ-ਧਰਾਅ ਦੀ ਆਸ ਬੱਝੀ

**ਜਲੰਧਰ:** ਆਪਣੇ ਦਮਖਮ 'ਤੇ ਪਹਿਲੀ ਵਾਰ ਜਲੰਧਰ ਜਿਮਨੀ ਚੋਣ ਲੜਨ ਵਾਲੀ ਭਾਜਪਾ ਦੇ ਚੌਥੇ ਸਥਾਨ 'ਤੇ ਰਹਿਣ ਦੇ ਬਾਵਜੂਦ ਪਾਰਟੀ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਹੈ। ਭਾਜਪਾ ਆਗੂ ਇਸ ਉਪ ਚੋਣ ਨੂੰ 2024 ਦੀਆਂ ਆਮ ਚੋਣਾਂ ਲਈ ਇਕ 'ਜੰਗੀ ਮਸ਼ਕ' ਵਜੋਂ ਦੇਖ ਰਹੇ ਹਨ। ਭਾਜਪਾ ਆਗੂਆਂ ਅਨੁਸਾਰ ਉਨ੍ਹਾਂ ਇਕ ਰਣਨੀਤੀ ਤਹਿਤ ਇਹ ਚੋਣ ਲੜੀ। ਉਨ੍ਹਾਂ ਦਾ ਨਿਸ਼ਾਨਾ ਤੀਜੇ ਨੰਬਰ 'ਤੇ ਆਉਣਾ ਸੀ। ਭਾਵੇਂ ਉਹ ਇਸ 'ਚੋਂ ਥੋੜ੍ਹੇ ਫਰਕ ਨਾਲ ਪਿੱਛੇ ਰਹੇ ਪਰ ਉਹ ਆਪਣੀ ਕਾਰਗੁਜ਼ਾਰੀ ਤੋਂ ਖੁਸ਼ ਨਜ਼ਰ ਆ ਰਹੇ ਹਨ। ਭਾਜਪਾ ਨੂੰ 1 ਲੱਖ 34 ਹਾਜ਼ਰ 706 ਵੋਟਾਂ ਮਿਲੀਆਂ ਜਦ ਕਿ ਅਕਾਲੀ ਦਲ-ਬਸਪਾ ਗੱਠਜੋੜ 1 ਲੱਖ 58 ਹਾਜ਼ਰ 354 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੀ।

ਅਕਾਲੀ ਦਲ-ਬਸਪਾ ਗੱਠਜੋੜ ਨੂੰ ਉਪ ਚੋਣ ਵਿੱਚ 17.85 ਫੀਸਦੀ ਵੋਟਾਂ ਪਈਆਂ ਜਦ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੱਠਜੋੜ ਨੂੰ ਜਲੰਧਰ ਦੀਆਂ 9 ਵਿਧਾਨ ਸਭਾ ਸੀਟਾਂ ਤੋਂ 20.4 ਫੀਸਦੀ ਵੋਟਾਂ ਪਈਆਂ ਸਨ। ਇਸ ਤਰ੍ਹਾਂ ਅਕਾਲੀ ਦਲ ਦੀਆਂ 2.5 ਫੀਸਦੀ ਵੋਟਾਂ ਘੱਟ ਗਈਆਂ ਹਨ। ਭਾਜਪਾ ਭਾਵੇਂ ਚੌਥੇ ਨੰਬਰ 'ਤੇ ਰਹੀ ਪਰ ਉਸ ਦੀ ਵੋਟ ਫੀਸਦੀ ਤੇ ਹਲਕਿਆਂ ਅਨੁਸਾਰ ਚੰਗੀ ਕਾਰਗੁਜ਼ਾਰੀ ਰਹੀ ਹੈ। ਜਲੰਧਰ ਛਾਉਣੀ ਹਲਕੇ ਵਿੱਚ ਭਾਜਪਾ ਨੇ 17,781 ਵੋਟਾਂ ਹਾਸਲ ਕੀਤੀਆਂ ਜਦ ਕਿ ਅਕਾਲੀ ਦਲ ਨੂੰ 14,052 ਵੋਟਾਂ ਪਈਆਂ। ਸਾਲ 2022 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਇੱਥੋਂ 10 ਹਜ਼ਾਰ ਵੋਟਾਂ ਮਿਲੀਆਂ ਸਨ। ਭਾਜਪਾ ਜਲੰਧਰ ਉਤਰੀ ਤੇ ਜਲੰਧਰ ਕੇਂਦਰੀ ਤੋਂ ਜੇਤੂ ਰਹੀ, ਜਿਸ ਵਿੱਚ ਭਾਜਪਾ ਨੇ ਕ੍ਰਮਵਾਰ 31,549 ਅਤੇ 25,259 ਵੋਟਾਂ ਹਾਸਲ ਕੀਤੀਆਂ।

ਇਸੇ ਦੌਰਾਨ ਜਲੰਧਰ ਲੋਕ ਸਭਾ ਹਲਕਾ 1999 ਤੋਂ ਕਾਂਗਰਸ ਦੇ ਕਬਜ਼ੇ ਵਿਚ ਹੀ ਚੱਲਿਆ ਆ ਰਿਹਾ ਸੀ। ਉਪ ਚੋਣ ਦੇ ਨਤੀਜਿਆਂ ਨੇ ਕਾਂਗਰਸ ਲੀਡਰਸ਼ਿਪ ਨੂੰ ਸੋਚਾਂ ਵਿਚ ਪਾ ਦਿੱਤਾ ਹੈ। ਜਲੰਧਰ ਲੋਕ ਸਭਾ ਹਲਕੇ ਵਿੱਚ ਨੌਂ ਵਿਧਾਨ ਸਭਾ ਹਲਕੇ ਆਉਂਦੇ ਹਨ। ਇਨ੍ਹਾਂ ਨੌਂ ਵਿਧਾਨ ਸਭਾ ਹਲਕਿਆਂ ਵਿਚ 19 ਵੋਟਾਂ ਦੇ ਗੇੜ ਹੋਏ



ਪਰ ਕਾਂਗਰਸ ਨੂੰ ਕਿਸੇ ਇਕ ਗੇੜ ਵਿਚ ਵੀ ਜਿੱਤ ਨਸੀਬ ਨਹੀਂ ਹੋਈ ਤੇ ਨਾ ਹੀ ਕਾਂਗਰਸ ਕਿਸੇ ਗੇੜ ਵਿਚ ਅੱਗੇ ਨਿਕਲ ਸਕੀ। ਹਾਲਾਂ ਕਿ ਚੌਧਰੀ ਸੰਤੋਖ ਸਿੰਘ 2014 ਤੋਂ ਆਪਣੇ ਆਖਰੀ ਸਾਹਾਂ ਤੱਕ ਇਸ ਹਲਕੇ ਦੀ ਲੋਕ ਸਭਾ ਵਿਚ ਨੁਮਾਇੰਦਗੀ ਕਰਦੇ ਆ ਰਹੇ ਸਨ। ਇਨ੍ਹਾਂ ਹਲਕਿਆਂ ਵਿਚ ਫਿਲੌਰ ਤੇ ਕਰਤਾਰਪੁਰ ਦੋ ਅਜਿਹੇ ਹਲਕੇ ਹਨ ਜਿਹੜੇ ਚੌਧਰੀਆਂ ਦੇ ਪਰਿਵਾਰਕ ਹਲਕੇ ਮੰਨੇ ਜਾਂਦੇ ਸਨ। ਇਨ੍ਹਾਂ ਹਲਕਿਆਂ ਵਿਚ ਵੀ ਕਾਂਗਰਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਫਿਲੌਰ ਹਲਕੇ ਤੋਂ ਚੌਧਰੀ ਸੰਤੋਖ ਸਿੰਘ ਦੇ ਪੁੱਤਰ ਚੌਧਰੀ ਬਿਕਰਮਜੀਤ ਸਿੰਘ ਵਿਧਾਇਕ ਹਨ ਤੇ ਉਹ 2022 ਦੀਆਂ ਚੋਣਾਂ ਦੌਰਾਨ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੇ ਸਨ ਪਰ ਜ਼ਿਮਨੀ ਚੋਣ ਉਹ ਬੁਰੀ ਤਰ੍ਹਾਂ ਨਾਲ ਹਾਰ ਗਏ। ਇਸ ਹਲਕੇ ਤੋਂ ਕਾਂਗਰਸ ਦੀ ਉਮੀਦਵਾਰ 6,999 ਵੋਟਾਂ ਦੇ ਫਰਕ ਨਾਲ ਹਾਰ ਗਈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੌਧਰੀ ਬਿਕਰਮਜੀਤ ਸਿੰਘ 12,303 ਵੋਟਾਂ ਦੇ ਫਰਕ ਨਾਲ ਜਿੱਤੇ ਸਨ। ਇਸ ਤਰ੍ਹਾਂ ਕਰਤਾਰਪੁਰ ਹਲਕੇ ਤੋਂ ਮਰਹੂਮ ਚੌਧਰੀ ਜਗਜੀਤ ਸਿੰਘ ਜਿੱਤਦੇ ਰਹੇ ਸਨ ਤੇ ਉਨ੍ਹਾਂ ਦਾ ਪੁੱਤਰ ਚੌਧਰੀ ਸੁਰਿੰਦਰ ਸਿੰਘ 2017 ਵਿੱਚ ਪਹਿਲੀ ਵਾਰ ਵਿਧਾਇਕ ਬਣਿਆ ਸੀ। ਜਲੰਧਰ ਦੇ ਦੋ ਵਿਧਾਨ ਸਭਾ ਹਲਕਿਆਂ ਵਿਚ ਤਾਂ ਕਾਂਗਰਸ ਨੂੰ ਤੀਜੇ ਸਥਾਨ 'ਤੇ ਸਬਰ ਕਰਨਾ ਪਿਆ।

### ਲੋਕਾਂ ਨੇ ਵਿਰੋਧੀਆਂ ਦੀ ਮਾੜੀ ਸਿਆਸਤ ਨਕਾਰੀ: ਚੀਮਾ

**ਜਲੰਧਰ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜਲੰਧਰ ਵਾਸੀਆਂ ਦਾ ਧੰਨਵਾਦ ਕੀਤਾ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਲੰਧਰ ਦੇ ਲੋਕਾਂ ਨੇ ਸੁਸ਼ੀਲ ਰਿੰਕੂ ਨੂੰ ਜਿਤਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਕੰਮਾਂ 'ਤੇ ਮੋਹਰ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ ਸਪੱਸ਼ਟ ਹੈ ਕਿ ਜਲੰਧਰ ਵਾਸੀਆਂ ਨੇ ਵਿਰੋਧੀ ਪਾਰਟੀਆਂ ਦੀ ਘਟੀਆ ਰਾਜਨੀਤੀ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ।

# ਪੰਜਾਬ ਟਾਈਮਜ਼

*ਸ਼ਨਿਚਰਵਾਰ, 29 ਅਪਰੈਲ, 2023*

## ਸਾਂਝਾ ਸਿਆਸੀ ਮੁਹਾਜ਼

*ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੈਰ-ਭਾਜਪਾ ਪਾਰਟੀਆਂ ਸਾਂਝੇ ਮੰਚ 'ਤੇ ਆਉਣ ਲਈ ਸਰਗਰਮੀ ਦਿਖਾ ਰਹੀਆਂ ਹਨ।ਕੇਂਦਰ ਵਿਚ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਜਿਸ ਤਰ੍ਹਾਂ ਸਰਕਾਰ ਚਲਾਈ ਜਾ ਰਹੀ ਹੈ, ਉਸ ਬਾਰੇ ਚਿਰਾਂ ਤੋਂ ਵਿਰੋਧੀ ਧਿਰ ਦੇ ਆਗੂ ਹੀ ਨਹੀਂ ਬਲਕਿ ਸਰਕਾਰ ਵਿਚ ਸ਼ਾਮਿਲ ਐਨ.ਡੀ.ਏ. ਦੇ ਭਾਈਵਾਲ ਸਿਆਸੀ ਦਲ ਵੀ ਆਪੋ-ਆਪਣੇ ਹਿਸਾਬ ਨਾਲ ਵਿਚਾਰਾਂ ਕਰ ਰਹੇ ਹਨ। ਅਸਲ ਵਿਚ ਨਰਿੰਦਰ ਮੋਦੀ ਨੇ ਪਿਛਲੇ ਨੌਂ ਸਾਲਾਂ ਦੌਰਾਨ ਐਨ.ਡੀ.ਏ. ਨੂੰ ਸਿਫਰ ਕਰ ਕੇ ਰੱਖ ਦਿੱਤਾ ਹੈ। ਐਨ.ਡੀ.ਏ. ਤਾਂ ਕੀ, ਭਾਰਤੀ ਜਨਤਾ ਪਾਰਟੀ ਨਾਲ ਜੁੜੇ ਵਜ਼ੀਰ ਅਤੇ ਹੋਰ ਆਗੂ ਵੀ ਕੋਈ ਬਿਆਨ ਤੱਕ ਨਹੀਂ ਦੇ ਸਕਦੇ। ਇਸੇ ਕਰ ਕੇ ਹੁਣ ਜਦੋਂ ਕਰਨਾਟਕ ਵਿਚ ਕਾਂਗਰਸ ਦੀ ਜਿੱਤ ਹੋਈ ਹੈ ਤਾਂ ਸਾਂਝੇ ਮੁਹਾਜ਼ ਦੀ ਗੱਲ ਬੜੇ ਜ਼ੋਰ-ਸ਼ੋਰ ਨਾਲਉਠੀ ਹੈ। ਵਿਰੋਧੀ ਧਿਰ ਦੇ ਸਭ ਸਰਕਰਦਾ ਆਗੂ ਇਕਦਮ ਸਰਗਰਮ ਹੋ ਗਏ ਹਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਇਸ ਸਬੰਧੀ ਵੱਖ-ਵੱਖ ਆਗੂਆਂ ਨਾਲ ਮੀਟਿੰਗਾਂ ਵੀ ਕਰ ਚੁੱਕੇ ਹਨ ਜਿਨ੍ਹਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ, ਐਨ.ਸੀ.ਪੀ. ਦੇ ਸ਼ਰਦ ਪਵਾਰ, ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ, ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ, ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੇ ਊਧਵ ਠਾਕਰੇ ਅਤੇ ਕਈ ਹੋਰ ਆਗੂ ਸ਼ਾਮਲ ਹਨ।*

*ਕੁਝ ਵਰ੍ਹੇ ਪਹਿਲਾਂ ਸੀ.ਪੀ.ਆਈ., ਸੀ.ਪੀ.ਐਮ. ਅਤੇ ਹੋਰ ਖੱਬੇ ਪੱਖੀ ਪਾਰਟੀਆਂ ਅਜਿਹੇ ਤੀਜੇ ਮੁਹਾਜ਼ (ਗੈਰ-ਭਾਜਪਾ ਤੇ ਗੈਰ-ਕਾਂਗਰਸੀ) ਦੀਆਂ ਮੁਦਈ ਹੁੰਦੀਆਂ ਸਨ ਪਰ ਪਿਛਲੇ ਦਹਾਕੇ ਦੌਰਾਨ ਉਭਰੀ ਸਿਆਸਤ ਕਾਰਨ ਉਨ੍ਹਾਂ ਨੂੰ ਕਾਂਗਰਸ ਦਾ ਸਾਥ ਦੇਣ ਵਿਚ ਕੋਈ ਹਿਚਕਚਾਹਟ ਨਹੀਂ। ਇਨ੍ਹਾਂ ਸਰਗਰਮੀਆਂ ਵਿਚ ਤਿੰਨ ਆਗੂਆਂ ਨਿਤੀਸ਼ ਕੁਮਾਰ, ਸ਼ਰਦ ਪਵਾਰ ਅਤੇ ਮਲਿਕਾਰਜੁਨ ਖੜਗੇ ਦੀ ਨਿਭਾਈ ਜਾਣ ਵਾਲੀ ਭੂਮਿਕਾ ਨੂੰ ਬੜੀ ਗੰਭੀਰਤਾ ਨਾਲ ਦੇਖਿਆ ਰਿਹਾ ਹੈ। ਜੇ ਇਹ ਆਗੂ ਵੱਖ-ਵੱਖ ਪਾਰਟੀਆਂ ਨੂੰ ਨੇੜੇ ਲਿਆਉਣ ਵਿਚ ਸਫਲ ਹੋ ਜਾਂਦੇ ਹਨ ਤਾਂ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਨੂੰ 2024 ਵਾਲੀਆਂ ਲੋਕ ਸਭਾ ਚੋਣਾਂ ਵਿਚ ਤਕੜੀ ਟੱਕਰ ਹੀ ਨਹੀਂ ਦਿੱਤੀ ਜਾ ਸਕਦੀ ਸਗੋਂ ਸਰਕਾਰ 'ਤੇ ਦਾਅਵਾ ਵੀ ਕੀਤਾ ਜਾ ਸਕਦਾ ਹੈ। ਕਈ ਸੂਬਿਆਂ ਵਿਚ ਇਨ੍ਹਾਂ ਪਾਰਟੀਆਂ ਵਿਚਕਾਰ ਟਕਰਾਅ ਹੈ, ਉਂਝ ਮੁੱਖ ਮੁੱਦਾ ਇਹ ਬਣ ਸਕਦਾ ਹੈ ਕਿ ਵੱਖ-ਵੱਖ ਸੂਬਿਆਂ ਵਿਚ ਵੱਖ-ਵੱਖ ਤਰ੍ਹਾਂ ਦੇ ਮੁਹਾਜ਼ ਬਣਾਏ ਜਾਣ ਅਤੇ ਫਿਰ ਕੌਮੀ ਪੱਧਰ 'ਤੇ ਕੋਈ ਸਾਂਝਾ ਮੁਹਾਜ਼ ਬਣਾਇਆ ਜਾਵੇ। ਇਸ ਲਈ ਘੱਟੋ-ਘੱਟ ਸਾਂਝੇ ਪ੍ਰੋਗਰਾਮ ਦੀ ਜ਼ਰੂਰਤ ਵੀ ਪਵੇਗੀ ਅਤੇ ਜ਼ਿੰਮੇਵਾਰ ਆਗੂਆਂ ਨੂੰ ਬਹੁਤ ਮੁਸਤੈਦੀ ਨਾਲ ਕੰਮ ਕਰਨਾ ਪਵੇਗਾ। ਇਹ ਕਾਰਜ ਬਹੁਤ ਚੁਣੌਤੀਆਂ ਭਰਪੂਰ ਹੋਵੇਗਾ।*

*ਸਾਂਝੇ ਮੁਹਾਜ਼ ਵਾਲਿਆਂ ਨੂੰ ਇਹ ਧਿਆਨ ਵਿਚ ਰੱਖਣਾ ਪਵੇਗਾ ਕਿ ਭਾਰਤੀ ਜਨਤਾ ਪਾਰਟੀ ਚੋਣਾਂ ਜਿੱਤਣ ਨਾਲ ਹਰ ਹੀਲਾ ਅਤੇ ਹਰਬਾ ਵਰਤੇਗੀ। ਇਹ ਹੁਣੇ ਤੋਂ ਚੋਣਾਂ ਲਈ ਵੱਡੇ ਪੱਧਰ 'ਤੇ ਤਿਆਰੀ ਵਿਚ ਜੁਟ ਵੀ ਗਈ ਹੈ। ਜਨਵਰੀ 2024 ਵਿਚ ਰਾਮ ਮੰਦਰ ਬਣ ਹੋ ਜਾਵੇਗਾ ਅਤੇ ਇਸ ਨੂੰ ਪਾਰਟੀ ਦੀ ਮੁੱਖ ਪ੍ਰਾਪਤੀ ਵਜੋਂ ਪ੍ਰਚਾਰਿਆ ਜਾਵੇਗਾ। ਇਸ ਦੇ ਨਾਲ ਹੀ ਫਿਰਕੂ ਤਣਾਅ ਵਧਾਉਣ ਦੇ ਯਤਨ ਕੀਤੇ ਜਾਣਗੇ। ਇਨ੍ਹਾਂ ਪਾਰਟੀਆਂ ਨੂੰ ਇਹ ਵੀ ਧਿਆਨ ਧਰਨਾ ਪਵੇਗਾ ਕਿ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਭਾਵੇਂ ਇਹ ਜਿੱਤਦੀਆਂ ਰਹੀਆਂ ਹਨ ਪਰ ਲੋਕ ਸਭਾ ਦੀਆਂ ਚੋਣਾਂ ਦੌਰਾਨ ਜਿੱਤ ਨਹੀਂ ਸਨ ਸਕੀਆਂ। 'ਆਪ' ਨੇ 2015 ਵਿਚ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ ਸੀ ਪਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਨੂੰ ਦਿੱਲੀ 'ਚੋਂ ਇਕ ਵੀ ਸੀਟ ਹਾਸਲ ਨਹੀਂ ਹੋਈ। ਇਸੇ ਤਰ੍ਹਾਂ ਕਾਂਗਰਸ ਨੇ 2018 ਵਿਚ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਸਰਕਾਰਾਂ ਬਣਾਈਆਂ ਸਨ ਪਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਇਨ੍ਹਾਂ ਸੂਬਿਆਂ ਵਿਚ ਭਾਜਪਾ ਨੂੰ ਹੂੰਝਾ-ਫੇਰੂ ਜਿੱਤ ਮਿਲੀ ਸੀ।ਇਸੇ ਸਾਲ ਚਾਰ ਵੱਡੇ ਸੂਬਿਆਂ ਰਾਜਸਥਾਨ, ਤਿਲੰਗਾਨਾ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ। ਜਿੱਥੇ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਕਾਂਗਰਸ ਦਾ ਮੁਕਾਬਲਾ ਭਾਜਪਾ ਨਾਲ ਹੋਵੇਗਾ, ਉਥੇ ਤਿਲੰਗਾਨਾ ਵਿਚ ਭਾਰਤ ਰਾਸ਼ਟਰੀ ਸਮਿਤੀ (ਬੀ.ਆਰ.ਐਸ.)-ਭਾਜਪਾ-ਕਾਂਗਰਸ ਵਿਚਕਾਰ ਤਿਕੋਣੀ ਜਾਂ ਫਿਰ ਬੀ.ਆਰ.ਐਸ.-ਭਾਜਪਾ-ਕਾਂਗਰਸ-ਟੀ.ਡੀ.ਪੀ.) ਵਿਚਕਾਰ ਚਹੁੰਕੋਣੀ ਟੱਕਰ ਹੋਣ ਦੀਆਂਕਿਆਸਆਰਾਈਆਂ ਹਨ। ਵਿਰੋਧੀ ਪਾਰਟੀਆਂ ਨੂੰ ਇਨ੍ਹਾਂ ਵਿਰੋਧਾਭਾਸਾਂ ਦਾ ਹੱਲ ਵੀ ਕੱਢਣਾ ਪਵੇਗਾ। ਕੁਝ ਵਕਤ ਪਹਿਲਾਂ ਤੱਕ ਕਾਂਗਰਸ ਬਾਰੇ ਇਕ ਤਰ੍ਹਾਂ ਨਾਲ ਭੰਬਲਭੂਸਾ ਬਣਿਆ ਹੋਇਆ ਸੀ ਪਰ ਇਸ ਪਾਰਟੀ ਵਿਚ ਹੋਈਆਂ ਦੋ ਤਬਦੀਲੀਆਂ ਨੇ ਇਸ ਨੂੰ ਥੋੜ੍ਹਾ ਅਗਾਂਹ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਕ ਤਾਂ ਮਲਿਕਾਰਜੁਨ ਖੜਗੇ ਨੂੰ ਪਾਰਟੀ ਦੀ ਕਮਾਨ ਸੌਂਪਣ ਤੋਂ ਬਾਅਦ ਪਾਰਟੀ ਦੀ ਜਥੇਬੰਦਕ ਸਰਗਰਮੀ ਵਿਚ ਤਬਦੀਲੀ ਦੇਖਣ ਨੂੰ ਮਿਲੀ ਹੈ। ਉਹ ਦੂਜੀਆਂ ਪਾਰਟੀਆਂ ਦੇ ਆਗੂਆਂ ਤੱਕ ਪਹੁੰਚ ਕਰ ਰਹੇ ਹਨ ਅਤੇ ਦੂਜੀਆਂ ਪਾਰਟੀਆਂ ਦੇ ਆਗੂ ਉਨ੍ਹਾਂ ਨੂੰ ਹੁੰਗਾਰਾ ਵੀ ਭਰ ਰਹੇ ਹਨ। ਦੂਜੇ, ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਕੰਨਿਆਕੁਮਾਰੀ ਤੋਂ ਸ੍ਰੀਨਗਰ ਤਕ ਕੀਤੀ 'ਭਾਰਤ ਜੋੜੋ ਯਾਤਰਾ'ਵੀ ਕਾਂਗਰਸ ਨੂੰ ਡਾਵਾਂਡੋਲ ਹਾਲਤ ਵਿਚੋਂ ਕੱਢਣ ਵਿਚ ਕੁਝ ਹੱਦ ਤੱਕ ਸਫਲ ਰਹੀ ਹੈ। ਇਸ ਯਾਤਰਾ ਦੌਰਾਨ ਰਾਹੁਲ ਗਾਂਧੀ ਵਲੋਂ ਕਾਰਪੋਰੇਟ ਘਰਾਣਿਆਂ, ਫਿਰਕਾਪ੍ਰਸਤੀ, ਰਿਸ਼ਵਤਖੋਰੀ, ਮਹਿੰਗਾਈ ਅਤੇ ਬੇਰੁਜ਼ਗਾਰੀ ਬਾਰੇ ਜੋ ਪੈਂਤੜੇ ਮੱਲੇ ਹਨ, ਉਸ ਨੇ ਲੋਕਾਂ ਅਤੇ ਮੀਡੀਆ ਦਾ ਧਿਆਨ ਖਿੱਚਿਆ ਹੈ। ਦੂਜੇ ਬੰਨੇ ਇਹ ਵੀ ਸਚਾਈ ਹੈ ਕਿ ਤਕਰੀਬਨ ਸਾਰੀਆਂ ਭਾਜਪਾ ਵਿਰੋਧੀ ਪਾਰਟੀਆਂ ਦੇ ਆਪੋ-ਆਪਣੇ ਸਿਆਸੀ ਏਜੰਡੇ ਹਨ। ਇਨ੍ਹਾਂ ਪਾਰਟੀਆਂ ਦੇ ਆਗੂ ਚਾਹੁੰਦੇ ਤਾਂ ਹਨ ਕਿ ਕਿਸੇ ਢੰਗ ਨਾਲ ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਦੀ ਨਿਰੰਕੁਸ਼ ਸਰਕਾਰ ਤੋਂ ਖਹਿੜਾ ਛੁਡਾਇਆ ਜਾਵੇ ਪਰ ਖੁਦ ਇਸ ਕਾਰਜ ਲਈ ਕੋਈ ਕੁਰਬਾਨੀ ਦੇਣ ਲਈ ਬਹੁਤੇ ਤਿਆਰ ਨਹੀਂ। ਇਸੇਕਰ ਕੇ ਬੀਜੂ ਜਨਤਾ ਦਲ, ਬਹੁਜਨ ਸਮਾਜ ਪਾਰਟੀ ਤੇ ਕਈ ਹੋਰ ਪਾਰਟੀਆਂ ਸਾਂਝੇ ਮੁਹਾਜ਼ ਦੇ ਯਤਨਾਂ ਤੋਂ ਅਜੇ ਵੀਬਾਹਰ ਹੀ ਹਨ। ਫਿਰ ਵੀ ਆਉਣ ਵਾਲਾ ਸਮਾਂ ਤੈਅ ਕਰੇਗਾ ਕਿ ਇਨ੍ਹਾਂ ਵਿਰੋਧੀ ਪਾਰਟੀ ਵਿਚਕਾਰ ਕਿੰਨਾ ਕੁ ਤਾਲਮੇਲ ਬੈਠਦਾ। ਭਰਵਾਂ ਤਾਲਮੇਲ ਹੀ ਭਾਜਪਾ ਅਤੇ ਮੋਦੀ ਨੂੰ ਵੰਗਾਰ ਸਕੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਐਸ.ਏ.ਡੀ.-ਸੈਡ?

ਸ਼ੱਕ-ਸ਼ੁਬ੍ਹੇ ਸਭ 'ਝਾੜੂ' ਨੇ ਹੂੰਝ ਕੇ ਜੀ, ਥਾਪੜ ਦਿੱਤੀ ਏ ਆਪ ਦੀ ਕੰਡ ਭਾਈ।
ਹਾਥੀ ਕਮਲ ਤੇ ਤੱਕੜੀ ਵਾਲਿਆਂ ਨੂੰ, ਵਿੱਚ ਮੈਦਾਨ ਦੇ ਰੱਖਿਆ ਛੰਡ ਭਾਈ।
ਦਿਨੇ ਰਾਤ ਜੋ ਭੰਡੀ-ਪ੍ਰਚਾਰ ਕਰਦੇ, ਇੱਕੋ ਵਾਰ ਵਿੱਚ ਦਿੱਤੇ ਹਨ ਚੰਡ ਭਾਈ।
ਲੱਗਦਾ ਇਉਂ ਜਲੰਧਰ ਦੇ ਵੋਟਰਾਂ ਨੇ, ਊਜਾਂ ਲਾਉਣ ਦਾ ਦਿੱਤਾ ਏ ਦੰਡ ਭਾਈ।
'ਹਮਦਰਦੀ' ਦੀ ਵੋਟ ਵੀ ਮਿਲੀ ਹੈ ਨੀ, ਭਾਵੇਂ ਤਾਜ਼ਾ ਹੀ ਫੌਤ ਸੀ 'ਡੈਡ' ਹੋਇਆ।
'ਐਸ.ਏ.ਡੀ' ਤਾਂ ਤੀਜੇ ਥਾਂ ਡਿੱਗਿਆ ਏ, ਨਹੀਂ ਸੁਧਰਦੇ ਤਦੇ ਹੀ 'ਸੈਡ' ਹੋਇਆ !

# ਜਲੰਧਰ ਲੋਕ ਸਭਾ ਚੋਣ ਵਿਚ 'ਆਪ' ਦੀ ਜਿੱਤ ਦੇ ਮਾਇਨੇ

ਦੋ ਮਹੀਨਿਆਂ ਤੋਂ ਪੰਜਾਬ ਦੀ ਸਿਆਸੀ ਫਿਜ਼ਾ ਵਿਚ ਚਰਚਾ ਦਾ ਮੁੱਦਾ ਬਣੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ 58691 ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੂੰ ਹਰਾ ਕੇ ਜਿੱਤ ਲਈ ਹੈ। ਇਸ ਚੋਣ ਰਾਹੀਂ ਭਾਵੇਂ ਮਹਿਜ਼ 10 ਮਹੀਨਿਆਂ ਲਈ ਲੋਕ ਸਭਾ ਵਿਚ ਨੁਮਾਇੰਦਾ ਚੁਣਿਆ ਜਾਣਾ ਸੀ ਪਰ ਹਾਕਮ ਜਮਾਤ ਪਾਰਟੀਆਂ ਲਈ ਇਹ ਚੋਣ ਵਕਾਰ ਦਾ ਸੁਆਲ ਬਣੀ ਹੋਈ ਸੀ। ਚੋਣ ਲੜਨ ਵਾਲੀਆਂ ਚਾਰੇ-ਪੰਜੇ ਮੁੱਖ ਪਾਰਟੀਆਂ ਦਾ ਚੋਣ ਲੜਨ ਦਾ ਢੰਗ-ਤਰੀਕਾ ਲੱਗਭੱਗ ਇੱਕੋ ਜਿਹਾ ਰਿਹਾ। ਕਿਸੇ ਵੀ ਪਾਰਟੀ ਨੇ ਚੋਣਾਂ ਵਿਚ ਲੋਕ ਮੁੱਦੇ ਉਭਾਰਨ ਦੀ ਕੋਸ਼ਿਸ਼ ਨਹੀਂ ਕੀਤੀ ਬਲਕਿ ਸਿਰਫ 'ਕੁਰਸੀ' ਹਾਸਲ ਕਰਨ ਲਈ ਜਾਇਜ਼-ਨਾਜਾਇਜ਼ ਢੰਗ ਨਾਲ ਜੱਦੋਜਹਿਦ ਕੀਤੀ ਹੈ।

ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਇਸ ਚੋਣ ਦੌਰਾਨ ਜਿੱਤਣ ਲਈ ਤਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਹੀ ਲੜ ਰਹੀਆਂ ਸਨ ਜਦਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਤਾਂ ਆਪਣੀ ਹੋਂਦ ਬਚਾਉਣ ਲਈ ਜੱਦੋਜਹਿਦ ਕਰ ਰਹੀਆਂ ਸਨ। ਇਸ ਚੋਣ ਵਿਚ ਦੁਆਬੇ ਦੇ ਡੇਰਿਆਂ/ਧਾਰਮਿਕ ਸੰਸਥਾਵਾਂ ਨੇ ਵੀ ਭੂਮਿਕਾ ਨਿਭਾਈ ਹੈ।




**ਨਵਕਿਰਨ ਸਿੰਘ ਪੱਤੀ**

**ਈਮੇਲ:** n4navkiran@gmail.com


ਇਹ ਵੀ ਤੱਥ ਹੈ ਕਿ ਇਸ ਚੋਣ ਵਿਚ 54.5 ਫੀਸਦ ਵੋਟਰਾਂ ਨੇ ਵੋਟਾਂ ਪਾਈਆਂ ਹਨ, ਭਾਵ ਹਲਕੇ ਦੇ 7,37,173 ਵੋਟਰ ਵੋਟ ਪਾਉਣ ਨਹੀਂ ਆਏ; ਜਿਨ੍ਹਾਂ ਨੇ ਵੋਟਾਂ ਪਾਈਆਂ ਉਹਨਾਂ ਵਿਚੋਂ ਵੀ 6656 ਵੋਟਰਾਂ ਨੇ ਸਾਰੇ ਉਮੀਦਵਾਰਾਂ ਨੂੰ ਰੱਦ ਕਰ ਕੇ 'ਨੋਟਾ' ਦਾ ਬਟਨ ਦੱਬ ਦਿੱਤਾ। ਅੰਕੜਿਆਂ ਦੇ ਹਿਸਾਬ ਨਾਲ ਦੇਖੀਏ ਤਾਂ ਜਲੰਧਰ ਹਲਕੇ ਦੇ ਕੁੱਲ ਵੋਟਰਾਂ ਵਿਚੋਂ ਮਹਿਜ਼ 18.64 ਫੀਸਦ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਜੇਤੂ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੋਟ ਪਾਈ ਹੈ ਤੇ ਕੁੱਲ ਪੋਲ ਹੋਈਆਂ ਵੋਟਾਂ ਵਿਚੋਂ ਇਹ ਰਿੰਕੂ ਦਾ ਅੰਕੜਾ 34.05 ਫੀਸਦ ਬਣਦਾ ਹੈ। ਵੈਸੇ ਇਸ ਚੋਣ ਵਿਚ ਨੀਟੂ ਸ਼ਟਰਾਂਵਾਲਾ ਨੂੰ ਪਈਆਂ 4599 ਵੋਟਾਂ ਤੋਂ ਵੋਟਰਾਂ ਦੀ ਮਾਨਸਿਕਤਾ ਸਮਝੀ ਜਾ ਸਕਦੀ ਹੈ ਕਿ ਵੋਟਰਾਂ ਦੀ ਕਿਸੇ ਆਮ ਜਾਂ ਖਾਸ ਪਾਰਟੀ ਦੇ ਪੱਖ ਵਿਚ ਲਹਿਰ ਨਹੀਂ ਸੀ ਬਲਕਿ ਉਹ ਸਿਰਫ ਵੋਟ ਪਾਉਣ ਲਈ ਹੀ ਵੋਟ ਪਾ ਕੇ ਆਏ ਹਨ। ਦਹਾਕਿਆਂ ਤੋਂ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀਆਂ ਰਵਾਇਤੀ ਪਾਰਟੀਆਂ ਦੇ ਲੋਕ ਵਿਰੋਧੀ ਕਾਰ-ਵਿਹਾਰ ਕਾਰਨ ਲੋਕਾਂ ਦੇ ਮਨ ਵਿਚ ਨਫਰਤ ਬਣੀ ਹੋਈ ਹੈ। ਨਵੀਂ ਪਾਰਟੀ ਪ੍ਰਤੀ ਲੋਕਾਂ ਦੀ ਨਾਰਾਜ਼ਗੀ ਜ਼ਾਹਿਰ ਹੋ ਰਹੀ ਹੈ, ਇਸ ਲਈ ਲੋਕਾਂ ਦਾ ਰਲਵਾਂ-ਮਿਲਵਾਂ ਪ੍ਰਤੀਕਰਮ ਦੇਖਣ ਨੂੰ ਮਿਲਿਆ। ਲੋਕਾਂ ਨੇ ਦਿੱਤੀ ਹੋਈ ਹਾਲਤ ਵਿਚੋਂ 'ਆਪ' ਨੂੰ ਚੁਣਨਾ ਠੀਕ ਸਮਝਿਆ ਹੋਵੇਗਾ।

ਵੈਸੇ ਵੀ ਪੰਜਾਬ ਵਿਚ ਪਿਛਲੇ ਡੇਢ ਸਾਲ ਦੌਰਾਨ ਤਿੰਨ ਵਾਰ ਵੋਟਾਂ ਪਈਆਂ ਹਨ ਜਿਨ੍ਹਾਂ ਵਿਚੋਂ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਨੇ ਕਾਂਗਰਸ, ਅਕਾਲੀ-ਭਾਜਪਾ ਵਰਗੀਆਂ ਰਵਾਇਤੀ ਪਾਰਟੀਆਂ ਨੂੰ ਹਰਾਉਣ ਲਈ ਵੋਟ ਪਾਈ ਤੇ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ 'ਆਪ' ਨੂੰ ਹਰਾਉਣ ਲਈ ਵੋਟ ਪਾਈ ਤੇ ਹੁਣ ਜਲੰਧਰ ਵਿਚ ਰਲਵੀਂ ਜਿਹੀ ਵੋਟ ਪਾਈ।

ਜਿਹੜੇ 'ਆਪ' ਆਗੂ ਜਾਂ ਮੀਡੀਆ ਕਰਮੀ ਇਹ ਦਾਅਵਾ ਕਰ ਰਹੇ ਹਨ ਕਿ ਜਲੰਧਰ ਵਿਚ ਸੂਬਾ ਸਰਕਾਰ ਦੇ ਪੱਖ ਵਿਚ ਲਹਿਰ ਨਜ਼ਰ ਆਈ ਜਾਂ ਲੋਕਾਂ ਨੇ ਭਗਵੰਤ ਮਾਨ ਦੇ ਕੰਮਾਂ ਨੂੰ ਵੇਖ ਕੇ ਵੋਟਾਂ ਪਾਈਆਂ, ਉਹ ਇੱਕ ਸੁਸ਼ੀਲ ਕੁਮਾਰ ਦੇ ਪੱਖ ਵਿਚ ਪਈਆਂ ਵੋਟਾਂ ਦਾ ਅੰਕੜਾ ਦੇਖ ਕੇ ਅੰਤਰ-ਝਾਤ ਮਾਰ ਕੇ ਦੱਸਣ ਕਿ ਕੀ ਉਹ ਸੱਚ ਬੋਲ ਰਹੇ ਹਨ। ਜੇ ਸਰਕਾਰ ਦੇ ਕੰਮਾਂ ਤੋਂ ਖੁਸ਼ ਹੋ ਕੇ ਲੋਕ ਵੋਟਾਂ ਪਾਉਣ ਆਉਂਦੇ ਤਾਂ ਜਲੰਧਰ ਹਲਕੇ ਦੇ ਕੁੱਲ ਵੋਟਰਾਂ ਵਿਚੋਂ ਸਿਰਫ 18.64 ਫੀਸਦ ਵੋਟਰ ਹੀ ਝਾੜੂ ਵਾਲਾ ਬਟਨ ਦੱਬਣ ਲਈ ਨਾ ਆਉਂਦੇ ਬਲਕਿ ਇਹ ਅੰਕੜਾ 50 ਫੀਸਦ ਤੋਂ ਪਾਰ ਦਿਸਦਾ।

ਇਹ ਸੱਚ ਹੈ ਕਿ 600 ਮੁਫਤ ਬਿਜਲੀ ਦੇਣ ਦਾ ਅਸਰ ਜਲੰਧਰ ਚੋਣ ਵਿਚ ਦੇਖਣ ਨੂੰ ਮਿਲਿਆ ਹੈ। ਠੰਢ ਕਾਰਨ ਬਿਜਲੀ ਦੀ ਲਾਗਤ ਘੱਟ ਹੋਈ ਹੈ ਤੇ ਪਿਛਲੇ 6 ਮਹੀਨੇ ਤੋਂ ਜ਼ਿਆਦਾਤਰ ਲੋਕਾਂ ਨੂੰ ਬਿਜਲੀ ਦੇ ਬਿਲ ਜ਼ੀਰੋ ਆਏ ਹਨ ਪਰ ਇਹ ਵਕਤੀ ਵਰਤਾਰਾ ਹੈ। ਜੇ ਇਹੋ ਚੋਣ ਦੋ ਮਹੀਨੇ ਬਾਅਦ ਹੁੰਦੀ, ਸ਼ਾਇਦ ਬਿਜਲੀ ਦੇ ਬਿੱਲਾਂ ਦਾ ਬਹੁਤਾ ਅਸਰ ਦੇਖਣ ਨੂੰ ਨਾ ਮਿਲਦਾ ਕਿਉਂਕਿ 601 ਯੂਨਿਟ ਦੀ ਲਾਗਤ 'ਤੇ ਪੂਰਾ ਬਿਲ ਵਸੂਲਿਆ ਜਾਂਦਾ ਹੈ। ਮੁਫਤ ਬਿਜਲੀ ਦੇਣ ਦੇ ਜਿਸ ਤਰਕ ਨੂੰ ਧੁਰਾ ਬਣਾ ਕੇ ਜਲੰਧਰ ਚੋਣ ਲੜੀ ਗਈ, ਉਹ ਨਾ ਹੀ ਤਾਂ ਕੋਈ 'ਬਦਲਾਅ' ਵਾਲੀ ਗੱਲ ਹੈ ਤੇ ਨਾ ਹੀ ਕੋਈ ਕ੍ਰਾਂਤੀਕਾਰੀ ਕਦਮ ਹੈ ਬਲਕਿ ਸਿਰਫ ਲੋੜਵੰਦਾਂ ਨੂੰ ਮੁਫਤ ਬਿਜਲੀ ਦੇਣ ਦੀ ਥਾਂ ਸਭਨਾਂ ਲਈ ਮੁਫਤ ਬਿਜਲੀ ਦੇਣ ਦੀ ਗੱਲ ਕਰਜ਼ੇ ਦੇ ਬੋਝ ਹੇਠ ਦੱਬੇ ਸੂਬੇ 'ਤੇ ਵਾਧੂ ਭਾਰ ਪਾਉਣ ਵਾਲੀ ਗੱਲ ਹੈ। ਹੁਣ ਚੋਣ ਨਤੀਜੇ ਬਾਅਦ ਬਿਜਲੀ ਦਰਾਂ ਵਿਚ ਵੀ ਵਾਧਾ ਕਰ ਦਿੱਤਾ ਗਿਆ ਹੈ।



ਪੰਜਾਬ ਦੇ ਭਖਵੇਂ ਤੇ ਲੋਕਾਂ ਨਾਲ ਜੁੜੇ ਮਸਲੇ 'ਸਭਨਾ ਲਈ ਰੁਜ਼ਗਾਰ', ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤਾ, ਸਭਨਾਂ ਲਈ ਮੁਫਤ ਸਿੱਖਿਆ ਤੇ ਸਿਹਤ ਸਹੂਲਤਾਂ, ਕੱਚੇ ਕਾਮੇ ਪੱਕੇ ਕਰਨਾ, ਨਸ਼ਿਆਂ ਦਾ ਖਾਤਮਾ, ਬੇਲੋੜਾ ਪਰਵਾਸ ਰੋਕਣ ਲਈ ਕਦਮ ਚੁੱਕਣਾ, ਮਜ਼ਦੂਰਾਂ ਨੂੰ ਡੀਪੂਆਂ ਰਾਹੀਂ ਸਸਤੇ ਭਾਅ ਅਨਾਜ ਦੇਣਾ, ਮਗਨਰੇਗਾ ਲਾਗੂ ਕਰਨਾ, ਵਾਤਾਵਰਨ, ਕਿਸਾਨ ਪੱਖੀ ਖੇਤੀ ਨੀਤੀ ਆਦਿ ਹਨ ਲੇਕਿਨ ਸਦਕੇ ਜਾਈਏ ਇਹਨਾਂ ਹਾਕਮ ਜਮਾਤ ਪਾਰਟੀਆਂ ਦੇ, ਇਹਨਾਂ ਨੇ ਜਲੰਧਰ ਚੋਣ ਵਿਚ ਇਹਨਾਂ ਮੁੱਦਿਆਂ 'ਤੇ ਸਾਰਥਿਕ ਚਰਚਾ ਛੇੜਨੀ ਵੀ ਠੀਕ ਨਹੀਂ ਸਮਝੀ।

ਸੱਤਾ ਦੀ ਲਾਲਸਾ ਤੇ ਸਿਆਸੀ ਮੌਕਾਪ੍ਰਸਤੀ ਇਸ ਹੱਦ ਤੱਕ ਹੈ ਕਿ ਆਮ ਆਦਮੀ ਪਾਰਟੀ ਨੇ ਜਿਸ ਸੁਸ਼ੀਲ ਰਿੰਕੂ ਨੂੰ ਜਿਤਾਉਣ ਲਈ ਸੂਬੇ ਦੀ ਪੂਰੀ ਸਟੇਟ ਮਸ਼ੀਨਰੀ ਝੋਕ ਦਿੱਤੀ, ਉਹੀ ਰਿੰਕੂ ਟਿਕਟ ਦੇਣ ਤੋਂ ਇੱਕ ਦਿਨ ਪਹਿਲਾਂ ਤੱਕ ਕੱਟੜ ਕਾਂਗਰਸੀ ਸੀ। ਉਸ ਨੇ 2017 'ਚ ਜਲੰਧਰ ਪੱਛਮੀ ਹਲਕੇ ਤੋਂ ਵਿਧਾਨ ਸਭਾ ਦੀ ਚੋਣ ਕਾਂਗਰਸ ਦੀ ਤਰਫੋਂ ਲੜ ਕੇ ਜਿੱਤੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਸੁਸ਼ੀਲ ਰਿੰਕੂ ਨੇ ਇਹ ਚੋਣ ਕਾਂਗਰਸ ਦੀ ਤਰਫੋਂ ਲੜੀ ਸੀ ਲੇਕਿਨ ਉਸਨੂੰ 'ਆਪ' ਆਗੂ ਸ਼ੀਤਲ ਅੰਗੁਰਾਲ ਨੇ ਹਰਾ ਦਿੱਤਾ ਸੀ; ਭਾਵ ਇਸੇ ਰਿੰਕੂ ਨੂੰ ਡੇਢ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੇ ਸਟੇਜਾਂ 'ਤੇ ਖੂਬ ਭੰਡਿਆ ਸੀ। 5 ਅਪਰੈਲ ਦੀ ਸਵੇਰ ਤੱਕ ਕੱਟੜ ਕਾਂਗਰਸੀ ਰਿੰਕੂ ਹੁਣ ਲੋਕ ਸਭਾ ਵਿਚ ਉਹ 'ਆਪ' ਦਾ ਇੱਕੋ-ਇੱਕ ਨੁਮਾਇੰਦਾ ਹੈ, ਉਹ ਹੁਣ ਅੱਗੇ ਕੀ ਕਰਦਾ ਹੈ, ਇਹ ਵੀ ਦੇਖਣਯੋਗ ਹੋਵੇਗਾ।

ਕਾਂਗਰਸ ਪਾਰਟੀ ਦੀ ਸੂਬਾਈ ਲੀਡਰਸ਼ਿਪ ਵੱਲੋਂ ਵਿਰੋਧੀ ਧਿਰ ਦੀ ਭੂਮਿਕਾ ਅਦਾ ਕਰਦਿਆਂ ਲੋਕ ਮਸਲਿਆਂ 'ਤੇ ਸਰਕਾਰ ਨੂੰ ਘੇਰਨ ਦੀ ਬਜਾਏ ਦੋਸਤੀ ਮੈਚ ਖੇਡਿਆ ਜਾ ਰਿਹਾ ਹੈ। ਕੁਝ ਮਹੀਨੇ ਪਹਿਲਾਂ ਹੋਈ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਚੋਣ ਜਿੱਤੀ ਸੀ ਲੇਕਿਨ ਹੁਣ ਜਲੰਧਰ ਤੋਂ ਚੋਣ ਲੜੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਕਿਸੇ ਮੁਕਾਬਲੇ ਵਿਚ ਹੀ ਨਜ਼ਰ ਨਹੀਂ ਆਏ। ਉਸ ਨੂੰ ਸਿਰਫ 20354 ਵੋਟਾਂ ਹੀ ਮਿਲੀਆਂ ਹਾਲਾਂਕਿ ਇਹ ਵੀ ਤੱਥ ਹੈ ਕਿ ਸਿਮਰਨਜੀਤ ਸਿੰਘ ਮਾਨ ਨੇ ਇਸ ਚੋਣ ਵਿਚ ਜ਼ੋਰ ਮਾਰ ਕੇ ਪ੍ਰਚਾਰ ਨਹੀਂ ਕੀਤਾ।

ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਸੁੱਖੀ 1,58,354 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ। ਇੱਕ ਤਾਂ ਜਲੰਧਰ ਹਲਕਾ ਬਸਪਾ ਦਾ ਗੜ੍ਹ ਰਿਹਾ ਹੈ, ਦੂਜਾ ਡਾ. ਸੁੱਖੀ ਦਾ ਪਿਛੋਕੜ ਬਸਪਾ ਦਾ ਰਿਹਾ ਹੈ; ਇਸੇ ਕਰ ਕੇ ਸੁਖਬੀਰ ਸਿੰਘ ਬਾਦਲ ਨੇ ਗੱਠਜੋੜ ਕਰ ਕੇ ਇਸ ਗੱਲ ਦਾ ਖੂਬ ਲਾਹਾ ਲਿਆ ਹੈ। ਹੋਂਦ ਬਚਾਉਣ ਦੀ ਲੜਾਈ ਲੜ ਰਹੇ ਬਾਦਲ-ਮਜੀਠੀਆ ਦਾ ਮੰਤਵ ਭਾਜਪਾ ਤੋਂ ਵੱਧ ਵੋਟਾਂ ਲੈ ਕੇ ਭਾਜਪਾ ਨੂੰ ਇਹ ਅਹਿਸਾਸ ਕਰਵਾਉਣਾ ਹੈ ਕਿ ਗੱਠਜੋੜ ਦੋਵਾਂ ਪਾਰਟੀਆਂ ਦੀ ਮਜਬੂਰੀ ਹੈ ਤੇ ਗੱਠਜੋੜ ਵਿਚ ਮੁੱਖ ਮੰਤਰੀ ਦਾ ਅਹੁਦਾ ਅਕਾਲੀ ਦਲ ਨੂੰ ਮਿਲ ਜਾਵੇ। ਅਕਾਲੀ ਦਲ (ਬਾਦਲ) ਕਿਸੇ ਵੀ ਸਮੇਂ ਬਸਪਾ ਨੂੰ ਛੱਡ ਕੇ ਭਾਜਪਾ ਨਾਲ ਗੱਠਜੋੜ ਕਰਨ ਦੀ ਮੌਕਾਪ੍ਰਸਤੀ ਤੱਕ ਜਾ ਸਕਦਾ ਹੈ। ਮੀਡੀਆ ਰਾਹੀਂ ਲੋਕਾਂ ਦੇ ਮਨਾਂ ਵਿਚ ਇਸ ਦਲੀਲ ਨੂੰ ਉਤਾਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਉਂਝ ਅਕਾਲੀ ਦਲ-ਬਸਪਾ ਗੱਠਜੋੜ ਨੂੰ ਇਸ ਜ਼ਿਮਨੀ ਚੋਣ ਵਿਚ 17.85 ਫੀਸਦੀ ਵੋਟਾਂ ਪਈਆ ਜਦਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਸ ਗੱਠਜੋੜ ਨੂੰ ਜਲੰਧਰ ਦੀਆਂ 9 ਵਿਧਾਨ ਸਭਾ ਸੀਟਾਂ ਤੋਂ 20 ਫੀਸਦ ਦੇ ਕਰੀਬ ਵੋਟਾਂ ਪਈਆਂ ਸਨ।

ਅਕਾਲੀ ਦਲ (ਬਾਦਲ) ਵਰਗਾ ਬਸਪਾ ਵੀ ਸਿਰੇ ਦੀ ਮੌਕਾਪ੍ਰਸਤ ਪਾਰਟੀ ਹੈ, ਅੱਜ ਜਦੋਂ ਦੇਸ਼ ਵਿਚ ਦਲਿਤ ਭਾਈਚਾਰੇ 'ਤੇ ਹਮਲੇ ਹੋ ਰਹੇ ਹਨ ਤਾਂ ਦਲਿਤ ਭਾਈਚਾਰੇ ਨਾਲ ਫੋਕਾ ਹੇਜ ਜਿਤਾਉਣ ਵਾਲੀ ਬਸਪਾ ਮਸਲੇ ਉਠਾਉਣ ਦੀ ਬਜਾਏ ਸੱਤਾ ਦੀ ਲਾਲਸਾ ਵਿਚ ਮੌਕਾਪ੍ਰਸਤੀ ਕਰ ਰਹੀ ਹੈ।

ਚੋਣ ਨਤੀਜੇ ਦੇ ਸ਼ੁਰੂਆਤੀ ਰੁਝਾਨ ਵਿਚ ਤੀਜੇ ਨੰਬਰ 'ਤੇ ਚੱਲਦੇ ਆ ਰਹੇ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ 1,34,706 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ। ਭਾਜਪਾ ਲਈ ਇਹ ਖੁਸ਼ੀ ਦਾ ਸਬਬ ਰਿਹਾ ਕਿ ਚੌਥੇ ਸਥਾਨ 'ਤੇ ਰਹਿਣ ਦੇ ਬਾਵਜੂਦ ਜਲੰਧਰ ਛਾਉਣੀ ਹਲਕੇ ਤੋਂ ਭਾਜਪਾ ਨੂੰ ਅਕਾਲੀ ਦਲ ਨਾਲੋਂ 3729 ਵੋਟਾਂ ਜ਼ਿਆਦਾ ਪਈਆਂ ਤੇ ਇਸ ਹਲਕੇ ਤੋਂ ਭਾਜਪਾ ਦੀਆਂ ਵੋਟਾਂ ਲੰਘੀਆਂ ਵਿਧਾਨ ਸਭਾ ਚੋਣਾਂ ਤੋਂ ਜ਼ਿਆਦਾ ਮਿਲੀਆਂ। ਜਲੰਧਰ ਲੋਕ ਸਭਾ ਦੀਆਂ 9 ਵਿਧਾਨ ਸਭਾ ਸੀਟਾਂ ਵਿਚੋਂ ਭਾਜਪਾ ਜਲੰਧਰ ਉਤਰੀ ਅਤੇ ਜਲੰਧਰ ਕੇਂਦਰੀ ਤੋਂ ਅੱਗੇ ਰਹੀ। ਬੇਸ਼ੱਕ ਭਾਜਪਾ ਨੇ ਕਾਂਗਰਸ, ਅਕਾਲੀ ਦਲ ਵਿਚੋਂ ਕੈਪਟਨ, ਜਾਖੜ, ਅਟਵਾਲ ਵਰਗੇ ਚੋਟੀ ਦੇ ਲੀਡਰ ਸ਼ਾਮਲ ਕਰ ਲਏ ਹਨ ਤੇ ਕੇਂਦਰੀ ਮੰਤਰੀਆਂ ਨੇ ਲਗਾਤਾਰ ਪੰਜਾਬ ਗੇੜੇ ਮਾਰੇ ਪਰ ਜਲੰਧਰ ਚੋਣ ਨੇ ਇਹ ਸਾਬਤ ਕਰ ਦਿੱਤਾ ਕਿ ਪੰਜਾਬ ਦੇ ਲੋਕ ਭਾਜਪਾ ਵਰਗੀ ਫਿਰਕੂ ਪਾਰਟੀ ਨੂੰ ਪਸੰਦ ਨਹੀਂ ਕਰਦੇ ਹਨ। ਵੈਸੇ ਉਮੀਦਵਾਰ ਖੜ੍ਹੇ ਕਰਨ ਵਿਚ 'ਆਪ' ਅਤੇ ਭਾਜਪਾ ਦੀ ਮੌਕਾਪ੍ਰਸਤੀ ਇਕੋ ਜਿਹੀ ਹੈ। 'ਆਪ' ਨੇ ਕਾਂਗਰਸ ਵਿਚੋਂ ਲਿਆ ਕੇ ਉਮੀਦਵਾਰ ਖੜ੍ਹਾ ਕੀਤਾ ਤੇ ਭਾਜਪਾ ਨੇ ਹਲਕਾ ਕੂਮਕਲਾਂ ਤੋਂ 2002 ਦੀ ਚੋਣ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਟਿਕਟ 'ਤੇ ਜਿੱਤੇ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਖੜ੍ਹਾ ਕੀਤਾ।

ਜਲੰਧਰ ਚੋਣ ਦੌਰਾਨ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੂੰ ਲੈ ਕੇ 'ਆਪ' ਦੀ ਟਰੋਲ ਟੀਮ ਵੱਲੋਂ ਬਹੁਤ ਤਰ੍ਹਾਂ ਦੇ ਕਮੈਂਟ ਕੀਤੇ ਗਏ ਪਰ ਉਹਨਾਂ ਦਾ ਦਰਦ ਕਿਸੇ ਨੇ ਮਹਿਸੂਸ ਨਹੀਂ ਕੀਤਾ। ਸਿੱਧੂ ਮੂਸੇਵਾਲਾ ਦੇ ਕਤਲ ਲਈ ਜ਼ਿੰਮੇਵਾਰ ਕਈ ਮੁਲਜ਼ਮ ਅਜੇ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਜੇਲ੍ਹ ਵਿਚੋਂ ਲਾਰੈਂਸ ਬਿਸ਼ਨੋਈ ਦੀਆਂ ਹੈਰਾਨੀਜਨਕ ਇੰਟਰਵਿਊ ਆਈਆਂ ਹਨ।

ਸੋ ਜਲੰਧਰ ਦੀ ਚੋਣ ਮੁੱਦਿਆਂ ਵਿਹੂਣੀ ਚੋਣ ਸੀ ਜਿਸ ਨੂੰ ਜਿੱਤਣ ਲਈ ਚਾਰਾਂ ਪਾਰਟੀਆਂ ਨੇ ਹਰ ਹਰਵਾ ਵਰਤਿਆ। ਲੋਕਾਂ ਨੂੰ ਚੋਣਾਂ ਦੇ ਇਸ ਚੱਕਰਵਿਊ ਵਿਚ ਇਸ ਕਦਰ ਗ੍ਰਸਤ ਕਰ ਦਿੱਤਾ ਗਿਆ ਹੈ ਕਿ ਉਹ ਲਤੀਫਪੁਰਾ ਦਾ ਉਜਾੜਾ ਵੀ ਅਣਗੌਲਿਆਂ ਕਰ ਗਏ।

# ਕਰਨਾਟਕ: ਕਾਂਗਰਸ ਨੇ ਦੱਖਣ ‘ਚ ਭਾਜਪਾ ਦਾ ਇਕਲੌਤਾ ਕਿਲ੍ਹਾ ਢਾਹਿਆ

**ਬੰਗਲੂਰੂ:** ਕਰਨਾਟਕ ਵਿਚ ਕਾਂਗਰਸ ਆਪਣੇ ਪੱਧਰ ‘ਤੇ ਬਹੁਮਤ ਹਾਸਲ ਕਰਕੇ 10 ਸਾਲਾਂ ਮਗਰੋਂ ਸੂਬੇ ਦੀ ਸੱਤਾ ਹਾਸਲ ਕਰਨ ‘ਚ ਕਾਮਯਾਬ ਰਹੀ ਹੈ। ਕਾਂਗਰਸ ਨੇ ਦੱਖਣ ‘ਚ ਭਾਜਪਾ ਦੇ ਇਕਲੌਤੇ ਕਿਲ੍ਹੇ ਨੂੰ ਢਾਹ ਲਾਉਂਦਿਆਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਿੜ ਮਘਾ ਦਿੱਤਾ ਹੈ।

ਵਿਧਾਨ ਸਭਾ ਲਈ 10 ਮਈ ਨੂੰ ਪਈਆਂ ਵੋਟਾਂ ਦੀ ਜਦੋਂ ਗਿਣਤੀ ਸ਼ੁਰੂ ਹੋਈ ਤਾਂ ਮੁੱਢਲੇ ਰੁਝਾਨਾਂ ਨੇ ਕਈ ਚੋਣ ਸਰਵੇਖਣਾਂ ਵੱਲੋਂ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਾ ਮਿਲਣ ਦੇ ਦਾਅਵਿਆਂ ਨੂੰ ਝੁਠਲਾ ਦਿੱਤਾ। ਭਾਜਪਾ ਨੂੰ ਪਿਛਲੇ ਸਾਲ ਦਸੰਬਰ ‘ਚ ਹਿਮਾਚਲ ਪ੍ਰਦੇਸ਼ ਮਗਰੋਂ ਇਹ ਦੂਜੀ ਵੱਡੀ ਹਾਰ ਮਿਲੀ ਹੈ। ਕਾਂਗਰਸ ਨੇ ਵਿਧਾਨ ਸਭਾ ਦੀਆਂ ਕੁੱਲ 224 ਸੀਟਾਂ ‘ਚੋਂ 136 ‘ਤੇ ਜਿੱਤ ਹਾਸਲ ਕੀਤੀ ਹੈ। ਭਾਜਪਾ ਨੂੰ 65 ਸੀਟਾਂ ਨਾਲ ਸਬਰ ਕਰਨਾ ਪਿਆ ਜੋ 2018 ‘ਚ ਮਿਲੀਆਂ 104 ਸੀਟਾਂ ਤੋਂ ਬਹੁਤ ਘੱਟ ਹਨ। ਕਿੰਗਮੇਕਰ ਬਣਨ ਦੀ ਆਸ ਰੱਖੀ ਬੈਠੀ ਜਨਤਾ ਦਲ (ਐੱਸ) ਨੂੰ 19 ਸੀਟਾਂ ਹੀ ਨਸੀਬ ਹੋਈਆਂ। ਪਿਛਲੀਆਂ ਚੋਣਾਂ ‘ਚ ਉਸ ਨੇ 37 ਸੀਟਾਂ ਹਾਸਲ ਕੀਤੀਆਂ ਸਨ।




ਅਹਿਮ ਦੱਖਣੀ ਸੂਬੇ ‘ਚ ਜਿੱਤ ਮਗਰੋਂ ਕਾਂਗਰਸ ਦੇ ਦੇਸ਼ ਭਰ ‘ਚ ਸਥਿਤ ਦਫਤਰਾਂ ਬੰਗਲੂਰੂ ਤੋਂ ਬੀਕਾਨੇਰ ਅਤੇ ਰਾਂਚੀ ਤੋਂ ਅਹਿਮਦਾਬਾਦ ਤੱਕ ਜਸ਼ਨ ਦਾ ਮਾਹੌਲ ਬਣ ਗਿਆ ਅਤੇ ਪਾਰਟੀ ਵਰਕਰ ਢੋਲ ਦੀ ਥਾਪ ‘ਤੇ ਨੱਚਣ ਲੱਗ ਪਏ ਤੇ ਉਨ੍ਹਾਂ ਆਤਿਸ਼ਬਾਜ਼ੀ ਵੀ ਚਲਾਈ। ਕਾਂਗਰਸ ਲਈ ਕਰਨਾਟਕ ਚੋਣਾਂ ਵੱਡੀ ਚੁਣੌਤੀ ਸਨ ਕਿਉਂਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ‘ਚ ਮੁੱਖ ਵਿਰੋਧੀ ਧਿਰ ਵਜੋਂ ਆਪਣੇ ਆਪ ਨੂੰ ਉਭਾਰਨ ਲਈ ਉਸ ਦਾ ਸਾਰਾ ਕੁਝ ਦਾਅ ‘ਤੇ ਲੱਗਾ ਹੋਇਆ ਸੀ। ਕਾਂਗਰਸ ਆਗੂ ਸਿੱਧਾਰਮੱਈਆ ਨੇ ਆਸ ਜਤਾਈ ਕਿ 2024 ‘ਚ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣਨਗੇ। ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਡੀ.ਕੇ. ਸ਼ਿਵਕੁਮਾਰ ਨੇ ਗਾਂਧੀ ਪਰਿਵਾਰ ਦੇ ਸੋਹਲੇ ਗਾਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਵੁਕ ਹੋਏ ਸ਼ਿਵਕੁਮਾਰ ਨੇ ਕਿਹਾ, “ਭਾਜਪਾ ਨੇ ਮੈਨੂੰ ਜੇਲ੍ਹ ਭੇਜਿਆ ਤਾਂ ਸੋਨੀਆ ਜੀ ਮੈਨੂੰ ਮਿਲਣ ਆਏ ਸਨ ਤੇ ਮੈਂ ਇਹ ਮੁਲਾਕਾਤ ਨਹੀਂ ਭੁੱਲ ਸਕਦਾ। ਮੈਂ ਗਾਂਧੀ ਪਰਿਵਾਰ ਤੇ ਖੜਗੇ ਨੂੰ ਯਕੀਨ ਦਿਵਾਇਆ ਸੀ ਕਿ ਕਰਨਾਟਕ ਕਾਂਗਰਸ ਦੀ ਝੋਲੀ ‘ਚ ਪਾ ਕੇ ਰਹਾਂਗਾ।”

## ‘ਕਾਂਗਰਸ ਮੁਕਤ ਭਾਰਤ’ ਚਾਹੁਣ ਵਾਲਿਆਂ ਨੂੰ ‘ਭਾਜਪਾ ਮੁਕਤ ਦੱਖਣੀ ਭਾਰਤ’ ਮਿਲਿਆ: ਖੜਗੇ

**ਬੰਗਲੂਰੂ:** ਕਾਂਗਰਸ ਪ੍ਰਧਾਨ ਐੱਮ ਮਲਿਕਾਰਜੁਨ ਖੜਗੇ ਨੇ ਕਰਨਾਟਕ ਵਿਧਾਨ ਸਭਾ ਚੋਣਾਂ ‘ਚ ਪਾਰਟੀ ਦੀ ਸ਼ਾਨਦਾਰ ਜਿੱਤ ਮਗਰੋਂ ਭਾਰਤੀ ਜਨਤਾ ਪਾਰਟੀ ਨੂੰ ਨਿਸ਼ਾਨੇ ‘ਤੇ ਲੈਂਦਿਆਂ ਕਿਹਾ ਕਿ ਜੋ ਲੋਕ ‘ਕਾਂਗਰਸ ਮੁਕਤ ਭਾਰਤ‘ ਚਾਹੁੰਦੇ ਸਨ, ਉਨ੍ਹਾਂ ਨੂੰ ‘ਭਾਜਪਾ ਮੁਕਤ ਦੱਖਣੀ ਭਾਰਤ‘ ਮਿਲਿਆ ਹੈ। ਖੜਗੇ ਨੇ ਭਾਜਪਾ ‘ਤੇ ਤਨਜ ਕਸਦਿਆਂ ਕਿਹਾ ਕਿ ਹੰਕਾਰੀ ਬਿਆਨ ਹੁਣ ਨਹੀਂ ਚੱਲਣਗੇ ਅਤੇ ਲੋਕਾਂ ਦਾ ਦੁੱਖ ਦਰਦ ਸਮਝਣਾ ਚਾਹੀਦਾ ਹੈ।

## ਸਾਲਾਂ ਬੱਧੀ ਮੌਕਾ ਦੇਣ ਲਈ ਕਰਨਾਟਕ ਦਾ ਧੰਨਵਾਦ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਈ ਸਾਲਾਂ ਤੱਕ ਭਾਜਪਾ ਨੂੰ ਸੇਵਾ ਦਾ ਮੌਕਾ ਦੇਣ ਲਈ ਕਰਨਾਟਕ ਦੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਾਰਟੀ ਸੂਬੇ ਦੀ ਭਲਾਈ ਲਈ ਕੰਮ ਜਾਰੀ ਰੱਖੇਗੀ। ਗ੍ਰਹਿ ਮੰਤਰੀ ਨੇ ਉਤਰ ਪ੍ਰਦੇਸ਼ ਦੀਆਂ ਸਥਾਨਕ ਇਕਾਈਆਂ ਦੀਆਂ ਚੋਣਾਂ ਵਿਚ ਭਾਜਪਾ ਵਰਕਰਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।

# ਭਾਰਤੀ ਜਨਤਾ ਪਾਰਟੀ ਦਾ ਫਿਰਕੂ ਪੱਤਾ ਕੰਮ ਨਾ ਆਇਆ

**ਨਵੀਂ ਦਿੱਲੀ:** ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦਾ ਫਿਰਕੂ ਪੱਤਾ ਕੰਮ ਨਾ ਆਇਆ। ਚੋਣਾਂ ਦੌਰਾਨ ਬਜਰੰਗ ਦਲ, ਬਜਰੰਗ ਬਲੀ, ਭ੍ਰਿਸ਼ਟਾਚਾਰ, ਓ.ਬੀ.ਸੀ. ਮੁਸਲਮਾਨਾਂ ਲਈ ਚਾਰ ਫੀਸਦੀ ਰਾਖਵਾਂਕਰਨ ਖਤਮ ਕਰਨ ਤੇ ਹਿਜਾਬ ਜਿਹੇ ਮੁੱਦੇ ਹਾਵੀ ਰਹੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ‘ਬਜਰੰਗ ਬਲੀ ਦੀ ਜੈ’ ਦੇ ਨਾਅਰੇ ਗੁੰਜਾ ਕੇ ਅਤੇ ਰੋਡ ਸ਼ੋਅ ਕਰਕੇ ਚੋਣ ਪ੍ਰਚਾਰ ਭਖਾਇਆ ਸੀ ਪਰ ਕਾਂਗਰਸ ਨੇ ਸਥਾਨਕ ਮੁੱਦਿਆਂ ’ਤੇ ਧਿਆਨ ਕੇਂਦਰਿਤ ਕੀਤਾ ਜਿਸ ਦੇ ਨਤੀਜੇ ਵਜੋਂ ਲੋਕਾਂ ਨੇ ਉਨ੍ਹਾਂ ਦੇ ਪੱਖ ’ਚ ਫਤਵਾ ਦਿੱਤਾ। ਪਾਰਟੀ ਨੇ ਪੰਜ ਗਾਰੰਟੀਆਂ ਵੀ ਦਿੱਤੀਆਂ ਸਨ ਜਿਨ੍ਹਾਂ ’ਚ 200 ਯੂਨਿਟ ਮੁਫਤ ਬਿਜਲੀ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਦੇ ਹਰੇਕ ਮੈਂਬਰ ਨੂੰ 10 ਕਿਲੋ ਮੁਫਤ ਚੌਲ ਦੇਣਾ ਸ਼ਾਮਲ ਸੀ। ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਆਗੂ ਸੰਜੈ ਰਾਊਤ ਨੇ ਕਿਹਾ ਹੈ ਕਿ ਕਰਨਾਟਕ ਚੋਣਾਂ ’ਚ ਭਾਜਪਾ ਦੀ ਹਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਰ ਹੈ।



ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਜਿੱਤ ਨੂੰ ਦੇਸ਼ ਨੂੰ ਜੋੜਨ ਵਾਲੀ ਰਾਜਨੀਤੀ ਦੀ ਜਿੱਤ ਕਰਾਰ ਦਿੱਤਾ ਹੈ। ਸ਼ਿਮਲਾ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਿਯੰਕਾ ਨੇ ਕਿਹਾ ਕਿ ਇਹ ਫਤਵਾ ਸਪੱਸ਼ਟ ਸੰਦੇਸ਼ ਹੈ ਕਿ ਲੋਕ ਆਪਣੀਆਂ ਸਮੱਸਿਆਵਾਂ ਦਾ ਹੱਲ ਚਾਹੁੰਦੇ ਹਨ ਅਤੇ ਮੁੱਖ ਮੁੱਦਿਆਂ ਤੋਂ ਧਿਆਨ ਹਟਾਉਣ ਦੀਆਂ ਚਾਲਾਂ ਕੰਮ ਨਹੀਂ ਆਉਣਗੀਆਂ। ਉਨ੍ਹਾਂ ਕਿਹਾ ਕਿ ਜਿੱਥੇ ਕਾਂਗਰਸ ਨੇ ਪਿਛਲੇ ਸਾਲ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ, ਉੱਥੇ ਕਰਨਾਟਕ ਚੋਣਾਂ ‘ਚ ਲੋਕਾਂ ਦੇ ਮੁੱਦਿਆਂ ਨੂੰ ਉਭਾਰਿਆ ਗਿਆ ਸੀ।

ਕਰਨਾਟਕ ਦੇ ਕਾਂਗਰਸ ਪ੍ਰਧਾਨ ਡੀ.ਕੇ. ਸ਼ਿਵਕੁਮਾਰ ਸਣੇ 12 ਪਾਰਟੀ ਉਮੀਦਵਾਰਾਂ ਨੇ 50 ਹਜ਼ਾਰ ਦੇ ਫਰਕ ਨਾਲ ਆਪਣੇ ਨੇੜਲੇ ਵਿਰੋਧੀਆਂ ਨੂੰ ਮਾਤ ਦਿੱਤੀ ਹੈ। ਕਨਕਪੁਰਾ ਹਲਕੇ ਤੋਂ ਸ਼ਿਵਕੁਮਾਰ ਨੇ 1,41,117 ਵੋਟਾਂ ਹਾਸਲ ਕੀਤੀਆਂ ਜਦੋਂ ਕਿ ਜਨਤਾ ਦਲ (ਸੈਕੂਲਰ) ਬੀ ਨਾਗਰਾਜੂ ਦੇ ਹਿੱਸੇ 20,518 ਵੋਟਾਂ ਆਈਆਂ। ਭਾਜਪਾ ਉਮੀਦਵਾਰ ਆਰ ਅਸ਼ੋਕ ਤੀਜੇ ਸਥਾਨ ‘ਤੇ ਰਹੇ। ਕਾਂਗਰਸ ਉਮੀਦਵਾਰਾਂ ਨੇ ਤਿੰਨ ਸੀਟਾਂ ‘ਤੇ ਭਾਜਪਾ ਵਿਰੋਧੀਆਂ ਨੂੰ 500 ਤੋਂ ਘੱਟ ਵੋਟਾਂ ਦੇ ਫਰਕ ਨਾਲ ਹਰਾਇਆ। ਕਾਂਗਰਸ ਉਮੀਦਵਾਰਾਂ ਟੀ ਡੀ ਰਾਜਗੌੜਾ ਨੇ ਭਾਜਪਾ ਉਮੀਦਵਾਰ ਡੀ ਐਨ ਜੀਵਾਰਾਜ ਨੂੰ ਮਹਿਜ 201 ਵੋਟਾਂ, ਮਲੂਰ ਵਿਚ ਕੇ ਵਾਈ ਨੰਜੇ ਗੌੜਾ ਨੇ ਭਾਜਪਾ ਦੇ ਕੇ ਐਸ ਮੰਜੂਨਾਥਗੌੜਾ ਨੂੰ 248 ਵੋਟਾਂ ਨਾਲ ਹਰਾਇਆ। ਬਾਕੀ ਸੀਟਾਂ ‘ਤੇ ਕਾਂਗਰਸ ਉਮੀਦਵਾਰਾਂ ਨੇ 50 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ।

## ਲੋਕਾਂ ਨੇ ਦੇਸ਼ ‘ਚ ਪਾੜਾ ਪਾਉਣ ਵਾਲੇ ਨਕਾਰੇ: ਅਬਦੁੱਲ੍ਹਾ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਨੇ ਕਰਨਾਟਕ ਦੇ ਲੋਕਾਂ ਨੂੰ ਧਰਮ ਦੇ ਆਧਾਰ ‘ਤੇ ਦੇਸ਼ ਨੂੰ ਵੰਡਣ ਵਾਲਿਆਂ ਨੂੰ ਨਕਾਰਨ ‘ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ, “ਕਰਨਾਟਕ ਦੇ ਦਲੇਰ ਲੋਕਾਂ ਨੇ ਉਨ੍ਹਾਂ ਨੂੰ ਢੁਕਵਾਂ ਜਵਾਬ ਦਿੱਤਾ ਹੈ ਕਿ ਭਾਰਤ ਇਕ ਹੈ ਅਤੇ ਅਸੀਂ ਸਾਰੇ ਰਲ ਕੇ ਸੂਬੇ ਤੇ ਦੇਸ਼ ਨੂੰ ਅੱਗੇ ਲੈ ਕੇ ਜਾਵਾਂਗੇ। ਦੇਸ਼ ‘ਚ ਧਰਮ ਦੇ ਆਧਾਰ ‘ਤੇ ਪਾੜਾ ਪਾਉਣ ਵਾਲਿਆਂ ਨੂੰ ਨਕਾਰਨ ਲਈ ਮੈਂ ਕਰਨਾਟਕ ਦੇ ਲੋਕਾਂ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਵਧਾਈ ਦਿੰਦਾ ਹਾਂ।”

## ਨਫਰਤ ਦਾ ਬਾਜ਼ਾਰ ਬੰਦ, ਮੁਹੱਬਤ ਦੀਆਂ ਦੁਕਾਨਾਂ ਖੁੱਲ੍ਹੀਆਂ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਰਨਾਟਕ ਵਿਧਾਨ ਸਭਾ ਚੋਣਾਂ ‘ਚ ਪਾਰਟੀ ਦੀ ਕਾਰਗੁਜ਼ਾਰੀ ਨੂੰ ਨਫਰਤ ‘ਤੇ ਮੁਹੱਬਤ ਦੀ ਜਿੱਤ ਕਰਾਰ ਦਿੰਦਿਆਂ ਦਾਅਵਾ ਕੀਤਾ ਕਿ ਅਜਿਹੇ ਨਤੀਜੇ ਹੋਰ ਸੂਬਿਆਂ ‘ਚ ਵੀ ਦੁਹਰਾਏ ਜਾਣਗੇ। ਰਾਹੁਲ ਨੇ ਸ਼ਾਇਰਾਨਾ ਅੰਦਾਜ਼ ‘ਚ ਕਿਹਾ,”ਸੂਬੇ ‘ਚ ਨਫਰਤ ਦਾ ਬਾਜ਼ਾਰ ਬੰਦ ਹੋਇਆ, ਮੁਹੱਬਤ ਦੀਆਂ ਦੁਕਾਨਾਂ ਖੁੱਲ੍ਹੀਆਂ।“ ਇਥੇ ਪਾਰਟੀ ਦਫਤਰ ‘ਤੇ ਆਤਿਸ਼ਬਾਜ਼ੀ ਦੀ ਆਵਾਜ਼ ਅਤੇ ਕਾਂਗਰਸ ਵਰਕਰਾਂ ਦੀ ਨਾਅਰੇਬਾਜ਼ੀ ਦਰਮਿਆਨ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਰਨਾਟਕ ਦੇ ਲੋਕਾਂ, ਪਾਰਟੀ ਵਰਕਰਾਂ ਅਤੇ ਆਗੂਆਂ ਨੂੰ ਵਧਾਈ ਦਿੱਤੀ।

# ਕਰਨਾਟਕ ਚੋਣਾਂ: ਭਾਜਪਾ ਦੇ 14 ਮੰਤਰੀ ਹਾਰੇ

**ਬੰਗਲੂਰੂ:** ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਬਸਵਰਾਜ ਬੋਮਈ ਸਮੇਤ 12 ਕੈਬਨਿਟ ਮੰਤਰੀਆਂ ਨੂੰ ਜਿੱਤ ਨਸੀਬ ਹੋਈ ਹੈ ਜਦਕਿ 14 ਹੋਰ ਮੰਤਰੀ ਚੋਣ ਹਾਰ ਗਏ। ਕਾਂਗਰਸ ਆਗੂ ਅਤੇ ਮੁੱਖ ਮੰਤਰੀ ਅਹੁਦੇ ਦੇ ਮਜ਼ਬੂਤ ਦਾਅਵੇਦਾਰ ਸਿੱਧਾਰਮੱਈਆ, ਸੂਬਾਈ ਕਾਂਗਰਸ ਪ੍ਰਧਾਨ ਡੀ ਕੇ ਸ਼ਿਵਕੁਮਾਰ ਅਤੇ ਸਾਬਕਾ ਕੇਂਦਰੀ ਮੰਤਰੀ ਕੇ ਐਮ ਮੁਨੀਯੱਪਾ ਚੋਣ ਜਿੱਤ ਗਏ ਹਨ। ਬੋਮਈ ਨੇ ਸ਼ਿਗਾਓਂ ‘ਚ ਕਾਂਗਰਸ ਦੇ ਯਾਸਿਰ ਅਹਿਮਦ ਖਾਨ ਪਠਾਨ ਨੂੰ 35,978 ਵੋਟਾਂ ਦੇ ਫਰਕ ਨਾਲ ਮਾਤ ਦਿੱਤੀ। ਸਿੱਧਾਰਮੱਈਆ ਵਰੁਣਾ ਹਲਕੇ ‘ਚ ਭਾਜਪਾ ਦੇ ਲਿੰਗਾਇਤ ਆਗੂ ਵੀ ਸੋਮੰਨਾ ਨੂੰ 46,006 ਵੋਟਾਂ ਦੇ ਫਰਕ ਨਾਲ ਹਰਾ ਕੇ 9ਵੀਂ ਵਾਰ ਵਿਧਾਨ ਸਭਾ ‘ਚ ਪਹੁੰਚੇ ਹਨ। ਇੰਜ ਹੀ ਸ਼ਿਵਕੁਮਾਰ ਨੇ ਕਨਕਪੁਰ ਸੀਟ ਤੋਂ ਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ ਜੇਡੀ (ਐੱਸ) ਦੇ ਬੀ ਨਾਗਰਾਜੂ ਨੂੰ 1,22,392 ਵੋਟਾਂ ਨਾਲ ਹਰਾਇਆ। ਸਾਬਕਾ ਮੁੱਖ ਮੰਤਰੀ ਤੇ ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਜੀ ਪਰਮੇਸ਼ਵਰ ਕੋਰਤਗੇੜੇ ਤੋਂ ਜੇਤੂ ਰਹੇ ਹਨ।

ਕਾਂਗਰਸ ਦੇ ਸੀਨੀਅਰ ਆਗੂ ਤੇ ਸੱਤ ਵਾਰ ਦੇ ਸੰਸਦ ਮੈਂਬਰ ਮੁਨੀਯੱਪਾ ਨੇ ਦੇਵਨਹੱਲੀ ਤੋਂ ਜਿੱਤ ਹਾਸਲ ਕਰ ਕੇ ਜੇਡੀ (ਐੱਸ) ਦੇ ਨਾਰਾਇਣਸਵਾਮੀ ਨੂੰ 4,631 ਵੋਟਾਂ ਨਾਲ ਹਰਾਇਆ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦਾ ਪੁੱਤਰ ਪ੍ਰਿਯਾਂਕ ਖੜਗੇ ਚਿੱਤਪੁਰ ਹਲਕੇ ਤੋਂ 13,640 ਵੋਟਾਂ ਨਾਲ ਚੋਣ ਜਿੱਤ ਗਿਆ। ਉਸ ਨੇ ਭਾਜਪਾ ਦੇ ਮਣੀਕਾਂਤ ਰਾਠੌੜ ਨੂੰ ਹਰਾ ਕੇ ਲਗਾਤਾਰ ਤੀਜੀ ਵਾਰ ਚੋਣ ਜਿੱਤੀ ਹੈ। ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਛੱਡ ਕੇ ਕਾਂਗਰਸ ਦੀ ਟਿਕਟ ‘ਤੇ ਚੋਣ ਲੜਨ ਵਾਲੇ ਜਗਦੀਸ਼ ਸ਼ੈੱਟਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਉਨ੍ਹਾਂ ਨੂੰ ਭਾਜਪਾ ਦੇ ਮਹੇਸ਼ ਤੇਨਗਿਨਾਕਾਈ ਨੇ ਹੁਬਲੀ-ਧਾਰਵਾੜ (ਕੇਂਦਰੀ) ਸੀਟ ‘ਤੇ 34,289 ਵੋਟਾਂ ਨਾਲ ਹਰਾਇਆ। ਜਨਤਾ ਦਲ (ਐੱਸ) ਦੇ ਐੱਚ ਡੀ ਕੁਮਾਰਸਵਾਮੀ ਨੇ ਚੰਨਾਪਟਨਾ ਸੀਟ ਤੋਂ ਛੇਵੀਂ ਵਾਰ ਚੋਣ ਜਿੱਤ ਲਈ। ਐਚ ਡੀ ਕੁਮਾਰਸਵਾਮੀ ਦੇ ਭਰਾ ਐਚ ਡੀ ਰੇਵੰਨਾ ਨੇ ਹੋਲੇਨਅਰਾਸੀਪੁਰ ਤੋਂ 3152 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਜੇਡੀ (ਐੱਸ) ਦੇ ਸਵਰੂਪ ਪ੍ਰਕਾਸ਼ ਨੇ ਹਾਸਨ ਤੋਂ ਪ੍ਰੀਥਮ ਜੇ ਗੌੜਾ ਨੂੰ 7854 ਵੋਟਾਂ ਦੇ ਫਰਕ ਨਾਲ ਹਰਾਇਆ। ਭਾਜਪਾ ਦੇ ਸੀਨੀਅਰ ਆਗੂ ਬੀ ਐੱਸ ਯੇਦੀਯੁਰੱਪਾ ਦੇ ਪੁੱਤਰ ਬੀ ਵਾਈ ਵਿਜੇਂਦਰ ਨੇ ਸ਼ਿਕਾਰੀਪੁਰਾ ਤੋਂ ਆਜ਼ਾਦ ਉਮੀਦਵਾਰ ਐੱਸ ਪੀ ਨਾਗਰਾਜ ਗੌੜਾ ਨੂੰ 11,008 ਵੋਟਾਂ ਨਾਲ ਹਰਾਇਆ। ਭਾਜਪਾ ਦੇ ਹੋਰ ਜੇਤੂਆਂ ਵਿਚ ਮੰਤਰੀ ਸੀ ਐਨ ਅਸ਼ਵਥ ਨਾਰਾਇਣ (ਮਾਲੇਸ਼ਵਰਮ), ਸੀ ਸੀ ਪਾਟਿਲ (ਨਾਰਾਗੁੰਡ) ਅਤੇ ਆਰ ਅਸ਼ੋਕ (ਪਦਮਨਾਭਨਗਰ) ਸ਼ਾਮਲ ਰਹੇ। ਭਾਜਪਾ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਾਬਕਾ ਡਿਪਟੀ ਮੁੱਖ ਮੰਤਰੀ ਲਕਸ਼ਮਣ ਸਾਵਦੀ ਵੀ ਅਥਾਨੀ ਤੋਂ 76,122 ਵੋਟਾਂ ਨਾਲ ਜਿੱਤ ਗਏ ਹਨ। ਇਨ੍ਹਾਂ ਚੋਣਾਂ ‘ਚ ਕਰਨਾਟਕ ਵਿਧਾਨ ਸਭਾ ਦੇ ਸਪੀਕਰ ਵਿਸ਼ਵੇਸ਼ਵਰ ਹੇਗੜੇ ਕਾਰੇਗੀ, ਟਰਾਂਸਪੋਰਟ ਮੰਤਰੀ ਸ੍ਰੀਰਾਮੁਲੂ, ਸਿਹਤ ਮੰਤਰੀ ਕੇ ਸੁਧਾਕਰ ਅਤੇ ਕਾਨੂੰਨ ਤੇ ਕਾਨੂੰਨ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਜੇਸੀ ਮਦੂਸਵਾਮੀ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।



## ਫਿਰਕੂ ਸਿਆਸਤ ਦਾ ਅੰਤ ਸ਼ੁਰੂ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਕਾਂਗਰਸ ਦੀ ਜਿੱਤ ਨਾਲ ਭਾਜਪਾ ਦੀ ‘ਨਾਕਾਰਾਤਮਕ, ਫਿਰਕੂ ਤੇ ਭ੍ਰਿਸ਼ਟ’ ਸਿਆਸਤ ਦਾ ਅੰਤ ਸ਼ੁਰੂ ਹੋ ਗਿਆ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਹਿੰਦੀ ਵਿਚ ਟਵੀਟ ਕੀਤਾ, “ਕਰਨਾਟਕ ਵਾਸੀਆਂ ਵੱਲੋਂ ਕਾਂਗਰਸ ਦੇ ਹੱਕ ਵਿਚ ਦਿੱਤੇ ਫਤਵੇ ਨਾਲ ਭਾਜਪਾ ਦੀਆਂ ਅਜਿਹੀਆਂ ਨੀਤੀਆਂ ਜੋ ਨੌਜਵਾਨਾਂ ਤੇ ਮਹਿਲਾਵਾਂ ਵਿਰੋਧੀ ਅਤੇ ਸਮਾਜਿਕ ਵੰਡ ਪਾਉਣ ਵਾਲੀਆਂ ਹਨ, ਦਾ ਖਾਤਮਾ ਸ਼ੁਰੂ ਹੋ ਗਿਆ ਹੈ।”

# ਮਿਸ਼ਨ 2024: ਮੋਦੀ ਕਾਰਜਕਾਲ ਹੇਠ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਗਿਣਵਾਉਣ ਦੀ ਤਿਆਰੀ

**ਨਵੀਂ ਦਿੱਲੀ:** ਕਰਨਾਟਕ ਵਿਚ ਹਾਰ ਦਾ ਮੂੰਹ ਦੇਖਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ (ਭਾਜਪਾ) ਸਾਰੇ 545 ਲੋਕ ਸਭਾ ਹਲਕਿਆਂ ਤੱਕ ਪਹੁੰਚ ਬਣਾਏਗੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਹੇਠ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਏਗੀ। ਸਿਖਰਲੇ ਕੇਂਦਰੀ ਮੰਤਰੀਆਂ, ਭਾਜਪਾ ਦੇ ਅਹੁਦੇਦਾਰਾਂ ਤੇ ਸੂਬਿਆਂ ਦੇ ਮੁੱਖ ਮੰਤਰੀਆਂ ਵੱਲੋਂ ਸਾਰੇ ਸੰਸਦੀ ਹਲਕਿਆਂ ਦੇ ਇਕ ਲੱਖ ਦੇ ਕਰੀਬ ਉੱਘੇ ਪਰਿਵਾਰਾਂ ਨਾਲ ਰਲ ਕੇ ਲੋਕ ਸਭ ਹਲਕੇ ਦੇ 250 ਪਰਿਵਾਰਾਂ ਤੱਕ ਪਹੁੰਚ ਕੀਤੀ ਜਾਵੇਗੀ। ਇਸ ਦੌਰਾਨ ਭਾਜਪਾ ਸਰਕਾਰ ਦੀਆਂ ਨੌਂ ਵਰ੍ਹਿਆਂ ਦੀ ਪ੍ਰਾਪਤੀਆਂ ਬਾਰੇ ਦੱਸਿਆ ਜਾਵੇਗਾ। ਮਹੀਨਾ ਚੱਲਣ ਵਾਲਾ ਇਹ ‘ਮਹਾ ਜਨ ਸੰਪਰਕ ਅਭਿਆਨ’ 30 ਮਈ, ਜਿਸ ਦਿਨ ਮੋਦੀ ਸਰਕਾਰ ਦੇ ਨੌਂ ਵਰ੍ਹੇ ਮੁਕੰਮਲ ਹੋ ਜਾਣਗੇ,ਤੋਂ ਸ਼ੁਰੂ ਹੋ ਕੇ 30ਜੂਨ ਤੱਕ ਚੱਲੇਗਾ।

ਪਤਾ ਲੱਗਿਆ ਹੈ ਕਿ ਇਸ ਕੌਮੀ ਅਭਿਆਨ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਮੋਦੀ ਵੱਲੋਂ ਮਈ ਦੇ ਅਖੀਰ ਵਿਚ ਵਿਸ਼ਾਲ ਰੈਲੀ ਰਾਹੀਂ ਕੀਤੀ ਜਾਵੇਗੀ। ਇਸ ਅਭਿਆਨ ਦਾ ਉਦੇਸ਼ ਸਰਕਾਰੀ ਪ੍ਰਾਪਤੀਆਂ ਦਾ ਸੁਨੇਹਾ ਹਰ ਨਾਗਰਿਕ ਤੱਕ ਪਹੁੰਚਾਉਣਾ ਹੈ। ਕੇਂਦਰੀ ਮੰਤਰੀ ਤੇ ਭਾਜਪਾ ਦੇ ਕੌਮੀ ਅਹੁਦੇਦਾਰ ‘ਤੇ ਆਧਾਰਿਤ ਦੋ ਮੈਂਬਰੀ ਕੇਂਦਰੀ ਟੀਮ ਹਰੇਕ ਲੋਕ ਸਭਾ ਹਲਕੇ ਤੱਕ ਪਹੁੰਚ ਕਰੇਗੀ ਜਦੋਂ ਕਿ ਭਾਜਪਾ ਦੀ 14 ਮੈਂਬਰੀ ਕੇਂਦਰੀ ਟੀਮ ਯੋਜਨਾ ਦੀ ਪ੍ਰਗਤੀ ਦੀ ਨਿਗਰਾਨੀ ਕਰੇਗੀ। ਇਸ ਮੁਹਿੰਮ ਦੇ ਤਿੰਨ ਪੜਾਅ ਹੋਣਗੇ। ਪਹਿਲਾ ਪੜਾਅ 25 ਮਈ ਤੱਕ ਹੋਵੇਗਾ। ਸਾਰੇ ਸੂਬਿਆਂ ਨੂੰ ਹਰ ਸੰਸਦੀ ਹਲਕੇ ਵਿਚੋਂ 250 ਪ੍ਰਭਾਵਸ਼ਾਲੀ ਪਰਿਵਾਰਾਂ ਦੀ ਸ਼ਨਾਖਤ ਅਤੇ ਸੋਸ਼ਲ ਮੀਡੀਆ ‘ਤੇ ਸਰਗਰਮ ਵਿਅਕਤੀਆਂ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ ਗਿਆ ਹੈ। ਦੂਜਾ ਪੜਾਅ 29 ਮਈ ਤੋਂ 20 ਜੂਨ ਤੱਕ ਹੋਵੇਗਾ। ਇੰਜ ਹੀ ਤੀਜਾ ਪੜਾਅ 20 ਜੂਨ ਤੋਂ 30 ਜੂਨ ਤਕ ਮੁਕੰਮਲ ਹੋਵੇਗਾ। ਇਸ ਦੌਰਾਨ ਸਾਰੇ ਲੋਕ ਸਭਾ ਹਲਕਿਆਂ ‘ਚ 16 ਲੱਖ ਭਾਜਪਾ ਵਰਕਰ ਲੋਕਾਂ ਨਾਲ ਰਾਬਤਾ ਕਾਇਮ ਕਰਨਗੇ।



# ਅੰਮ੍ਰਿਤਸਰ ਦੇ ਹੈਰੀਟੇਜ ਸਟਰੀਟ ਨੇੜੇ ਧਮਾਕਿਆਂ ਦੀ ਗੁੱਥੀ ਸੁਲਝੀ

**ਅੰਮ੍ਰਿਤਸਰ:** ਪੁਲਿਸ ਨੇ ਅੰਮ੍ਰਿਤਸਰ ਵਿਚ ਹੈਰੀਟੇਜ ਸਟਰੀਟ ਨੇੜੇ ਧਮਾਕਿਆਂ ਦੀ ਗੁੱਥੀ ਸੁਲਝਾ ਲਈ ਹੈ। ਇਸ ਮਾਮਲੇ ਵਿਚ 5 ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਆਜ਼ਾਦ ਬੀਰ ਸਿੰਘ, ਅਮਰੀਕ ਸਿੰਘ, ਧਰਮਿੰਦਰ, ਹਰਜੀਤ ਅਤੇ ਸਾਹਿਬ ਸਿੰਘ ਵਜੋਂ ਹੋਈ ਹੈ। ਇਹ ਸਾਰੇ ਹੀ ਘੱਟ ਸ਼ਿੱਦਤ ਵਾਲੇ ਧਮਾਕੇ ਸਨ, ਜਿਸ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਕੁਝ ਵਿਅਕਤੀ ਜ਼ਖ਼ਮੀ ਹੋਏ ਸਨ।

ਸ੍ਰੀ ਦਰਬਾਰ ਸਾਹਿਬ ਨੇੜੇ ਹੋਏ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਦਰਜ ਕੀਤੀ ਗਈ ਐਫ.ਆਈ.ਆਰ. ਵਿਚ ਲਿਖਿਆ ਗਿਆ ਹੈ ਕਿ ਇਸ ਸਬੰਧੀ ਗ੍ਰਿਫਤਾਰ ਕੀਤੇ ਗਏ ਮੁੱਖ ਸ਼ੱਕੀ ਵਿਅਕਤੀ ਵਿਦੇਸ਼ਾਂ 'ਚ ਬੈਠੇ ਆਪਣੇ ਮੁਖੀਆਂ ਦੇ ਨਿਰਦੇਸ਼ਾਂ 'ਤੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ ਤਾਂ ਜੋ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕੀਤਾ ਜਾ ਸਕੇ। ਇਹ ਐਫ.ਆਈ.ਆਰ. ਸਹਾਇਕ ਪੁਲਿਸ ਕਮਿਸ਼ਨਰ (ਕੇਂਦਰੀ) ਸੁਰਿੰਦਰ ਸਿੰਘ ਦੇ ਬਿਆਨਾਂ 'ਤੇ ਦਰਜ ਕੀਤੀ ਗਈ ਹੈ। ਸ੍ਰੀ ਗੁਰੂ ਰਾਮਦਾਸ ਸਰਾਏ ਦੇ ਪਿਛਲੇ ਪਾਸੇ ਹੋਏ ਤੀਜੇ ਧਮਾਕੇ ਦੇ ਸਬੰਧ ਵਿਚ ਦਰਜ ਕੀਤੀ ਐਫ.ਆਈ.ਆਰ. ਵਿਚ ਕਿਹਾ ਗਿਆ ਹੈ ਕਿ ਗ੍ਰਿਫਤਾਰ ਕੀਤੇ ਮੁਲਜ਼ਮਾਂ ਨੂੰ ਵਿਦੇਸ਼ਾਂ ਤੋਂ ਫੰਡ ਪ੍ਰਾਪਤ ਹੋ ਰਹੇ ਸਨ।

ਵੇਰਵਿਆਂ ਮੁਤਾਬਕ ਆਜ਼ਾਦ ਬੀਰ ਸਿੰਘ ਮੁੱਖ ਸਾਜ਼ਿਸ਼ਘਾੜਾ ਹੈ ਤੇ ਉਸ ਨੇ ਤਿੰਨੋਂ ਧਮਾਕਿਆਂ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ।



ਪੁਲਿਸ ਨੂੰ ਉਸ ਦੇ ਮੋਬਾਈਲ ਫੋਨ ਵਿਚੋਂ ਸਾਰਾਗੜ੍ਹੀ ਪਾਰਕਿੰਗ ਵਿਚ ਕੀਤੇ ਪਹਿਲੇ ਧਮਾਕੇ ਦੀ ਤਸਵੀਰ ਮਿਲੀ ਹੈ ਜਿਸ ਵਿਚ ਉਹ ਦੇਸੀ ਬੰਬ ਨਾਲ ਦਿਖਾਈ ਦੇ ਰਿਹਾ ਹੈ। ਉਸ ਖਿਲਾਫ ਪਹਿਲਾਂ ਵੀ ਇਕ ਕੇਸ ਦਰਜ ਹੈ ਤੇ ਉਸ 'ਤੇ ਹਿੰਦੂ ਦੇਵੀ ਦੇਵਤਿਆਂ ਵਿਰੁੱਧ ਅਪਮਾਨਜਨਕ ਟਿੱਪਣੀ ਕਰਨ ਦਾ ਦੋਸ਼ ਹੈ। ਉਹ ਤਰਨ ਤਾਰਨ ਦੇ ਐਸ.ਡੀ.ਐਮ. ਦਫਤਰ ਵਿਚੋਂ ਬਰਖਾਸਤ ਕੀਤਾ ਕਰਮਚਾਰੀ ਹੈ। ਹਰਜੀਤ ਸਿੰਘ ਅਤੇ ਧਰਮਿੰਦਰ ਸਿੰਘ ਸਥਾਨਕ ਮਜੀਠਾ ਰੋਡ 'ਤੇ ਸ੍ਰੀ ਰਾਮ ਐਵੇਨਿਊ ਦੇ ਵਸਨੀਕ ਹਨ। ਹਰਜੀਤ ਪਹਿਲਾਂ ਪਾਰਕਿੰਗ ਸਟੈਂਡ ਵਿਚ ਕੰਮ ਕਰਦਾ ਸੀ ਜਦੋਂਕਿ ਧਰਮਿੰਦਰ ਆਟੋਰਿਕਸ਼ਾ ਚਲਾਉਂਦਾ ਸੀ। ਸਾਹਿਬ ਸਿੰਘ ਉਰਫ ਸਾਬਾ ਪਟਾਖੇ ਵੇਚਣ ਦਾ ਕੰਮ ਕਰਦਾ ਹੈ। ਉਸ ਕੋਲ ਪਟਾਕਿਆਂ ਦੇ ਕਾਰੋਬਾਰ ਦਾ ਲਾਇਸੈਂਸ ਵੀ ਹੈ। ਉਸ ਨੇ ਹੀ ਇਹ ਵਿਸਫੋਟਕ ਸਮੱਗਰੀ ਦਿੱਤੀ ਸੀ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੇ ਇਨ੍ਹਾਂ ਕੋਲੋਂ 1100 ਗ੍ਰਾਮ ਧਮਾਕਾਖੇਜ ਸਮੱਗਰੀ ਅਤੇ ਕੁਝ ਗਰਮ ਖਿਆਲੀ ਸਾਹਿਤ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਪਿਛਲੇ ਪਾਸੇ ਗਲਿਆਰੇ 'ਚ ਧਮਾਕਾ ਕਰਨ ਦੇ ਮਾਮਲੇ ਵਿਚ ਆਜ਼ਾਦਵੀਰ ਸਿੰਘ ਅਤੇ ਅਮਰੀਕ ਸਿੰਘ ਦੋਵੇਂ ਪ੍ਰਮੁੱਖ ਹਨ। ਉਨ੍ਹਾਂ ਕਿਹਾ ਕਿ ਦੋਵੇਂ ਮੁਲਜ਼ਮ ਇਥੇ ਸਰਾਂ ਵਿਚ ਹੀ ਠਹਿਰੇ ਹੋਏ ਸਨ। ਅਮਰੀਕ ਸਿੰਘ ਆਪਣੀ ਪਤਨੀ ਨਾਲ ਵੱਖਰੇ ਕਮਰੇ ਵਿਚ ਰੁਕਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਆਜ਼ਾਦਵੀਰ ਸਿੰਘ ਰਾਤ ਨੂੰ ਸਰਾਂ ਦੇ ਪਖਾਨੇ ਵਿਚ ਗਿਆ ਅਤੇ ਉਸ ਨੇ ਲਗਭਗ ਸਵਾ 12 ਵਜੇ ਗਲਿਆਰੇ ਵਾਲੇ ਪਾਸੇ ਦੇਸੀ ਬੰਬ ਸੁੱਟਿਆ ਜਿਸ ਨਾਲ ਜ਼ੋਰਦਾਰ ਧਮਾਕਾ ਹੋਇਆ। ਇਸ ਮਗਰੋਂ ਉਹ ਮੁੜ ਸਰਾਂ ਦੇ ਵਰਾਂਡੇ ਵਿਚ ਆ ਕੇ ਲੇਟ ਗਿਆ। ਇਹ ਸਾਰੀ ਘਟਨਾ ਸਰਾਂ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ। ਡੀ.ਜੀ.ਪੀ. ਨੇ ਦਾਅਵਾ ਕੀਤਾ ਕਿ ਫੜੇ ਗਏ ਮੁਲਜ਼ਮਾਂ ਨੇ ਵਿਰਾਸਤੀ ਸਟਰੀਟ ਨੇੜੇ ਹੋਏ ਪਹਿਲੇ ਦੋ ਧਮਾਕਿਆਂ ਵਿਚ ਸ਼ਮੂਲੀਅਤ ਨੂੰ ਵੀ ਕਬੂਲ ਕੀਤਾ ਹੈ।

## ਘਟਨਾ ਦੀ ਡੂੰਘਾਈ ਨਾਲ ਜਾਂਚ ਕਰੇ ਸਰਕਾਰ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨੇੜੇ ਵਾਪਰੀਆਂ ਧਮਾਕਿਆਂ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਇਨ੍ਹਾਂ ਘਟਨਾਵਾਂ ਦੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਇਹ ਘਟਨਾਵਾਂ ਪੰਜਾਬ ਵਿਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ ਦੀ ਸਾਜ਼ਿਸ਼ ਵੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਤੇ ਕੇਂਦਰੀ ਜਾਂਚ ਏਜੰਸੀਆਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਇਸ ਪਿੱਛੇ ਸਾਜ਼ਿਸ਼ ਘਾੜਿਆਂ ਨੂੰ ਬੇਨਕਾਬ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਮੰਦਭਾਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਕਿਹਾ ਕਿ ਉਹ ਇਸ ਮਾਮਲੇ ਨੂੰ ਅਣਡਿੱਠਾ ਨਾ ਕਰੇ ਅਤੇ ਇਸ ਦੀ ਡੂੰਘਾਈ ਨਾਲ ਜਾਂਚ ਕਰੇ।

## ਅੰਮ੍ਰਿਤਸਰ ਧਮਾਕਾ: ਮੁਲਜ਼ਮਾਂ ਨੇ ਬੰਬਾਂ ਨਾਲ ਸੁੱਟੇ ਸੀ ਪੱਤਰ

**ਚੰਡੀਗੜ੍ਹ:** ਅੰਮ੍ਰਿਤਸਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵੱਲੋਂ ਸਿਰਫ ਤਿੰਨ ਬੰਬ ਹੀ ਨਹੀਂ ਸੀ ਸੁੱਟੇ ਗਏ, ਬਲਕਿ ਉਨ੍ਹਾਂ ਨੇ ਬੰਬਾਂ ਨਾਲ ਪੱਤਰ ਵੀ ਸੁੱਟੇ ਸਨ। ਜਿਨ੍ਹਾਂ ਵਿਚ ਉਨ੍ਹਾਂ ਨੇ ਧਮਾਕੇ ਕਰਨ ਪਿਛਲੇ ਆਪਣੇ ਇਰਾਦੇ ਜ਼ਾਹਿਰ ਕੀਤੇ ਸਨ। ਪੁਲਿਸ ਸੂਤਰਾਂ ਅਨੁਸਾਰ ਪਹਿਲੇ ਦੋ ਬੰਬਾਂ ਨਾਲ ਸੁੱਟੇ ਪੱਤਰ ਪੂਰੀ ਤਰ੍ਹਾਂ ਸੜ ਗਏ ਸਨ ਤੇ ਉਨ੍ਹਾਂ ਦੇ ਬਚੇ ਟੁੱਕੜੇ ਹਵਾ ਵਿਚ ਉੱਡ ਗਏ। ਇਸ ਮਗਰੋਂ ਤੀਜੇ ਬੰਬ ਨਾਲ ਸੁੱਟੇ ਗਏ ਪੱਤਰਾਂ ਦੇ ਕੁਝ ਟੁੱਕੜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੇ ਗੁਰੂ ਰਾਮ ਦਾਸ ਸਰਾਂ ਦੇ ਪਾਰਕ ਵਿਚੋਂ ਇਕੱਠੇ ਕੀਤੇ ਹਨ। ਇਨ੍ਹਾਂ ਵਿਚ ਮੁਲਜ਼ਮਾਂ ਨੇ ਲੜੀਵਾਰ ਧਮਾਕੇ ਕਰਨ ਪਿਛਲੇ ਆਪਣੇ ਇਰਾਦੇ ਦੱਸੇ ਸਨ।

## ਏਅਰ ਇੰਡੀਆ ਨੂੰ 30 ਲੱਖ ਜੁਰਮਾਨਾ



**ਨਵੀਂ ਦਿੱਲੀ:** ਹਵਾਬਾਜ਼ੀ ਨਿਗਰਾਨ ਡੀ.ਜੀ.ਸੀ.ਏ. ਨੇ ਸੁਰੱਖਿਆ ਕੁਤਾਹੀ ਸਬੰਧੀ ਏਅਰ ਇੰਡੀਆ ਨੂੰ 30 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਜ਼ਿਕਰਯੋਗ ਹੈ ਕਿ 27 ਫਰਵਰੀ ਨੂੰ ਦਿੱਲੀ-ਦੁਬਈ ਉਡਾਣ ਦੌਰਾਨ ਪਾਇਲਟ ਨੇ ਕੌਕਪਿਟ ਅੰਦਰ ਆਪਣੀ ਮਹਿਲਾ ਮਿੱਤਰ ਨੂੰ ਨਾਲ ਬਿਠਾ ਕੇ ਯਾਤਰੀਆਂ ਦੀ ਸੁਰੱਖਿਆ ਨੂੰ ਖਤਰਾ ਖੜ੍ਹਾ ਕਰ ਦਿੱਤਾ ਸੀ। ਪਿਛਲੇ ਚਾਰ ਮਹੀਨਿਆਂ ਤੋਂ ਘੱਟ ਸਮੇਂ ਵਿਚ ਸੁਰੱਖਿਆ 'ਚ ਕੁਤਾਹੀ ਦੀ ਇਹ ਤੀਜੀ ਘਟਨਾ ਹੈ। ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਨੇ ਕੁਤਾਹੀ ਲਈ ਏਅਰ ਇੰਡੀਆ ਨੂੰ ਜੁਰਮਾਨਾ ਲਾਇਆ ਹੈ। ਇਸ ਦੇ ਨਾਲ ਹੀ ਪਾਇਲਟ ਦਾ ਲਾਇਸੈਂਸ ਤਿੰਨ ਮਹੀਨਿਆਂ ਲਈ ਰੱਦ ਕਰ ਦਿੱਤਾ ਗਿਆ ਹੈ। ਰੈਗੂਲੇਟਰ ਨੇ ਜਾਰੀ ਕੀਤੇ ਬਿਆਨ ਵਿਚ ਕਿਹਾ ਹੈ ਕਿ ਏਅਰ ਇੰਡੀਆ ਨੇ ਉਚਿਤ ਕਾਰਵਾਈ ਨਹੀਂ ਕੀਤੀ ਪਰ ਏਅਰਲਾਈਨ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ।

## ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ 'ਚ ਸੁਰੱਖਿਆ ਪ੍ਰਬੰਧ ਪੁਖਤਾ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਸਮੂਹ ਨੇੜੇ ਧਮਾਕਿਆਂ ਦੀਆਂ ਘਟਨਾਵਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਦੇ ਅੰਦਰ ਅਤੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧਾਂ ਵਿਚ ਵਾਧਾ ਕਰ ਦਿੱਤਾ ਹੈ। ਇਨ੍ਹਾਂ ਘਟਨਾਵਾਂ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੇ ਸਾਰੇ ਪ੍ਰਵੇਸ਼ ਦੁਆਰਾਂ 'ਤੇ ਮਹਿਲਾ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਹੈ।



ਇਸ ਧਰਮ ਅਸਥਾਨ 'ਤੇ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸਰਧਾਲੂ ਆਉਂਦੇ ਹਨ ਜਿਨ੍ਹਾਂ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਜੋੜਾ ਘਰ ਨੇੜੇ ਇਕ ਵੱਡੇ ਆਕਾਰ ਦੀ ਐੱਲ.ਈ.ਡੀ. ਵੀ ਲਗਾਈ ਗਈ ਹੈ, ਜੋ ਬਹੁ-ਭਾਸ਼ਾਈ ਸ਼ਬਦਾਂ ਤੇ ਆਵਾਜ਼ ਵਿਚ 'ਕੀ ਕਰਨਾ ਅਤੇ ਕੀ ਨਾ ਕਰਨਾ' ਬਾਰੇ ਜਾਣਕਾਰੀ ਦੇਵੇਗੀ। ਇਸ ਤੋਂ ਇਲਾਵਾ ਐੱਲ.ਈ.ਡੀ. ਰਾਹੀਂ ਧਾਰਮਿਕ ਮਰਿਆਦਾ ਅਤੇ ਸਿੱਖ ਸਿਧਾਂਤਾਂ ਦੀ ਮਹੱਤਤਾ ਨੂੰ ਦਰਸਾਉਂਦੀ ਜਾਣਕਾਰੀ ਦਿੱਤੀ ਜਾਵੇਗੀ।

ਇਸ ਨਾਲ ਅਕਾਲ ਤਖਤ, ਇਤਿਹਾਸਕ 'ਦੁੱਖ ਭੰਜਨੀ ਬੇਰੀ', 'ਬੇਰ ਬਾਬਾ ਬੁੱਢਾ ਸਾਹਿਬ' ਅਤੇ ਲਾਚੀ ਬੇਰ ਵਰਗੇ ਹੋਰ ਮਹੱਤਵਪੂਰਨ ਸਥਾਨਾਂ ਬਾਰੇ ਵੀ ਜਾਣੂ ਕਰਵਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪਹਿਲਾਂ ਹੀ ਵੱਖਰੇ ਪੱਕੇ ਬੋਰਡ ਲਾਏ ਹੋਏ ਹਨ, ਜਿਨ੍ਹਾਂ 'ਤੇ ਗੁਰੂ ਘਰ ਵਿਚ ਸਿਗਰਟ, ਤੰਬਾਕੂ ਜਾਂ ਕੋਈ ਵੀ ਨਸ਼ਾ ਕਰਨ ਵਾਲੀ ਵਸਤੂ ਨਾ ਲਿਜਾਣ ਬਾਰੇ ਲਿਖਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਸਾਰੇ ਕਦਮ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਚੁੱਕੇ ਗਏ ਹਨ। ਪਹਿਲੀ ਵਾਰ ਦਾਖਲਾ ਗੇਟਾਂ ਉਤੇ ਮਹਿਲਾ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਅਤੇ ਐੱਲ.ਈ.ਡੀ. ਲਗਾਈ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਉਤੇ ਸਕੈਨਰ ਅਤੇ ਹੋਰ ਸੀ.ਸੀ.ਟੀ.ਵੀ. ਲਗਾਉਣ ਦੀ ਵੀ ਯੋਜਨਾ ਹੈ।

## ਭਾਰਤੀ ਜਲ ਸੈਨਾ ਵੱਲੋਂ ਬ੍ਰਹਿਮੋਸ ਮਿਜ਼ਾਈਲ ਦਾ ਪ੍ਰੀਖਣ

**ਨਵੀਂ ਦਿੱਲੀ:** ਭਾਰਤੀ ਜਲ ਸੈਨਾ ਨੇ ਆਪਣੇ ਜੰਗੀ ਬੇੜੇ ਆਈ.ਐਨ.ਐਸ. ਮੋਰਮੁਗਾਓ ਤੋਂ ਬ੍ਰਹਿਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਦਾ ਸਫਲ ਪ੍ਰੀਖਣ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਪ੍ਰੀਖਣ ਨਾਲ ਭਾਰਤੀ ਜਲਸੈਨਾ ਨੇ ਸਮੁੰਦਰ ਵਿਚ ਆਪਣੀ ਤਾਕਤ ਦਾ ਮੁਜ਼ਾਹਰਾ ਕੀਤਾ ਹੈ। ਜਲਸੈਨਾ ਦੇ ਅਧਿਕਾਰੀ ਨੇ ਕਿਹਾ, "ਆਧੁਨਿਕ ਗਾਈਡਡ-ਮਿਜ਼ਾਈਲ ਵਿਨਾਸ਼ਕ ਆਈ.ਐਨ.ਐਸ. ਮੋਰਮੁਗਾਓ ਤੋਂ ਦਾਗੀ ਗਈ ਪਲੇਠੀ ਬ੍ਰਹਿਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਨੇ ਸਫਲਤਾ ਪੂਰਵਕ ਨਿਸ਼ਾਨਾ ਫੁੰਡਿਆ। ਬੇੜਾ ਅਤੇ ਉਸ ਦੇ ਮਾਰੂ ਹਥਿਆਰ ਜੋ ਦੋਵੇਂ ਸਵਦੇਸ਼ੀ ਹਨ, 'ਆਤਮ ਨਿਰਭਰ' ਭਾਰਤ ਦਾ ਇਕ ਹੋਰ ਚਮਕਦਾ ਪ੍ਰਤੀਕ ਹੈ ਅਤੇ ਸਮੁੰਦਰੀ ਖੇਤਰ ਵਿਚ ਭਾਰਤੀ ਜਲਸੈਨਾ ਦੀ ਤਾਕਤ ਨੂੰ ਦਰਸਾਉਂਦੇ ਹਨ।"

## ਹਰੇ ਜ਼ਿਲ੍ਹੇ 'ਚ ਆਰ.ਟੀ.ਓ. ਸਿਸਟਮ ਮੁੜ ਚਾਲੂ ਹੋਵੇਗਾ

**ਰੂਪਨਗਰ:** ਸਰਕਾਰੀ ਉਦਯੋਗਿਕ ਤਕਨੀਕੀ ਸੰਸਥਾ ਰੂਪਨਗਰ ਵਿਚ ਜ਼ਿਲ੍ਹਾ ਰੈਡ ਕਰਾਸ ਦੀ ਮਦਦ ਨਾਲ ਬਣਾਏ ਗਏ ਇੰਸਟੀਚਿਊਟ ਆਫ ਆਟੋਮੋਟਿਵ ਅਤੇ ਡਰਾਈਵਿੰਗ ਸਕਿੱਲ ਸੈਂਟਰ ਦਾ ਉਦਘਾਟਨ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪਹਿਲਾਂ ਸ੍ਰੀ ਮੁਕਤਸਰ ਸਾਹਿਬ ਅਤੇ ਹੁਸ਼ਿਆਰਪੁਰ ਦੇ ਸੈਂਟਰਾਂ ਰਾਹੀਂ ਕਈ ਜ਼ਿਲ੍ਹਿਆਂ ਨੂੰ ਕਵਰ ਕਰਨਾ ਪੈਂਦਾ ਸੀ, ਜਿਸ ਨਾਲ ਆਮ ਜਨਤਾ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਲੋਕਾਂ ਵੱਲੋਂ ਜ਼ਿਲ੍ਹਾ ਪੱਧਰ 'ਤੇ ਅਜਿਹੇ ਡਰਾਈਵਿੰਗ ਲਾਇਸੈਂਸ ਅਤੇ ਟਰੇਨਿੰਗ ਸੈਂਟਰ ਖੋਲ੍ਹਣ ਦੀ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਜਲਦੀ ਹੀ ਹਰੇਕ ਜ਼ਿਲ੍ਹੇ 'ਚ ਆਰ.ਟੀ.ਓ. ਸਿਸਟਮ ਚਾਲੂ ਕੀਤਾ ਜਾ ਰਿਹਾ ਹੈ। ਸੈਂਟਰ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਸ ਸੈਂਟਰ ਵਿਚ ਦੋ ਦਿਨ ਦੀ ਸਿਖਲਾਈ ਲਈ ਰਜਿਸਟਰੇਸ਼ਨ ਕੀਤੀ ਜਾ ਸਕਦੀ ਹੈ। ਇਸ ਸਬੰਧੀ ਪੂਰੀ ਜਾਣਕਾਰੀ ਜਲਦੀ ਹੀ ਆਨਲਾਈਨ ਉਪਲਬਧ ਕਰਵਾ ਦਿੱਤੀ ਜਾਵੇਗੀ।

## ਸੀ.ਬੀ.ਐਸ.ਈ. ਦੇ 10ਵੀਂ ਤੇ 12ਵੀਂ ਦੇ ਨਤੀਜਿਆਂ ਵਿਚ ਕੁੜੀਆਂ ਨੇ ਮਾਰੀ ਬਾਜ਼ੀ

**ਨਵੀਂ ਦਿੱਲੀ:** ਸੀ.ਬੀ.ਐਸ.ਈ. ਦੇ 10ਵੀਂ ਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੇ ਨਤੀਜੇ ਵਿਚ ਕੁੜੀਆਂ ਮੁੜ ਅੱਵਲ ਨੰਬਰ ਉਤੇ ਰਹੀਆਂ ਹਨ। ਬਾਰ੍ਹਵੀਂ ਜਮਾਤ ਦੇ ਨਤੀਜਿਆਂ ਦੀ ਪਾਸ ਫੀਸਦ 87.33 ਰਹੀ, ਜੋ ਪਿਛਲੇ ਸਾਲ ਦੇ ਮੁਕਾਬਲੇ 5.38 ਫੀਸਦ ਘੱਟ ਹੈ।

ਦਸਵੀਂ ਦੇ ਨਤੀਜਿਆਂ ਵਿਚ 93.12 ਫੀਸਦ ਵਿਦਿਆਰਥੀ ਪਾਸ ਹੋਏ ਤੇ ਪਿਛਲੇ ਸਾਲ (94.40) ਦੀ ਨਿਸਬਤ 1.28 ਫੀਸਦ ਦਾ ਨਿਘਾਰ ਵੇਖਣ ਨੂੰ ਮਿਲਿਆ। ਬੋਰਡ ਨੇ 'ਬੇਲੋੜੀ ਮੁਕਾਬਲੇਬਾਜ਼ੀ ਨੂੰ ਟਾਲਣ' ਲਈ ਮੈਰਿਟ ਸੂਚੀ ਜਾਰੀ ਨਹੀਂ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਬੋਰਡ ਨੇ ਵਿਦਿਆਰਥੀਆਂ ਦੇ ਅੰਕਾਂ ਦੇ ਅਧਾਰ 'ਤੇ ਪਹਿਲੀ, ਦੂਜੀ ਤੇ ਤੀਜੀ ਡਿਵੀਜ਼ਨ ਦੇਣ ਦੇ ਰੁਝਾਨ ਨੂੰ ਵੀ ਖਤਮ ਕਰਨ ਦਾ ਫੈਸਲਾ ਕੀਤਾ ਹੈ। ਸੀਨੀਅਰ ਬੋਰਡ ਅਧਿਕਾਰੀ ਨੇ ਕਿਹਾ, "ਸੀ.ਬੀ.ਐਸ.ਈ. ਨੇ ਵਿਦਿਆਰਥੀਆਂ ਵਿਚਾਲੇ ਬੇਲੋੜੀ ਮੁਕਾਬਲੇਬਾਜ਼ੀ ਨੂੰ ਟਾਲਣ ਲਈ ਕੋਈ ਮੈਰਿਟ ਸੂਚੀ ਨਾ ਐਲਾਨੇ ਜਾਣ ਦਾ ਫੈਸਲਾ ਕੀਤਾ ਹੈ। ਉਂਜ ਬੋਰਡ ਵੱਲੋਂ ਵੱਖ-ਵੱਖ ਵਿਸ਼ਿਆਂ ਵਿਚ ਸਭ ਤੋਂ ਵੱਧ ਅੰਕ ਲੈਣ ਵਾਲੇ 0.1 ਫੀਸਦ



ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਜਾਰੀ ਕੀਤੇ ਜਾਣਗੇ।" ਬੋਰਡ ਅਧਿਕਾਰੀਆਂ ਨੇ ਕਿਹਾ ਕਿ ਬਾਰ੍ਹਵੀਂ ਦੀ ਪਾਸ ਫੀਸਦ ਕੋਵਿਡ ਤੋਂ ਪਹਿਲਾਂ ਦੇ ਅਰਸੇ ਭਾਵ 2019 ਦੇ ਅੰਕੜੇ 83.40 ਫੀਸਦ ਤੋਂ ਵੱਧ ਹੈ। ਪਿਛਲੇ ਸਾਲ ਪਾਸ ਫੀਸਦ 92.71 ਫੀਸਦ ਸੀ। ਬੋਰਡ ਪ੍ਰੀਖਿਆ ਵਿਚ ਕੁੜੀਆਂ ਵੱਲੋਂ ਬਾਜ਼ੀ ਮਾਰਨ ਦਾ ਰੁਝਾਨ ਇਸ ਸਾਲ ਵੀ ਜਾਰੀ ਰਿਹਾ। ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਪਾਸ ਫੀਸਦ 6 ਫੀਸਦ ਵੱਧ ਰਹੀ। ਬਾਰ੍ਹਵੀਂ ਦੀਆਂ ਬੋਰਡ ਪ੍ਰੀਖਿਆਵਾਂ ਵਿਚ ਐਤਕੀਂ ਕੁੱਲ ਮਿਲਾ ਕੇ 16.60 ਲੱਖ ਤੋਂ ਵੱਧ ਵਿਦਿਆਰਥੀ ਬੈਠੇ ਸਨ। ਸਭ ਤੋਂ ਵੱਧ ਪਾਸ ਫੀਸਦ (99.91) ਤ੍ਰਿਵੇਂਦਰਮ ਖਿੱਤੇ ਵਿਚ ਅਤੇ ਸਭ ਤੋਂ ਘੱਟ (78.05) ਪ੍ਰਯਾਗਰਾਜ ਖੇਤਰ ਵਿੱਚ ਰਹੀ। ਇਸ ਦੌਰਾਨ ਬਾਰ੍ਹਵੀਂ ਵਿਚ ਸਵਾ ਲੱਖ ਤੋਂ ਵੱਧ ਵਿਦਿਆਰਥੀਆਂ ਦੀ ਕੰਪਾਰਟਮੈਂਟ ਵੀ ਆਈ ਹੈ ਜਦੋਂਕਿ ਦਸਵੀਂ ਜਮਾਤ ਵਿਚ 1.34 ਲੱਖ ਵਿਦਿਆਰਥੀਆਂ ਨੂੰ ਇਸ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।

## ਸ਼ੱਕੀ ਇਸਲਾਮਿਕ ਕੱਟੜਪੰਥੀਆਂ ਵੱਲੋਂ 33 ਨਾਗਰਿਕਾਂ ਦੀ ਹੱਤਿਆ

**ਔਗਾਡੌਗੂ (ਬੁਰਕੀਨਾ ਫਾਸੋ):** ਬੁਰਕੀਨਾ ਫਾਸੋ ਦੇ ਪੱਛਮ ਵਿਚ ਸ਼ੱਕੀ ਇਸਲਾਮਕ ਕੱਟੜਪੰਥੀਆਂ ਵੱਲੋਂ ਇਕ ਪਿੰਡ 'ਤੇ ਕੀਤੇ ਹਮਲੇ ਵਿਚ 33 ਨਾਗਰਿਕਾਂ ਦੀ ਮੌਤ ਹੋ ਗਈ। ਇਹ ਜਾਣਕਾਰੀ ਸੂਬਾ ਗਵਰਨਰ ਦਫਤਰ ਵੱਲੋਂ ਦਿੱਤੀ ਗਈ। ਮੌਹੌਨ ਸੂਬੇ ਦੇ ਯੂਲੋ ਪਿੰਡ ਵਿਚ ਹੋਏ ਹਮਲੇ 'ਚ ਮਰਨ ਵਾਲਿਆਂ ਦੀ ਗਿਣਤੀ ਦੀ ਜਾਣਕਾਰੀ ਇਕ ਪ੍ਰੈਸ ਰਿਲੀਜ਼ ਰਾਹੀਂ ਦਿੱਤੀ ਗਈ। ਸੂਬਾ ਗਵਰਨਰ ਬਾਬੋ ਪੀਅਰੇ ਬਾਸਿੰਗਾ ਨੇ ਹਮਲੇ ਨੂੰ 'ਬੁਜ਼ਦਿਲੀ ਵਾਲੀ ਅਤੇ ਜ਼ਾਲਮਾਨਾ' ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਮਲਾ ਸ਼ਾਮ ਲਗਭਗ 5 ਵਜੇ ਹੋਇਆ ਜਦੋਂ ਲੋਕ ਮੌਹੌਨ ਨਦੀ ਨਾਲ ਲੱਗਦੇ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਸਨ। ਗਵਰਨਰ ਨੇ ਕਿਹਾ ਕਿ ਕੱਟੜਪੰਥੀਆਂ ਦਾ ਮੁਕਾਬਲਾ ਕਰਨ ਲਈ ਸੁਰੱਖਿਆ ਕਾਰਵਾਈ ਕੀਤੀ ਜਾ ਰਹੀ ਹੈ। ਬਾਸਿੰਗਾ ਨੇ ਲੋਕਾਂ ਨੂੰ ਸੁਰੱਖਿਆ ਬਲਾਂ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫੋਰਨੀਆ

ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ 'ਨਿੱਗਰ ਖੰਭਾਂ ਦੀ ਉਡਾਣ' ਦਾ ਲੋਕ ਅਰਪਣ 27 ਮਈ ਨੂੰ।

ਸਟਾਕਟਨ (ਹਰਜਿੰਦਰ ਪੰਧੇਰ) ਪੰਜਾਬੀ ਸਾਹਿਤ ਸਭਾ ਸਟਾਕਟਨ (ਕੈਲੀਫੋਰਨੀਆ) ਵਲੋਂ ਇਸ ਵਰ੍ਹੇ ਦੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ 27 ਮਈ ਦਿਨ ਸਨਿਚਰਵਾਰ ਨੂੰ 'Best Western Inn ' 111 East March Lane Stockton, CA 95207 . ਵਿਖੇ ਕਰਵਾਈ ਜਾ ਰਹੀ ਹੈ। ਪ੍ਰੋਗਰਾਮ ਦਾ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ ਪੰਜ ਵਜੇ ਤੱਕ ਹੋਵੇਗਾ।

ਇਸ ਕਾਨਫਰੰਸ ਦੇ ਤਿੰਨ ਸੈਸ਼ਨ ਹੋਣਗੇ। ਪਹਿਲੇ ਸੈਸ਼ਨ ਵਿੱਚ; ਡਾ. ਬਲਦੇਵ ਸਿੰਘ ਧਾਲੀਵਾਲ (ਪ੍ਰੋਫੈਸਰ ਸੇਵਾ-ਮੁਕਤ, ਪੰਜਾਬੀ ਯੂਨੀਵਰਸਟੀ ਪਟਿਆਲਾ) ਆਪਣਾ ਲਿਖਿਆ ਖੋਜ ਪੇਪਰ ( ਅਜੋਕੀ ਅਮਰੀਕੀ ਪੰਜਾਬੀ ਕਹਾਣੀ ਦੇ ਬਦਲਦੇ ਪ੍ਰਤੀਮਾਨ, ਸੰਪਾਦਤ ਕਹਾਣੀ-ਸੰਗ੍ਰਹਿ 'ਨਿੱਗਰ ਖੰਭਾਂ ਦੀ ਉਡਾਣ' ਦੇ ਹਵਾਲੇ ਨਾਲ ਪੇਸ਼ ਕਰਨਗੇ। ਇਸ ਤੋਂ ਬਾਅਦ ਇਹ ਕਹਾਣੀ-ਸੰਗ੍ਰਹਿ ਲੋਕ ਅਰਪਤ ਕੀਤਾ ਜਾਵੇਗਾ। ਇਸ ਸੰਗ੍ਰਹਿ ਵਿਚ 12 ਅਮਰੀਕੀ ਪੰਜਾਬੀ ਕਹਾਣੀਆਂ ਹਨ, ਜੋ ਹਰਜਿੰਦਰ ਪੰਧੇਰ, ਸੁਰਿੰਦਰ ਸੋਹਲ, ਹਰਮਹਿੰਦਰ ਚਾਹਲ ਅਤੇ ਰਵੀ ਸ਼ੇਰਗਿੱਲ ਦੇ ਸਾਂਝੇ ਯਤਨਾ ਸਦਕਾ ਅੰਤਮ ਛੋਹਾਂ ਤੀਕ ਪਹੁੰਚਿਆ ਹੈ।

ਦੂਸਰੇ ਸੈਸ਼ਨ ਵਿੱਚ ਕਹਾਣੀ ਪਾਠ ਹੋਵੇਗਾ। ਇਸ ਵਿੱਚ ਹਾਜ਼ਰ ਕਹਾਣੀਕਾਰ ਆਪਣੀਆਂ ਨਵੀਆਂ ਲਿਖੀਆਂ ਕਹਾਣੀਆਂ ਸੁਣਾਉਣਗੇ। ਦਵਿੰਦਰ ਕੌਰ ਗੁਰਾਇਆ ਦਾ ਨਵ-ਰਚਿੱਤ ਕਹਾਣੀ ਸੰਗ੍ਰਹਿ ' ਮਰਿਆ ਨਹੀਂ ਜਿਉਂਦਾ ਹਾਂ' ਦੀ ਸਾਂਝ ਪਾਠਕਾਂ ਨਾਲ ਪਵਾਈ ਜਾਵੇਗੀ। ਇਸ ਸੈਸ਼ਨ ਦੇ ਅੰਤ ਵਿੱਚ ਪੰਜਾਬ ਤੋਂ ਆਏ ਵਿਦਵਾਨ ਪ੍ਰੋਫੈਸਰ ਆਪਣੀਆਂ ਟਿਪਣੀਆਂ ਪੇਸ਼ ਕਰਨਗੇ। ਸਰੋਤਿਆਂ ਵਲੋਂ ਉਠਾਏ ਸਾਰਥਕ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਣਗੇ।

ਅੰਤਮ ਸੈਸ਼ਨ ਵਿੱਚ ਸ਼ਾਨਦਾਰ ਕਵੀ ਦਰਬਾਰ ਹੋਵੇਗਾ। ਜਿਸ ਵਿੱਚ ਹਾਜ਼ਰ ਸ਼ਾਇਰ ਆਪਣੀਆਂ ਖੂਬਸੂਰਤ ਰਚਨਾਵਾਂ ਪੇਸ਼ ਕਰਨਗੇ। ਚਾਹ ਪਾਣੀ ਅਤੇ ਲੰਚ ਦਾ ਪ੍ਰਬੰਧ ਕੀਤਾ ਜਾਵੇਗਾ। ਸਮੂਹ ਸਾਹਿਤ ਪਿਆਰੇ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਕਤ ਦੀ ਕਦਰ ਕਰਦਿਆਂ ਨਿਰਧਾਰਤ ਸਮੇਂ ਤੇ ਪਹੁੰਚ ਕੇ ਕਾਰਜਕਾਰੀ ਕਮੇਟੀ ਨੂੰ ਧੰਨਵਾਦੀ ਬਣਾਉਣ। ਵਧੇਰੇ ਜਾਣਕਾਰੀ ਲਈ : ਹਰਜਿੰਦਰ ਪੰਧੇਰ (ਫੋਨ: 209- 610- 5055 ) ਤੇ ਸੰਪਰਕ ਕੀਤਾ ਜਾ ਸਕਦਾ ਹੈ।




**Personal Injury and Wrongful Death Attorneys**

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

# ਪੰਜਾਬੀ ਕਲਚਰਲ ਸੁਸਾਇਟੀ ਦਾ ਸੱਭਿਆਚਾਰਕ ਮੇਲਾ 24 ਜੂਨ ਨੂੰ

ਸੈਕਰਾਮੈਂਟੋ: ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.)ਇਥੇ ਲੰਘੇ ਸ਼ਨਿੱਚਰਵਾਰ ਮਾਊਟਨ ਮਾਈਕ ਪੀਜੇ ਵਿਖੇ ਕੇਵਲ ਬੌਲੀਨਾ ਦੀ ਪ੍ਰਧਾਨਗੀ ਹੇਠ ਪੰਜਾਬੀ ਕਲਚਰਲ ਸੁਸਾਇਟੀ ਦੇ




ਸਮੂਹ ਮੈਂਬਰਾਂ ਦੀ ਇਕੱਤਰਤਾ ਹੋਈ। ਮੀਟਿੰਗ ਵਿਚ 24 ਜੂਨ, ਦਿਨ ਸ਼ਨਿੱਚਰਵਾਰ ਨੂੰ ਸ਼ਾਮ 4 ਵਜੇ ਰਾਇਲ ਈਵੈਂਟ ਹਾਲ ਵਿਚ ਹੋਣ ਵਾਲੇ ਸਭਿਆਚਾਰਕ ਮੇਲੇ ਦੇ ਪ੍ਰਬੰਧਾਂ ਦੀ ਤਿਆਰੀ ਦੀ ਰੂਪ-ਰੇਖਾ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਸੰਸਥਾ ਵਲੋਂ ਕਰਵਾਏ ਜਾਂਦੇ ਇਸ ਮੇਲੇ ਦਾ ਮੁੱਖ ਮਕਸਦ ਇਹੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਸੱਭਿਆਚਾਰ, ਬੋਲੀ, ਗੀਤਾਂ ਨਾਲ ਜੋੜੀਏ। ਇਹ ਸਿਲਸਿਲਾ ਪਿਛਲੇ 33 ਸਾਲਾਂ ਤੋਂ ਚਲਾਇਆ ਜਾ ਰਿਹਾ ਹੈ ਅਤੇ ਸਭਿਆਚਾਰ ਦੀ ਸੇਵਾ ਕੀਤੀ ਜਾ ਰਹੀ ਹੈ।

ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਵੱਖ-ਵੱਖ ਟੀਮਾਂ ਵਲੋਂ ਗਿੱਧਾ, ਭੰਗੜਾ, ਸਕਿੱਟ ਅਤੇ ਗੀਤ ਸੰਗੀਤ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੇਲੇ ਵਿਚ ਸ਼ਾਮਿਲ ਹੋਣ ਦੀ ਕੋਈ ਫੀਸ ਨਹੀਂ ਹੈ। ਇਹ ਮੇਲਾ ਸ਼ਾਮ 4 ਵਜੇ ਸ਼ੁਰੂ ਹੋਵੇਗਾ।ਸਮੂਹ ਪਰਿਵਾਰਾਂ ਨੂੰ ਬੇਨਤੀ ਹੈ ਕਿ ਮੇਲੇ ਵਿਚ ਹੁੰਮ-ਹੁਮਾ ਕੇ ਪਹੁੰਚ ਕੇ ਰੌਣਕ ਵਧਾਓ। ਰਛਪਾਲ ਸਿੰਘ ਫਰਵਾਲਾ ਨੇ ਮੀਟਿੰਗ ਵਿਚ ਆਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਮੀਟਿੰਗ ਵਿਚ ਹਿੱਸਾ ਲੈਣ ਵਾਲਿਆਂ ਵਿਚ ਪਵਿੱਤਰ ਨਾਹਲ, ਵਿਜੇ ਸਿੰਘ ਪਰਹਾਰ, ਕਮਲ ਬੰਗਾ, ਕੇਵਲ ਬੌਲੀਨਾ, ਗੁਰਵਿੰਦਰ ਗੁਰੀ, ਬਖ਼ਸ਼ੀਸ ਗਿੱਲ, ਮਾਧੋ ਚਾਹਲ, ਸੁਰਿੰਦਰ ਬਿੰਦਰਾ, ਜਤਿੰਦਰ ਸਿੰਘ, ਮੱਖਣ ਸਿੰਘ, ਪਰਮਜੀਤ ਸਿੰਘ, ਵਰਿੰਦਰ ਸਿੰਘ ਤੇ ਰਛਪਾਲ ਸਿੰਘ ਸ਼ਾਮਿਲ ਸਨ। ਮੇਲੇ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਸ.ਰਛਪਾਲ ਸਿੰਘ ਫਰਵਾਲਾ ਨਾਲ ਫੋਨ 916-880-0531 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997



Please join us!

# MEMORIAL DAY PARADE

## MAY 29, 2023 7:30 AM

618 N. PLUM ST.
SPRINGFIELD, OH 45504

CONTACT AVTAR SINGH SPRINGFIELD :
937-206-4674



# 'ਰਾਗਾਂਜਲੀ' ਤੇ ਉਹਦਾ ਲੇਖਕ ਗੁਰਬਖ਼ਸ਼ ਸਿੰਘ

*ਗੁਰਬਖ਼ਸ਼ ਸਿੰਘ ਇੰਜੀਨੀਅਰਿੰਗ ਅਤੇ ਹਿਸਾਬ ਦਾ ਵਿਦਿਆਰਥੀ ਰਿਹਾ ਹੈ ਤੇ ਸਾਰੀ ਉਮਰ ਲੰਡਨ ਦੇ ਕਾਲਜ ਵਿਚ ਹਿਸਾਬ ਹੀ ਪੜ੍ਹਾਇਆ। ਪਰ ਕੋਮਲ ਕਲਾਵਾਂ ਵਿਚ ਉਸਦੀ ਰੁਚੀ ਮੁੱਢ ਤੋਂ ਹੀ ਸੀ। ਖ਼ਾਸ ਤੌਰ 'ਤੇ ਸੰਗੀਤ ਦਾ ਸ਼ੌਕ ਉਸਦੀ ਰੂਹ ਵਿਚ ਵੱਸਿਆ ਹੋਇਆ ਸੀ। ਉਹਦੀ ਕਲਾਸੀਕਲ ਰਾਗਾਂ ਬਾਰੇ ਬੜੀ ਹੀ ਮਹੱਤਵ ਪੂਰਨ ਕਿਤਾਬ 'ਰਾਗਾਂਜਲੀ' ਹਿੰਦੀ ਅਤੇ ਪੰਜਾਬੀ ਵਿਚ ਛਪੀ ਹੈ। ਇਸਦੀ ਸੰਗੀਤ ਜਗਤ ਵਿਚ ਬੜੀ ਸੋਭਾ ਹੋਈ ਹੈ। ਭਾਵੇਂ ਪੰਜਾਬੀ ਵਿਚ ਵੀ ਇਸਦੀ ਲੋੜੀਂਦੀ ਚਰਚਾ ਤਾਂ ਹੋਈ ਹੈ ਪਰ ਹਿੰਦੀ ਵਿਚ ਤਾਂ ਇਸ ਬਾਰੇ ਬੜੇ ਸੈਮੀਨਾਰ ਹੋਏ ਤੇ ਵੱਡੇ ਸੰਗੀਤਕਾਰਾਂ ਨੇ ਇਸ ਵਿਚ ਪੇਸ਼ ਬੰਧਿਸ਼ਾਂ ਦੀ ਵਿਲੱਖਣ ਜਾਣਕਾਰੀ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕੀਤੀ ਹੈ। ਨਾਮਵਰ ਹਿੰਦੀ ਚੈਨਲਾਂ 'ਤੇ ਇਸ ਪੁਸਤਕ ਬਾਰੇ ਚਰਚਾ ਹੋਈ ਹੈ। ਦਰਜਨਾਂ ਵੈਬੀਨਾਰ ਕੀਤੇ ਗਏ ਹਨ। ਹਿੰਦੀ ਵਿਚ ਇਸ ਪੁਸਤਕ ਨੂੰ ਭਰਪੂਰ ਹੁੰਗਾਰਾ ਮਿਲਣ ਕਰ ਕੇ ਇਸਦਾ ਦੂਜਾ ਸੰਸਕਰਣ ਵੀ ਛਪ ਚੁੱਕਾ ਹੈ। ਪਰ ਪੰਜਾਬੀ ਸੰਗੀਤ-ਜਗਤ ਤੱਕ ਵਿਆਪਕ ਪੱਧਰ 'ਤੇ ਇਸਦੀ ਪਹੁੰਚ ਨਹੀਂ ਹੋ ਸਕੀ। ਇਸ ਦਾ ਕਾਰਨ ਪੰਜਾਬੀਆਂ ਦਾ ਸੰਗੀਤ ਵਰਗੀਆਂ ਕੋਮਲ-ਕਲਾਵਾਂ ਬਾਰੇ ਡੂੰਘੀ ਤਰ੍ਹਾਂ ਜਾਨਣ ਦੀ ਤਾਂਘ ਦਾ ਨਾ ਹੋਣਾ ਵੀ ਹੈ ਤੇ ਗੁਰਬਖ਼ਸ਼ ਸਿੰਘ ਦਾ ਸੰਗਾਊ ਸੁਭਾਅ ਵੀ, ਜਿਸਨੂੰ ਆਪਣੇ ਬਾਰੇ 'ਰੌਲਾ' ਪਾਉਣ ਦੀ ਜਾਚ ਨਹੀਂ। ਪੰਜਾਬੀ ਦੇ ਸੰਗੀਤ ਪ੍ਰੇਮੀਆਂ ਲਈ ਇਸ ਕਿਤਾਬ ਬਾਰੇ ਜਾਣਕਾਰੀ ਦੇਣ ਲਈ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਹੈ।*

ਪਰ ਪਹਿਲਾਂ ਗੁਰਬਖ਼ਸ਼ ਸਿੰਘ ਬਾਰੇ ਕੁਝ ਨਿੱਜੀ ਜਾਣਕਾਰੀ ਸਾਂਝੀ ਕਰਨ ਦੇ ਲਾਲਚ ਤੋਂ ਬਚ ਨਹੀਂ ਸਕਦਾ।

ਪਰਵਾਸੀ ਸ਼ਾਇਰ ਗੁਰਨਾਮ ਢਿੱਲੋਂ ਤੇ ਗੁਰਬਖ਼ਸ਼ ਸਿੰਘ 1964 ਵਿਚ ਸਿਰਫ਼ ਕੁਝ ਮਹੀਨਿਆਂ ਲਈ ਹੀ ਮੇਰੇ ਉਸਤਾਦ ਰਹੇ ਸਨ। ਮੈਂ ਉਦੋਂ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਜੇ. ਬੀ. ਟੀ. ਦਾ ਵਿਦਿਆਰਥੀ ਸਾਂ।



**ਵਰਿਆਮ ਸਿੰਘ ਸੰਧੂ**
**ਫੋਨ: 747-535-1539**

ਇਨ੍ਹਾਂ ਦੋਹਾਂ ਦੀ ਉਸ ਸਕੂਲ ਵਿਚ ਸ਼ਾਇਦ ਪਹਿਲੀ ਨਿਯੁਕਤੀ ਸੀ। ਨਵਾਂ ਨਵਾਂ ਵਿਦਿਆਰਥੀ ਜੀਵਨ ਛੱਡਿਆ ਹੋਣ ਕਰ ਕੇ ਅਤੇ ਉਮਰਾਂ ਦਾ ਫ਼ਰਕ ਘੱਟ ਹੋਣ ਕਰਕੇ ਵੀ ਇਨ੍ਹਾਂ ਦੋਹਾਂ ਦਾ ਸਾਡੇ ਲਈ ਰਵੱਈਆ ਦੋਸਤਾਨਾ ਸੀ। ਗੁਰਨਾਮ ਢਿੱਲੋਂ ਸਾਡੇ ਨਾਲ ਸ਼ਾਮ ਨੂੰ ਫੁੱਟਬਾਲ ਵੀ ਖੇਡਦਾ। ਗੁਰਬਖ਼ਸ਼ ਸਿੰਘ ਸਾਡੇ ਹੋਸਟਲ ਦਾ ਸੁਪਰਡੈਂਟ ਸੀ। ਮੈਂ ਹੋਸਟਲ ਅਤੇ ਵਿਦਿਆਰਥੀਆਂ ਦਾ ਆਗੂ ਹੋਣ ਕਰਕੇ ਉਸਨੂੰ ਅਕਸਰ ਮਿਲਦਾ ਸਾਂ। ਉਹ ਸਾਹਿਤ ਦਾ ਬਹੁਤ ਸੁਚੇਤ ਪਾਠਕ ਸੀ ਤੇ ਸੰਗੀਤ ਵਿਚ ਉਸਦੀ ਵਿਸ਼ੇਸ਼ ਰੁਚੀ ਸੀ। ਮੇਰੀਆਂ ਸਾਹਿਤਕ ਰੁਚੀਆਂ ਕਰਕੇ ਉਹ ਮੇਰੀ ਕਦਰ ਕਰਦਾ ਤੇ ਮੇਰੀਆਂ ਕਹਾਣੀਆਂ ਸੁਣਦਾ, ਸੁਝਾਅ ਦਿੰਦਾ। ਮੈਂ ਦੇਰ ਰਾਤ ਤਕ ਉਸਦੇ ਕਮਰੇ ਵਿਚ ਬੈਠਾ ਰਹਿੰਦਾ। ਸਕੂਲ ਦੀਆਂ ਬਾਕਾਇਦਾ ਮਹਿਫਲਾਂ ਵਿਚ ਤੇ ਨਿੱਜੀ ਸੰਗਤ ਵਿਚ ਅਸੀਂ ਉਸ ਕੋਲੋਂ ਗੀਤ ਅਤੇ ਗ਼ਜ਼ਲਾਂ ਸੁਣਦੇ ਰਹਿੰਦੇ। ਅਸੀਂ ਯਾਰਾਂ ਵਰਗੇ ਉਸਤਾਦ-ਸ਼ਾਗਿਰਦ ਸਾਂ।

ਕੁਝ ਮਹੀਨਿਆਂ ਪਿੱਛੋਂ ਗੁਰਨਾਮ ਢਿੱਲੋਂ ਇੰਗਲੈਂਡ ਪਹੁੰਚ ਗਿਆ। ਫਿਰ ਉਸਨੇ ਗੁਰਬਖ਼ਸ਼ ਸਿੰਘ ਨੂੰ ਵੀ 'ਕਾਗਜ਼-ਪੱਤਰ' ਭੇਜ ਕੇ ਉਥੇ ਹੀ ਮੰਗਵਾ ਲਿਆ। ਮਨ ਵਿਚ ਚੇਤੇ ਹੁੰਦਿਆਂ ਵੀ ਇਹ ਦੋਵੇਂ ਉਸਤਾਦ ਵਰ੍ਹਿਆਂ ਬੱਧੀ 'ਗਵਾਚੇ' ਰਹੇ। ਮੈਂ ਤੇ ਗੁਰਨਾਮ ਢਿੱਲੋਂ ਪੰਜਾਬੀ ਲੇਖਕ ਹੋਣ ਦੇ ਨਾਤੇ ਇਕ ਦੂਜੇ ਨੂੰ ਪੜ੍ਹਦੇ ਤਾਂ ਰਹਿੰਦੇ ਪਰ ਇਹ ਨਹੀਂ ਸਾਂ ਜਾਣਦੇ ਕਿ ਅਸੀਂ ਦੋਵੇਂ 'ਦੁਨੀਆਂ ਦੇ ਮੇਲੇ ਵਿਚ ਵਿਛੜੇ' ਸਰਹਾਲੀ ਸਕੂਲ ਵਾਲ਼ੇ ਉਹੋ ਉਸਤਾਦ-ਸ਼ਾਗਿਰਦ ਹਾਂ। ਆਖ਼ਰ ਗੁਰਨਾਮ ਢਿੱਲੋਂ ਨੇ ਹੀ ਮੈਨੂੰ ਲੱਭਿਆ। ਉਸਨੂੰ ਇਹ ਸ਼ੱਕ ਤਾਂ ਅੰਦਰੇ-ਅੰਦਰ ਸਦਾ ਹੀ ਰਿਹਾ ਸੀ ਕਿਤੇ ਇਹ 'ਵਰਿਆਮ ਸੰਧੂ' ਉਹੋ 'ਸਰਹਾਲੀ ਵਾਲਾ ਮੁੰਡਾ' ਤਾਂ ਨਹੀਂ ਪਰ ਉਹਨੂੰ ਯਕੀਨ ਨਹੀਂ ਸੀ ਆਉਂਦਾ। ਇਹ ਯਕੀਨ ਉਸਨੂੰ ਉਦੋਂ ਹੋਇਆ ਜਦੋਂ ਉਸਨੇ ਕਿਸੇ ਅਖ਼ਬਾਰ ਵਿਚ ਮੇਰੀ ਤਸਵੀਰ ਵੇਖੀ। ਤੇ ਫਿਰ 'ਇੰਡੀਆ' ਆਇਆ ਉਹ ਇਕ ਦਿਨ ਹਰਭਜਨ ਹੁੰਦਲ ਨੂੰ ਲੈ ਕੇ ਮੈਨੂੰ ਮਿਲਣ ਆ ਗਿਆ। ਸਾਡੀ ਟੁੱਟੀ ਹੋਈ ਕਰਿੰਘੜੀ ਨੂੰ ਸਾਡੇ ਸੁਭਾਵਾਂ ਦੀ ਸਾਂਝ ਨੇ ਕੁਝ ਇਸ ਤਰ੍ਹਾਂ ਪੀਚਵਾਂ ਬਣਾ ਦਿੱਤਾ ਕਿ ਸਾਡੀ 'ਉਸਤਾਦੀ-ਸ਼ਾਗਿਰਦੀ' ਨਿੱਘੀ ਦੋਸਤੀ ਵਿਚ ਬਦਲ ਗਈ।

ਜਦੋਂ ਮੈਂ 1997 ਵਿਚ ਇੰਗਲੈਂਡ ਗਿਆ ਤਾਂ ਗੁਰਨਾਮ ਢਿਲੋਂ ਰਾਹੀਂ ਗੁਰਬਖ਼ਸ਼ ਸਿੰਘ ਨੂੰ ਪੈਂਤੀ ਸਾਲਾਂ ਬਾਅਦ ਮਿਲਿਆ।

ਗੱਲ ਅਜੀਬ ਸੀ; ਗੁਰਬਖਸ਼ ਸਿੰਘ 'ਸਿਰਫ਼ ਤਿੰਨ ਮਹੀਨੇ' ਜਾਂ ਕੁਝ ਵੱਧ ਸਮਾਂ ਮੇਰਾ ਉਸਤਾਦ ਰਿਹਾ ਸੀ ਪਰ ਮੇਰੇ ਏਨਾ ਅੰਦਰ ਉਤਰ ਗਿਆ ਸੀ ਕਿ ਉਮਰ ਭਰ ਉਹਨੂੰ ਮਿਲਣ ਦੀ ਲਲ੍ਹਕ ਮੇਰੇ ਅੰਦਰ ਰਹੀ।

ਇੰਗਲੈਂਡ ਆ ਕੇ ਉਸਨੇ ਦੋਬਾਰਾ ਪੜ੍ਹਾਈ ਕੀਤੀ। ਪਹਿਲਾਂ ਸਕੂਲ ਵਿਚ ਅਤੇ ਫੇਰ ਕਾਲਜ ਵਿਚ ਪੜ੍ਹਾਉਣ ਲੱਗਾ। ਉਸਦਾ ਪੜ੍ਹਾਉਣ ਦਾ ਵਿਸ਼ਾ ਹਿਸਾਬ ਸੀ।

1997 ਵਿਚ ਉਹਦੇ ਇੰਗਲੈਂਡ ਵਾਲੇ ਘਰ ਹੋਈ ਗੱਲ-ਬਾਤ ਦੇ ਕੁਝ ਅੰਸ਼:

''ਜਮ੍ਹਾਂ-ਤਫ਼ਰੀਕਾਂ ਵਾਲ਼ਾ ਬੰਦਾ ਆਪਣੇ ਕਲਾਕਾਰ ਆਪੇ ਨਾਲ ਕਿਵੇਂ ਸੰਤੁਲਨ ਬਣਾ ਕੇ ਰੱਖ ਸਕਿਆ?''

''ਮੈਂ ਆਪਣੇ ਅੰਦਰਲੇ ਕਲਾਕਾਰ ਨੂੰ ਸਦਾ ਜ਼ਿੰਦਾ ਰੱਖਿਐ।'' ਉਸਨੇ ਦੱਸਿਆ ਕਿ ਉਹ ਸੰਗੀਤ ਦੇ ਆਪਣੇ ਮੂਲ-ਮੋਹ ਤੋਂ ਮੁਨਕਰ ਨਹੀਂ ਹੋਇਆ। ਉਸਨੇ ਕਈ ਨਵੀਆਂ ਸੰਗੀਤਕ-ਬੰਧਸ਼ਾਂ ਬਣਾਈਆਂ ਤੇ ਇਹ ਭਾਰਤ ਵਿਚ ਰਾਸ਼ਟਰੀ ਮਾਨਤਾ ਪ੍ਰਾਪਤ ਰਸਾਲੇ 'ਸੰਗੀਤ' ਵਿਚ ਛਪਦੀਆਂ ਰਹੀਆਂ ਹਨ। ਉਹ ਰਿਆਜ਼ ਵੀ ਕਰਦਾ ਸੀ ਤੇ ਸ਼ੌਕ ਦੀ ਤ੍ਰਿਪਤੀ ਲਈ 'ਸਲੋਅ' ਦੇ ਗੁਰਦੁਆਰੇ ਵਿਚ ਸਿਖਿਆਰਥੀਆਂ ਲਈ ਸੰਗੀਤ ਦੀਆਂ ਕਲਾਸਾਂ ਬਿਨਾਂ ਕਿਸੇ ਫੀਸ ਤੋਂ ਲੈਂਦਾ ਸੀ।

''ਏਨੇ ਰੁਝੇਵੇਂ ਭਰੇ ਜੀਵਨ ਵਿਚੋਂ ਸਮਾਂ ਕਿਵੇਂ ਕੱਢ ਲੈਂਦੇ ਹੋ। ਏਥੇ ਤਾਂ ਸਮੇਂ ਦੀ ਤੰਗੀ ਦਾ ਅਕਸਰ ਜ਼ਿਕਰ ਕੀਤਾ ਜਾਂਦਾ ਹੈ।''

ਉਹ ਮਿੰਨ੍ਹਾ ਜਿਹਾ ਮੁਸਕਰਾਇਆ, ਪਰ ਦੂਜੇ ਪਲ ਹੀ ਗੰਭੀਰ ਹੋ ਗਿਆ।

''ਐਜੂਕੇਸ਼ਨ ਡਿਪਾਰਟਮੈਂਟ ਵਿਚ ਹੀ ਨਹੀਂ, ਜਦੋਂ ਮੈਂ ਇੰਡਸਟਰੀ ਵਿਚ ਕੰਮ ਕਰਦਾ ਸਾਂ ਉਦੋਂ ਵੀ ਇਸ ਸ਼ੌਕ ਲਈ ਸਮਾਂ ਕੱਢ ਲੈਂਦਾ ਸਾਂ। ਟਾਈਮ ਮਿਲ ਜਾਂਦਾ ਹੈ...ਐਵੇਂ ਲੋਕੀਂ ਰੋਹਬ ਪਾਉਂਦੇ ਨੇ।...ਟਾਈਮ ਦੀ ਕਿੱਲਤ ਦਾ ਰੌਲ਼ਾ ਪਾਉਣ ਵਾਲੇ 'ਓਵਰ-ਟਾਈਮ' ਦਾ ਫਾਹਾ ਕਿਉਂ ਲੈਂਦੇ ਨੇ। ਪੈਸੇ ਨਾਲ ਬੰਦਾ ਰੱਜਦਾ ਹੈ ਕਦੀ! ਰੂਹ ਦੇ ਰੱਜ ਲਈ ਵੀ ਸਮਾਂ ਕੱਢਣਾ ਚਾਹੀਦੈ।...ਤੇ ਕੱਢਦੇ ਨੇ ਲੋਕੀਂ...ਚਾਰ ਚਾਰ ਪੰਜ ਪੰਜ ਘੰਟੇ ਦੀਆਂ ਮਹਿਫ਼ਲਾਂ ਹੁੰਦੀਆਂ ਨੇ। ਛੋਟੇ ਜਿਹੇ ਕਵੀ-ਦਰਬਾਰ ਲਈ ਸ਼ਾਇਰ ਲੋਕ ਮੀਲਾਂ ਦੂਰ ਜਾਂਦੇ ਨੇ...ਸਮਾਂ ਹੈ, ਤਾਂ ਹੀ ਜਾਂਦੇ ਨੇ...''

ਜਦੋਂ ਮੈਂ ਉਸਨੂੰ ਕੁਝ ਸੁਨਾਉਣ ਲਈ ਬੇਨਤੀ ਕੀਤੀ ਤਾਂ ਉਹ ਕਲਾਕਾਰਾਂ ਵਾਲੇ ਨਾਜ਼-ਨਖ਼ਰੇ ਤੋਂ ਬਿਨਾਂ ਤੁਰੰਤ ਹਾਰਮੋਨੀਅਮ ਚੁੱਕ ਲਿਆਇਆ।

''ਤੈਨੂੰ ਦਿਲੋਂ ਭੁਲਾਣ ਦੀ ਕੋਸ਼ਿਸ਼ ਕਰਾਂਗਾ ਮੈਂ,
ਮਹੁਰਾ ਗ਼ਮਾਂ ਦਾ ਖਾਣ ਦੀ ਕੋਸ਼ਿਸ਼ ਕਰਾਂਗਾ ਮੈਂ।''

ਮੇਰੇ ਕਹਿਣ 'ਤੇ ਉਹ ਬਿਸ਼ਨ ਸਿੰਘ ਉਪਾਸ਼ਕ ਦੀ ਲਿਖੀ ਗ਼ਜ਼ਲ ਗਾ ਰਿਹਾ ਸੀ ਤੇ ਮੈਂ ਪੈਂਤੀ ਸਾਲ ਪਹਿਲਾਂ ਦੇ ਉਸ ਮਾਹੌਲ ਨੂੰ ਯਾਦ ਕਰਕੇ ਰੁਮਾਂਚਿਤ ਹੋ ਰਿਹਾ ਸਾਂ ਜਦੋਂ ਉਸ ਕੋਲੋਂ ਪਹਿਲੀ ਵਾਰ ਇਹੋ ਗਜ਼ਲ ਸੁਣੀ ਸੀ। ਉਸਦੀ ਆਵਾਜ਼ ਵਿਚਲਾ ਸੋਜ਼ ਮਨ ਨੂੰ ਪਿਘਲਾ ਗਿਆ।

ਆਪਣੀ ਪਸੰਦ ਦੀ ਗ਼ਜ਼ਲ ਸੁਣ ਲੈਣ ਤੋਂ ਪਿੱਛੋਂ ਮੈਂ ਉਸਨੂੰ ਉਹਦੀ ਆਪਣੀ ਪਸੰਦ ਦੀ ਕੋਈ ਚੀਜ਼ ਸੁਣਾਉਣ ਲਈ ਕਿਹਾ।

''ਮੈਂ ਮਰ ਚੁੱਕੇ ਅਪ੍ਰਚੱਲਿਤ ਰਾਗਾਂ ਨੂੰ ਗਾਉਂਦਾ ਹਾਂ...ਮੈਨੂੰ ਕਲਾਸੀਕਲ ਸੰਗੀਤ ਵਿਚ ਡੂੰਘੀ ਦਿਲਚਸਪੀ ਹੈ।''

ਤੇ ਉਸਨੇ ਨਵਾਂ ਕਲਾਮ ਛੁਹ ਲਿਆ। ਵਾਤਾਵਰਣ ਮਹਿਕ ਉਠਿਆ।

ਬਾਜੇ ਰੇ ਮੋਰੀ ਪਾਇਲੀਆ
ਝਨਕ ਝਨਕ ਛਨ...ਛਨ ਨ ਨ ਨ
ਸਾਸ ਨਿਗੋੜੀ ਜਾਗੇ ਨਨਦੀਆ
ਔਰ ਬੈਰਨ ਹੋ ਮੋਰੀ ਪਾਇਲੀਆ....

ਤੇ ਫਿਰ ਇਕ ਹੋਰ ਕਲਾਮ
....ਤੈਂਡੜੇ ਨਾਲ ਮੈਂ ਲੱਗੀਆਂ ਨਿਭਾਵਾਂ
ਸਦ ਬਲਿਹਾਰੇ ਮੈਂ ਬਲ ਬਲ ਜਾਵਾਂ
ਬਿਨ ਡਿਠਿਆਂ ਮੇਰੇ ਨੈਣ ਨਿਰੰਜਨ
ਬਿਨ ਮਿਲਿਆਂ ਹਿੱਕੀ ਉੱਠਣ ਹਾਵਾਂ
ਤੈਂਡੜੇ ਨਾਲ....
ਸੱਜਨ ਬਿਨ ਨੈਨੀਂ ਨੀਂਦ ਨ ਆਵੇ
ਕਿਤੁ ਬਿਧੁ ਲੰਮੜੀ ਰੈਨ ਵਿਹਾਵੇ....


ਉਹਨੇ ਸੁਰਾਂ ਤੋਂ ਪੋਟੇ ਚੁੱਕੇ ਤਾਂ ਅਸੀਂ ਜਿਵੇਂ ਜਾਦੂ ਦੀ ਜਕੜ ਵਿਚੋਂ ਬਾਹਰ ਨਿਕਲੇ। ਗਾਏ ਗਏ ਕਲਾਮ ਵਿਚਲਾ ਸੂਫ਼ੀਆਨਾ ਰੰਗ ਵੇਖ ਕੇ ਮੈਂ ਜਾਨਣਾ ਚਾਹਿਆ ਕਿ ਇਹ ਬੋਲ ਕਿਸ ਸ਼ਾਇਰ ਦੇ ਲਿਖੇ ਹੋਏ ਸਨ। ਉਹ ਬਾਲਾਂ ਵਰਗਾ ਨਿਰਛਲ ਹਾਸਾ ਹੱਸਿਆ।


''ਚਿਮਟੀ-ਕਵੀਰਾਜ ਜੀ ਦੁਆਰਾ ਲਿਖਿਆ ਹੋਇਆ ਕਲਾਮ ਹੈ ਇਹ...''

ਮੈਨੂੰ ਸਮਝ ਨਾ ਪਈ ਤਾਂ ਉਸਨੇ ਵਿਆਖਿਆ ਕੀਤੀ, ''ਪੰਜਾਬੀ ਦੀ ਬਹੁਤੀ ਕਵਿਤਾ 'ਚਿਮਟੀ ਕਵਿਤਾ' ਹੈ। ਦੂਜੇ ਚੰਗੇ ਸ਼ਾਇਰਾਂ ਦੇ ਚੰਗੇ ਸ਼ਬਦ ਚਿਮਟੀ ਨਾਲ ਚੁੱਕੋ ਤੇ ਉਨ੍ਹਾਂ ਨੂੰ ਆਪਣੀਆਂ ਸਤਰਾਂ ਵਿਚ ਬੀੜ ਲਵੋ। ਬਹੁਤੀ ਪੰਜਾਬੀ ਕਵਿਤਾ 'ਸ਼ਬਦਾਂ ਦਾ ਬੀੜਨਾ' ਹੀ ਰਹਿ ਗਈ ਹੈ। ਉਸ ਵਿਚ ਸ਼ਾਇਰੀ ਨਹੀਂ ਹੁੰਦੀ...ਮੈਂ ਵੀ ਏਦਾਂ ਦੀ 'ਚਿਮਟੀ-ਸ਼ਾਇਰੀ' ਕਰ ਲੈਂਦਾ ਹਾਂ। ਚੰਗੇ ਲਫ਼ਜ਼ ਚੁੱਕ ਕੇ ਆਪਣੀ ਤਰਤੀਬ ਵਿਚ ਬੀੜ ਲੈਂਦਾ ਹਾਂ।''

ਮੇਰੇ ਇਹ ਪੁੱਛਣ 'ਤੇ ਕਿ ਕਿਤੇ ਇਹੋ ਜਿਹੀਆਂ ਕਵਿਤਾਵਾਂ ਛਪਵਾਈਆਂ ਵੀ ਹਨ? ਉਸਨੇ ਜੁਆਬ ਦਿੱਤਾ :

''ਬਿਲਕੁਲ ਨਹੀਂ...ਨਾ ਇਹ 'ਕਵਿਤਾ' ਹੁੰਦੀ ਹੈ ਤੇ ਨਾ ਹੀ 'ਮੇਰੀ' ਹੁੰਦੀ ਹੈ...ਇਸ ਲਈ ਛਪਵਾਉਣ ਦਾ ਸੁਆਲ ਹੀ ਕਿਥੇ ਉਠਦਾ ਹੈ...ਇਹ ਤਾਂ ਬੱਸ ਆਪਣੇ ਆਪ ਨੂੰ ਸੁਣਾ ਕੇ ਰਾਂਝਾ ਰਾਜ਼ੀ ਕਰ ਲਈਦਾ ਹੈ।...ਛਪਣ-ਛਪਾਉਣ ਵਾਲੇ ਸ਼ਾਇਰ ਤਾਂ ਗੁਰਨਾਮ ਹੁਰੀਂ ਹਨ...''








ਉਸਤੋਂ ਬਾਅਦ ਉਹ ਜਦੋਂ ਪੰਜਾਬ ਆਉਂਦਾ ਤਾਂ ਮੈਨੂੰ ਮਿਲਣਾ ਨਾ ਭੁੱਲਦਾ। ਇੱਕ ਵਾਰ ਜਲੰਧਰ ਦੇ ਸਾਜ਼ ਬਣਾਉਣ ਦੇ ਮਾਹਿਰ ਗੁਰਦਿਆਲ ਸਿੰਘ ਕੋਲੋਂ ਉਹਦੀ ਮਨਸ਼ਾ ਦਾ ਹਾਰਮੋਨੀਅਮ ਬਣਾਉਣ ਦੀ ਇੱਛਾ ਵੀ ਪੂਰੀ ਕਰਨ ਦੀ ਖ਼ੁਸ਼ੀ ਲਈ।

ਉਮਰ ਭਰ ਦਸੀ ਘਾਲਣਾ ਘਾਲ ਕੇ ਉਸ ਨੇ ਇੱਕ ਮੁੱਲਵਾਨ ਕਿਤਾਬ ਲਿਖੀ ਹੈ, 'ਰਾਗਾਂਜਲੀ' ਲਿਖ ਕੇ ਕਿਹਾ ਹੈ ਕਿ ਇਹ ਮੇਰੀ ਸੰਗੀਤ ਜਗਤ ਨੂੰ ਭੇਟਾ ਹੈ। ਉਸਨੇ ਗੁਰੂ ਗ੍ਰੰਥ ਸਾਹਿਬ ਵਿਚਲੇ 150 ਸ਼ਬਦਾਂ ਦੀ 112 ਰਾਗਾਂ ਵਿਚ ਬੰਧਿਸ਼ਾਂ ਬਣਾਈਆਂ ਹਨ। ਇਹ ਬੰਧਿਸ਼ਾਂ ਉਹਦੀ ਨਿਰੋਲ ਮੌਲਿਕ ਸਿਰਜਣਾ ਹਨ, ਇਸ ਪਹਿਲਾਂ ਹੋਰ ਸੰਗੀਤਕਾਰਾਂ ਵੱਲੋਂ ਬਣਾਈਆਂ ਬੰਧਿਸ਼ਾਂ ਦਾ ਕੋਈ ਦਖ਼ਲ ਨਹੀਂ।

ਪਿੱਛੋਂ ਫ਼ੀਰੋਜ਼ਪਰ ਦੇ ਰਹਿਣ ਵਾਲੇ ਤੇ ਹਾਲ ਵਿਚ ਸਾਢੇ ਕੁ ਪੰਜ ਦਹਾਕਿਆਂ ਤੋਂ ਬਰਤਾਨੀਆਂ ਵਿਚ ਰਹਿੰਦੇ ਗੁਰਬਖ਼ਸ਼ ਸਿੰਘ ਹੁਰੀ ਛੇ ਭੈਣ-ਭਰਾ ਹਨ। ਸੰਗੀਤ ਦੀ ਗੁੜ੍ਹਤੀ ਉਸਨੂੰ ਪਰਿਵਾਰ ਵਿਚੋਂ ਹੀ ਮਿਲੀ। ਉਸਦੇ ਮਾਤਾ-ਪਿਤਾ ਨੂੰ ਵੀ ਸੰਗੀਤ ਦਾ ਸ਼ੌਕ ਸੀ। ਭੈਣ ਭਰਾ ਵੀ ਗਾਉਣ ਦਾ ਸ਼ੌਕ ਰੱਖਦੇ ਸਨ। ਕਈ ਵਾਰ ਸਾਰਾ ਪਰਿਵਾਰ ਮਿਲ ਕੇ ਵੀ ਗਾਉਂਦਾ। ਕਦੀ ਕਦੀ ਘਰ ਵਿਚ ਕਵਾਲੀ ਦਾ ਗਾਇਨ ਕਰਦੇ ਤਾਂ ਉਹਦੇ ਬਾਬਾ ਜੀ ਵੀ ਨਾਲ ਤਾੜੀ ਮਾਰ ਕੇ ਕਵਾਲੀ-ਗਾਇਨ ਦਾ ਲੁਤਫ਼ ਲੈਂਦੇ।

ਗੁਰਬਖ਼ਸ਼ ਸਿੰਘ ਦੀ ਸੰਗੀਤ ਵਿਚ ਵਿਸ਼ੇਸ਼ ਰੁਚੀ ਵੇਖ ਕੇ ਉਹਦੇ ਪਿਤਾ ਉਹਨੂੰ ਫ਼ਿਰੋਜ਼ਪੁਰ ਵਿਚ ਹੁੰਦੇ ਸੰਗੀਤ-ਦਰਬਾਰਾਂ ਜਾਂ ਕੀਰਤਨ-ਦਰਬਾਰਾਂ ਵਿਚ ਲੈ ਕੇ ਜਾਂਦੇ। ਜਿਹੜਾ ਨਾਮਵਰ ਸੰਗੀਤਕਾਰ ਜਾਂ ਕੀਰਤਨੀਆ ਫ਼ਿਰੋਜ਼ਪੁਰ ਆਉਂਦਾ



ਤਾਂ ਉਹਦੇ ਪਿਤਾ ਜੀ ਉਨ੍ਹਾਂ ਨੂੰ ਬੜੇ ਆਦਰ ਨਾਲ ਘਰ ਬੁਲਾਉਂਦੇ। ਉਹ ਗੁਰਬਖ਼ਸ਼ ਦਾ ਸ਼ੌਕ ਵੇਖ ਕੇ ਕੁਝ ਨਾ ਕੁਝ ਸਿਖਾ ਵੀ ਜਾਂਦੇ। ਉਦੋਂ ਕਲਾਸੀਕਲ ਰਾਗਾਂ ਦਾ ਉਹਨੂੰ ਬਹੁਤਾ ਪਤਾ ਤਾਂ ਨਹੀਂ ਸੀ, ਪਰ ਉਹ ਗੁਣਗੁਣਾਉਂਦਾ ਠੀਕ ਸੀ। ਪੰਜ ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਉਸਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਾਰਾ ਪਰਿਵਾਰ ਹੀ ਸਾਹਿਤ ਅਤੇ ਸੰਗੀਤ ਦਾ ਰਸੀਆ ਸੀ। ਇਸ ਲਈ ਸਾਹਿਤ ਅਤੇ ਸੰਗੀਤ ਤਾਂ ਬਚਪਨ ਤੋਂ ਹੀ ਉਹਦੀ ਰੂਹ ਵਿਚ ਵੱਸਿਆ ਹੋਇਆ ਸੀ। ਆਪਣੀ ਧੁਨ ਜਾਂ ਬੰਧਿਸ਼ ਬਨਾਉਣ ਦਾ ਖ਼ਿਆਲ ਪਹਿਲੀ ਵਾਰ ਉਹਨੂੰ ਉਦੋਂ ਆਇਆ ਜਦੋਂ ਉਹਦੀ ਭੈਣ ਸੁਰਿੰਦਰ ਕੌਰ, ਜੋ ਖ਼ੁਦ ਇੱਕ ਲੇਖਿਕਾ ਵੀ ਹੈ ਤੇ ਜਿਸਨੂੰ ਸੰਗੀਤ ਦਾ ਸ਼ੌਕ ਵੀ ਸੀ, ਉਹ ਇੱਕ ਵਾਰ 'ਪੰਜਾਬ ਦੀ ਕੋਇਲ' ਕਰ ਕੇ ਜਾਣੀ ਜਾਂਦੀ ਗਾਇਕਾ ਸੁਰਿੰਦਰ ਕੌਰ ਨੂੰ ਮਿਲ ਕੇ ਆਈ ਤਾਂ ਉਸਨੇ ਗੁਰਬਖ਼ਸ਼ ਨੂੰ ਦੱਸਿਆ ਕਿ ਸੁਰਿੰਦਰ ਕੌਰ ਆਪਣੇ ਗੀਤਾਂ ਦੀਆਂ ਧੁਨਾਂ ਆਪ ਬਣਾਉਂਦੀ ਹੈ। ਇਸਤੋਂ ਪ੍ਰੇਰਿਤ ਹੋ ਕੇ ਗੁਰਬਖ਼ਸ਼ ਸਿੰਘ ਨੇ ਆਪਣੀਆਂ ਮੌਲਿਕ ਬੰਧਿਸ਼ਾਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਕੰਮ ਉਹ ਪਿਛਲੇ ਪੰਜਾਹ ਸਾਲਾਂ ਤੋਂ ਕਰਦਾ ਆ ਰਿਹਾ ਸੀ, ਪਰ ਇਨ੍ਹਾਂ ਬੰਧਿਸ਼ਾਂ ਨੂੰ ਲਿਖਦਾ ਨਹੀਂ ਸੀ। ਬੰਧਿਸ਼ ਦਿਮਾਗ਼ ਵਿਚ ਹੁੰਦੀ ਸੀ। ਆਪਣੇ ਵਿਦਿਆਰਥੀਆਂ ਨੂੰ ਸਿਖਾਉਂਦਾ ਵੀ ਸੀ। ਜਦੋਂ ਰਿਟਾਇਰ ਹੋਇਆ ਤਾਂ ਉਹਦੇ ਮਨ ਵਿਚ ਆਇਆ ਕਿ ਦਿਮਾਗ਼ ਵਿਚ ਪਈਆਂ ਬੰਧਿਸ਼ਾਂ ਨੂੰ ਲਿਖ ਕੇ ਵੀ ਸਾਂਭਣਾ ਚਾਹੀਦਾ ਹੈ।

ਉਹਦਾ ਕਹਿਣਾ ਹੈ ਕਿ ਪੁਰਾਣੇ ਕਲਾਸੀਕਲ ਗਾਉਣ ਵਾਲੇ ਅਕਸਰ ਧਰੁਪਦ ਅਤੇ ਕੁਝ ਹੋਰ ਰਾਗ ਗਾਉਂਦੇ ਸਨ। ਇਹ ਪੰਜਾਹ ਸੱਠ ਸਾਲ ਪਹਿਲਾਂ। ਪਰ ਤੀਹ ਕੁ ਸਾਲਾਂ ਤੋਂ ਬਹੁਤਿਆਂ ਨੇ ਪੁਰਾਣੀਆਂ ਸੰਗੀਤਕ ਬੰਧਿਸ਼ਾਂ ਨੂੰ ਤਿਆਗ ਕੇ 'ਕਹਿਰਵਾ' ਵਿਚ ਚਲੰਤ ਤੇ ਸਾਦਾ ਜਿਹਾ ਗਾਉਣਾ ਸ਼ੁਰੂ ਕਰ ਦਿੱਤਾ ਹੈ। ਪਰ ਉਹ ਚਾਹੁੰਦਾ ਹੈ ਕਿ ਸਾਨੂੰ ਸੰਗੀਤ ਦੀ ਅਮੀਰ ਵਿਰਾਸਤ ਨੂੰ ਭੁਲਾਉਣਾ ਨਹੀਂ ਚਾਹੀਦਾ। ਇਸੇ ਮਕਸਦ ਨਾਲ ਹੀ ਉਹਨੇ ਇਹ ਕਿਤਾਬ ਲਿਖੀ ਹੈ। ਉਹਦਾ ਮੰਨਣਾ ਹੈ ਕਿ ਉਹਨੇ ਜਿਹੜੀਆਂ ਬੰਧਿਸ਼ਾਂ ਬਣਾਈਆਂ ਨੇ, ਉਹ ਕੁਝ ਮੁਸ਼ਕਿਲ ਜ਼ਰੂਰ ਹਨ ਪਰ ਹਨ ਮੁੱਲਵਾਨ।

ਲੰਡਨ ਦੇ 'ਸਲੋਹ' ਗੁਰਦਵਾਰੇ ਵਿਚ ਉਹਨੇ ਦੋ ਦਹਾਕੇ ਤੋਂ ਵੱਧ ਸੰਗੀਤ ਦੇ ਵਿਦਿਆਰਥੀਆਂ ਨੂੰ ਮੁਫ਼ਤ ਸੰਗੀਤ ਸਿਖਾਇਆ। ਏਸੇ ਤਰਾਂ ਜਦੋਂ ਕਿਸੇ ਗੁਰਦੁਆਰੇ ਵਿਚ ਵਿਸ਼ੇਸ਼ ਸੱਦੇ ਉੱਤੇ ਆਪ ਕੀਰਤਨ ਕਰਦਾ ਹੈ ਤਾਂ ਕੀਰਤਨ ਭੇਟਾ ਵਾਲੀ ਸਾਰੀ ਮਾਇਆ ਗੁਰੂ ਦੀ ਗੋਲਕ ਵਿਚ ਪਾ ਦਿੰਦਾ ਹੈ।

ਜਦੋਂ ਉਹ ਇੰਗਲੈਂਡ ਵਿਚ ਆਇਆ ਤਾਂ ਮੋਹਨ ਸਿੰਘ ਮੁਸਾਪੁਰੀ ਨੂੰ ਉਸਤਾਦ ਧਾਰਿਆ। ਉਹ ਗੁਰਦਵਾਰੇ ਵਿਚ ਕੀਰਤਨ ਕਰਦੇ ਤੇ ਸਿਖਾਉਂਦੇ ਸਨ। ਉਸਨੇ ਹੀ ਗੁਰਬਖ਼ਸ਼ ਸਿੰਘ ਨੂੰ ਕਿਹਾ ਕਿ ਉਹ ਇਸ ਕਾਰਜ ਵਿਚ ਉਸਦਾ ਸਾਥ ਦੇਵੇ। ਵੀਹ ਕੁ ਸਾਲ ਪਹਿਲਾਂ ਉਸਤਾਦ ਜੀ ਬੀਮਾਰ ਰਹਿਣ ਲੱਗੇ ਤਾਂ ਇਹ ਸੇਵਾ ਗੁਰਬਖ਼ਸ਼ ਸਿੰਘ ਨੇ ਸਾਂਭ ਲਈ ਤੇ ਮੁਫ਼ਤ ਸੰਗੀਤ ਸਿਖਾਉਣਾ ਜਾਰੀ ਰੱਖਿਆ।

(ਬਾਕੀ ਸਫਾ 30 'ਤੇ)

# ਰੰਗਾਂ ਰਾਹੀਂ ਬੋਲਦੀ ਸੁਰਜੀਤ ਕੌਰ

ਕਲਾ ਪਰਿਕਰਮਾ

ਪੰਜਾਬ ਦੀ ਆਧੁਨਿਕ ਕਲਾ 'ਚ ਸੁਰਜੀਤ ਕੌਰ ਜਾਣਿਆ-ਪਛਾਣਿਆ ਨਾਂ ਹੈ। ਕਲਾ ਦੇ ਖੇਤਰ 'ਚ ਕੀਤਾ ਲੰਮਾ ਸਫ਼ਰ ਇਸ ਕਲਾਕਾਰ ਦੀ ਪ੍ਰਤਿਭਾ ਅਤੇ ਪ੍ਰਤੀਬੱਧਤਾ ਦਰਸਾਉਂਦਾ ਹੈ। ਪੰਜਾਬ ਨੂੰ ਉਸ 'ਤੇ ਮਾਣ ਹੈ।

ਸਾਡੇ ਵਿਚਕਾਰ ਹੋਈ ਲੰਮੀ ਸਾਂਝ ਨੇ ਮੈਨੂੰ ਉਸ ਦੀ ਰਚਨਾਤਮਿਕ ਪ੍ਰਕਿਰਿਆ ਨਾਲ ਨੇੜਿਓਂ ਵਾਕਫ਼ ਕਰਵਾਇਆ। ਸਾਹਿਤ ਵਿਚ ਉਸ ਦੀ ਰੁਚੀ ਸੀ। ਸਟੂਡੀਓ ਵਿਚ ਕਿਤਾਬਾਂ ਹੀ ਕਿਤਾਬਾਂ ਸਨ ਜਿਸ ਨੂੰ ਉਹ ਆਪਣੇ ਖ਼ਾਸ-ਖ਼ਾਸ ਮਿੱਤਰਾਂ ਨਾਲ ਸਾਂਝਾ ਕਰਦੀ ਸੀ। ਮੇਰੇ ਕੋਲ ਵੀ ਕੁਝ ਕਿਤਾਬਾਂ ਹਨ ਜੋ ਉਸ ਨੇ ਮੈਨੂੰ ਮੇਰੇ ਜਨਮ ਦਿਨ 'ਤੇ ਤੋਹਫ਼ੇ ਵਜੋਂ ਦਿੱਤੀਆਂ ਸਨ। ਗੜ੍ਹਾ ਰੋਡ, ਹਰਦਿਆਲ ਨਗਰ, ਜਲੰਧਰ



ਵਿਖੇ ਸੁਰਜੀਤ ਕੌਰ ਅਤੇ ਉਸ ਦਾ ਜੀਵਨ ਸਾਥੀ ਨਰਿੰਦਰ ਸਿੰਘ ਰਹਿੰਦੇ ਸਨ। ਸੁਰਜੀਤ ਦਾ ਸਟੂਡੀਓ ਛੱਤ 'ਤੇ ਸੀ। ਅਕਸਰ ਉਹ ਮਿਲਣ ਆਏ

**ਪ੍ਰੇਮ ਸਿੰਘ**
**ਸੰਪਰਕ: 98110-52271**

ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਨੂੰ ਗੱਲਬਾਤ ਲਈ ਆਪਣੇ ਸਟੂਡੀਓ ਵਿਚ ਲੈ ਜਾਂਦੀ। ਨਰਿੰਦਰ ਸਿੰਘ ਅਕਸਰ ਹੇਠਾਂ ਹੀ ਬੈਠਦਾ ਸੀ। ਮੈਂ ਕਦੇ ਵੀ ਉਸ ਨੂੰ ਲੇਖਕਾਂ ਅਤੇ ਕਲਾਕਾਰਾਂ ਦੀ ਸੰਗਤ ਕਰਦੇ ਨਹੀਂ ਦੇਖਿਆ। ਪਤਾ ਨਹੀਂ ਕਿਉਂ, ਮੇਰੇ ਨਾਲ ਉਸ ਦੀ ਮਿੱਤਰਤਾ ਹੋ ਗਈ। ਇਕੱਠੇ ਬੈਠ ਕੇ ਖਾਣਾ-ਪੀਣਾ ਤੇ ਮੌਜਾਂ ਮਾਣਨੀਆਂ। ਸਾਡੀ ਮਿਲਣੀ ਦਾ ਇਹ ਵਿਸ਼ੇਸ਼ ਅੰਗ ਬਣ ਗਿਆ। ਮੇਰੀ ਉਸ ਨਾਲ ਵਧਦੀ ਦੋਸਤੀ ਸੁਰਜੀਤ ਨੂੰ ਸੁਖਾਉਂਦੀ ਨਹੀਂ ਸੀ।

ਕਲਾਕਾਰ ਸੁਰਜੀਤ ਖੁੱਲ੍ਹ-ਪਸੰਦ ਸੀ। ਕਵੀਆਂ, ਲੇਖਕਾਂ ਤੇ ਕਲਾਕਾਰਾਂ ਵੱਲੋਂ ਕੀਤੀ ਜਾਂਦੀ ਪ੍ਰਸ਼ੰਸਾ ਉਸ ਨੂੰ ਚੰਗੀ ਲੱਗਦੀ ਸੀ। ਉਸ ਦੀ ਖੁੱਲ੍ਹ 'ਚ ਨਰਿੰਦਰ ਦਾ ਕੋਈ ਦਖ਼ਲ ਨਹੀਂ ਸੀ। ਉਸ ਨੂੰ ਬਣਾਉਣ ਵਿਚ ਨਰਿੰਦਰ ਦੇ ਯੋਗਦਾਨ ਦੀ ਉਹ ਹਮੇਸ਼ਾ ਸ਼ਲਾਘਾ ਕਰਦੀ। ਇਸ ਸਬੰਧ ਨੂੰ ਦੋਵਾਂ ਨੇ ਚੰਗੀ ਤਰ੍ਹਾਂ ਮੰਨ ਲਿਆ ਸੀ। ਨਰਿੰਦਰ ਆਪਣੀ ਜੀਵਨ ਸਾਥਣ ਦੀ ਖ਼ੁਸ਼ੀ ਵਿਚ ਆਪਣੀ ਖ਼ੁਸ਼ੀ ਦੇਖਦਾ ਸੀ। ਕਲਾ ਖੇਤਰ ਵਿਚ ਸੁਰਜੀਤ ਨੂੰ ਮਿਲੀ ਪ੍ਰਸਿੱਧੀ ਤੇ ਪ੍ਰਸਿੱਧ ਲੇਖਕਾਂ ਨਾਲ ਉਸ ਦੀਆਂ ਬੈਠਕਾਂ 'ਤੇ ਮਾਣ ਕਰਦਾ ਸੀ। ਕਦੇ-ਕਦੇ ਉਸ ਦੀਆਂ ਪ੍ਰਾਪਤੀਆਂ ਬਾਰੇ ਦੱਸ ਕੇ ਆਪ ਵੀ ਸਨਮਾਨਿਤ ਮਹਿਸੂਸ ਕਰਦਾ।

ਸੁਰਜੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਫਾਈਨ ਆਰਟਸ ਦੀ ਐਮ.ਏ. (ਪੋਸਟ ਗਰੈਜੂਏਟ ਡਿਗਰੀ) ਹਾਸਲ ਕੀਤੀ। ਚਿੱਤਰਕਾਰ ਸੋਭਾ ਸਿੰਘ ਦੇ ਜੀਵਨ ਅਤੇ ਕਲਾ ਬਾਰੇ ਖੋਜ ਕਰਕੇ ਪੀਐਚ.ਡੀ. ਲਈ। ਆਪਣੀ ਕਲਾ ਵਿਚ ਨਿਖਾਰ ਤੇ ਪਰਿਪੱਕਤਾ ਲਈ ਉਸ ਨੇ ਕੁਝ ਸਮਾਂ ਅੰਦਰੇਟਾ ਸਥਿਤ ਸੋਭਾ ਸਿੰਘ ਦੇ ਸਟੂਡੀਓ ਵਿਚ ਰਹਿ ਕੇ ਚਿੱਤਰਕਲਾ ਕੀਤੀ। ਆਧੁਨਿਕ ਕਲਾ ਦਾ ਦੌਰ ਸੀ। ਯੂਰਪ ਤੋਂ ਆਰੰਭ ਹੋਈ ਇਸ ਕਲਾ ਨੇ ਸੌ ਵਰ੍ਹਿਆਂ ਦਾ ਪੈਂਡਾ ਤੈਅ ਕਰਕੇ ਸਮੁੱਚੇ ਕਲਾ ਜਗਤ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ।

ਅੰਮ੍ਰਿਤਾ ਸ਼ੇਰਗਿੱਲ (1913-1941) ਭਾਰਤੀ ਆਧੁਨਿਕ ਕਲਾ ਦੀ ਬਾਨੀ ਵਜੋਂ ਉੱਭਰੀ। ਮਗਰੋਂ ਕਈ ਪੰਜਾਬੀ ਕਲਾਕਾਰਾਂ ਨੇ ਉਸ ਦੀਆਂ ਪੈੜਾਂ ਨੂੰ ਕੇਵਲ ਪੱਕਿਆਂ ਹੀ ਨਹੀਂ ਕੀਤਾ ਸਗੋਂ ਭਾਰਤੀ ਅਤੇ ਯੂਰਪੀ ਸੁਮੇਲ ਤੋਂ ਕਲਾ ਦੇ ਖੇਤਰ ਵਿਚ ਆਧੁਨਿਕ ਸੰਵੇਦਨਸ਼ੀਲਤਾ ਨੂੰ ਜਨਮ ਦਿੱਤਾ। ਰੂਪ ਕ੍ਰਿਸ਼ਨ, ਸਰਦਾਰੀ ਲਾਲ ਪਰਾਸ਼ਰ, ਧਨਰਾਜ ਭਗਤ, ਹਰਕ੍ਰਿਸ਼ਨ ਲਾਲ, ਸਤੀਸ਼ ਗੁਜਰਾਲ, ਅਮਰਨਾਥ ਸਹਿਗਲ, ਪ੍ਰਾਨ ਨਾਥ ਮਾਗੋ, ਕ੍ਰਿਸ਼ਨ ਖੰਨਾ, ਜਸਵੰਤ ਸਿੰਘ ਆਦਿ ਦਾ ਯੋਗਦਾਨ ਮਹੱਤਵਪੂਰਨ ਹੈ। ਇਹ ਜ਼ਿਕਰਯੋਗ ਹੈ ਕਿ ਪੰਜਾਬੀ ਕਲਾਕਾਰਾਂ ਨੂੰ ਭਾਰਤੀ ਆਧੁਨਿਕ ਕਲਾ ਦੇ ਖੇਤਰ ਵਿਚ ਉਹ ਥਾਂ ਨਹੀਂ ਮਿਲੀ ਜਿਸ ਦੇ ਉਹ ਹੱਕਦਾਰ ਸਨ। ਇਸ ਭੁੱਲ ਨੂੰ ਸੁਧਾਰਨ ਲਈ ਅੱਜ ਕੁਝ ਨੌਜਵਾਨ ਵਿਦਵਾਨ, ਇਤਿਹਾਸਕਾਰ ਅਤੇ ਕਲਾ ਸਮੀਖਿਅਕ ਖੋਜ ਕਰ ਰਹੇ ਹਨ। ਪੰਜਾਬ ਦੇ ਕਲਾਕਾਰਾਂ ਦੀ ਆਉਣ ਵਾਲੀ ਪੀੜ੍ਹੀ ਲਈ ਇਹ ਕਲਾਕਾਰ ਚਾਨਣ-ਮੁਨਾਰੇ ਬਣੇ।



ਚਿੱਤਰਕਾਰ ਸੁਰਜੀਤ ਕੌਰ



ਔਰਤਾਂ ਦੇ ਹਾਲਾਤ ਬਾਰੇ ਬਣਾਇਆ ਸੁਰਜੀਤ ਕੌਰ ਦਾ ਬਣਾਇਆ ਚਿੱਤਰ।



ਚਿੱਤਰਕਾਰ ਸੁਰਜੀਤ ਕੌਰ ਦਾ ਬਣਾਇਆ ਇਕ ਹੋਰ ਚਿੱਤਰ।

ਸੁਰਜੀਤ ਕੌਰ ਵੀ ਆਪਣੇ ਕਲਾਤਮਕ ਪ੍ਰਗਟਾਅ ਰਾਹੀਂ ਆਪਣੀ ਪਛਾਣ ਸਥਾਪਤ ਕਰਨ ਵਾਸਤੇ ਪ੍ਰਤੀਬੱਧ ਸੀ। ਉਸ ਦੀ ਕਲਾ ਜੀਵਨ ਨਾਲ ਜੁੜੀ ਕਲਾ ਸੀ। ਸਮੇਂ ਦੀ ਰਫ਼ਤਾਰ ਨਾਲ ਬਦਲਦਾ ਜੀਵਨ, ਹਾਲਾਤ ਨਾਲ ਜੂਝਦਾ ਸੰਘਰਸ਼ ਹੈ ਉਸ ਦੀ ਪ੍ਰੇਰਨਾ। ਚਿਹਰਿਆਂ 'ਤੇ ਕਿਤੇ ਨਿਸ਼ਚਿਤਤਾ ਕਿਤੇ ਅਨਿਸ਼ਚਿਤਤਾ, ਕਿਤੇ ਆਸ਼ਾ ਤੇ ਕਿਤੇ ਨਿਰਾਸ਼ਾ ਦੀ ਪਕੜ ਵਿਚ ਉਸ ਦੀ ਕਲਪਨਾ ਅਤੇ ਪ੍ਰਗਟਾਅ ਸੀ। ਇਸੇ ਦਵੰਦ ਵਿਚ ਜਕੜੀਆਂ ਰੂਹਾਂ ਨਾਲ ਉਹ ਗੱਲਾਂ ਕਰਦੀ ਤੇ ਫਿਰ ਆਪਣੀ ਸੋਚ ਤੇ ਸੰਵੇਦਨਸ਼ੀਲਤਾ ਰਾਹੀਂ ਉਨ੍ਹਾਂ ਦੇ ਮਨਾਂ ਨੂੰ ਰੰਗਾਂ ਨਾਲ ਉਜਾਗਰ ਕਰਦੀ। ਚਿੱਤਰਾਂ ਵਿਚ ਔਰਤ-ਮਰਦ ਦਾ ਸੰਵਾਦ ਰਚਾਉਂਦੀ, ਸੁਰਜੀਤ ਕੌਰ ਸਮਾਜ ਸਾਹਮਣੇ ਸਵਾਲ ਉਠਾਉਂਦੀ। ਕਈ ਵਾਰੀ ਉਠਾਏ ਸਵਾਲ ਚੁੱਪ 'ਚ ਗੁੰਮ ਹੋ ਜਾਂਦੇ। ਇਸ ਤਰ੍ਹਾਂ ਦੀ ਚੁੱਪ ਨੂੰ ਉਸ ਨੇ ਵੀ ਹੰਢਾਇਆ। ਕਲਾ ਇਸੇ ਚੁੱਪ ਦੀ ਚੁੱਪ ਨੂੰ ਆਵਾਜ਼ ਦੇਣ ਦਾ ਮਾਧਿਅਮ ਹੈ। ਰੰਗ, ਰੇਖਾ ਅਤੇ ਰੂਪ ਜਦੋਂ ਚਿੱਤ ਤੇ ਚੇਤਨਾ ਨੂੰ ਜਗਾਉਂਦੇ ਹਨ ਤਾਂ ਜੀਵਨ ਪ੍ਰਤੀ ਇਕ ਆਸ ਜਾਗਦੀ ਹੈ। ਸੁਰਜੀਤ ਕੌਰ ਅੰਦਰ ਵਸਦਾ ਕਲਾਕਾਰ ਇਸੇ ਧੁਨੀ ਦੇ ਪ੍ਰਗਟਾਅ ਦਾ ਯਤਨ ਕਰ ਰਿਹਾ ਸੀ। ਕਦੇ ਉਸ ਦੇ ਰੇਖਾ ਚਿੱਤਰਾਂ 'ਚ ਇਹ ਧੜਕਣ ਸੁਣਦੀ ਸੀ ਤੇ ਕਦੇ ਉਸ ਦੇ ਚਿੱਤਰਾਂ ਵਿਚ। ਉਹ ਪਰਵਦਗਾਰ ਵੱਲੋਂ ਮਿਲੀ ਦਾਤ ਦੀ ਸਮਰੱਥਾ ਮੁਤਾਬਿਕ ਜੀਵਨ ਦੇ ਹਰ ਪਲ ਨੂੰ ਹੰਢਾਉਂਦੀ ਤੇ ਸਮੇਂ ਸਮੇਂ ਉਪਜਦੀਆਂ ਅਵਸਥਾਵਾਂ ਤੇ ਸਥਿਤੀਆਂ ਦਾ ਵਿਸ਼ਲੇਸ਼ਣ ਕਰ ਕਲਾ ਦੇ ਮਾਧਿਅਮ ਰਾਹੀਂ ਚਿੱਤ ਦਾ ਪ੍ਰਗਟਾਅ ਕਰਦੀ। ਇਸ ਪ੍ਰਗਟਾਅ 'ਚ ਭਾਵੁਕਤਾ ਵੀ ਹੈ, ਸੁਰਾਂ ਵਿਚ ਕਾਵਿਕਤਾ ਤੇ ਰੰਗਾਂ ਵਿਚ ਕਲਪਨਾ ਵੀ।

ਉਹ ਮਨੁੱਖ ਦੀ ਸਮਰੱਥਾ ਅਤੇ ਸ਼ਕਤੀ ਤੋਂ ਜਾਣੂ ਸੀ। ਇਸੇ ਕਰ ਕੇ ਉਸ ਦੇ ਚਿੱਤਰਾਂ ਵਿਚ ਪ੍ਰਗਟਾਈਆਂ ਭਾਵਨਾਵਾਂ ਤੇ ਵਿਚਾਰ ਦਰਸ਼ਕ ਕੋਲੋਂ ਤਰਸ ਨਾ ਮੰਗ ਕੇ ਸਗੋਂ ਜੀਵਨ ਨੂੰ ਮਾਣ-ਸਨਮਾਨ ਨਾਲ ਜਿਊਣ ਦਾ ਸੁਨੇਹਾ ਦਿੰਦੇ ਹਨ। ਕਲਾਕਾਰ ਤਾਂ ਇਕ ਦਿਸਦੀ ਆਵਾਜ਼ ਹੈ, ਇਸ ਦਾ ਸੁਣਾਈ ਦੇਣਾ ਹੀ ਇਸ ਦੀ ਸੱਚਾਈ ਹੈ।

ਸੁਰਜੀਤ ਕੌਰ ਆਪਣੇ ਜੀਵਨ ਸਾਥੀ ਦੇ ਚਲਾਣਾ ਕਰਨ 'ਤੇ ਏ.ਪੀ.ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ ਤੋਂ ਸੇਵਾਮੁਕਤ ਹੋ ਕੇ ਇਕਾਂਤਵਾਸ ਵਿਚ ਚਲੀ ਗਈ। ਉਸ ਦਾ ਪੁੱਤਰ ਰਾਵਿੰਦਰ ਸਿੰਘ ਆਪਣੇ ਪਰਿਵਾਰ ਨਾਲ ਪਟਿਆਲਾ ਸਥਿਤ ਪੰਜਾਬੀ ਯੂਨੀਵਰਸਿਟੀ ਵਿਚ ਆਪਣੀਆਂ ਸੇਵਾਵਾਂ ਨਿਭਾਅ ਰਿਹਾ ਸੀ। ਅਪਰੈਲ ਦੇ ਆਖ਼ਰੀ ਹਫ਼ਤੇ ਜਦੋਂ ਸੁਰਜੀਤ ਉਨ੍ਹਾਂ ਨੂੰ ਮਿਲਣ ਗਈ ਤਾਂ ਅਚਾਨਕ ਉਹ ਅਧਰੰਗ ਦੇ ਦੌਰੇ ਦੀ ਸ਼ਿਕਾਰ ਹੋ ਗਈ। ਉਸ ਦਾ ਖੱਬਾ ਪਾਸਾ ਮਾਰਿਆ ਗਿਆ। ਬੋਲਣ ਤੋਂ ਵੀ ਰਹਿ ਗਈ। ਅਸਹਿ ਦੁੱਖ 'ਚ ਗ੍ਰਿਸਤ ਪਰਿਵਾਰ ਨੇ ਹਰ ਯਤਨ ਕੀਤਾ ਪਰ ਹਾਲਾਤ ਵਿਗੜਦੇ ਹੀ ਗਏ। ਅੰਤ 28 ਅਪਰੈਲ 2023 ਨੂੰ ਉਹ ਇਸ ਧਰਤੀ ਤੋਂ ਸਦਾ ਲਈ ਲੋਪ ਹੋ ਗਈ। ਚੰਗੇ ਮਿੱਤਰ ਅਤੇ ਕਲਾਕਾਰ ਨਾਲ ਪੈਂਦਾ ਖਲਾਅ ਕਦੇ ਵੀ ਪੂਰਿਆ ਨਹੀਂ ਜਾ ਸਕਦਾ। ਉਸ ਦਾ ਸਟੂਡੀਓ ਜਿਹੜਾ ਕਦੇ ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਨਾਲ ਗੂੰਜਦਾ ਸੀ, ਸਦਾ ਲਈਚੁੱਪ ਹੋ ਗਿਆ।

ਕਲਾਕਾਰ ਬੜਾ ਕੁਝ ਕਰਨਾ ਚਾਹੁੰਦਾ ਹੈ, ਬਹੁਤ ਕੁਝ ਕਰਦਾ ਵੀ ਹੈ, ਪਰ ਸਮਾਂ ਆਪਣਾ ਇਤਿਹਾਸ ਲਿਖਦਾ ਹੈ। ਸੁਰਜੀਤ ਕੌਰ ਤਾਂ ਚਲੀ ਗਈ, ਪਰ ਉਸ ਦੀ ਕਲਾ ਦੀ ਸਾਂਭ-ਸੰਭਾਲ ਕਰਨਾ ਹੁਣ ਪੰਜਾਬ ਦੇ ਜ਼ਿੰਮੇ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਮਈ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-587



*ਜ਼ਿੰਦਗੀ ਇੰਨੀ ਸੌਖੀ ਨਹੀਂ ਸੇਜ ਹੈ ਖ਼ਾਰਾਂ ਦੀ,*
*ਹਿੰਮਤ ਨ੍ਹੀਂ ਹਾਰਨੀ ਜਿੱਤ ਸ਼ਾਹ ਅਸਵਾਰਾਂ ਦੀ।*
*ਉਮਰਾਂ ਨੇ ਖਾ ਲਿਆ ਹੈ ਭਾਵੇਂ ਹੌਲੇ 2 ਕਰੰਗ,*
*ਐਹ ਖ਼ੁਦਾਇਆ ਦੇਖ ਤੂੰ ਜ਼ਿੰਦਗਾਨੀ ਬੇਦਰੰਗ।*

### ਕੈਪਸ਼ਨ ਮੁਕਾਬਲਾ-585



ਹੱਡ ਭੰਨ ਕੇ ਕਰੀ ਕਮਾਈ
ਜੋ ਪੱਲੇ ਸੀ ਉੱਤੇ ਲਾਇਆ।
ਹੈ ਸੀ ਆਸ ਕਿ ਫ਼ਲ਼ ਲੱਗੇਗਾ
ਕੁਦਰਤ ਨੇ ਹੈ ਕਹਿਰ ਕਮਾਇਆ।
ਟਰਾਲੀ ਦੇ ਵਿੱਚ ਡਿਗਦੇ ਦਾਣੇ
ਪਰ ਡਰ ਹਾਲੇ ਵੀ ਮਾਰੀ ਜਾਵੇ।
ਹੱਥ ਜੋੜ ਕੇ ਕਰੇ ਅਰਦਾਸਾਂ
ਨਿੱਕੇ ਨੂੰ ਡਰ ਵੱਢ ਵੱਢ ਖਾਵੇ।
**ਜਗਮੀਤ ਸਿੰਘ ਪੰਧੇਰ**
**(ਲੁਧਿਆਣਾ)-141117**
**ਸੰਪਰਕ : 98783-37222**

ਰੱਬਾ ਤਰਸ ਕਰੀਂ ਮੇਰੇ ਬਾਪੂ 'ਤੇ
ਹੱਥ ਜੋੜ ਕਰਾਂ ਅਰਜੋਈ।
ਹੱਡ ਤੋੜਵੀਂ ਮਿਹਨਤ ਕਰਕੇ
ਫਸਲ ਦਾ ਪੈਂਦਾ ਮੁਲ ਨਾ ਕੋਈ।

ਸਾਂਭ ਲੈਣ ਦੇ ਹਾੜੇ ਹਾੜੇ
ਬਿਨਾ ਭਿਜੇ ਚਾਰ ਮਣ ਦਾਣੇ।
ਮਿੱਟੀ ਦੇ ਪੁੱਤਰਾਂ ਨੇ ਇਹੀ
ਆਉਂਦੀ ਹਾੜੀ ਤਕ ਨੇ ਖਾਣੇ।
**ਹਰਜੋਤ ਕੌਰ**
**ਫੋਨ: 734-883-6704**

ਤ੍ਰਾਹ ਤ੍ਰਾਹ ਕਰਕੇ ਪਾਲ਼ੀਆਂ ਕਣਕਾਂ,
ਪੱਕੀਆਂ ਤਾਂ ਗੜਿਆਂ ਦੀ ਮਾਰ ਪਈ।
ਧਰਤ ਨਾਲ਼ ਵਿਛਾਈ ਮੀਂਹ ਝੱਖੜਾਂ,
ਕਦੇ ਸਰਕਾਰਾਂ ਨਾ ਸਾਡੀ ਸਾਰ ਲਈ।
ਹੁਣ ਤੂੰਹੀਉਂ ਡਾਢਿਆ ਬੱਸ ਕਰ ਵੇ,
ਸ਼ਾਹਾਂ ਦਾ ਕਰਜ਼ਾ ਬਾਪੂ ਦੇ ਸਿਰ ਖੜ੍ਹਾ,
ਬੈਂਕਾਂ ਵਾਲ਼ੇ ਵੀ ਨਿੱਤ ਗੇੜੇ ਮਾਰਦੇ,
ਫਿਕਰ ਭੈਣ ਦੇ ਵਿਆਹ ਦਾ ਹਜੇ ਬੜਾ।
**ਸੇਵਾ ਸਿੰਘ "ਨੂਰਪੁਰੀ"**

ਦਾਣਾ-ਫੱਕਾ ਹੁੰਦਾ
ਕਿਸਾਨ ਦੀ ਜਿੰਦ-ਜਾਨ
ਦੇਖ ਘਟਾ ਘਨਘੋਰ ਆ ਰਹੀ ਚੜ੍ਹ ਕੇ
ਕਿਰਤੀ ਪੁੱਤ ਹੱਥ ਜੋੜ
ਲੱਗਾ ਅਰਦਾਸਾਂ ਕਰਨ
ਕੁਦਰਤੀ ਆਫਤ ਤਾਂ ਨਹੀਂ ਰੁਕਦੀ
ਪਰ ਮਨ ਨੂੰ ਲੱਗਣ
ਵਾਲਾ ਮਾਨਸਿਕ ਝੋਰਾ
ਇਸ ਵਿਸ਼ਵਾਸ ਆਸਰੇ
ਮਨਫੀ ਜਰੂਰ ਹੋ ਜਾਂਦਾ।
**ਦਰਸ਼ਨ ਪਾਲ ਦੁਸਾਂਝ**

### ਤਸਵੀਰ

ਇਸ ਤਸਵੀਰ ਨੇ
ਹੁਣ ਕਦੇ ਹੁੰਗਾਰਾ ਨਹੀਂ ਭਰਨਾ
ਤੇ ਨਾ ਹੀ ਦਿਲਲੱਗੀਆਂ ਕਰਨੀਆਂ
ਇਹ ਅਕਸਰ ਹੀ
ਮੇਰੀਆਂ ਯਾਦਾਂ ਵਿਚ ਉਤਰੇਗੀ
ਮੈਨੂੰ ਬਹੁਤ ਰੁਆਵੇਗੀ
ਅਤੇ ਬੀਤੇ ਨੂੰ ਮੋੜ ਲਿਆਣ ਲਈ ਤਰਲੇ ਪਾਵੇਗੀ

ਕੰਧ 'ਤੇ ਟੰਗੀ ਇਹ ਤਸਵੀਰ
ਉਸ ਤਸਵੀਰ ਨਾਲੋਂ ਬਿਲਕੁਲ ਵੱਖਰੀ ਹੈ
ਜਿਹੜੀ ਮੇਰੇ ਮਨ ਵਿਚ ਵੱਸਦੀ ਹੈ
ਜਿਸ ਨਾਲ ਮੈਂ ਗੱਲਾਂ ਕਰਦਾ ਹਾਂ
ਇਹ ਹੁੰਗਾਰਾ ਵੀ ਭਰਦੀ ਹੈ
ਜਦ ਮੈਂ ਚੇਤਿਆਂ ਦੇ ਵਰਕਿਆਂ 'ਤੇ ਫੈਲੀਆਂ
ਯਾਦਾਂ ਦੇ ਵਸੀਹ ਜੰਗਲ ਵਿਚ ਟਹਿਲਦਾ ਹਾਂ
ਤਾਂ ਤਸਵੀਰ ਮੇਰੇ ਅੰਗ-ਸੰਗ ਰਹਿੰਦੀ ਹੈ।

# ਕਰਨਾਟਕ ’ਚ ਭਾਜਪਾ ਦੀ ਹਾਰ ਨੂੰ ਕਿਵੇਂ ਸਮਝਿਆ ਜਾਵੇ?


ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਦੱਖਣੀ ਰਾਜ ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ’ਚ ਵੋਟਰਾਂ ਨੇ ਭਾਜਪਾ ਨੂੰ ਨਕਾਰ ਕੇ ਕਾਂਗਰਸ ਨੂੰ ਭਾਰੀ ਬਹੁਮਤ ਨਾਲ ਮੁੜ ਸੱਤਾ ਵਿਚ ਲਿਆਂਦਾ ਹੈ। 2018 ’ਚ 104 ਸੀਟਾਂ ਜਿੱਤਣ ਵਾਲੀ ਭਾਜਪਾ ਇਸ ਵਾਰ 65 ਸੀਟਾਂ ਤੱਕ ਸੀਮਤ ਹੋ ਗਈ ਹੈ। ਪਿਛਲੇ ਮਹੀਨਿਆਂ ਤੋਂ ਸੰਘ ਬ੍ਰਿਗੇਡ ਨੇ ਕਰਨਾਟਕ ਦੇ ਵੋਟਰਾਂ ਨੂੰ ਭਰਮਾਉਣ ਲਈ ਪੂਰੀ ਤਾਕਤ ਝੋਕੀ ਹੋਈ ਸੀ। ਭਾਜਪਾ ਦੇ ਚੋਟੀ ਦੇ ਆਗੂਆਂ ਨੇ ਹਿੰਦੂਤਵ ਦੇ ਏਜੰਡੇ ਅਤੇ ਝੂਠੇ ਵਿਕਾਸ ਦਾ ਬਿਰਤਾਂਤ ਲੋਕਾਂ ਦੇ ਹਲ਼ਕ ’ਚ ਧੱਕਣ ਲਈ ਦਿਨ-ਰਾਤ ਇਕ ਕੀਤਾ ਹੋਇਆ ਸੀ। ਪਰ ਫਿਰ ਵੀ ਨਾ ਆਰ.ਐੱਸ.ਐੱਸ.ਭਾਜਪਾ ਵੱਲੋਂ ਫੈਲਾਈ ਜਾ ਰਹੀ ਮੁਸਲਿਮ ਵਿਰੋਧੀ ਨਫ਼ਰਤ ਵੋਟਰਾਂ ਨੂੰ ਭਰਮਾ ਸਕੀ ਅਤੇ ਨਾ ‘ਮੋਦੀ ਮੰਤਰ’ ਵੋਟਰਾਂ ਨੂੰ ਕੀਲ ਸਕਿਆ। ਮੋਦੀ ਦੇ ਰੋਡ-ਸ਼ੋਅ ਅਤੇ ਮੁਸਲਿਮ ਵਿਰੋਧੀ ਧੂੰਆਂਧਾਰ ਜ਼ਹਿਰੀਲੇ ਭਾਸ਼ਣ ਵੀ ਭਾਜਪਾ ਰਾਜ ਵਿਰੁੱਧ ਬਣੀ ਰਾਜਨੀਤਕ ਬਦਜ਼ਨੀ ਨੂੰ ਕਾਟ ਨਾ ਕਰ ਸਕੇ। ਆਰ.ਐੱਸ.ਐੱਸ.-ਭਾਜਪਾ ਵੱਲੋਂ ਬੇਹਿਸਾਬ ਪੈਮਾਨੇ ’ਤੇ ਸੁੱਟਿਆ ਚਿੱਕੜ ਇਸ ਵਾਰ ‘ਕਮਲ ਦਾ ਫੁੱਲ’ ਖਿੜਾਉਣ ’ਚ ਨਾਕਾਮ ਰਿਹਾ! ਫ਼ਿਲਹਾਲ ਇਸ ਚੋਣ ਫ਼ਤਵੇ ਨੇ ਹਿੰਦੂਤਵ ਦੇ ਦੱਖਣੀ ਰਾਜਾਂ ’ਚ ਦਨਦਨਾ ਰਹੇ ਰਥ ਦਾ ਪਹੀਆ ਰੋਕ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਤੋਂ ਬਾਅਦ ਦੂਜਾ ਰਾਜ ਕਰਨਾਟਕ ਮਹਿਜ਼ ਪੰਜ ਮਹੀਨਿਆਂ ’ਚ ਭਾਜਪਾ ਦੇ ਹੱਥੋਂ ਨਿਕਲ ਗਿਆ ਹੈ। 2023 ਦੇ ਅਖ਼ੀਰ ’ਚ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਵਿਧਾਨ ਸਭਾ ਚੋਣਾਂ ਹੋਣਗੀਆਂ। ਉਦੋਂ ਵੋਟਰ ਭਾਜਪਾ ਪ੍ਰਤੀ ਕੀ ਵਤੀਰਾ ਅਖ਼ਤਿਆਰ ਕਰਦੇ ਹਨ, ਚੋਣ ਸਿਆਸਤ ਦੇ ਨਜ਼ਰੀਏ ਤੋਂ ਉਹ ਵੀ ਮਹੱਤਵਪੂਰਨ ਹੋਵੇਗਾ।

ਰਿਪੋਰਟਾਂ ਅਨੁਸਾਰ ਇਸ ਦੱਖਣੀ ਰਾਜ ਦੇ ਵੋਟਰਾਂ ਨੇ ਦੋ ਮੂਲ ਮੁੱਦਿਆਂ ਉੱਪਰ ਫ਼ੈਸਲਾਕੁਨ ਵੋਟ ਪਾ ਕੇ ਆਪਣਾ ਵਿਰੋਧ ਦਰਜ ਕਰਾਇਆ ਹੈ: ਭਾਜਪਾ ਸਰਕਾਰ ਦਾ ਬੇਲਗਾਮ ਭ੍ਰਿਸ਼ਟਾਚਾਰ ਅਤੇ ਹਿੰਦੂਤਵ ਦੇ ਨਾਂ ਹੇਠ ਨਫ਼ਰਤ ਦੀ ਸਿਆਸਤ। ਇਨ੍ਹਾਂ ਤੋਂ ਇਲਾਵਾ ਮਹਿੰਗਾਈ, ਵਧ ਰਹੀ ਬੇਰੁਜ਼ਗਾਰੀ ਅਤੇ ਭਾਜਪਾ ਦੀਆਂ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਨੇ ਵੀ ਇਸ ਵਿਚ ਭੂਮਿਕਾ ਨਿਭਾਈ ਹੈ।

ਸੰਤੋਸ਼ ਪਾਟਿਲ ਨਾਂ ਦੇ ਠੇਕੇਦਾਰ ਦੀ ਖ਼ੁਦਕੁਸ਼ੀ ਨੇ ਭਗਵੇਂ ਹਕੂਮਤ ਹੇਠ ਚੱਲ ਰਹੇ ਵਿਆਪਕ ਭ੍ਰਿਸ਼ਟਾਚਾਰ ਤੋਂ ਪਰਦਾ ਚੁੱਕ ਕੇ ਸੰਘ ਬ੍ਰਿਗੇਡ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ ਸੀ। ਸੰਤੋਸ਼ ‘ਹਿੰਦੂ ਯੁਵਾ ਵਾਹਿਨੀ’ ਦਾ ਕੌਮੀ ਸਕੱਤਰ ਸੀ ਜੋ ਸੜਕਾਂ ਬਣਾਉਣ ਦੇ ਸਰਕਾਰੀ ਠੇਕੇ ਲੈਂਦਾ ਸੀ। ‘ਹਿੰਦੂ ਯੁਵਾ ਵਾਹਿਨੀ’ ਮਹੰਤ ਆਦਿੱਤਿਆਨਾਥ ਦਾ ਬਣਾਇਆ ਦਹਿਸ਼ਤੀ ਗੈਂਗ ਹੈ। ਪਿਛਲੇ ਸਾਲ ਮਰਨ ਤੋਂ ਪਹਿਲਾਂ ਸੰਤੋਸ਼ ਦੇ ਮੀਡੀਆ ਨੂੰ ਭੇਜੇ ਸੰਦੇਸ਼ਾਂ ਵਿਚ ਕੀਤੇ ਖ਼ੁਲਾਸਿਆਂ ਨੇ ਸਨਸਨੀ ਫੈਲਾ ਦਿੱਤੀ ਸੀ ਕਿ ਉਸ ਨੇ 2019 ’ਚ ਠੇਕੇ ਦੇ ਜੋ ਕੰਮ ਕੀਤੇ ਸਨ, ਉਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ ਅਤੇ ਬਿੱਲ ਕਲੀਅਰ ਕਰਨ ਲਈ ਪੇਂਡੂ ਵਿਕਾਸ ਤੇ ਪੰਚਾਇਤ ਰਾਜ ਮੰਤਰੀ ਕੇ.ਐੱਸ. ਈਸ਼ਵਰੱਪਾ ਦੇ ਸਹਾਇਕ ਕੁਲ ਬਿੱਲ ਦਾ 40% ਕਮਿਸ਼ਨ (4 ਕਰੋੜ ਰੁਪਏ) ਮੰਗ ਰਹੇ ਹਨ। ਉਸ ਨੂੰ ਹੋਰ ਠੇਕੇ ਵੀ ਨਹੀਂ ਸੀ ਦਿੱਤੇ ਜਾ ਰਹੇ। ਮੰਤਰੀ ਨੇ ਉਲਟਾ ਉਸ ਨੂੰ ਮੁਕੱਦਮਿਆਂ ’ਚ ਉਲਝਾ ਦਿੱਤਾ। ਇਹ ਮਹਿਜ਼ ਸਰਕਾਰੀ ਪ੍ਰੋਜੈਕਟਾਂ ਦੇ ਠੇਕੇ ਲੈਣ ਵਾਲੇ ਇਕ ਠੇਕੇਦਾਰ ਦਾ ਵਿਅਕਤੀਗਤ ਮਾਮਲਾ ਨਹੀਂ ਸੀ ਸਗੋਂ ਪੂਰਾ ਠੇਕੇਦਾਰ ਵਰਗ ਹੀ ਐਨੇ ਅਸਹਿ ਭ੍ਰਿਸ਼ਟਾਚਾਰ ਤੋਂ ਤੰਗ ਸੀ। ਕਰਨਾਟਕ ਰਾਜ ਠੇਕੇਦਾਰ ਐਸੋਸੀਏਸ਼ਨ ਜਿਸ ਦੇ ਇਕ ਲੱਖ ਤੋਂ ਵਧੇਰੇ ਮੈਂਬਰ ਹਨ, ਨੇ ਵੀ ਬਕਾਇਦਾ ਬਿਆਨ ਦੇ ਕੇ ਪੁਸ਼ਟੀ ਕੀਤੀ ਸੀ ਕਿ ਮੰਤਰੀ, ਵਿਧਾਇਕ ਅਤੇ ਸਰਕਾਰੀ ਅਧਿਕਾਰੀ ਉਨ੍ਹਾਂ ਤੋਂ ਪ੍ਰੋਜੈਕਟਾਂ ਦਾ 40% ਕਮਿਸ਼ਨ ਮੰਗ ਰਹੇ ਹਨ ਅਤੇ ਮੁੱਖ ਮੰਤਰੀ, ਗਵਰਨਰ ਅਤੇ ਪ੍ਰਧਾਨ ਮੰਤਰੀ ਵੀ ਉਨ੍ਹਾਂ ਦੀ ਸ਼ਿਕਾਇਤਾਂ ਨਹੀਂ ਸੁਣ ਰਹੇ ਜਿਨ੍ਹਾਂ ਨੂੰ ਲਿਖਤੀ ਸ਼ਿਕਾਇਤਾਂ ਭੇਜ ਕੇ ਉਹ ਥੱਕ ਚੁੱਕੇ ਹਨ। ਸੰਘ ਦੇ ਆਪਣੇ ਬਾਰਸੂਖ਼ ਕਾਰਿੰਦੇ ਦੀ ਮਾਯੂਸੀ ਤੋਂ ਆਮ ਲੋਕਾਂ ਦੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਨਿਰਸੰਦੇਹ, ਭਾਜਪਾ ਨੂੰ ਬਾਂਹ-ਮਰੋੜ ਭ੍ਰਿਸ਼ਟਾਚਾਰ ਦਾ ਸਿਆਸੀ ਮੁੱਲ ਤਾਰਨਾ ਪਿਆ ਜੋ ਕਾਂਗਰਸ ਦੇ ਭ੍ਰਿਸ਼ਟਾਚਾਰ ਨੂੰ ਮੁੱਖ ਚੋਣ ਮੁੱਦਾ ਬਣਾ ਕੇ ਸੱਤਾ ’ਚ ਆਈ ਸੀ। ‘40% ਕਮਿਸ਼ਨ’ ਅਤੇ ‘ਪੇ ਸੀ.ਐੱਮ.’ ਮੁਹਿੰਮਾਂ ਦੇ ਪ੍ਰਚਾਰ ਨੇ ਭਗਵੇਂ ਕੈਂਪ ਨੂੰ ਐਸਾ ਘੇਰਾ ਪਾਇਆ ਕਿ ਮੋਦੀ, ਅਮਿਤਸ਼ਾਹ ਅਤੇ ਜੇ.ਪੀ. ਨੱਢੇ ਦੇ ਮੈਗਾ ਰੋਡ ਸ਼ੋਅ ਅਤੇ ਰੈਲੀਆਂ ਵੀ ਵਿਰੋਧੀ ਪ੍ਰਚਾਰ ਨੂੰ ਬੇਅਸਰ ਨਾ ਕਰ ਸਕੇ ਅਤੇ ਲੋਕ ਭਗਵੇਂ ਝੂਠ ਉੱਪਰ ਯਕੀਨ ਕਰਨ ਤੋਂ ਇਨਕਾਰੀ ਹੋ ਗਏ। ਮੋਦੀ ਦਾ ‘ਜੈ ਬਜਰੰਗ ਬਲੀ’ ਦਾ ਟ੍ਰਿਕ ਵੀ ਕੰਮ ਨਾ ਆਇਆ ਜਿਸ ਨੇ ਨਿਹਾਇਤ ਬੇਸ਼ਰਮੀ ਨਾਲ ਚੋਣ ਰੈਲੀਆਂ ’ਚ ਹੋਕਾ ਦਿੱਤਾ ਕਿ ਵੋਟ ਪਾਉਣ ਸਮੇਂ ‘ਜੈ ਬਜਰੰਗ ਬਲੀ’ ਕਹਿਣਾ ਨਾ ਭੁੱਲਿਓ। ਅਸਲ ਵਿਚ, ਕਾਂਗਰਸ ਨੇ ਵਾਅਦਾ ਕਰਦਿਆਂ ਕਿਹਾ ਸੀ ਕਿ ਸੱਤਾ ਵਿਚ ਆ ਕੇ ਬਜਰੰਗ ਦਲ, ਪੀ.ਐੱਫ.ਆਈ ਵਰਗੀਆਂ ਜਥੇਬੰਦੀਆਂ ਉੱਪਰ ਪਾਬੰਦੀ ਲਾਈ ਜਾਵੇਗੀ। ਮੋਦੀ ਨੇ ਹਿੰਦੂ ਫਿਰਕੇ ਦੀਆਂ ਭਾਵਨਾਵਾਂ ਭੜਕਾ ਕੇ ਵੋਟਾਂ ਬਟੋਰਨ ਲਈ ਇਸ ਨੂੰ ਤੁਰੰਤ ਮੁੱਦਾ ਬਣਾ ਲਿਆ ਅਤੇ ਬਜਰੰਗ ਦਲ ਦੇ ਦਹਿਸ਼ਤਵਾਦ ਨੂੰ ‘ਬਜਰੰਗ ਬਲੀ’ (ਹਨੂਮਾਨ) ਦੇ ਬਰਾਬਰ ਰੱਖ ਕੇ ਵਡਿਆਉਣ ਰਾਹੀਂ ਹਿੰਦੂ ਵੋਟਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ। ਬਜਰੰਗ ਦਲ ਮੁਸਲਮਾਨ ਭਾਈਚਾਰੇ ਵਿਰੁੱਧ ਲਗਾਤਾਰ ਨਫ਼ਰਤ ਫੈਲਾਉਣ ਵਾਲੇ ਮੁੱਖ ਦਹਿਸ਼ਤਵਾਦੀ ਗਰੁੱਪਾਂ ਵਿਚੋਂ ਇਕ ਹੈ ਜੋ ਆਰ.ਐੱਸ.ਐੱਸ. ਦੇ ਹਿੰਦੂ ਰਾਸ਼ਟਰ ਦੇ ਏਜੰਡੇ ਅਨੁਸਾਰ ਘੱਟਗਿਣਤੀ ਮੁਸਲਮਾਨਾਂ ਦਹਿਸ਼ਤਜ਼ਦਾ ਕਰਨ ਲਈ ਗਊ ਹੱਤਿਆ, ਲਵ ਜਹਾਦ, ਸਕੂਲਾਂ-ਕਾਲਜਾਂ ਵਿਚ ਹਿਜਾਬ ਪਹਿਨਣ, ਜਨਤਕ ਥਾਵਾਂ



ਉੱਪਰ ਨਮਾਜ਼ ਪੜ੍ਹਨ ਆਦਿ ਦੇ ਬਹਾਨੇ ਅਤੇ ਇਸਾਈ ਭਾਈਚਾਰੇ ਵਿਰੁੱਧ ਧਰਮ-ਬਦਲੀ ਦੇ ਬਹਾਨੇ ਹਮਲਾਵਰ ਮੁਹਿੰਮ ਚਲਾ ਰਿਹਾ ਹੈ।

ਇਨ੍ਹਾਂ ਪੰਜ ਸਾਲਾਂ ’ਚ ਮੁਸਲਮਾਨ ਭਾਈਚਾਰੇ ਵਿਰੁੱਧ ਫਿਰਕੂ ਨਫ਼ਰਤ ਨੇ ਰਿਕਾਰਡ ਤੋੜ ਦਿੱਤੇ ਹਨ। ਗੁਜਰਾਤ ਦੇ ‘ਮੋਦੀ ਮਾਡਲ’ ਨੂੰ ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਵਿਚ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਕਰਨਾਟਕ ਨੂੰ ਫਿਰਕੂ ਪਾਲਾਬੰਦੀ ਅਤੇ ਮੁਸਲਮਾਨਾਂ ਵਿਰੁੱਧ ਹਿੰਦੂਤਵੀ ਦਹਿਸ਼ਤਵਾਦ ਦੀ ਨਵੀਂ ਪ੍ਰਯੋਗਸ਼ਾਲਾ ਬਣਾਇਆ ਗਿਆ ਹੈ ਜਿੱਥੇ ਸਰਕਾਰੀ ਨੀਤੀਆਂ, ਸਰਕਾਰੀ ਹੁਕਮਾਂ, ਪੁਲਿਸ ਤਾਕਤ ਦੇ ਇਸਤੇਮਾਲ ਯਾਨੀ ਹਰ ਸਰਕਾਰੀ ਕਾਰ-ਵਿਹਾਰ ’ਚ ਮੁਸਲਿਮ ਭਾਈਚਾਰੇ ਨਾਲ ਫਿਰਕੂ ਵਿਤਕਰਾ ਅਤੇ ਧੱਕਾ ਮੂੰਹ ਚੜ੍ਹ ਕੇ ਬੋਲ ਰਿਹਾ ਹੈ। ਹਿਜਾਬ ਪਹਿਨਣ ਵਾਲੀਆਂ ਮੁਸਲਮਾਨ ਲੜਕੀਆਂ ਨੂੰ ਪੜ੍ਹਾਈ ਤੋਂ ਬਾਹਰ ਕਰਨ ਲਈ ਬਸਾਵਾਰਾਜ ਬੋਮਈ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਨਾਲ ਹਮਲਾਵਰ ਮੁਹਿੰਮ ਚਲਾਈ ਗਈ ਅਤੇ ਪੂਰੀ ਰਾਜ ਮਸ਼ੀਨਰੀ ਇਸ ਮੁਹਿੰਮ ਦੀ ਪਿੱਠ ’ਤੇ ਖੜ੍ਹੀ ਦੇਖੀ ਗਈ। ਮੁਸਲਮਾਨਾਂ ਨੂੰ ਦਬਾਉਣ ਅਤੇ ਪੂਰੇ ਭਾਈਚਾਰੇ ਨੂੰ ਖ਼ਤਰਨਾਕ ਦੇਸ਼ਧ੍ਰੋਹੀ ਬਣਾ ਕੇ ਪੇਸ਼ ਕਰਨ ਦੇ ਨਾਲ-ਨਾਲ ਨਾ ਸਿਰਫ਼ ‘ਬਜਰੰਗ ਦਲ’ ਅਤੇ ‘ਰਾਮ ਸੇਨੇ’ ਕੋਲੋਂ ਮੁਸਲਮਾਨਾਂ ਉੱਪਰ ਲਗਾਤਾਰ ਹਿੰਸਕ ਹਮਲੇ ਕਰਵਾਏ ਜਾ ਰਹੇ ਹਨ ਸਗੋਂ ਭਾਜਪਾ ਸਰਕਾਰ ਉਨ੍ਹਾਂ ਨੂੰ ਜਾਇਜ਼ ਵੀ ਠਹਿਰਾਉਂਦੀ ਆ ਰਹੀ ਹੈ।

ਇਨ੍ਹਾਂ ਚੋਣਾਂ ਵਿਚ ਜਾਤੀ ਵੰਡੀਆਂ, ਧਰਮ ਆਦਿ ਦੀ ਆਪਣੀ ਭੂਮਿਕਾ ਰਹੀ ਹੈ। ਐਪਰ ਆਰ.ਐੱਸ.ਐੱਸ.-ਭਾਜਪਾ ਦੇ ਹਿੰਸਕ ਫ਼ਾਸ਼ੀਵਾਦੀ ਵਰਤਾਰੇ ਲਈ ਕੰਨੜ ਸਮਾਜ ਉੱਪਰ ਹਾਵੀ ਹੋਣਾ ਐਨਾ ਸੌਖਾ ਨਹੀਂ ਹੈ ਜਿੱਥੇ ਉਦਾਰਵਾਦੀ, ਧਰਮ ਨਿਰਪੱਖ ਸਮਾਜੀ-ਸੱਭਿਆਚਾਰਕ ਪਰੰਪਰਾ ਦੇ ਨਾਲ-ਨਾਲ ‘ਮੁੱਖਧਾਰਾ’ ਸਿਆਸਤ ਵਿਚ ਉਦਾਰਵਾਦੀ, ਧਰਮ ਨਿਰਪੱਖ, ਸਮਾਜਵਾਦੀ ਅਤੇ ਅੰਬੇਡਕਰੀ ਵਿਚਾਰਾਂ ਦਾ ਡੂੰਘਾ ਪ੍ਰਭਾਵ ਹੈ। ਇੱਥੇ ‘ਬੰਡਾਈਆ’ ਵਰਗੇ ਸਾਹਿਤਕ ਅੰਦੋਲਨਾਂ ਦੀ ਅਗਵਾਈ ਹੇਠ ਦਲਿਤ ਹੱਕ-ਜਤਾਈ ਦੀ ਲੰਮੀ ਪਰੰਪਰਾ ਰਹੀ ਹੈ। ਹੋਰ ਅੰਦੋਲਨ ਵੀ ਹੁੰਦੇ ਰਹੇ ਹਨ। ਇਨ੍ਹਾਂ ਨੇ ਇਸ ਸਮਾਜ ਦੀਆਂ ਰਾਜਨੀਤਕ, ਸਮਾਜੀ ਅਤੇ ਸਾਹਿਤਕ ਸੰਵੇਦਨਸ਼ੀਲਤਾ ਨੂੰ ਘੜਨ ’ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕੰਨੜ ਸਮਾਜ ’ਚ ਕਵਿਤਾ, ਸਾਹਿਤ, ਪੱਤਰਕਾਰੀ ਤੇ ਵਿਚਾਰਾਂ ਦੇ ਖੇਤਰ ’ਚ ਧਰਮ ਨਿਰਪੱਖ, ਮਾਨਵਤਾਵਾਦੀ ਬੌਧਿਕ ਲਹਿਰ ਦੇ ਨਾਲ-ਨਾਲ ਮਿਥਿਹਾਸ ਤੇ ਅੰਧਵਿਸ਼ਵਾਸਾਂ ਵਿਰੁੱਧ ਤਰਕਸ਼ੀਲ ਧਾਰਾ ਦਾ ਪ੍ਰਭਾਵ ਹੈ।

ਭਾਜਪਾ ਦੀ ਸਿਆਸਤ ਦਾ ਪ੍ਰਭਾਵ ਵੀ ਅਜੇ ਬਹੁਤਾ ਡੂੰਘਾ ਨਹੀਂ ਹੈ। 1952 ਤੋਂ ਲੈ ਕੇ ਹੋਈਆਂ 15 ਵਿਧਾਨ ਸਭਾ ਚੋਣਾਂ ਵਿਚੋਂ 9 ਵਾਰ ਕਾਂਗਰਸ ਅਤੇ ਦੋ ਵਾਰ ਜਨਤਾ ਦਲ ਨੂੰ ਸਪਸ਼ਟ ਬਹੁਮਤ ਮਿਲਦਾ ਰਿਹਾ ਹੈ। ਸਿਰਫ਼ ਤਿੰਨ ਵਾਰ ਭਾਜਪਾ ਜਿੱਤੀ ਹੈ ਅਤੇ ਸਰਕਾਰ ਬਣਾਉਣ ਲਈ ਇਸ ਦੀ ਮੁਕੰਮਲ ਟੇਕ ਵਿਧਾਇਕਾਂ ਨੂੰ ਖ਼ਰੀਦਣ ਅਤੇ ਤੋੜਨ ਉੱਪਰ ਰਹੀ ਹੈ। ਜੋੜ-ਤੋੜ ਦੀ ਇਸ ‘ਮੁਹਾਰਤ’ ਦਾ ਸਭ ਤੋਂ ਬੇਹਯਾ ਰੂਪ ਜੁਲਾਈ 2019 ’ਚ ਯੇਡੀਯੁਰੱਪਾ ਨੂੰ ਮੁੱਖ ਮੰਤਰੀ ਬਣਾਏ ਜਾਣ ਸਮੇਂ ਦੇਖਿਆ ਗਿਆ ਜਦੋਂ 17 ਵਿਧਾਇਕ ਖ਼ਰੀਦ ਕੇ ਕਾਂਗਰਸ-ਜਨਤਾ ਦਲ ਦੀ ਗੱਠਜੋੜ ਸਰਕਾਰ ਡੇਗ ਦਿੱਤੀ ਗਈ ਸੀ। ਹਾਲੀਆ ਚੋਣਾਂ ਵੀ ਇਹੀ ਦਰਸਾਉਂਦੀਆਂ ਹਨ ਕਿ ਇੱਥੇ ਇਕ ਹੱਦ ਤੱਕ ਹਿੰਦੂਤਵ ਦਾ ਪ੍ਰਭਾਵ ਤਾਂ ਹੈ ਪਰ ਚੋਣਾਂ ’ਚ ਹਿੰਦੂਤਵ ਵੋਟਰ-ਵਰਗ ਨਾਲੋਂ ‘ਲਿੰਗਾਇਤ ਵੋਟਰ-ਵਰਗ’ ਜ਼ਿਆਦਾ ਤਾਕਤਵਰ ਹੈ ਜੋ ਰਾਜ ਦੀ ਵਸੋਂ ਦਾ 17% ਬਣਦੇ ਹਨ ਅਤੇ ਜਿਨ੍ਹਾਂ ਉੱਪਰ ਭਾਜਪਾ ਦੀ ਜ਼ਿਆਦਾ ਟੇਕ ਰਹੀ ਹੈ। ਭਾਜਪਾ ਦੇ 9 ਸਾਲਾਂ ਦੇ ਰਾਜ ’ਚ ਤਿੰਨ ਮੁੱਖ ਮੰਤਰੀ ਲਿੰਗਾਇਤਾਂ ’ਚੋਂ ਹੀ ਰਹੇ ਹਨ। ਯੇਡੀਯੁਰੱਪਾ ਦਾ ‘ਲਿੰਗਾਇਤ ਵੋਟਰ-ਵਰਗ’ ਵਿਚ ਮਜ਼ਬੂਤ ਪ੍ਰਭਾਵ ਹੈ। ਜੁਲਾਈ 2021 ’ਚ ਉਸ ਨੂੰ ਪਿੱਛੇ ਕਰ ਕੇ ਅਤੇ ਬੋਮਈ ਨੂੰ ਅੱਗੇ ਲਿਆ ਕੇ ਭਾਜਪਾ ਨੇ ਲਿੰਗਾਇਤ ਵੋਟਰ-ਵਰਗ ਦੀ ਨਾਰਾਜ਼ਗੀ ਸਹੇੜ ਲਈ। ਵਿਧਾਨ ਸਭਾ ਚੋਣਾਂ ’ਚ ‘ਵੀਰਸ਼ੈਵ-ਲਿੰਗਾਇਤ’ ਭਾਈਚਾਰੇ ਦੇ ਇਕ ਹਿੱਸੇ ਨੇ ਖੁੱਲ੍ਹੇਆਮ ਭਾਜਪਾ ਨੂੰ ਹਰਾਉਣ ਦੀ ਮੁਹਿੰਮ ਚਲਾਈ। ਇਕ ਸਮੇਂ ਕਾਂਗਰਸ ਦਾ ਮਜ਼ਬੂਤ ਵੋਟ ਆਧਾਰ ਰਿਹਾ ਲਿੰਗਾਇਤ ਭਾਈਚਾਰਾ ਜੋ ਕਾਂਗਰਸ ਤੋਂ ਨਾਰਾਜ਼ ਹੋ ਕੇ ਯੇਡੀਯੁਰੱਪਾ ਦੇ ਯਤਨਾਂ ਨਾਲ ਭਾਜਪਾ ਨਾਲ ਜੁੜਿਆ ਸੀ, ਉਹ ਇਸ ਵਾਰ ਮੁੜ ਕਾਂਗਰਸ ਦੇ ਹੱਕ ’ਚ ਜਾ ਭੁਗਤਿਆ। ਭਾਜਪਾ ਦੀ ਪਾਲਾਬੰਦੀ ਦੀ ਸੋਸ਼ਲ ਇੰਜਨੀਅਰਿੰਗ ਪਾਟਕ ਪਾਊ ਚਾਲਾਂ ਦੇ ਬਾਵਜੂਦ ਇੱਥੇ ਹੋਰ ਫਿਰਕਿਆਂ ਅਤੇ ਜਾਤੀਆਂ ਦੇ ਵੋਟਰਾਂ ਨੂੰ ਖਿੱਚਣ ’ਚ ਅਸਫ਼ਲ ਰਹੀ।

ਇਸ ਹਕੂਮਤ ਬਦਲੀ ਦੀਆਂ ਮੁਲਕ ਦੇ ਭਵਿੱਖ ਲਈ ਕੀ ਰਾਜਸੀ ਅਰਥ-ਸੰਭਾਵਨਾਵਾਂ ਹਨ? ਕੀ ਕਾਂਗਰਸ ਆਰ.ਐੱਸ.ਐੱਸ-ਭਾਜਪਾ ਦੀ ‘ਕਾਂਗਰਸ ਮੁਕਤ ਭਾਰਤ’ ਯਾਨੀ ਪਾਰਲੀਮੈਂਟਰੀ ਵਿਰੋਧੀ ਧਿਰ ਤੋਂ ਮੁਕਤ ਭਾਰਤ ਦੇ ਹਮਲਾਵਰ ਪ੍ਰੋਜੈਕਟ ਨੂੰ ਠੱਲ੍ਹ ਪਾ ਸਕਦੀ ਹੈ? ਦਰਅਸਲ ਕਾਂਗਰਸ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਹੀ ਹੈ। ਬੇਸ਼ੱਕ ‘ਭਾਰਤ ਜੋੜੋ ਯਾਤਰਾ’ ਰਾਹੀਂ ਰਾਹੁਲ ਗਾਂਧੀ ਨੇ ਹਿੰਦੂਤਵ ਪ੍ਰੋਜੈਕਟ ਅਤੇ ਲੰਗੋਟੀਏ ਪੂੰਜੀਵਾਦ ਵਿਰੁੱਧ ਰਾਜਨੀਤਕ ਨਿਸ਼ਾਨਾ ਸੇਧਿਆ ਪਰ ਕਾਂਗਰਸ ਦੀ ਆਪਣੀ ਵਿਚਾਰਧਾਰਾ ਵੀ ਤੱਤ ਰੂਪ ਵਿਚ ‘ਸਾਫ਼ਟ ਹਿੰਦੂਤਵ’ ਹੈ। ਇਸ ਦੀ ਆਰਥਕ ਨੀਤੀ ਵੀ ਉਸੇ ਤਰ੍ਹਾਂ ਭਾਰਤ ਦੇ ਆਰਥਕ ਵਸੀਲੇ ਆਪਣੇ ਚਹੇਤੇ ਕਾਰਪੋਰਟਾਂ ਦੀ ਸੇਵਾ ’ਚ ਲਾਉਣ ਦੀ ਹੈ ਜਿਵੇਂ ਭਾਜਪਾ ਦੀ ਨੀਤੀ ਹੈ। ਇਸ ਨੇ ਸਾਢੇ ਸੱਤ ਦਹਾਕਿਆਂ ’ਚ ਕਦੇ ਵੀ ਆਰ.ਐੱਸ.ਐੱਸ. ਦੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਜਨੀਤਕ ਪ੍ਰੋਜੈਕਟ ਵਿਰੁੱਧ ਦ੍ਰਿੜ ਲੜਾਈ ਨਹੀਂ ਲੜੀ। ਹੁਣ ਬਜਰੰਗ ਦਲ ਉੱਪਰ ਪਾਬੰਦੀ ਲਗਾਉਣ ਦੇ ਵਾਅਦੇ ਕਰਨ ਵਾਲੀ ਕਾਂਗਰਸ ਹਕੂਮਤ ਨੇ 1948 ’ਚ ਆਰ.ਐੱਸ.ਐੱਸ. ਉੱਪਰ ਕੁਝ ਮਹੀਨਿਆਂ ਲਈ ਪਾਬੰਦੀ ਲਗਾਏ ਜਾਣ ਤੋਂ ਸਿਵਾਏ ਕਦੇ ਵੀ ਸੰਘ ਪਰਿਵਾਰ ਦੀਆਂ ਦਹਿਸ਼ਤ ਜਥੇਬੰਦੀਆਂ ਵਿਰੁੱਧ ਅਸਰਦਾਰ ਕਾਰਵਾਈ ਨਹੀਂ ਕੀਤੀ। ਨਾ ਹੀ ਹੁਣ ਕਰ ਸਕੇਗੀ। ਕਾਂਗਰਸ ਦਾ ਅਤੇ ਭਾਜਪਾ ਵਿਰੁੱਧ ਉੱਭਰ ਰਹੇ ‘ਵਿਰੋਧੀ ਧਿਰ’ ਦੇ ਗੱਠਜੋੜਾਂ ਦਾ ਮਨੋਰਥ ਸੱਤਾ ਵਿਚ ਆਪਣੀ ਹਿੱਸੇਦਾਰੀ ਨੂੰ ਬਚਾਉਣਾ ਹੈ ਨਾ ਕਿ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਪ੍ਰੋਜੈਕਟ ਵਿਰੁੱਧ ਲੋਕ ਰਾਇ ਖੜ੍ਹੀ ਕਰਨਾ ਅਤੇ ਅਵਾਮ ਨੂੰ ‘ਲੰਗੋਟੀਏ ਪੂੰਜੀਵਾਦ’ ਤੋਂ ਮੁਕਤ ਕਰਨਾ। ਪਾਰਲੀਮੈਂਟਰੀ ਵਿਰੋਧੀ ਧਿਰ ਹਕੂਮਤ ਬਦਲੀ ਰਾਹੀਂ ਕੁਝ ਚਿਰ ਲਈ ਭਗਵੇਂ ਪ੍ਰੋਜੈਕਟ ਨੂੰ ਪਿੱਛੇ ਪਾ ਸਕਦੀ ਹੈ। ਕਰਨਾਟਕ ’ਚ ਹਕੂਮਤ ਬਦਲੀ ਇਨ੍ਹਾਂ ਮਾਇਨਿਆਂ ’ਚ ਹੀ ਇਕ ਸੀਮਤ ਹਾਂਪੱਖੀ ਕਦਮ ਹੈ ਜੋ ਮੁਲਕ ਦੇ ਅਵਾਮ ’ਚ ਭਗਵੇਂ ਰਾਜ ਤੋਂ ਮੁਕਤ ਹੋਣ ਲਈ ਹੰਭਲਾ ਮਾਰਨ ਲਈ ਥੋੜ੍ਹਾ ਉਤਸ਼ਾਹਤ ਕਰ ਸਕਦਾ ਹੈ ਪਰ ਇਸ ਵਿਚੋਂ ਸੰਘ ਦੇ ਫਾਸ਼ੀਵਾਦ ਤੋਂ ਮੁਕਤੀ ਦਾ ਭਰਮ ਨਹੀਂ ਪਾਲਣਾ ਚਾਹੀਦਾ। ਭਗਵੇਂ ਫਾਸ਼ੀਵਾਦ ਨਾਲ ਅਸਰਦਾਰ ਟੱਕਰ ਲੈਣ ਲਈ ਖ਼ਰੀਆਂ ਜਮਹੂਰੀ ਅਤੇ ਇਨਸਾਫ਼ਪਸੰਦ ਤਾਕਤਾਂ ਨੂੰ ਆਪਣੀ ਟੇਕ ਲੋਕ ਤਾਕਤ ਉਸਾਰਨ ਉੱਪਰ ਰੱਖਣੀ ਪਵੇਗੀ। ਹੋਰ ਕੋਈ ਸ਼ਾਰਟ-ਕੱਟ ਰਸਤਾ ਨਹੀਂ ਹੈ।

# ਅਸੀਂ ਸਾਰੇ ਨਵਸ਼ਰਨ ਹਾਂ!

***ਜਮਹੂਰੀ ਹੱਕਾਂ ਦੀ ਕਾਰਕੁਨ ਡਾ. ਨਵਸ਼ਰਨ ਨੂੰ ਈ.ਡੀ. ਨੇ 10 ਮਈ ਨੂੰ ਆਪਣੇ ਦਫਤਰ ਬੁਲਾ ਕੇ 8 ਘੰਟੇ ਪੁੱਛਗਿੱਛ ਕੀਤੀ। ਡਾ. ਨਵਸ਼ਰਨ ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੀ ਧੀ ਹੈ। ਉਹ ਸਰਕਾਰਾਂ ਦੀ ਹਰ ਲੋਕ ਵਿਰੋਧੀ ਨੀਤੀ ਦਾ ਵਿਰੋਧ ਤੇ ਜਮਹੂਰੀ ਹੱਕਾਂ ਦੀ ਗੱਲ ਕਰਦੀ ਹੈ। ਪੁੱਛ-ਗਿੱਛ ਦੌਰਾਨ ‘ਦੇਸ਼ ਧ੍ਰੋਹੀ’ ਗਰਦਾਨੀਆਂ ਖੋਜ ਪੁਸਤਕਾਂ/ਰਿਪੋਰਟਾਂ ਛਪਵਾਉਣ ਦੇ ਖਰਚੇ ਬਾਰੇ ਸਵਾਲ ਕੀਤੇ।***

ਡਾ. ਸਾਹਿਬ ਸਿੰਘ
ਫੋਨ: +91-98880-11096

ਸੱਤਾ ਕਿੰਨੀ ਡਰਪੋਕ ਹੈ; ਹੁਣ ਨਵਸ਼ਰਨ ਤੋਂ ਡਰ ਗਈ ਹੈ। ਬਹਾਨਾ ਮਨੀ ਲਾਂਡਰਿੰਗ ਐਕਟ ਦਾ ਬਣਾਇਆ ਹੈ। 8 ਘੰਟੇ ਲਈ ਨਵਸ਼ਰਨ ਨੂੰ ਇੰਟੈਰੋਗੇਟ ਕੀਤਾ ਗਿਆ ਹੈ। ਸੱਤਾ ਨਵਸ਼ਰਨ ਨੂੰ ਕੀ ਪੁੱਛਣਾ ਚਾਹੁੰਦੀ ਹੈ? ਜਦੋਂ 1984 ਵਿਚ ਦਿੱਲੀ ਵਿਚ ਕਤਲੇਆਮ ਹੁੰਦਾ ਹੈ ਤਾਂ ਗੌਤਮ ਨਵਲੱਖਾ ਲਿਖਦਾ ਹੈ।... ਉਹ ਅੱਜ ਵੀ ਸੱਤਾ ਦੀਆਂ ਸਾਜ਼ਿਸ਼ਾਂ ਖਿਲਾਫ ਲਿਖਦਾ ਹੈ। ਉਸ ਗੌਤਮ ਨਵਲੱਖਾ ਨੂੰ ਤੁਸੀਂ ਚਾਰ ਸਾਲਾਂ ਤੋਂ ਬੰਦ ਕੀਤਾ ਹੋਇਆ ਹੈ। ਨਵਸ਼ਰਨ ਹਰ ਮੰਚ ਤੋਂ ਆਵਾਜ਼ ਉਠਾਉਂਦੀ ਹੈ, “ਉਸ ਬਜ਼ੁਰਗ ਨੂੰ ਸੀਖਾਂ ਪਿੱਛੇ ਕਿਉਂ ਡੱਕਿਆ ਹੋਇਆ ਹੈ। ਉਹ ਕੋਵਿਡ ਦੀ ਬਿਮਾਰੀ ਨਾਲ ਜੂਝਦਾ ਬੰਦਾ, ਤੁਹਾਨੂੰ ਉਸ ਤੋਂ ਡਰ ਲਗਦਾ ਹੈ? ਉਸ ਨੂੰ ਬੁਨਿਆਦੀ ਮਨੁੱਖੀ ਸਹੂਲਤਾਂ ਵੀ ਨਹੀਂ ਦੇ ਰਹੇ ਹੋ... ਕੀ ਸੱਤਾ ਨੂੰ ਸ਼ਰਮ ਆਉਂਦੀ ਹੈ!” ਉਹ ਆਨੰਦ ਤੇਲਤੁੰਬੜੇ, ਸਟੇਨਸਵਾਮੀ, ਸੁਧਾ, ਫਰੇਰਾ... ਸਭ ਬਾਰੇ ਸਵਾਲ ਕਰਦੀ ਹੈ। ਜਦ ਉਹ ਇਹ ਸਵਾਲ ਕਰਦੀ ਹੈ ਤਾਂ ਉਸ ਦੇ ਗਲ਼ੇ ਦੀਆਂ ਨਸਾਂ ਫੁੱਲ ਜਾਂਦੀਆਂ ਨੇ। ਹੱਥ ਹਵਾ ’ਚ ਕੰਬਦੈ। ਉਹਦੀਆਂ ਅੱਖਾਂ ਭਰ ਆਉਂਦੀਆਂ ਨੇ। ਸੰਘ ਭਾਰਾ ਹੋ ਜਾਂਦੈ ਪਰ ਉਹ ਫੇਰ ਵੀ ਚੁੱਪ ਨਹੀਂ ਹੁੰਦੀ। ਉਹ ਦਹਾੜਦੀ ਹੈ, “ਸ਼ਰਮ ਕਰੋ...ਸ਼ਰਮ ਕਰੋ!” ਪਰ ਸੱਤਾ ਬੇਸ਼ਰਮ ਹੈ। ਨਵਸ਼ਰਨ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੀ ਹੈ, ਉਸ ਨਵਸ਼ਰਨ ਨੂੰ ਜਿਸ ਦੀਆਂ ਨਾੜਾਂ ’ਚ ਨਾਬਰੀ ਦਾ ਖ਼ੂਨ ਦੌੜਦਾ ਹੈ। ਸੱਤਾ ਦੀ ਦਹਿਸ਼ਤ ਤੇ ਫਿਰਕੂ ਦਹਿਸ਼ਤ ਨੂੰ ਬਰਾਬਰ ਸਵਾਲਾਂ ਦੇ ਘੇਰੇ ’ਚ ਲਿਆਉਂਦੇ ਗੁਰਸ਼ਰਨ ਸਿੰਘ ਦੀ ਧੀ ਹੈ, ਉਹੀ ਗੁਰਸ਼ਰਨ ਸਿੰਘ ਜੋ 84 ਵਿਚ ਬੁਲੰਦ ਆਵਾਜ਼ ਵਿਚ ਸਵਾਲ ਕਰਦਾ ਹੈ ਕਿ “ਜੋ ਮਾਰੇ ਗਏ, ਸਾੜ ਦਿਤੇ ਗਏ, ਉਨ੍ਹਾਂ ਦਾ ਕੀ ਕਸੂਰ ਸੀ?” ਅੱਜ ਤੁਸੀਂ ਉਸ ਗੁਰਸ਼ਰਨ ਸਿੰਘ ਦੀ ਧੀ ਨੂੰ ਕੀ ਪੁੱਛਣਾ ਚਾਹੁੰਦੇ ਹੋ, ਜਾਂ ਕੀ ਦੱਸਣਾ ਚਾਹੁੰਦੇ ਹੋ!

ਨਵਸ਼ਰਨ ਨੇ ਇਹੋ ਜਿਹਾ ਕੀ ਕਰ ਦਿੱਤਾ ਹੈ ਜਿਸ ਤੋਂ ਤੁਹਾਨੂੰ ਖੌਫ਼ ਆ ਰਿਹਾ ਹੈ। ਤੁਹਾਡੇ ਜ਼ਰਖਰੀਦ ਗੁੰਡੇ ਸੜਕਾਂ ’ਤੇ ਨਿਕਲਦੇ ਹਨ। ਮਨੁੱਖੀ ਜਾਨਾਂ ਅੱਗ ਲਾ ਕੇ ਸਾੜ ਦਿੰਦੇ ਹਨ। ਬਹਾਨਾ ਧਰਮ ਦਾ ਬਣਾਉਂਦੇ ਹੋ।

ਲਿੰਚਿੰਗ ਕਰਦੇ ਹੋ, ਤੇ ਸਾਡੀ ਨਵਸ਼ਰਨ ਉਹਨਾਂ ਘਰਾਂ ਵਿਚ ਜਾਂਦੀ ਹੈ ਜਿਹਨਾਂ ਘਰਾਂ ਦਾ ਇੱਕੋ-ਇੱਕ ਕਮਾਊ ਬੰਦਾ ਤੁਸੀਂ ਮਾਰ ਸੁੱਟਿਆ! ਕੀ ਤੁਸੀਂ ਨਵਸ਼ਰਨ ਤੋਂ ਇਹ ਪੁੱਛੋਗੇ ਕਿ ਉਸ ਬੰਦੇ ਦੇ ਪਰਿਵਾਰ ਦਾ ਕੀ ਹਾਲ ਹੈ! ਉਹਨਾਂ ਦੀਆਂ ਅੱਖਾਂ ਵਿਚ ਕਿੰਨਾ ਸਹਿਮ ਹੈ! ਬੱਚੀਆਂ ਕਿੰਨੀਆਂ ਘਬਰਾਈਆਂ ਹੋਈਆਂ ਹਨ! ਨਵਸ਼ਰਨ ਦਾ ਕਸੂਰ ਇਹ ਹੈ ਕਿ ਉਹ ਉਹਨਾਂ ਸਹਿਮੇ ਹੋਏ ਬੱਚੇ ਬੱਚੀਆਂ ਨੂੰ ਹਿੱਕ ਨਾਲ ਲਾਉਂਦੀ ਹੈ। ਉਹਨਾਂ ਦੇ ਹੰਝੂ ਪੂੰਝਣ ਦੀ ਕੋਸ਼ਿਸ਼ ਕਰਦੀ ਹੈ। ਉਹਨਾਂ ਦੀ ਦਾਸਤਾਨ ਵਾਰ-ਵਾਰ ਸੁਣਨ ਜਾਂਦੀ ਹੈ। ਕੀ ਤੁਸੀਂ ਉਹ ਸਭ ਕੁਝ ਨਵਸ਼ਰਨ ਤੋਂ ਪੁੱਛੋਗੇ!



ਡਾ. ਨਵਸ਼ਰਨ ਕੌਰ

ਨਵਸ਼ਰਨ ਅਸਾਮ ਜਾਂਦੀ ਹੈ... ਉਹਨਾਂ ਘਰਾਂ ਵਿਚ ਜਿਨ੍ਹਾਂ ਨੂੰ ਤੁਸੀਂ ਹੁਕਮ ਚਾੜ੍ਹ ਦਿੱਤਾ ਹੈ ਕਿ ਜਾਂ ਤਾਂ ਕਾਗਜ਼ ਦਿਖਾਓ ਤੇ ਜਾਂ ਫਿਰ ਮਰ ਮੁੱਕ ਜਾਓ! ਕੀ ਤੁਹਾਨੂੰ ਪਤਾ ਹੈ, ਇਹੋ ਜਿਹੇ ਗਰੀਬ ਲਾਚਾਰ ਬੇਵਸ ਲੋਕਾਂ ਨੂੰ ਮਿਲਣਾ ਕਿਹੋ ਜਿਹਾ ਹੁੰਦਾ ਹੈ! ਉਹਨਾਂ ਦੀਆਂ ਅੱਖਾਂ ਵਿਚ ਤੈਰਦੇ ਮਾਸੂਮ ਸਵਾਲ ਦਾ ਸਾਹਮਣਾ ਕਰਨਾ ਕਿੰਨਾ ਔਖਾ ਹੁੰਦਾ ਹੈ! ਨਵਸ਼ਰਨ ਇਹ ਹਿੰਮਤ ਕਰਦੀ ਹੈ। ਜੇ ਉਹ ਵੀ ਸੁੱਖ-ਰਹਿਣੀ ਹੁੰਦੀ ਤਾਂ ਮੈਂ ਤੁਹਾਨੂੰ ਦੱਸ ਦਿਆਂ ਕਿ ਨਵਸ਼ਰਨ ਉਚ ਸਿਖਿਆ ਹਾਸਲ ਕਰ ਚੁੱਕੀ ਹੈ, ਕੈਨੇਡਾ ਦੀ ਔਟਵਾ ਯੂਨੀਵਰਸਿਟੀ ਤੋਂ ਵੀ ਉੱਚ ਸਿੱਖਿਆ ਹਾਸਲ ਕਰ ਕੇ ਆਈ ਹੈ। ਉਹ ਵੀ ਕਿਸੇ ਵੱਡੇ ਦਫ਼ਤਰ ਵਿਚ ਆਰਾਮ ਨਾਲ ਕਿਸੇ ਕੁਰਸੀ ’ਤੇ ਬੈਠੀ ਹੁੰਦੀ ਤੇ ਤਮਾਮ ਸੁੱਖ-ਸਹੂਲਤਾਂ ਮਾਣ ਰਹੀ ਹੁੰਦੀ, ਤੁਹਾਡੇ ਹੀ ਪ੍ਰਬੰਧ ਦਾ ਕੋਈ ਪੁਰਜ਼ਾ ਬਣ ਜਾਂਦੀ, ਫਿਰ ਤੁਹਾਨੂੰ ਕੋਈ ਤਕਲੀਫ ਨਹੀਂ ਹੋਣੀ ਸੀ ਪਰ ਕੀ ਤੁਸੀਂ ਨਵਸ਼ਰਨ ਨੂੰ ਪੁੱਛੋਗੇ ਕਿ ਉਹ ਸਰੀਰਕ ਅਤੇ ਮਾਨਸਿਕ ਤੌਰ ’ਤੇ ਕਿੰਨੀ ਵੱਡੀ ਤਕਲੀਫ ਵਿਚੋਂ ਗੁਜ਼ਰਦੀ ਹੈ ਜਦੋਂ ਦੱਬੇ-ਕੁਚਲੇ ਲਿਤਾੜੇ ਲੋਕਾਂ ਨੂੰ ਹਿੱਕ ਨਾਲ ਲਾਉਂਦੀ ਹੈ!

ਅਜੇ ਤਾਂ ਕੱਲ੍ਹ ਦੀ ਗੱਲ ਹੈ ਜਦੋਂ ਨਵਸ਼ਰਨ ਮਾਨਸਾ ਵਿਚ ਇਕ ਸਮਾਗਮ ਵਿਚ ਮੈਨੂੰ ਮਿਲੀ ਸੀ। ਸਵਾਲ ਤਾਂ ਉਸ ਨੇ ਮੈਨੂੰ ਪੁੱਛਿਆ ਸੀ ਕਿ “ਤੂੰ ਲਗਾਤਾਰ ਇੰਨਾ ਦਰਦ ਮੰਚ ਤੋਂ ਪੇਸ਼ ਕਰਦਾ ਹੋਇਆ ਮਾਨਸਿਕ ਤੌਰ ’ਤੇ ਪੀੜ ਅਤੇ ਥਕਾਵਟ ਮਹਿਸੂਸ ਨਹੀਂ ਕਰਦਾ?” ਪਰ ਮੇਰੇ ਜਵਾਬ ਦੀ ਉਡੀਕ ਕੀਤੇ ਬਿਨਾ ਉਸ ਦੱਸਿਆ ਸੀ ਕਿ ਉਹ ਕਿੰਨੇ ਵੱਡੇ ਮਾਨਸਿਕ ਕਸ਼ਟ ਵਿਚੋਂ ਗੁਜ਼ਰਦੀ ਹੈ ਜਦੋਂ ਇਹਨਾਂ ਲੋਕਾਂ ਨੂੰ ਮਿਲਦੀ ਹੈ। ਨਵਸ਼ਰਨ ਜਾਣਦੀ ਹੈ ਕਿ ਉਹ ਲੋਕ ਜਿਹੜਾ ਮਾਨਸਿਕ ਕਸ਼ਟ ਭੋਗ ਰਹੇ ਹਨ, ਉਸ ਤੋਂ ਵੱਡਾ ਕੁਝ ਵੀ ਨਹੀਂ। ਇਸੇ ਲਈ ਨਵਸ਼ਰਨ ਆਪਣੀ ਹਸਤੀ ਰੁਤਬਾ ਸਭ ਕੁਝ ਤਿਆਗ ਕੇ ਗਲੀ-ਗਲੀ ਪਿੰਡ ਪਿੰਡ ਬਸਤੀ ਵਿਚ ਲੋਕਾਈ ਦਾ ਦਰਦ ਚੁਗਦੀ ਫਿਰਦੀ ਹੈ। ਸਲਾਮ ਹੈ ਸਾਡੀ ਇਸ ਬਹਾਦਰ ਭੈਣ ਨੂੰ...

ਕਹਿਣਾ ਚਾਹੁੰਦੇ ਹਾਂ: “ਨਵਸ਼ਰਨ ਤੁਸੀਂ ਕੱਲੇ ਨਹੀਂ। ਅਸੀਂ ਸਭ ਨਵਸ਼ਰਨ ਹਾਂ। ਸਾਨੂੰ ਮਾਣ ਹੈ ਨਵਸ਼ਰਨ ਹੋਣ ’ਤੇ। ਸੱਤਾ ਕਿੰਨੇ ਕੁ ਨਵਸ਼ਰਨ ਡੱਕ ਲਏਗੀ।... ਨਵਸ਼ਰਨ, ਤੁਸੀਂ ਗੁਰਸ਼ਰਨ ਸਿੰਘ ਦੀਆਂ ਨੀਲੀਆਂ ਸੁਪਨੀਲੀਆਂ ਅੱਖਾਂ ’ਚੋਂ ਵਹਿੰਦੇ ਹੰਝੂਆਂ ਨੂੰ ਆਪਣੀਆਂ ਹਥੇਲੀਆਂ ’ਤੇ ਬੋਚ ਲਿਆ ਹੈ। ਸੱਤਾ ਉਹਨਾਂ ਹੰਝੂਆਂ ਦੇ ਸੇਕ ਤੋਂ ਡਰਦੀ ਹੈ। ਅਸੀਂ ਇਹ ਸੇਕ [illegible]

ਗਣੇਸ਼ ਨਰਾਇਣ ਦੇਵੀ ਨੇ ਭਾਸ਼ਾ ਵਿਗਿਆਨ, ਮਾਨਵ ਵਿਗਿਆਨ ਅਤੇ ਸਾਹਿਤਕ ਆਲੋਚਨਾ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਕੰਮ ਕੀਤਾ ਹੈ। ਉਨ੍ਹਾਂ ਦੀਆਂ ਲਿਖਤਾਂ ਗਿਆਨ ਅਤੇ ਸੱਤਾ ਦੇ ਸੰਬੰਧਾਂ ਦੀ ਅਤੇ ਇਹ ਛਾਣਬੀਣ ਕਰਦੇ ਹਨ ਕਿ ਕੁਲੀਨ ਵਰਗ ਨੇ ਮਨੁੱਖੀ ਇਤਿਹਾਸ ਵਿਚ ਗਿਆਨ ਨੂੰ ਪਰਿਭਾਸ਼ਿਤ ਕਿਵੇਂ ਕੀਤਾ ਅਤੇ ਕਿਵੇਂ ਉਸ ਉੱਪਰ ਇਜਾਰੇਦਾਰੀ ਬਣਾਈ। ਉਹ ਵੜੋਦਰਾ ਵਿਚ ਭਾਸ਼ਾ ਖੋਜ ਅਤੇ ਪ੍ਰਕਾਸ਼ਨ ਕੇਂਦਰ ਅਤੇ ਗੁਜਰਾਤ ਦੇ ਤੇਜਗੜ੍ਹ ਵਿਚ ਆਦਿਵਾਸੀ ਅਕਾਦਮੀ ਦੇ ਸੰਸਥਾਪਕ ਹਨ। 2010 ਵਿਚ ਉਨ੍ਹਾਂ ਨੇ ਪੀਪਲਜ਼ ਲਿੰਗੁਇਸਟਿਕ ਸਰਵੇ ਆਫ ਇੰਡੀਆ ਦੀ ਪ੍ਰਧਾਨਗੀ ਕੀਤੀ। ਉਹ ਸਾਹਿਤ ਅਕਾਦਮੀ ਪੁਰਸਕਾਰ, ਸਾਰਕ ਸਾਹਿਤਕ ਪੁਰਸਕਾਰ, ਪ੍ਰਿੰਸ ਕਲਾਜ ਪੁਰਸਕਾਰ, ਕੌਮਾਂਤਰੀ ਲਿੰਗੁਆਪੈਕਸ ਐਵਾਰਡ ਅਤੇ ਪਦਮਸ੍ਰੀ ਐਵਾਰਡ ਸਮੇਤ ਕਈ ਹੋਰ ਪੁਰਸਕਾਰਾਂ ਨਾਲ ਨਵਾਜੇ ਜਾ ਚੁੱਕੇ ਹਨ। 2015 'ਚ ਉਨ੍ਹਾਂ ਨੇ ਸਾਹਿਤ ਅਕਾਦਮੀ ਇਨਾਮ ਜੇਤੂ ਕੰਨੜ ਲੇਖਕ ਅਤੇ ਤਰਕਸ਼ੀਲ ਐੱਮ.ਐੱਮ. ਕਲਬੁਰਗੀ ਦੇ ਕਤਲ ਉੱਪਰ ਸੰਸਥਾ ਦੀ ਚੁੱਪ ਦੇ ਵਿਰੋਧ 'ਚ ਆਪਣਾ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਕਰ ਦਿੱਤਾ। ਅਕਤੂਬਰ 2022 'ਚ ਦੇਵੀ ਸਮੇਤ ਲੱਗਭੱਗ ਅੱਸੀ ਵਿਦਵਾਨਾਂ ਦੇ ਆਲਮੀ ਸਮੂਹ ਨੇ 600 ਪੰਨਿਆਂ ਦੀ ਰਿਪੋਰਟ ਜਾਰੀ ਕੀਤੀ- 'ਹੋਲੋਸੀਨ ਤੋਂ ਬਾਅਦ ਭਾਰਤ: ਪਿਛਲੇ ਬਾਰਾਂ ਹਜ਼ਾਰ ਸਾਲਾਂ 'ਚ ਵਾਤਾਵਰਨ, ਲੋਕ, ਜੀਵਨ, ਵਿਚਾਰ, ਪ੍ਰਗਟਾਵੇ, ਗਠਨ, ਅੰਦੋਲਨ, ਪਰੰਪਰਾਵਾਂ ਅਤੇ ਪਰਿਵਰਤਨ।' ਇਹ ਭਾਰਤੀ ਇਤਿਹਾਸ ਦੇ 12000 ਸਾਲਾਂ ਦਾ ਦਸਤਾਵੇਜ਼ ਹੈ। ਕਾਰਵਾਂ ਦੇ ਮਲਟੀਮੀਡੀਆ ਰਿਪੋਰਟਰ ਸ਼ਾਹਿਦ ਤਾਂਤਰੇ ਨੇ ਇਸ ਰਿਪੋਰਟ ਬਾਰੇ, ਰਾਸ਼ਟਰੀ ਸਵੈਮ ਸੇਵਕ ਸੰਘ ਤੇ ਇਸ ਦੇ ਚੁਣਾਵੀ ਵਿੰਗ ਭਾਰਤੀ ਜਨਤਾ ਪਾਰਟੀ ਵੱਲੋਂ ਭਾਰਤੀ ਇਤਿਹਾਸ ਨੂੰ ਮੁੜ ਲਿਖਣ ਦੀਆਂ ਕੋਸ਼ਿਸ਼ਾਂ, ਮੁਤਵਾਜ਼ੀ ਗਿਆਨ ਪ੍ਰਣਾਲੀਆਂ, ਸੱਜੇ ਪੱਖੀਆਂ ਵੱਲੋਂ ਬੀ.ਆਰ. ਅੰਬੇਡਕਰ ਉੱਪਰ ਕਬਜ਼ਾ ਕਰਨ, ਹਿੰਦੀ ਨੂੰ ਪ੍ਰਮੁੱਖਤਾ ਦੇਣ ਆਦਿ ਮੁੱਦਿਆਂ ਉੱਪਰ ਉਨ੍ਹਾਂ ਨਾਲ ਗੱਲਬਾਤ ਕੀਤੀ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਲਿਖਤ ਦੀ ਦੂਜੀ ਤੇ ਆਖਰੀ ਕਿਸ਼ਤ ਹਾਜ਼ਰ ਹੈ।

# ਇਤਿਹਾਸ ਲੋਕਾਂ ਦੇ ਚੇਤਿਆਂ ਵਿਚ ਜ਼ਿੰਦਾ ਰਹੇਗਾ-2

## ਇਤਿਹਾਸ ਦੇ ਭਗਵੇਕਰਨ ਬਾਰੇ ਉਘੇ ਵਿਦਵਾਨ ਜੀ.ਐੱਨ. ਦੇਵੀ ਨਾਲ ਮੁਲਾਕਾਤ

ਮੁਲਾਕਾਤੀ: ਸ਼ਾਹਿਦ ਤਾਂਤਰੇ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

**ਸ਼ਾਹਿਦ ਤਾਂਤਰੇ:** ਕੀ ਤੁਹਾਨੂੰ ਲੱਗਦੈ ਕਿ ਹਿੰਦੂ ਇਤਿਹਾਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ?


**ਗਣੇਸ਼ ਨਰਾਇਣ ਦੇਵੀ:** 7ਵੀਂ ਤੋਂ 3ਵੀਂ ਸਦੀ ਈਸਾ ਪੂਰਵ ਤੱਕ ਬੁੱਧ ਤੇ ਜੈਨ ਧਰਮ ਦਾ ਵਿਕਾਸ ਹੋਇਆ ਅਤੇ ਭਾਰਤ ਵਿਚ ਜੀਵਨ ਦਾ ਨਾਸਤਿਕ ਫ਼ਲਸਫ਼ਾ 'ਲੋਕਾਇਤ' ਵੀ ਪ੍ਰਫੁੱਲਤ ਹੋਇਆ। ਇਸ ਦੇ ਨਾਲ-ਨਾਲ ਇਸ ਦੇ ਜਵਾਬੀ ਵਿਚਾਰ ਵੀ ਸਾਹਮਣੇ ਆ ਰਹੇ ਸਨ; ਅਰਥਾਤ, ਫ਼ਲਸਫ਼ਿਆਂ ਦੀ ਬਹੁਲਤਾ ਸੀ। ਇਨ੍ਹਾਂ ਫ਼ਲਸਫ਼ਿਆਂ ਦਰਮਿਆਨ ਸੰਘਰਸ਼ ਸੀ ਅਤੇ ਇਹ ਪ੍ਰਾਚੀਨ ਇਤਿਹਾਸ ਵਿਚ ਪਹਿਲੀ ਸ਼ਤਾਬਦੀ ਅਤੇ ਦੂਜੀ ਸ਼ਤਾਬਦੀ ਦੀ ਸ਼ੁਰੂਆਤ 'ਚ ਜਾਰੀ ਰਿਹਾ। 1100 ਈਸਵੀ ਦੇ ਆਸ-ਪਾਸ ਨਵੀਂ ਲਹਿਰ ਹੁਰੂ ਹੋਈ ਜਿਸ ਨੂੰ ਭਗਤੀ ਲਹਿਰ ਵਜੋਂ ਜਾਣਿਆ ਜਾਂਦਾ ਹੈ। ਇਸ ਲਹਿਰ ਨੂੰ



ਸੂਫ਼ੀਵਾਦ ਤੋਂ ਬਹੁਤ ਤਾਕਤ ਮਿਲੀ ਅਤੇ ਮੁੱਢਲੇ ਇਸਾਈ ਧਰਮ ਤੋਂ ਨਵਾਂ ਪਾਸਾਰ ਮਿਲਿਆ ਜੋ ਕੇਰਲ ਵਿਚ ਆਇਆ। ਇਸ ਨੇ ਵੱਖ-ਵੱਖ ਸੰਪਰਦਾਵਾਂ ਅਤੇ ਮੱਤਾਂ ਤੋਂ ਜ਼ਬਰਦਸਤ ਊਰਜਾ ਪ੍ਰਾਪਤ ਕੀਤੀ ਅਤੇ ਕੁਝ ਸਦੀਆਂ ਬਾਅਦ ਸਿੱਖ ਧਰਮ ਉੱਭਰਿਆ। ਇਸ ਤੋਂ ਇਲਾਵਾ 1100 ਈਸਵੀ ਤੋਂ ਲੈ ਕੇ ਲਗਭਗ 100 ਸਾਲ ਪਹਿਲਾਂ ਤੱਕ, ਭਾਰਤ ਦੇ ਜੰਗਲਾਂ ਵਿਚ ਮਹਾਨ ਨਵਾਂ ਜੀਵਨ ਉੱਭਰ ਰਿਹਾ ਸੀ- ਆਦਿਵਾਸੀ ਜੋ ਆਪਣੀ ਜੀਵਨ ਸ਼ੈਲੀ ਨੂੰ ਸਥਾਪਿਤ ਕਰਨ ਅਤੇ ਜੰਗਲਾਂ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਸ ਸਮੇਂ ਦੇ ਬਹੁਤੇ ਰਾਜੇ ਕਬੀਲੇ ਦੇ ਅਧਿਕਾਰਾਂ ਦਾ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਦੀ ਰੱਖਿਆ ਕਰਦੇ ਸਨ।

ਇਹ ਸਭ ਭਾਰਤੀ ਇਤਿਹਾਸ ਹੈ। ਹਿੰਦੂ ਇਤਿਹਾਸ ਨਾਂ ਦੀ ਕੋਈ ਚੀਜ਼ ਨਹੀਂ ਹੈ। ਇਹ 19ਵੀਂ ਸਦੀ ਦੇ ਅੰਤ ਦੇ ਦੌਰਾਨ ਹੋਇਆ, ਮੈਕਸ ਮੂਲਰ ਤੋਂ ਬਾਅਦ, ਇਹ ਵਿਚਾਰ ਬਹੁਤ ਮਜ਼ਬੂਤ ਹੋ ਗਿਆ ਕਿ ਇਕ ਹਿੰਦੂ ਅਤੀਤ ਹੈ। ਹਿੰਦੂ ਸ਼ਬਦ ਬਹੁਤ ਵੱਡੇ ਪੱਧਰ 'ਤੇ ਪ੍ਰਚਲਿਤ ਹੋਇਆ ਜਿਸ ਕਾਰਨ 1920 ਦੇ ਦਹਾਕੇ ਵਿਚ ਆਰ.ਐੱਸ.ਐੱਸ. ਦਾ ਜਨਮ ਹੋਇਆ। ਆਪਣੇ ਜਨਮ ਦੇ ਸਮੇਂ ਆਰ.ਐੱਸ.ਐੱਸ. ਕੋਲ ਹਿੰਦੂ ਇਤਿਹਾਸ ਦਾ ਕੋਈ ਵਿਚਾਰ ਨਹੀਂ ਸੀ, ਇਸ ਕੋਲ ਇਤਿਹਾਸ ਦਾ ਇਕ ਨਜ਼ਰੀਆ ਸੀ ਜਿਸ ਉੱਪਰ ਅਤੀਤ ਦਾ ਜਰਮਨ ਨਜ਼ਰੀਆ ਭਾਰੂ ਸੀ; ਉਹ ਨਜ਼ਰੀਆ ਜਿਸ ਨੇ 1920 ਦੇ ਦਹਾਕੇ 'ਚ ਜਰਮਨੀ ਵਿਚ ਹਿਟਲਰ ਨੂੰ ਸੱਤਾ ਵਿਚ ਲਿਆਂਦਾ ਸੀ। ਇਤਿਹਾਸ ਦਾ ਨਜ਼ਰੀਆ ਇਹ ਸੀ ਕਿ ਕਿਸੇ ਰਾਸ਼ਟਰ ਦੇ ਰਾਸ਼ਟਰ ਹੋਣ ਲਈ ਉਸ ਦੀ ਧਰਤੀ ਦੇ ਨਾਲ-ਨਾਲ ਉਸ ਦੀ ਮੂਲ ਭਾਵਨਾ ਵੀ ਹੋਣੀ ਚਾਹੀਦੀ ਹੈ। ਇਸ ਲਈ ਹਿੰਦੂ ਮਹਾਂ ਸਭਾ ਅਤੇ ਆਰ.ਐੱਸ.ਐੱਸ. ਨੇ ਪਿਤਰਭੂਮੀ ਅਤੇ ਪੂਨਯ ਭੂਮੀ ਵਰਗੇ ਸ਼ਬਦ ਵਰਤਣੇ ਸ਼ੁਰੂ ਕਰ ਦਿੱਤੇ।

ਪੂਨਯ ਭੂਮੀ, ਯਾਨੀ ਸਾਡੀ ਪਵਿੱਤਰ ਭੂਮੀ ਦਾ ਇਹ ਵਿਚਾਰ ਗੌਤਮ ਬੁੱਧ ਦੇ ਸਮੇਂ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਜੋ ਕੁਝ ਹੋ ਰਿਹਾ ਸੀ, ਉਸ ਨਾਲ ਮੇਲ ਨਹੀਂ ਖਾਂਦਾ। ਅਤੀਤ ਬਾਰੇ ਇਹ ਨਵਾਂ ਕਥਿਤ ਹਿੰਦੂ ਨਜ਼ਰੀਆ ਅਤੀਤ ਦਾ ਮਨਘੜਤ ਨਜ਼ਰੀਆ ਹੈ; ਇਹ ਅਤੀਤ ਦਾ ਹਿੰਦੂ ਨਜ਼ਰੀਆ ਨਹੀਂ ਹੈ ਅਤੇ ਇਹ ਅਤੀਤ ਦਾ ਭਾਰਤੀ ਨਜ਼ਰੀਆ ਵੀ ਨਹੀਂ ਹੈ। ਭਾਰਤੀ ਨਜ਼ਰੀਆ ਬਹੁਲਵਾਦ ਅਤੇ ਵੰਨ-ਸਵੰਨਤਾ ਦਾ ਹੈ। ਇਤਿਹਾਸ ਸਾਨੂੰ ਇਹੀ ਦੱਸਦਾ ਹੈ, ਇਹੀ ਅਸ਼ੋਕ ਸਾਨੂੰ ਦੱਸਦਾ ਹੈ, ਇਹੀ ਅਕਬਰ ਦੀਆਂ ਨੀਤੀਆਂ ਸਾਨੂੰ ਦੱਸਦੀਆਂ ਹੈ ਅਤੇ ਅੰਬੇਡਕਰ ਦਾ ਗਿਆਨ ਸਾਨੂੰ ਇਹੀ ਦੱਸਦਾ ਹੈ।



ਗਣੇਸ਼ ਨਰਾਇਣ ਦੇਵੀ

ਮੈਂ ਤੁਹਾਨੂੰ ਅਜਿਹੇ ਬਹੁਤ ਸਾਰੇ ਚਿੰਤਕਾਂ ਦੀਆਂ ਮਿਸਾਲਾਂ ਦੇ ਸਕਦਾ ਹਾਂ ਜਿਨ੍ਹਾਂ ਨੂੰ ਹਿੰਦੂ ਚਿੰਤਕ ਕਿਹਾ ਜਾ ਸਕਦਾ ਹੈ। ਮਿਸਾਲ ਲਈ, ਸੁਹਜ ਸ਼ਾਸਤਰ ਦੇ ਪ੍ਰਮੁੱਖ ਸਿਧਾਂਤਾਂ ਵਿਚੋਂ ਇਕ ਜੋ 6ਵੀਂ ਅਤੇ 7ਵੀਂ ਸਦੀ ਈਸਵੀ ਤੋਂ ਬਾਅਦ ਉੱਭਰਿਆ, ਰੀਤੀ ਸਿਧਾਂਤ ਹੈ। ਰੀਤੀ ਦਾ ਅਰਥ ਹੈ- ਕਿਸੇ ਦੀ ਕਲਪਨਾ ਸ਼ਕਤੀ ਦੀ ਜੈ-ਜੈਕਾਰ ਕਰਨ ਦੇ ਕਈ ਤਰੀਕੇ। ਮਾਤੰਗ ਦੇ ਸੰਗੀਤ ਦੀ ਮੂਲ ਕਿਤਾਬ ਨੂੰ ਬ੍ਰਿਹਦਦੇਸ਼ੀ ਕਿਹਾ ਜਾਂਦਾ ਹੈ। ਬ੍ਰਿਹਿਦ ਅਨੇਕ ਹੈ ਅਤੇ ਦੇਸ਼ ਸਥਾਨਕ ਹੈ; ਇਸ ਲਈ ਮਾਤੰਗ ਅਨੁਸਾਰ ਜਿਸ ਨੂੰ ਅਸੀਂ ਭਾਰਤੀ ਸੰਗੀਤ ਕਹਿ ਸਕਦੇ ਹਾਂ, ਉਹ ਕਈ ਰਾਜਾਂ ਦਾ ਸੰਗੀਤ ਹੈ। ਮਾਤੰਗ ਲਈ ਭਾਰਤ ਬਹੁਤ ਸਾਰੀਆਂ ਕੌਮਾਂ ਸਨ, ਸਾਡੀ ਵੰਨ-ਸਵੰਨਤਾ ਸਾਡੀ ਏਕਤਾ ਸੀ ਜਿਸ ਨੂੰ ਇਤਿਹਾਸ ਦੇ ਕਥਿਤ ਹਿੰਦੂਤਵ ਨਜ਼ਰੀਏ ਵਿਚ ਨਕਾਰ ਦਿੱਤਾ ਗਿਆ ਸੀ। ਸੰਵਿਧਾਨ ਦੀ ਭਾਵਨਾ ਵੀ ਭਾਰਤ ਦੀ ਅਨੇਕਤਾ, ਬਹੁਲਤਾ, ਫੈਡਰਲਵਾਦ ਅਤੇ ਵੰਨ-ਸਵੰਨਤਾ ਨੂੰ ਮਾਨਤਾ ਦਿੰਦੀ ਹੈ।

**ਸ਼ਾਹਿਦ ਤਾਂਤਰੇ:** ਕੀ ਤੁਹਾਨੂੰ ਲੱਗਦੈ ਕਿ ਪਾਠ ਪੁਸਤਕਾਂ 'ਚੋਂ ਮੁਗਲ ਇਤਿਹਾਸ ਹਟਾਉਣਾ ਹਕੂਮਤ ਵੱਲੋਂ ਭਾਰਤ ਵਿਚੋਂ ਮੁਸਲਿਮ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਹੈ?

**ਗਣੇਸ਼ ਨਾਰਾਇਣ ਦੇਵੀ:** ਇਹ ਕਾਰਵਾਈ ਰਾਸ਼ਟਰਵਾਦ ਅਤੇ ਰਾਸ਼ਟਰ ਦੀ ਉਨ੍ਹਾਂ ਦੀ ਸਮਝ (ਪਿਤਰ ਭੂਮੀ ਤੇ ਪੁਨਯ ਭੂਮੀ) ਤੋਂ ਪੈਦਾ ਹੋਈ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਇਸ ਖਿੱਤੇ ਵਿਚ ਅਜਿਹੇ ਲੋਕ ਹਨ ਜਿਨ੍ਹਾਂ ਦੇ ਧਰਮ ਕਿਤੇ ਹੋਰ ਪੈਦਾ ਹੋਏ ਤਾਂ ਅਜਿਹੇ ਲੋਕਾਂ ਦੀ ਇਸ ਮੁਲਕ ਪ੍ਰਤੀ ਵਫ਼ਾਦਾਰੀ ਜ਼ਰੂਰਤ ਤੋਂ ਘੱਟ ਹੋਵੇਗੀ। ਇਹ ਨਜ਼ਰੀਆ ਅੰਧ-ਵਿਸ਼ਵਾਸ ਜਾਂ ਕੱਟੜਪੰਥ 'ਤੇ ਆਧਾਰਿਤ ਹੈ ਕਿਉਂਕਿ ਭਾਰਤੀ ਇਤਿਹਾਸ ਦੱਸਦਾ ਹੈ ਕਿ ਮੁਸਲਮਾਨਾਂ ਅਤੇ ਯਹੂਦੀਆਂ ਨੇ ਭਾਰਤੀ ਸਮਾਜ ਦੇ ਆਧੁਨਿਕੀਕਰਨ ਵਿਚ ਓਨਾ ਹੀ ਯੋਗਦਾਨ ਪਾਇਆ ਹੈ ਜਿੰਨਾ ਹਿੰਦੂਆਂ, ਪਾਰਸੀਆਂ, ਸਿੱਖਾਂ, ਜੈਨੀਆਂ ਅਤੇ ਬੋਧੀਆਂ ਨੇ। ਰਾਸ਼ਟਰਵਾਦ ਦਾ ਇਹ ਵਿਚਾਰ ਕੁਝ ਹੱਦ ਤੱਕ ਰਾਸ਼ਟਰਵਾਦ ਦੇ ਉਸ ਵਿਚਾਰ ਨਾਲ ਮਿਲਦਾ-ਜੁਲਦਾ ਹੈ ਜੋ ਦੂਜੇ ਆਲਮੀ ਯੁੱਧ ਤੋਂ ਪਹਿਲਾਂ ਜਰਮਨੀ ਵਿਚ ਸੀ।

ਸਭ ਜਾਣਦੇ ਹਨ ਕਿ ਭਾਰਤੀ ਇਤਿਹਾਸ ਬਾਰੇ ਆਰ.ਐੱਸ.ਐੱਸ. ਦਾ ਇਕ ਨਜ਼ਰੀਆ ਹੈ ਜੋ ਬੁੱਧ ਧਰਮ ਨੂੰ ਉਚਿਤ ਸਥਾਨ ਨਹੀਂ ਦਿੰਦਾ; ਤਰਕਸ਼ੀਲ ਚਿੰਤਕਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਦਿੱਤਾ ਜਾਂਦਾ; ਇਸਲਾਮੀ ਕਾਲ ਨੂੰ ਉਸ ਦਾ ਜੋ ਹੱਕ ਬਣਦਾ ਹੈ, ਉਹ ਸਥਾਨ ਨਹੀਂ ਦਿੱਤਾ ਗਿਆ; ਇਨ੍ਹਾਂ ਲਈ ਸਿਰਫ਼ ਵੇਦਿਕ ਅਤੇ ਸਨਾਤਨੀ ਫ਼ਲਸਫ਼ਾ ਹੀ ਸਭ ਕੁਝ ਹੈ। ਉਨ੍ਹਾਂ ਨੇ ਤਾਂ ਬਸਤੀਵਾਦੀ ਇਤਿਹਾਸਕਾਰੀ ਨੂੰ ਵੀ ਰੱਦ ਕਰ ਦਿੱਤਾ ਹੈ। ਅੰਤ ਵਿਚ, ਸੂਫ਼ੀਵਾਦ ਜਾਂ ਪਿਆਰ ਜਾਂ ਅਹਿੰਸਾ ਦਾ ਕੋਈ ਵੀ ਫ਼ਲਸਫ਼ਾ ਜਿਵੇਂ ਗਾਂਧੀ ਨੂੰ ਰੱਦ ਕਰ ਦਿੱਤਾ ਜਾਂਦਾ ਹੈ। ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਮਰਦਾਨਾ ਰਾਸ਼ਟਰ ਬਣਾਉਣ ਲਈ ਹਿੰਦੂ ਧਰਮ ਦਾ ਫ਼ੌਜੀਕਰਨ ਕੀਤਾ ਜਾਣਾ ਚਾਹੀਦਾ ਹੈ ਅਤੇ ਇਹੀ ਉਨ੍ਹਾਂ ਦਾ ਹਿੰਦੂ ਰਾਸ਼ਟਰ ਦਾ ਵਿਚਾਰ ਹੈ। ਉਨ੍ਹਾਂ ਦਾ ਹਿੰਦੂ ਰਾਸ਼ਟਰ ਸ਼ਾਂਤੀ ਦੇ ਫ਼ਲਸਫ਼ੇ, ਪਿਆਰ ਦੇ ਫ਼ਲਸਫ਼ੇ, ਦਇਆ ਦੇ ਫ਼ਲਸਫ਼ੇ, ਉਨ੍ਹਾਂ ਧਰਮਾਂ ਤੋਂ ਇਲਾਵਾ ਹੋਰ ਧਰਮਾਂ ਵੱਲੋਂ ਦਿਖਾਈ ਗਈ ਰਚਨਾਤਮਕਤਾ ਨੂੰ ਬਾਹਰ ਕੱਢ ਦੇਣਾ ਚਾਹੁੰਦਾ ਹੈ ਜੋ ਮੌਜੂਦਾ ਭਾਰਤ ਦੀਆਂ ਭੂਗੋਲਿਕ ਹੱਦਾਂ ਦੇ ਅੰਦਰ ਸਿੱਧੇ ਤੌਰ 'ਤੇ ਪੈਦਾ ਹੋਏ। ਇਹ ਅਜੀਬ ਕਿਸਮ ਦੀ ਵਿਚਾਰਧਾਰਾ ਹੈ ਜਿਸ ਨੂੰ ਆਧੁਨਿਕ ਸਮੇਂ ਵਿਚ ਸਿਰਫ਼ ਰੂੜ੍ਹੀਵਾਦੀ ਵਿਚਾਰਧਾਰਾ ਦੇ ਰੂਪ ਵਿਚ ਹੀ ਦੇਖਿਆ ਜਾ ਸਕਦਾ ਹੈ ਕਿਉਂਕਿ ਰਾਸ਼ਟਰ ਬਾਰੇ, ਲੋਕਾਂ ਬਾਰੇ ਇਹ ਵਿਚਾਰਧਾਰਾ ਕਿਸੇ ਸੰਵਿਧਾਨ ਵਿਚ ਦਰਸਾਈ ਗਈ ਭਾਵਨਾ 'ਤੇ ਆਧਾਰਿਤ ਨਹੀਂ ਹੈ। ਇਹ ਰਾਜਨੀਤਿਕ ਫ਼ਲਸਫ਼ਾ ਹੈ ਜੋ ਆਧੁਨਿਕ ਅਤੇ ਸਭਿਅਕ ਦੁਨੀਆ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਬੇਮੇਲ ਹੈ।

**ਸਾਹਿਦ ਤਾਂਤਰੇ:** ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਸਭ ਤੋਂ ਖ਼ਤਰਨਾਕ ਭਰਮ ਕੀ ਹਨ?

**ਗਣੇਸ਼ ਨਰਾਇਣ ਦੇਵੀ:** ਸਭ ਤੋਂ ਖ਼ਤਰਨਾਕ ਧਾਰਨਾਵਾਂ ਵਿਚੋਂ ਇਕ ਇਹ ਹੈ ਕਿ ਇਹ ਹਕੂਮਤ ਸੋਚਦੀ ਹੈ, ਇਹ ਭਾਰਤ ਨੂੰ ਬਖ਼ੂਬੀ ਜਾਣਦੀ ਹੈ; ਮੇਰੀ ਰਾਇ ਵਿਚ ਅਜਿਹਾ ਨਹੀਂ ਹੈ। ਇਹ ਕਬਾਇਲੀ ਸੋਚ ਨੂੰ ਨਹੀਂ ਸਮਝਦੀ; ਜਿਸ ਤਰ੍ਹਾਂ ਔਰਤਾਂ ਸੋਚਦੀਆਂ ਤੇ ਮਹਿਸੂਸ ਕਰਦੀਆਂ ਹਨ, ਇਹ ਉਸ ਨੂੰ ਵੀ ਨਹੀਂ ਸਮਝਦੀ ਕਿਉਂਕਿ ਇਹ ਬਹੁਤ ਹੀ ਮਰਦਾਨਾ ਹਕੂਮਤ ਹੈ; ਇਸ ਨੂੰ ਸਮਝ ਨਹੀਂ ਆਉਂਦਾ ਕਿ ਅਨੁਸੂਚਿਤ ਜਾਤੀਆਂ ਇਸ ਮੁਲਕ ਵਿਚ ਕਿਵੇਂ ਰਹਿੰਦੀਆਂ ਹਨ ਤੇ ਪੁਨਰ-ਜਨਮ ਦੇ ਪੂਰੇ ਵਿਚਾਰ ਕਾਰਨ ਉਨ੍ਹਾਂ ਨੇ ਕੀ-ਕੀ ਦੁੱਖ ਝੱਲੇ ਹਨ ਜਿਸ ਦੀ ਸਰਪ੍ਰਸਤੀ ਭਗਵਦ ਗੀਤਾ ਵਰਗੇ ਗ੍ਰੰਥਾਂ ਕਰਦੇ ਹਨ ਜੋ ਕਰਮ ਤੇ ਇਸ ਦੇ ਫ਼ਲ ਦਾ ਵਿਚਾਰ ਪੇਸ਼ ਕਰਦੀ ਹੈ। ਮੈਨੂੰ ਨਹੀਂ ਲੱਗਦਾ ਕਿ ਜੋ ਲੋਕ ਭਵਿੱਖ ਦੀ ਸੋਚ ਰੱਖਦੇ ਹਨ, ਉਹ ਇਨ੍ਹਾਂ ਲੀਹਾਂ ਉੱਪਰ ਸੋਚ ਰਹੇ ਹਨ।

ਇਹ ਹਕੂਮਤ ਲੋਕਾਂ ਦੇ ਲਾਲਚ ਨੂੰ ਤਾਂ ਸਮਝਦੀ ਹੈ ਪਰ ਉਨ੍ਹਾਂ ਦੀਆਂ ਖ਼ਵਾਹਿਸਾਂ ਨੂੰ ਨਹੀਂ ਸਮਝਦੀ। ਇਹ ਲਾਲਚ ਨੂੰ ਸਮਝਦੀ ਹੈ ਅਤੇ ਇਹ ਵੀ ਜਾਣਦੀ ਹੈ ਕਿ ਸਿਰਫ਼ ਕੁਝ ਵਿਅਕਤੀਆਂ ਦੇ ਲਾਲਚ ਨੂੰ ਸੰਤੁਸ਼ਟ ਕਿਵੇਂ ਕਰਨਾ ਹੈ ਜੋ ਇਸ ਦੇ ਪ੍ਰਚਾਰ ਵਿਚ ਯੋਗਦਾਨ ਪਾਉਣਗੇ। ਇਹ ਹਕੂਮਤ ਪ੍ਰਚਾਰ ਦੀ ਤਾਕਤ ਨੂੰ ਸਮਝਦੀ ਹੈ ਅਤੇ ਇਹ ਪ੍ਰਚਾਰ ਨੂੰ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਵਰਤਦੀ ਹੈ। ਇਹ ਸਾਡੀ ਕੌਮਾਂਤਰੀ ਹੈਸੀਅਤ ਬਾਰੇ ਘਟੀਆ ਦਾਅਵੇ ਕਰ ਕੇ ਆਪਣੀ ਪਿੱਠ ਥਾਪੜਦੀ ਹੈ, ਜਿਵੇਂ ਇਹ ਸਭ ਕੱਲ੍ਹ ਹੀ ਸ਼ੁਰੂ ਹੋਇਆ ਹੋਵੇ ਅਤੇ 2014 ਤੋਂ ਪਹਿਲਾਂ ਕੁਝ ਵੀ ਨਹੀਂ ਸੀ। ਮੈਂ ਜੋ ਕਹਿ ਰਿਹਾਂ, ਉਹ ਬਹੁਤੇ ਲੋਕਾਂ ਨੂੰ ਪਸੰਦ ਨਹੀਂ ਆ ਸਕਦਾ ਪਰ ਮੈਂ ਜੋ ਕਹਿ ਰਿਹਾ ਹਾਂ, ਹੁਣ ਤੋਂ ਕਈ ਦਹਾਕੇ ਜਾਂ ਸਦੀਆਂ ਬਾਅਦ ਉਹ ਮੌਜੂਦਾ ਰਾਜ ਬਾਰੇ ਬਾਹਰਮੁਖੀ ਸੱਚ ਮੰਨਿਆ ਜਾਵੇਗਾ।

**ਸ਼ਾਹਿਦ ਤਾਂਤਰੇ:** ਅਕਤੂਬਰ 2022 ਵਿਚ ਸੰਸਦ ਦੀ ਸਰਕਾਰੀ ਭਾਸ਼ਾ ਕਮੇਟੀ ਨੇ ਸਿਫ਼ਾਰਸ਼ ਕੀਤੀ ਸੀ ਕਿ ਹਿੰਦੀ ਸੰਯੁਕਤ ਰਾਸ਼ਟਰ ਦੀਆਂ ਅਧਿਕਾਰਤ ਭਾਸ਼ਾਵਾਂ ਵਿਚੋਂ ਇਕ ਹੋਣੀ ਚਾਹੀਦੀ ਹੈ। ਸਿਰਫ਼ ਹਿੰਦੀ 'ਤੇ ਹੀ ਜ਼ੋਰ ਕਿਉਂ? ਤੁਸੀਂ ਤਾਂ ਕਿਹਾ ਹੈ ਕਿ ਇੱਥੇ ਲਗਭਗ 780 ਭਾਸ਼ਾਵਾਂ ਹਨ।

**ਗਣੇਸ਼ ਨਰਾਇਣ ਦੇਵੀ:** ਪਿਛਲੀ ਜਨਗਣਨਾ ਅਨੁਸਾਰ ਭਾਰਤ ਦੀ 42 ਫੀਸਦੀ ਆਬਾਦੀ ਹਿੰਦੀ ਬੋਲਦੀ ਹੈ ਅਤੇ ਵੋਟਾਂ ਦੇ ਲਿਹਾਜ ਨਾਲ ਇਹ ਬਹੁਤ ਵੱਡੀ ਗਿਣਤੀ ਹੈ, ਇਸ ਲਈ ਹਿੰਦੀ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਦੂਰਗਾਮੀ ਭਵਿੱਖ 'ਚ ਜੇ ਤਾਮਿਲ ਭਾਰਤ ਵਿਚ ਬਹੁਗਿਣਤੀ ਭਾਸ਼ਾ ਬਣ ਜਾਵੇ ਤਾਂ ਇਹ ਮਨੋਵਿਗਿਆਨ ਇਹ ਦਾਅਵਾ ਕਰ ਸਕਦਾ ਹੈ ਕਿ ਤਾਮਿਲ ਹੀ ਇੱਕੋ-ਇਕ ਭਾਸ਼ਾ ਹੈ। ਮੇਰਾ ਮੰਨਣਾ ਹੈ ਕਿ ਭਾਸ਼ਾ ਦੀ ਵੰਨ-ਸਵੰਨਤਾ ਮਨੁੱਖੀ ਵਿਕਾਸ ਲਈ ਚੰਗੀ ਹੈ ਅਤੇ ਇਹ ਵਿਕਾਸ ਅਮਲ ਦਾ ਅਧਿਐਨ ਕਰਨ ਵਾਲੇ ਵਿਗਿਆਨੀਆਂ ਵੱਲੋਂ ਮੰਨਿਆ ਹੋਇਆ ਤੱਥ ਹੈ ਕਿ ਵੰਨ-ਸਵੰਨਤਾ ਵਿਕਾਸ ਦੀ ਪ੍ਰਕਿਰਿਆ ਨੂੰ ਅੱਗੇ ਵਧਣ ਦੀ ਆਗਿਆ ਦਿੰਦੀ ਹੈ। ਜੇ ਇਸ ਨੂੰ ਦਬਾਇਆ ਜਾਵੇ ਤਾਂ ਵਿਕਾਸਵਾਦੀ ਤਰੱਕੀ ਦੀ ਰਫ਼ਤਾਰ ਹੌਲੀ ਹੋ ਜਾਂਦੀ ਹੈ।

ਹਿੰਦੀ ਨੇ ਹੁਣ ਤੱਕ ਆਰ.ਐੱਸ.ਐੱਸ. ਦੀ ਸੋਚ ਵਿਚ ਪਸੰਦੀਦਾ ਜਗ੍ਹਾ ਬਣਾਈ ਹੋਈ ਹੈ। ਅੰਗਰੇਜ਼ੀ ਨੂੰ ਦੁਸ਼ਮਣ ਦੀ ਭਾਸ਼ਾ ਵਜੋਂ ਦੇਖਿਆ ਜਾਂਦਾ ਸੀ ਪਰ ਇਸ ਦਾ ਇਕ ਹੋਰ ਕਾਰਨ ਵੀ ਹੈ। ਭਾਰਤ ਵਿਚ ਅੰਗਰੇਜ਼ੀ ਭਾਸ਼ਾ ਦੇ ਆਉਣ ਤੋਂ ਪਹਿਲਾਂ ਫ਼ਾਰਸੀ ਇਕ ਤਰ੍ਹਾਂ ਨਾਲ ਰਾਸ਼ਟਰਵਿਆਪੀ ਭਾਸ਼ਾ

(ਬਾਕੀ ਅਗਲੇ ਸਫੇ 'ਤੇ)



ਗੌਤਮ ਬੁੱਧ ਦਾ ਇਕ ਚਿੱਤਰ।

*ਪੁਨਯ ਭੂਮੀ, ਯਾਨੀ ਸਾਡੀ ਪਵਿੱਤਰ ਭੂਮੀ ਦਾ ਇਹ ਵਿਚਾਰ ਗੌਤਮ ਬੁੱਧ ਦੇ ਸਮੇਂ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਜੋ ਕੁਝ ਹੋ ਰਿਹਾ ਸੀ, ਉਸ ਨਾਲ ਮੇਲ ਨਹੀਂ ਖਾਂਦਾ। ਅਤੀਤ ਬਾਰੇ ਇਹ ਨਵਾਂ ਕਥਿਤ ਹਿੰਦੂ ਨਜ਼ਰੀਆ ਅਤੀਤ ਦਾ ਮਨਘੜਤ ਨਜ਼ਰੀਆ ਹੈ; ਇਹ ਅਤੀਤ ਦਾ ਹਿੰਦੂ ਨਜ਼ਰੀਆ ਨਹੀਂ ਹੈ ਅਤੇ ਇਹ ਅਤੀਤ ਦਾ ਭਾਰਤੀ ਨਜ਼ਰੀਆ ਵੀ ਨਹੀਂ ਹੈ। ਭਾਰਤੀ ਨਜ਼ਰੀਆ ਬਹੁਲਵਾਦ ਅਤੇ ਵੰਨ-ਸਵੰਨਤਾ ਦਾ ਹੈ। ਇਤਿਹਾਸ ਸਾਨੂੰ ਇਹੀ ਦੱਸਦਾ ਹੈ, ਇਹੀ ਅਸ਼ੋਕ ਸਾਨੂੰ ਦੱਸਦਾ ਹੈ, ਇਹੀ ਅਕਬਰ ਦੀਆਂ ਨੀਤੀਆਂ ਸਾਨੂੰ ਦੱਸਦੀਆਂ ਹੈ ਅਤੇ ਅੰਬੇਡਕਰ ਦਾ ਗਿਆਨ ਸਾਨੂੰ ਇਹੀ ਦੱਸਦਾ ਹੈ।*

ਸੀ ਜੋ ਕਰਨਾਟਕ, ਕਸ਼ਮੀਰ, ਅਸਾਮ ਤੇ ਗੁਜਰਾਤ ਵਿਚ ਸਮਝੀ ਜਾਂਦੀ ਸੀ ਅਤੇ ਉਸ ਸਮੇਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਸ਼ਾਇਦ ਅੰਗਰੇਜ਼ੀ ਨਹੀਂ ਸਗੋਂ ਫ਼ਾਰਸੀ; ਅੰਗਰੇਜ਼ੀ ਨਹੀਂ ਸਗੋਂ ਹਿੰਦੁਸਤਾਨੀ ਨੂੰ ਤਜਵੀਜ਼ ਕਰਦਾ ਜਿਵੇਂ ਗਾਂਧੀ ਨੇ ਕੀਤਾ।

**ਸ਼ਾਹਿਦ ਤਾਂਤਰੇ:** ਤੁਸੀਂ ਭਾਸ਼ਾਈ ਵੰਨ-ਸਵੰਨਤਾ ਉੱਪਰ ਵਿਆਪਕ ਤੌਰ 'ਤੇ ਕੰਮ ਕੀਤਾ ਹੈ, ਕੀ ਤੁਸੀਂ ਹਿੰਦੂਤਵ ਇਤਿਹਾਸ ਦੇ ਪ੍ਰਚਾਰ ਅਤੇ ਹਿੰਦੀ ਭਾਸ਼ਾ ਦੀ ਸਰਪ੍ਰਸਤੀ ਕੀਤੇ ਜਾਣ 'ਚ ਨਿਰੰਤਰਤਾ ਦੇਖਦੇ ਹੋ? ਕੀ ਤੁਹਾਨੂੰ ਲੱਗਦਾ ਹੈ ਕਿ ਇਤਿਹਾਸ ਅਤੇ ਭਾਸ਼ਾ ਇਕ ਹੋ ਗਏ ਹਨ?

**ਗਣੇਸ਼ ਨਰਾਇਣ ਦੇਵੀ:** ਹਿੰਦੀ ਸੰਸਕ੍ਰਿਤ ਤੋਂ ਆਈ ਹੈ। ਇਤਿਹਾਸ ਦਾ ਹਿੰਦੂਤਵ ਨਜ਼ਰੀਆ, ਹਾਲਾਂਕਿ ਇਤਿਹਾਸ ਦੇ ਹਿੰਦੂਤਵ ਨਜ਼ਰੀਏ ਵਰਗੀ ਕੋਈ ਸ਼ੈਅ ਨਹੀਂ ਹੈ, ਸੰਸਕ੍ਰਿਤ ਉੱਪਰ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਉਹ ਸੋਚਦੇ ਹਨ ਕਿ ਸੰਸਕ੍ਰਿਤ ਭਾਰਤ ਦੇ ਜ਼ਿਆਦਾਤਰ ਵਿਚਾਰਾਂ, ਭਾਸ਼ਾਵਾਂ ਅਤੇ ਸੱਭਿਆਤਾਵਾਂ ਦੀ ਨੀਂਹ ਹੈ। ਸੰਸਕ੍ਰਿਤ ਨੇ ਵੱਡੀ ਭੂਮਿਕਾ ਨਿਭਾਈ ਹੈ ਪਰ ਇਹ ਵਾਹਦ ਭਾਸ਼ਾ ਨਹੀਂ ਹੈ ਜਿਸ ਨੇ ਇਕੱਲੀ ਨੇ ਵੱਡੀ ਭੂਮਿਕਾ ਨਿਭਾਈ ਹੈ; ਪਾਲੀ ਭਾਸ਼ਾ ਵੀ ਹੈ ਜਿਸ ਦੀ ਵਰਤੋਂ ਗੌਤਮ ਬੁੱਧ ਨੇ ਕੀਤੀ ਸੀ; ਮਹਾਵੀਰ ਜੈਨ ਜਾਂ ਗੁਰੂ ਨਾਨਕ ਨੇ ਸੰਸਕ੍ਰਿਤ ਦੀ ਵਰਤੋਂ ਨਹੀਂ ਕੀਤੀ; ਕਬੀਰ ਨੇ ਸੰਸਕ੍ਰਿਤ ਦੀ ਵਰਤੋਂ ਨਹੀਂ ਕੀਤੀ; ਤੇ ਤੁਕਾਰਾਮ ਨੇ ਵੀ ਅਜਿਹਾ ਨਹੀਂ ਕੀਤਾ। ਹਿੰਦੂਤਵੀ ਨਜ਼ਰੀਏ ਵਿਚ ਸੰਸਕ੍ਰਿਤ ਕੇਂਦਰੀ ਸਥਾਨ ਲੈਂਦੀ ਹੈ ਅਤੇ ਇਹ ਨਜ਼ਰੀਆ ਭਾਸ਼ਾਈ ਤੌਰ 'ਤੇ ਸਹੀ ਨਹੀਂ ਹੈ, ਇਹ ਰਾਜਨੀਤਕ ਤੌਰ 'ਤੇ ਜਨੂੰਨੀ ਹੈ।

ਹਿੰਦੀ ਭਾਸ਼ਾ ਅਤੇ ਇਤਿਹਾਸ ਦਾ ਹਿੰਦੂਤਵ ਨਜ਼ਰੀਆ ਅੰਤਰ-ਨਿਰਭਰ ਨਹੀਂ ਹੈ ਅਤੇ ਉਨ੍ਹਾਂ ਦਾ ਕੋਈ ਸਿੱਧਾ ਸਬੰਧ ਨਹੀਂ ਹੈ। ਸੌਖੇ ਸੰਚਾਰ ਲਈ ਹਿੰਦੀ ਭਾਸ਼ਾ ਦਾ ਪ੍ਰਚਾਰ ਅਜਿਹਾ ਵਿਚਾਰ ਹੈ ਜੋ ਰਾਸ਼ਟਰਵਾਦ ਨੂੰ ਪਸੰਦ ਹੈ ਕਿਉਂਕਿ ਇਕ ਭਾਸ਼ਾ ਹੋਣ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਨਾਲ ਰਾਸ਼ਟਰ ਦੀ ਏਕਤਾ ਦੀ ਰੱਖਿਆ ਹੋਵੇਗੀ ਪਰ ਇਤਿਹਾਸਕ ਤੌਰ 'ਤੇ ਇਹ ਸੱਚ ਨਹੀਂ ਹੈ। ਅੰਗਰੇਜ਼ੀ ਭਾਸ਼ਾ ਹੋਣ ਦੇ ਬਾਵਜੂਦ ਅਮਰੀਕਾ ਅਤੇ ਇੰਗਲੈਂਡ ਦੋ ਵੱਖ-ਵੱਖ ਰਾਸ਼ਟਰ ਹਨ। ਇਕ ਭਾਸ਼ਾ ਅਤੇ ਕਈ ਰਾਸ਼ਟਰ ਹੋ ਸਕਦੇ ਹਨ ਅਤੇ ਇਸ ਦੇ ਉਲਟ ਵੀ ਹੋ ਸਕਦਾ ਹੈ। ਰਾਸ਼ਟਰ-ਭਾਸ਼ਾ ਦਾ ਓਵਰਲੈਪ ਰਾਸ਼ਟਰਵਾਦ ਦਾ ਕਾਲਪਨਿਕ ਵਿਚਾਰ ਹੈ ਪਰ ਇਹ ਅਜਿਹਾ ਵਿਚਾਰ ਨਹੀਂ ਹੈ ਜੋ ਰਾਜਨੀਤਕ ਜਾਂ ਭਾਸ਼ਾਈ ਤੌਰ 'ਤੇ ਸਹੀ ਹੋਵੇ।

**ਸ਼ਾਹਿਦ ਤਾਂਤਰੇ:** ਤੁਸੀਂ ਭਾਰਤ ਦੇ ਆਦਿਵਾਸੀ ਭਾਈਚਾਰਿਆਂ ਪ੍ਰਤੀ ਆਰ.ਐੱਸ.ਐੱਸ. ਅਤੇ ਭਾਜਪਾ ਦੇ ਰਵੱਈਏ ਨੂੰ ਕਿਵੇਂ ਦੇਖਦੇ ਹੋ?

**ਗਣੇਸ਼ ਨਰਾਇਣ ਦੇਵੀ:** ਉਹ ਇਨ੍ਹਾਂ ਲੋਕਾਂ ਨੂੰ ਵਣਵਾਸੀ ਕਹਿੰਦੇ ਹਨ, ਬਾਕੀ ਉਨ੍ਹਾਂ ਨੂੰ ਆਦਿਵਾਸੀ ਕਹਿੰਦੇ ਹਨ। ਆਦਿਵਾਸੀ ਦਾ ਭਾਵ ਹੈ ਸਵਦੇਸ਼ੀ ਅਤੇ ਵਣਵਾਸੀ ਦਾ ਭਾਵ ਹੈ ਜਲਾਵਤਨ ਜਾਂ ਜੰਗਲ ਵਿਚ ਰਹਿ ਰਿਹਾ। ਆਰ.ਐੱਸ.ਐੱਸ. ਆਦਿਵਾਸੀਆਂ ਨੂੰ ਹਿੰਦੂ ਮੋਰਚੇ ਦਾ ਵਿਸਤਾਰ ਬਣਾਉਣਾ ਚਾਹੁੰਦੀ ਹੈ ਪਰ ਆਦਿਵਾਸੀਆਂ ਦਾ ਆਪਣਾ ਧਰਮ, ਵਿਸ਼ਵਾਸ ਅਤੇ ਮਾਨਤਾਵਾਂ ਹਨ ਅਤੇ ਉਨ੍ਹਾਂ ਦਾ ਰਾਮ ਜਾਂ ਕ੍ਰਿਸ਼ਨ ਜਾਂ ਵੇਦਾਂ ਜਾਂ ਉਪਨਿਸ਼ਦ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਹਿੰਦੂਆਂ ਨੇ ਬੰਦ ਦਰਵਾਜ਼ੇ ਵਾਲੇ ਮੰਦਰ ਬਣਾਏ ਜਿੱਥੇ ਦੇਵਤੇ ਨੂੰ ਇਕ ਸੰਰਚਨਾ ਦੇ ਅੰਦਰ ਰੱਖਿਆ ਗਿਆ ਹੈ, ਉਨ੍ਹਾਂ ਦਾ (ਕਬਾਇਲੀ) ਦੇਵਤਾ ਹਮੇਸ਼ਾ ਖੁੱਲ੍ਹੀ ਜਗ੍ਹਾ, ਆਸਮਾਨ ਹੇਠਾਂ, ਪਹਾੜੀਆਂ ਵਿਚ ਰਿਹਾ ਹੈ। ਜਵਾਹਰ ਲਾਲ ਨਹਿਰੂ ਨੇ ਆਦਿਵਾਸੀਆਂ ਲਈ ਇਕ ਫ਼ਲਸਫ਼ਾ ਤਜਵੀਜ਼ ਕੀਤਾ ਸੀ ਜਿਸ ਨੂੰ ਪੰਚਸ਼ੀਲ ਕਿਹਾ ਜਾਂਦਾ ਹੈ ਜਿਸ ਨੂੰ ਆਦਿਵਾਸੀ ਕਾਰਕੁਨ ਅਤੇ ਮਾਨਵ-ਵਿਗਿਆਨੀ ਵੇਰੀਅਰ ਐਲਵਿਨ ਨੇ ਤਿਆਰ ਕੀਤਾ ਸੀ। ਐਲਵਿਨ ਨੇ ਆਦਿਵਾਸੀਆਂ ਦਾ ਅਧਿਐਨ ਕੀਤਾ ਸੀ। ਉਸ ਨੇ ਜੋ ਪੰਜ ਸਿਧਾਂਤ ਪੇਸ਼ ਕੀਤੇ ਅਤੇ ਨਹਿਰੂ ਨੇ ਸਵੀਕਾਰ ਕੀਤੇ, ਉਨ੍ਹਾਂ ਵਿਚੋਂ ਇਕ ਇਹ ਸੀ ਕਿ ਆਦਿਵਾਸੀਆਂ ਨੂੰ ਆਪਣੀ ਲੈਅ ਨਾਲ ਵਿਕਾਸ ਕਰਨ ਦਿੱਤਾ ਜਾਵੇ।




> ***ਬਹੁਤ ਹੀ ਮੁੱਢਲੇ ਸਮੇਂ ਤੋਂ ਖ਼ਬਰ ਵਿਚ ਸਚਾਈ ਅਤੇ ਖ਼ਬਰ ਬਣਾਉਣ ਵਾਲੇ ਜਾਂ ਖ਼ਬਰ ਦੇਣ ਵਾਲੇ ਦੀ ਧਾਰਨਾ ਦਾ ਅਜੀਬ ਮਿਸ਼ਰਨ ਰਿਹਾ ਹੈ। ਕਲਪਨਾ ਦਾ ਇਕ ਛੋਟਾ ਜਿਹਾ ਤੱਤ ਸੱਚ ਨਾਲ ਜੁੜ ਜਾਂਦਾ ਹੈ, ਐਨ ਉਵੇਂ ਹੀ ਜਿਵੇਂ ਅਸਲੀਅਤ ਦੇ ਕਿਸੇ ਵੀ ਪੁਨਰ-ਉਤਪਾਦਨ ਵਿਚ ਵਿਗਾੜ ਦਾ ਤੱਤ ਹੁੰਦਾ ਹੈ ਪਰ ਜਦੋਂ ਇਹ ਕਲਪਨਾ ਸਚਾਈ ਉੱਪਰ ਭਾਰੂ ਹੋਣ ਲੱਗਦੀ ਹੈ ਤਾਂ ਇਹ ਖ਼ਤਰਨਾਕ ਹੋ ਜਾਂਦੀ ਹੈ ਕਿਉਂਕਿ ਖ਼ਬਰ ਦਾ ਮੂਲ ਮਕਸਦ ਹੀ ਖ਼ਤਮ ਹੋ ਜਾਂਦਾ ਹੈ। ਜੇ ਉਦੇਸ਼ ਦੂਰ ਦੀਆਂ ਕਹਾਣੀਆਂ ਅਤੇ ਤੱਥਾਂ ਨੂੰ ਲੋਕਾਂ ਦੇ ਨੇੜੇ ਲਿਆਉਣਾ ਹੈ ਤਾਂ ਜਾਅਲੀ ਖ਼ਬਰਾਂ ਲੋਕਾਂ ਅਤੇ ਤੱਥਾਂ ਦਰਮਿਆਨ ਵੰਡ ਪਾ ਦਿੰਦੀਆਂ ਹਨ। ਜਾਅਲੀ ਖ਼ਬਰ ਖ਼ਬਰਾਂ ਦੇ ਬਿਲਕੁਲ ਉਲਟ ਹੈ, ਐਂਟੀ-ਥੀਸਿਜ਼ ਹੈ।***

ਜਦੋਂ ਪਹਿਲੀ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਸਰਕਾਰ ਸੱਤਾ ਵਿਚ ਆਈ ਤਾਂ ਉਨ੍ਹਾਂ ਨੇ (ਸਤੰਬਰ 1999 ਵਿਚ) ਕਬਾਇਲੀ ਮਾਮਲਿਆਂ ਬਾਰੇ ਮੰਤਰਾਲਾ ਬਣਾਇਆ ਜੋ ਪਹਿਲਾਂ ਨਹੀਂ ਸੀ। ਵੱਖਰਾ ਮੰਤਰਾਲਾ ਹੋਣਾ ਚੰਗੀ ਗੱਲ ਸੀ ਪਰ ਉਸ ਮੰਤਰਾਲੇ ਨੇ ਤਜਵੀਜ਼ ਪੇਸ਼ ਕੀਤੀ ਕਿ ਆਦਿਵਾਸੀਆਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾਣਾ ਚਾਹੀਦਾ ਹੈ- ਜੇ ਉਨ੍ਹਾਂ ਨੂੰ ਵਧੀਆ ਸਿੱਖਿਆ, ਸਿਹਤ ਦੇਖਭਾਲ ਆਦਿ ਸਹੂਲਤਾਂ ਮਿਲਦੀਆਂ ਹਨ ਤਾਂ ਕੋਈ ਹਰਜ਼ ਨਹੀਂ ਹੈ ਪਰ ਮੈਂ ਉਨ੍ਹਾਂ ਦੇ ਸੱਭਿਆਚਾਰ ਨੂੰ ਦਬਾਉਣ ਦੇ ਵਿਚਾਰ ਦੇ ਵਿਰੁੱਧ ਹਾਂ। ਜੇ ਉਹ ਆਪਣੇ ਸਭਿਆਚਾਰ ਨੂੰ ਛੱਡਣ ਦਾ ਫ਼ੈਸਲਾ ਕਰਦੇ ਹਨ ਤਾਂ ਇਹ ਉਨ੍ਹਾਂ ਦੀ ਮਰਜ਼ੀ ਹੈ ਪਰ ਸਾਨੂੰ ਉਨ੍ਹਾਂ ਨੂੰ ਜਾਣਬੁੱਝ ਕੇ ਇਸ ਨੂੰ ਛੱਡ ਦੇਣ ਲਈ ਨਹੀਂ ਕਹਿਣਾ ਚਾਹੀਦਾ। ਇਹ ਸਮੁੱਚੇ ਸਮਾਜ ਲਈ ਪ੍ਰਤੀਕੂਲ ਹੋਵੇਗਾ। ਦੁਨੀਆ ਦੀ ਮੂਲ ਆਬਾਦੀ ਦਾ ਸਭ ਤੋਂ ਵੱਡਾ ਹਿੱਸਾ ਭਾਰਤ ਵਿਚ ਰਹਿੰਦਾ ਹੈ। ਉਨ੍ਹਾਂ ਦੀਆਂ ਆਪਣੀਆਂ ਪਰੰਪਰਾਵਾਂ ਹਨ ਅਤੇ ਉਨ੍ਹਾਂ ਨੇ ਦੁਨੀਆ ਨੂੰ ਸਾਡੇ ਵਿਚੋਂ ਬਹੁਤਿਆਂ ਨਾਲੋਂ ਵਧੇਰੇ ਦੇਖਿਆ ਹੈ। ਉਨ੍ਹਾਂ ਤੋਂ ਸਿੱਖਣ ਲਈ ਬਹੁਤ ਕੁਝ ਹੈ; ਇਹ ਉਨ੍ਹਾਂ ਨੂੰ ਤਬਾਹ ਕਰਨ ਦੀ ਬਜਾਇ ਉਨ੍ਹਾਂ ਤੋਂ ਸਿੱਖਣ ਦਾ ਸਮਾਂ ਹੈ। ਇਹ ਸਮਾਂ ਹੈ ਕਿ ਉਨ੍ਹਾਂ ਦੇ ਮੱਤਭੇਦਾਂ ਨੂੰ ਆਤਮਸਾਤ ਕਰਨ ਲਈ ਮਜਬੂਰ ਕਰਨ ਦੀ ਬਜਾਇ ਉਨ੍ਹਾਂ ਦੀ ਤਾਰੀਫ਼ ਕਰਨ ਦਾ ਹੈ।

**ਸ਼ਾਹਿਦ ਤਾਂਤਰੇ:** ਤੁਸੀਂ ਮੁਤਵਾਜ਼ੀ ਗਿਆਨ ਪ੍ਰਣਾਲੀਆਂ ਦਾ ਜ਼ਿਕਰ ਕੀਤਾ, ਉਨ੍ਹਾਂ ਦਾ ਕੀ ਭਾਵ ਹੈ ਅਤੇ ਉਹ ਸਾਨੂੰ ਕੀ ਦਿਖਾਉਂਦੀਆਂ ਹਨ?

**ਗਣੇਸ਼ ਨਾਰਾਇਣ ਦੇਵੀ:** ਪੁਲਾੜ, ਸਮੇਂ, ਮਨੁੱਖਾਂ ਦੀ ਅੰਤਮ ਹੋਣੀ, ਧਰਤੀ ਨਾਲ ਸਾਡੇ ਸੰਬੰਧ ਦੇ ਸੁਭਾਅ ਬਾਰੇ ਕੁਝ ਬੁਨਿਆਦੀ ਧਾਰਨਾਵਾਂ ਹਨ। ਜਦੋਂ ਇਹ ਬੁਨਿਆਦੀ ਧਾਰਨਾਵਾਂ ਬਦਲ ਜਾਂਦੀਆਂ ਹਨ ਤਾਂ ਇਨ੍ਹਾਂ ਬਦਲੀਆਂ ਧਾਰਨਾਵਾਂ ਤੋਂ ਪੈਦਾ ਹੋਇਆ ਗਿਆਨ ਉਹ ਕੁਝ ਬਣ ਜਾਂਦਾ ਹੈ ਜਿਸ ਨੂੰ ਗਿਆਨ ਦੀ ਮੁਤਵਾਜ਼ੀ ਪ੍ਰਣਾਲੀ ਕਿਹਾ ਜਾਂਦਾ ਹੈ। ਮਿਸਾਲ ਵਜੋਂ ਜੇਕਰ ਅਸੀਂ ਸਾਰੇ ਸੋਚਦੇ ਹਾਂ ਕਿ ਧਰਤੀ ਸਾਡੀ ਹੈ ਤਾਂ ਇਹ ਜ਼ਮੀਨ ਦਾ ਟੁਕੜਾ ਮੇਰਾ ਹੈ ਅਤੇ ਅਹੁ ਟੁਕੜਾ ਕਿਸੇ ਹੋਰ ਵਿਅਕਤੀ ਦਾ ਹੈ। ਜੇਕਰ ਅਸੀਂ ਇਹ ਸੋਚਣਾ ਸ਼ੁਰੂ ਕਰ ਦੇਈਏ ਕਿ ਧਰਤੀ ਸਾਡੀ ਨਹੀਂ ਹੈ ਸਗੋਂ ਅਸੀਂ ਇਸ ਦੇ ਹਾਂ, ਤਾਂ ਅਸੀਂ ਧਰਤੀ ਨੂੰ ਜ਼ਿੰਦਾ ਰੱਖਣ ਲਈ ਆਪਣੀਆਂ ਜ਼ਿੰਮੇਵਾਰੀਆਂ ਅਤੇ ਫ਼ਰਜ਼ਾਂ ਬਾਰੇ ਸੋਚਣਾ ਸ਼ੁਰੂ ਕਰ ਸਕਦੇ ਹਾਂ। ਇਹ ਆਰਥਿਕਤਾ ਦੇ ਸੁਭਾਅ, ਧਰਤੀ ਅਤੇ ਹੋਰ ਜਾਨਵਰਾਂ ਦੀਆਂ ਪ੍ਰਜਾਤੀਆਂ ਨਾਲ ਸਬੰਧਾਂ, ਅਤੇ ਇੱਥੋਂ ਤੱਕ ਕਿ ਗੁਆਂਢੀਆਂ ਨੂੰ ਵੀ ਬਦਲ ਦੇਵੇਗਾ- ਸਾਨੂੰ ਰਾਸ਼ਟਰਾਂ, ਜਾਂ ਖੇਤਰ ਦੇ ਵਿਚਾਰ ਦੀ ਵੀ ਜ਼ਰੂਰਤ ਨਹੀਂ ਹੋ ਸਕਦੀ। ਅਸੀਂ ਸਾਰੇ ਮਨੁੱਖਾਂ ਨੂੰ ਧਰਤੀ ਮਾਤਾ ਨਾਲ ਸਬੰਧਤ ਸਿਲਸਿਲੇ ਦੇ ਹਿੱਸੇ ਵਜੋਂ ਸੋਚ ਸਕਦੇ ਹਾਂ। ਆਦਿਵਾਸੀਆਂ ਦਾ ਜ਼ਮੀਨ ਨਾਲ ਇਹੀ ਰਿਸ਼ਤਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਕੋਲ ਕੋਈ ਮਹਾਨ ਕਾਢ ਹੈ ਜਿਸ ਬਾਰੇ ਅਸੀਂ ਕੁਝ ਨਹੀਂ ਜਾਣਦੇ, ਮੁਤਵਾਜ਼ੀ ਗਿਆਨ ਦਾ ਭਾਵ ਹੈ ਕਿ ਬੁਨਿਆਦੀ ਕਿਰਿਆਵਾਂ ਅਤੇ ਜਿਸ ਨੀਂਹ ਉੱਪਰ ਗਿਆਨ ਆਧਾਰਿਤ ਹੈ, ਵੱਖ-ਵੱਖ ਹਨ।

**ਸ਼ਾਹਿਦ ਤਾਂਤਰੇ:** ਤੁਹਾਨੂੰ ਕਿਵੇਂ ਲੱਗਦਾ ਹੈ ਕਿ ਫੇਕ ਨਿਊਜ਼ ਜਾਂ ਗ਼ਲਤ ਸੂਚਨਾ ਅੱਜ ਕੱਲ੍ਹ ਗਿਆਨ ਨੂੰ ਬਦਲ ਰਹੀ ਹੈ?

**ਗਣੇਸ਼ ਨਾਰਾਇਣ ਦੇਵੀ:** ਬਹੁਤ ਹੀ ਮੁੱਢਲੇ ਸਮੇਂ ਤੋਂ ਖ਼ਬਰ ਵਿਚ ਸਚਾਈ ਅਤੇ ਖ਼ਬਰ ਬਣਾਉਣ ਵਾਲੇ ਜਾਂ ਖ਼ਬਰ ਦੇਣ ਵਾਲੇ ਦੀ ਧਾਰਨਾ ਦਾ ਅਜੀਬ ਮਿਸ਼ਰਨ ਰਿਹਾ ਹੈ। ਕਲਪਨਾ ਦਾ ਇਕ ਛੋਟਾ ਜਿਹਾ ਤੱਤ ਸੱਚ ਨਾਲ ਜੁੜ ਜਾਂਦਾ ਹੈ, ਐਨ ਉਵੇਂ ਹੀ ਜਿਵੇਂ ਅਸਲੀਅਤ ਦੇ ਕਿਸੇ ਵੀ ਪੁਨਰ-ਉਤਪਾਦਨ ਵਿਚ ਵਿਗਾੜ ਦਾ ਤੱਤ ਹੁੰਦਾ ਹੈ ਪਰ ਜਦੋਂ ਇਹ ਕਲਪਨਾ ਸਚਾਈ ਉੱਪਰ ਭਾਰੂ ਹੋਣ ਲੱਗਦੀ ਹੈ ਤਾਂ ਇਹ ਖ਼ਤਰਨਾਕ ਹੋ ਜਾਂਦੀ ਹੈ ਕਿਉਂਕਿ ਖ਼ਬਰ ਦਾ ਮੂਲ ਮਕਸਦ ਹੀ ਖ਼ਤਮ ਹੋ ਜਾਂਦਾ ਹੈ। ਜੇ ਉਦੇਸ਼ ਦੂਰ ਦੀਆਂ ਕਹਾਣੀਆਂ ਅਤੇ ਤੱਥਾਂ ਨੂੰ ਲੋਕਾਂ ਦੇ ਨੇੜੇ ਲਿਆਉਣਾ ਹੈ ਤਾਂ ਜਾਅਲੀ ਖ਼ਬਰਾਂ ਲੋਕਾਂ ਅਤੇ ਤੱਥਾਂ ਦਰਮਿਆਨ ਵੰਡ ਪਾ ਦਿੰਦੀਆਂ ਹਨ। ਜਾਅਲੀ ਖ਼ਬਰ ਖ਼ਬਰਾਂ ਦੇ ਬਿਲਕੁਲ ਉਲਟ ਹੈ, ਐਂਟੀ-ਥੀਸਿਜ਼ ਹੈ।

ਲੋਕਤੰਤਰੀ, ਸਭਿਅਕ ਸਮਾਜ ਵਿਚ ਲੋਕ ਚਾਹੁੰਦੇ ਹਨ ਕਿ ਰਾਜ ਉੱਪਰ ਕੁਝ ਕੰਟਰੋਲ ਅਤੇ ਸੰਤੁਲਨ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਇਸ ਲਈ ਮੁਲਕਾਂ ਦੇ ਸੰਵਿਧਾਨ ਬਣਾਏ ਗਏ ਹਨ। ਮੀਡੀਆ ਰਾਜ ਦੀ ਕਾਰਗੁਜ਼ਾਰੀ ਦੀ ਜਾਂਚ-ਪੜਤਾਲ ਦੀ ਰਵਾਇਤੀ ਪ੍ਰਣਾਲੀ ਹੈ। ਜਾਅਲੀ ਖ਼ਬਰਾਂ ਮੀਡੀਆ ਦੀ ਤਾਕਤ ਉੱਪਰ ਕੰਟਰੋਲ ਰੱਖਣ ਦੀ ਯੋਗਤਾ ਨੂੰ ਖੋਹ ਲੈਂਦੀਆਂ ਹਨ। ਜਾਅਲੀ ਖ਼ਬਰਾਂ ਸਚਾਈ ਦੀ ਏਨੀ ਉਲੰਘਣਾ ਨਹੀਂ ਹੈ ਪਰ ਇਹ ਮੀਡੀਆ ਦੀ ਲੋਕਤੰਤਰੀ ਜ਼ਿੰਮੇਵਾਰੀ ਦੀ ਵੱਡੀ ਉਲੰਘਣਾ ਹੈ।

**ਸ਼ਾਹਿਦ ਤਾਂਤਰੇ:** ਤਰਕਸ਼ੀਲ ਅੰਦੋਲਨ ਕੀ ਹੈ ਅਤੇ ਭਾਰਤੀ ਪ੍ਰਸੰਗ ਵਿਚ ਇਹ ਹੁਣ ਮਹੱਤਵਪੂਰਨ ਕਿਉਂ ਹੈ?

**ਗਣੇਸ਼ ਨਾਰਾਇਣ ਦੇਵੀ:** ਭਾਰਤ ਵਿਚ ਤਰਕਸ਼ੀਲ ਅੰਦੋਲਨ ਦਾ ਆਗਾਜ਼ ਮੁੱਢਲੇ ਇਤਿਹਾਸ ਵਿਚ ਲੋਕਾਇਤ ਵਰਗੇ ਨਾਸਤਿਕਾਂ ਨਾਲ ਹੋਇਆ ਸੀ ਜੋ ਪਦਾਰਥਵਾਦੀ ਅਤੇ ਤਰਕਵਾਦੀ ਸਨ ਜਿਨ੍ਹਾਂ ਨੇ ਵੱਖ-ਵੱਖ ਸਨਾਤਨ ਫ਼ਲਸਫ਼ਿਆਂ ਉੱਪਰ ਸਵਾਲ ਉਠਾਏ ਸਨ ਪਰ ਹੁਣ ਉਨ੍ਹਾਂ ਦਾ ਕੋਈ ਵੀ ਗ੍ਰੰਥ ਉਪਲਬਧ ਨਹੀਂ ਹੈ, ਸਿਰਫ਼ ਹਵਾਲੇ ਮਿਲਦੇ ਹਨ। ਇਹ ਸਿਲਸਿਲਾ ਜਾਰੀ ਹੈ ਅਤੇ ਮੱਧਯੁਗੀ ਕਾਲ ਵਿਚ ਬਹੁਤ ਸਾਰੇ ਸੰਤਾਂ ਨੇ ਪਰਮਾਤਮਾ ਦੀਆਂ ਅੰਧ-ਵਿਸ਼ਵਾਸੀ ਸਨਾਤਨੀ ਅਤੇ ਬ੍ਰਾਹਮਣਵਾਦੀ ਵਿਆਖਿਆਵਾਂ ਉੱਪਰ ਸਵਾਲ ਉਠਾਏ। ਬੋਧੀ ਵਿਦਵਾਨ ਧਾਰਨਾ ਅਤੇ ਗਿਆਨ ਨੂੰ ਦੇਖਣ ਦੇ ਤਰਕਸ਼ੀਲ ਤਰੀਕੇ ਦੇ ਬਹੁਤ ਕਰੀਬ ਪਹੁੰਚ ਰਹੇ ਸਨ- ਮੀਮਾਂਸਾ ਨਾਂ ਦੀ ਫ਼ਲਸਫ਼ੇ ਦੀ ਧਾਰਾ ਫ਼ਲਸਫ਼ੇ ਦੀ ਵਿਸ਼ਲੇਸ਼ਣਾਤਮਕ ਧਾਰਾ ਬਣਿਆ। ਉਸ ਨੂੰ ਭਾਵੇਂ ਤਰਕਸ਼ੀਲ ਨਹੀਂ ਕਿਹਾ ਜਾ ਸਕਦਾ ਸੀ ਪਰ ਸਵਾਲ ਪੁੱਛਣ ਦਾ ਤੱਤ ਬਹੁਤ ਮਜ਼ਬੂਤ ਸੀ।

ਆਧੁਨਿਕ ਸ਼ਬਦਾਂ ਵਿਚ ਉਨ੍ਹੀਵੀਂ ਸਦੀ ਵਿਚ ਭਾਰਤ ਵਿਚ ਤਰਕਸ਼ੀਲ ਚਿੰਤਕ ਅਤੇ ਨਜ਼ਰੀਏ ਉੱਭਰੇ। ਡਾਰਵਿਨ ਦੇ ਸਿਧਾਂਤ ਤੋਂ ਬਾਅਦ ਯੂਰਪ ਵਿਚ, ਉਨ੍ਹੀਵੀਂ ਸਦੀ ਦੇ ਅੱਧ ਵਿਚ ਭਾਰਤ ਵਿਚ ਇਸ ਰਵੱਈਏ ਨੂੰ ਵਧੇਰੇ ਖਿੱਚ ਸੀ, ਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਹਿੱਸੇ 'ਚ ਕਲਕੱਤਾ, ਬੰਬਈ ਅਤੇ ਦੱਖਣੀ ਭਾਰਤ ਵਿਚ ਵੱਖ-ਵੱਖ ਛੋਟੇ ਸਮੂਹ ਉੱਭਰ ਕੇ ਸਾਹਮਣੇ ਆਏ। ਪੇਰੀਆਰ ਵਰਗੇ ਚਿੰਤਕਾਂ ਅਤੇ ਕੁਝ ਹੱਦ ਤੱਕ ਅੰਬੇਡਕਰ ਦੇ ਪ੍ਰਭਾਵ ਹੇਠ ਸਥਾਪਿਤ ਧਾਰਮਿਕ ਰੂੜੀਵਾਦੀਆਂ ਉੱਪਰ ਸਵਾਲਾਂ ਨੇ ਜ਼ੋਰ ਫੜ ਲਿਆ। ਆਜ਼ਾਦੀ ਤੋਂ ਬਾਅਦ ਦੇ ਭਾਰਤ ਵਿਚ, ਨਰਿੰਦਰ ਦਭੋਲਕਰ ਅਤੇ ਗੋਵਿੰਦ ਪਨਸਾਰੇ ਵਰਗੇ ਚਿੰਤਕਾਂ ਦੇ ਅਧੀਨ ਤਰਕਸ਼ੀਲਤਾ ਜ਼ਰੀਏ ਜਵਾਬਾਂ ਦੀ ਖੋਜ ਦਾ ਉਤਸ਼ਾਹ ਪਾਠਕਾਂ ਅਤੇ ਚਿੰਤਕਾਂ ਦੀ ਨਵੀਂ ਪੀੜ੍ਹੀ ਲਈ ਵੱਡੀ ਖਿੱਚ ਬਣਿਆ। ਮਾਰਕਸਵਾਦੀ ਅਤੇ ਖੱਬੇ ਪੱਖੀ ਵਿਚਾਰਾਂ ਦੇ ਮਾਧਿਅਮ ਰਾਹੀਂ ਵੱਖਰੀ ਧਾਰਾ ਵੀ ਆ ਰਹੀ ਸੀ ਜੋ ਮਨੁੱਖੀ ਖੇਤਰ ਦੇ ਬਾਹਰੋਂ ਆਉਣ ਵਾਲੇ ਸੱਚ ਅਤੇ ਸਾਰ ਦੇ ਵਿਚਾਰਾਂ ਉੱਪਰ ਸਵਾਲ ਉਠਾਉਂਦੀ ਸੀ- ਉਨ੍ਹਾਂ ਨੇ ਰੱਬ ਦੇ ਵਿਚਾਰ ਨੂੰ ਰੱਦ ਕੀਤਾ ਅਤੇ ਇਸੇ ਤਰ੍ਹਾਂ ਐੱਮ.ਐੱਨ. ਰਾਏ ਵਰਗੇ ਲੋਕਾਂ ਨੇ ਤਰਕਸ਼ੀਲ ਸੋਚ ਨੂੰ ਉਤਸ਼ਾਹਤ ਕੀਤਾ ਅਤੇ 'ਦਿ ਕੁਇਸਟ' ਵਰਗੇ ਰਸਾਲਿਆਂ ਨੇ ਤਰਕਸ਼ੀਲਤਾ ਦੇ ਕਾਜ ਨੂੰ ਅੱਗੇ ਵਧਾਇਆ।

ਉਂਝ, ਤਰਕਵਾਦ ਤੇ ਤਰਕਸ਼ੀਲਤਾ ਜੋ ਵਿਗਿਆਨ ਤੇ ਵਿਗਿਆਨਕ ਸੋਚ ਦੀ ਬੁਨਿਆਦ ਹਨ, ਇਕ ਗੱਲ ਹੈ ਜਦੋਂ ਕਿ ਤਰਕਸ਼ੀਲਤਾ ਅਤੇ ਵਿਗਿਆਨ ਦੇ ਨਾਮ 'ਤੇ ਅਤੇ ਸਪਸ਼ਟ ਤੌਰ 'ਤੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਦੇ ਨਾਮ 'ਤੇ ਦੁਨੀਆ ਵਿਚ ਬਹੁਤ ਤਬਾਹੀ ਵੀ ਹੋਈ ਹੈ। ਆਧੁਨਿਕ ਸਮੇਂ 'ਚ ਯੂਰਪ ਵਾਂਗ ਇਸ ਦੀ ਸਭ ਤੋਂ ਮਸ਼ਹੂਰ ਮਿਸਾਲ ਅਡੋਲਫ ਹਿਟਲਰ ਵੱਲੋਂ ਘੱਟਗਿਣਤੀਆਂ ਨੂੰ ਮਾਰਨ ਲਈ ਵਿਗਿਆਨ ਦੀ ਵਰਤੋਂ ਹੈ।

ਅੱਜ ਦੇ ਭਾਰਤੀ ਪ੍ਰਸੰਗ ਵਿਚ ਇਹ ਮਹੱਤਵਪੂਰਨ ਹੈ ਕਿਉਂਕਿ ਜਦੋਂ ਝੂਠ ਜਨਤਕ ਸੰਵਾਦ ਉੱਪਰ ਭਾਰੂ ਹੋ ਜਾਂਦਾ ਹੈ ਤਾਂ ਸੱਚ ਦੇ ਲਈ ਸਵਾਲ ਕਰਨਾ ਮਹੱਤਵਪੂਰਨ ਹੋ ਜਾਂਦਾ ਹੈ। ਜਦੋਂ ਅਤੀਤ ਦੀ ਜਾਣਬੁੱਝ ਕੇ ਗ਼ਲਤ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਜਾਂਦੀ ਹੈ, ਇਸ ਨੂੰ ਜਾਣਬੁੱਝ ਕੇ ਇਕ ਨਜ਼ਰੀਏ ਅਨੁਸਾਰ ਗ਼ਲਤ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਅਤੇ ਜਾਣਬੁੱਝ ਕੇ ਤੋੜਿਆ-ਮਰੋੜਿਆ ਜਾਂਦਾ ਹੈ ਤਾਂ ਇਤਿਹਾਸ ਨੂੰ ਪੇਸ਼ ਕਰਨ ਜਾਂ ਪੇਸ਼ ਕਰਨ ਦੇ ਵਿਗਿਆਨਕ ਤਰੀਕਿਆਂ ਵੱਲ ਮੁੜਨਾ ਜ਼ਰੂਰੀ ਹੁੰਦਾ ਹੈ, ਤੇ ਇਸ ਲਈ ਇਤਿਹਾਸ ਦਾ ਤਰਕਪੂਰਨ ਨਜ਼ਰੀਆ ਮਹੱਤਵ ਅਖ਼ਤਿਆਰ ਕਰ ਲੈਂਦਾ ਹੈ। ਦੂਜਾ, ਮੌਜੂਦਾ ਹਕੂਮਤ ਵੱਲੋਂ ਭਾਰਤ ਵਿਚ ਹੀ ਵਿਗਿਆਨ ਉੱਪਰ ਯੋਜਨਾਬੱਧ ਹਮਲਾ ਕੀਤਾ ਜਾ ਰਿਹਾ ਹੈ। ਭਾਰਤ ਵਿਚ ਪਿਛਲੇ ਵਿਗਿਆਨਕ ਵਿਕਾਸਾਂ ਬਾਰੇ ਬਹੁਤ ਸਾਰੇ ਝੂਠੇ ਸਿਧਾਂਤ ਪ੍ਰਚਲਤ ਕੀਤੇ ਜਾ ਰਹੇ ਹਨ। ਅਜਿਹੇ ਹਾਲਾਤ 'ਚ ਵਿਗਿਆਨ ਦੀ ਪਵਿੱਤਰਤਾ ਅਤੇ ਗੰਭੀਰ ਵਿਗਿਆਨਕ ਅਧਿਐਨ ਦੀ ਰੱਖਿਆ ਕਰਨ ਲਈ ਤਰਕਸ਼ੀਲਤਾ ਦੀ ਪਾਲਣਾ ਕਰਨੀ ਜ਼ਰੂਰੀ ਹੈ।

**ਸ਼ਾਹਿਦ ਤਾਂਤਰੇ:** ਕੀ ਤੁਹਾਨੂੰ ਲੱਗਦਾ ਹੈ ਕਿ ਆਰ.ਐੱਸ.ਐੱਸ. ਅੰਬੇਡਕਰ ਨੂੰ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ? ਜੇ ਹਾਂ, ਤਾਂ ਕਿਉਂ?

**ਗਣੇਸ਼ ਨਰਾਇਣ ਦੇਵੀ:** ਕੁਝ ਪਰੰਪਰਾਵਾਂ ਬੌਧਿਕ ਤੌਰ 'ਤੇ ਕਮਜ਼ੋਰ ਪਰੰਪਰਾਵਾਂ ਦੇ ਰੂਪ 'ਚ ਪੈਦਾ ਹੁੰਦੀਆਂ ਪਰ ਜਦੋਂ ਉਹ ਗ਼ਲਬਾ ਪਾ ਲੈਂਦੀਆਂ ਹਨ ਤਾਂ ਉਹ ਬੌਧਿਕ ਪਰੰਪਰਾਵਾਂ ਉੱਪਰ ਬਿਹਤਰ ਦਾਅਵਾ ਕਰਨਾ ਪਸੰਦ ਕਰਦੀਆਂ ਹਨ; ਠੀਕ ਇੱਥੇ ਹੀ ਅਤੀਤ ਦੇ ਪ੍ਰਤੀਕ ਹਾਸਲ ਕਰਨਾ ਜ਼ਰੂਰੀ ਹੁੰਦਾ ਹੈ। ਧਰਾਤਲ 'ਤੇ ਤਾਂ ਇਹ ਹੈ ਪਰ ਸ਼ਾਇਦ ਭਾਜਪਾ ਲਈ ਡਾ. ਅੰਬੇਡਕਰ ਉੱਪਰ ਦਾਅਵਾ ਕਰਨ ਦੀ ਸ਼ਾਇਦ ਰਾਜਨੀਤਕ ਜ਼ਰੂਰਤ ਹੈ। ਆਰ.ਐੱਸ.ਐੱਸ. ਦਾ ਮੂਲ ਫ਼ਲਸਫ਼ਾ ਬ੍ਰਾਹਮਣਾਂ ਨੂੰ ਛੱਡ ਕੇ ਹੋਰ ਲੋਕਾਂ ਦੀ ਬਹੁਤੀ ਪਰਵਾਹ ਨਹੀਂ ਕਰਦਾ ਪਰ ਹਿੰਦੂ ਸਮਾਜ ਦੇ ਵੱਖ-ਵੱਖ ਵਰਗਾਂ ਦੀ ਹਮਾਇਤ ਹਾਸਲ ਕਰਨਾ ਭਾਜਪਾ ਦੀ ਰਾਜਨੀਤਿਕ ਅਣਸਰਦੀ ਜ਼ਰੂਰਤ ਹੈ ਅਤੇ ਇੱਥੇ ਅੰਬੇਡਕਰ ਉੱਪਰ ਦਾਅਵਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ***(ਸਮਾਪਤ)***

# ਟੁੱਟਦੀ ਕੜੀ

ਜਗਦੀਪ ਸਿੱਧੂ
ਫੋਨ: +91-82838-26876

ਬੇਟੀ ਤੈਰਨਾ ਸਿੱਖ ਰਹੀ ਹੈ/ਧਰਤੀ 'ਤੇ/ਇਕ ਪਾਣੀ ਦਾ ਟੁਕੜਾ/ਹੱਥਾਂ ਪੈਰਾਂ ਨਾਲ/ਚੱਕਰ ਬਣਦੇ ਮਿਟਦੇ/ਖੁਸ਼ ਹਾਂ ਮੈਂ/ਸਿਰਫ਼ ਪੈਰਾਂ ਨਾਲ/ਚੱਲਣ ਦੀ ਮੁਹਤਾਜੀ ਨਹੀਂ/ਧਰਤੀ ਦੇ, ਮਿੱਟੀ ਦੇ ਕਿੰਨੇ ਰੰਗ/ਲਾਲ, ਪੀਲਾ, ਕਾਲਾ/ਪਾਣੀ ਦਾ ਇਕੋ ਰੰਗ/ਉਹ ਵੀ ਹੈ ਜਾਂ ਨਹੀਂ?

ਇਕ ਪਿਤਾ ਸਾਰੀ ਧਰਤੀ ਤੋਂ ਨਿਰਾਸ਼ ਹੋ ਗਿਆ ਹੈ। 'ਸਵਿਵਿੰਗ ਪੂਲ' ਉਹਦਾ ਆਪਣੀ ਧੀ ਲਈ ਨਵੀਂ ਦੁਨੀਆ ਸਿਰਜਣ ਦੀ ਥਾਂ ਬਣਦਾ ਹੈ। ਉਹਦੀ ਕਲਪਨਾ ਉਡਾਰੀਆਂ ਭਰਦੀ ਹੈ। ਉਸ ਨੂੰ ਲੱਗਦਾ ਹੈ, ਉਸ ਦੀ ਧੀ ਨੂੰ ਸਾਰਾ ਸੰਸਾਰ ਮਿਲੇ; ਉਹ ਦੋ ਪੈਰਾਂ ਨਾਲ ਹੀ ਕਿਉਂ ਤੁਰੇ, ਸਾਰਾ ਸੰਸਾਰ ਉਹਦੇ ਕਲਾਵੇ ਵਿਚ ਹੋਵੇ। ਉਹ ਆਪਣਾ ਸੋਹਣਾ ਤੇ ਸੋਹਾਣਾ ਜੀਵਨ ਸਫ਼ਰ ਤੈਅ ਕਰੇ। ਇਸ ਧਰਤੀ ਦੇ ਕਿੰਨੇ ਰੰਗ ਲਾਲ, ਪੀਲਾ, ਕਾਲਾ। ਇਸ ਦੇ ਲੋਕ ਕਿੰਨੇ ਰੰਗ ਬਦਲਦੇ ਨੇ। ਇਹਨਾਂ 'ਤੇ ਕਿਸੇ ਤਰ੍ਹਾਂ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਮੇਰੀ ਧੀ ਹੁਣ ਇਸ 'ਪਾਣੀ ਦੇ ਟੁਕੜੇ' ਵਿਚ, ਕੋਲ਼, ਰਹੇਗੀ। ਜਿੱਥੇ ਉਹ ਸੁਰੱਖਿਅਤ ਹੈ। ਪਾਣੀ ਦਾ ਇਕੋ ਰੰਗ ਹੈ। ਉਹ ਵੀ ਸ਼ਾਇਦ ਹੁੰਦਾ ਹੀ ਨਹੀਂ।

ਇਸ ਕਵਿਤਾ ਵਿਚ ਇਕ ਪਿਤਾ, ਆਪਣੀ ਧੀ ਲਈ ਸੁਰੱਖਿਅਤ ਥਾਂ ਲੱਭਦਾ ਹੈ। ਜਿੱਥੇ ਉਹਦੀ ਧੀ ਆਸਿਫਾ, ਦਾਮਿਨੀ ਨਹੀਂ ਬਣੇਗੀ। ਧਿਆਨ ਨਾਲ ਦੇਖਿਆ ਜਾਵੇ ਤਾਂ ਉਹ ਇਹ ਸਚਾਈ ਵੀ ਕਹਿੰਦਾ ਨਜ਼ਰ ਆਉਂਦਾ ਹੈ; ਦੇਖੋ ਆਖ਼ਰ ਤਕ ਕੁਝ ਵੀ ਸੁਰੱਖਿਅਤ ਨਹੀਂ, ਉਹ ਕਿੱਥੇ ਜਾਵੇ, ਉਸ ਦੀ ਧੀ ਕਿੱਥੇ ਜਾਵੇ। ਹੋਰਾਂ ਲੋਕਾਂ ਦੀਆਂ ਧੀਆਂ ਕਿੱਥੇ ਜਾਣ।

ਪਹਿਲਵਾਨ ਕੁੜੀਆਂ ਨਾਲ ਹੋਏ ਵਿਹਾਰ ਨੇ ਇਸ ਕਲਪਨਾ, ਸੋਚ ਨੂੰ ਹੋਰ ਸਹੀ ਕਰ ਦਿਖਾਇਆ। ਹੁਣ ਉਸ ਨੂੰ ਧਰਤੀ ਦਾ ਕੋਈ ਵੀ ਹਿੱਸਾ ਸੁਰੱਖਿਅਤ ਨਹੀਂ ਲੱਗ ਰਿਹਾ ਹੋਣਾ। ਜਾਣਨਾ, ਸਮਝਣਾ ਪਵੇਗਾ ਇਹ ਉਹ ਕੁੜੀਆਂ ਨੇ ਜਿਨ੍ਹਾਂ ਦਾ ਸੰਸਾਰ ਵਿਚ ਨਾਂ ਹੈ, ਲੱਖਾਂ ਪ੍ਰਸ਼ੰਸਕ ਨੇ। ਇਹਨਾਂ ਦਾ ਸਮਾਜਿਕ ਆਧਾਰ ਹੈ। ਬਾਕੀ ਉਹਨਾਂ ਨਾਲ ਕੀ ਹੁੰਦਾ ਹੋਵੇਗਾ ਜਾਂ ਹੋ ਸਕਦਾ ਹੈ ਜਿਨ੍ਹਾਂ ਨੇ ਅਜੇ ਖੇਡਣਾ ਸ਼ੁਰੂ ਕੀਤਾ ਜਾਂ ਵੱਡਾ ਮੁਕਾਮ ਹਾਸਿਲ ਕਰਨਾ ਹੈ। ਜ਼ਮੀਨ 'ਤੇ ਬੈਠੀਆਂ ਕੁੜੀਆਂ ਨੂੰ ਲੱਗਦਾ ਹੈ ਕਿ ਉਹ ਮੈਦਾਨ ਵਿਚ ਨਹੀਂ ਹਾਰੀਆਂ ਪਰ ਉਹਨਾਂ ਨੂੰ ਹਾਲਾਤ ਨੇ, ਅਜਿਹੇ ਲੋਕਾਂ ਨੇ ਪਟਕਾ ਕੇ ਧਰਤ 'ਤੇ ਸੁੱਟ ਦਿੱਤਾ ਹੈ।

ਹਰ ਖੇਡ ਦੀ ਜ਼ਿਲ੍ਹੇ ਤੋਂ ਲੈ ਕੇ ਦੇਸ਼ ਪੱਧਰ, ਤੇ ਫੇਰ ਕੌਮਾਂਤਰੀ ਪੱਧਰ ਤਕ ਐਸੋਸੀਏਸ਼ਨ/ਫੈਡਰਸ਼ਨ ਹੁੰਦੀ ਹੈ ਜਿਹੜੀ ਪਹਿਲਾਂ ਰਾਜ ਦੇ ਖੇਡ ਓਲੰਪਿਕ ਸੰਘ ਤੇ ਫੇਰ ਭਾਰਤੀ ਓਲੰਪਕ ਐਸੋਸੀਏਸ਼ਨ ਨਾ਼ਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੀ ਹੁੰਦੀ ਹੈ। ਭਾਰਤ ਵਿਚ ਇਹਨਾਂ ਐਸੋਸੀਏਸ਼ਨਾਂ/ਫੈਡਰੇਸ਼ਨਾ ਨੂੰ ਜ਼ਿਆਦਾਤਰ ਫੰਡ ਆਪਣੇ ਪੱਧਰ 'ਤੇ ਜੁਟਾਉਣੇ ਪੈਂਦੇ ਨੇ। ਲੱਗਭਗ ਸਾਰੀਆਂ ਐਸੋਸੀਏਸ਼ਨਾਂ/ਫੈਡਰੇਸ਼ਨਾਂ ਆਪਣੇ ਪ੍ਰਧਾਨ ਰਸੂਖਵਾਨ, ਪੈਸੇ ਵਾਲੇ ਜਾਂ ਉਹਨਾਂ ਸਿਆਸਤਦਾਨਾਂ ਨੂੰ ਚੁਣਦੀਆਂ ਨੇ ਜਿਹੜੇ ਉਹਨਾਂ ਨੂੰ ਪੈਸੇ ਜੁਟਾਉਣ 'ਚ ਮਦਦ ਕਰਨ। ਇਸ ਪੈਸੇ ਨਾਲ ਹੀ ਉਹ ਟੂਰਨਾਮੈਂਟ ਕਰਵਾ ਸਕਦੇ ਨੇ।

ਕਈ ਵੱਡੇ ਅਹੁਦੇਦਾਰ, ਰਸੂਖ਼ਵਾਨ ਸ਼ਖ਼ਸ ਆਪਣੀ ਬੱਲੇ ਬੱਲੇ ਦੇ ਨਾਲ ਨਾਲ ਉਸ ਸੰਸਥਾ ਦੀ ਹਰ ਚੀਜ਼ 'ਤੇ ਕਾਬਜ਼ ਹੋਣਾ ਚਾਹੁੰਦੇ ਨੇ। ਬ੍ਰਿਜ ਭੂਸ਼ਣ ਸ਼ਰਨ ਸਿੰਘ ਸਾਡੇ ਸਾਹਮਣੇ ਇਸ ਦੀ ਮਿਸਾਲ ਹੈ। ਇਸ ਤਰ੍ਹਾਂ ਦੀਆਂ ਹਰਕਤਾਂ ਨਾਲ ਬੜੇ ਦੂਰਗਾਮੀ ਪ੍ਰਭਾਵ ਪੈਂਦੇ ਤੇ ਸਿੱਟੇ ਨਿਕਲਦੇ ਨੇ। ਬੜੇ ਲੰਮੇ ਸੰਘਰਸ਼ ਤੋਂ ਬਾਅਦ ਕੁੜੀਆਂ ਹਰ ਖੇਤਰ ਵਿਚ ਅੱਗੇ ਆ ਰਹੀਆਂ ਹਨ। ਮਾਪਿਆਂ ਨੇ ਧੀਆਂ ਨੂੰ ਅਜਿਹੇ ਖੇਤਰ ਵਿਚ ਆਉਣੋਂ ਵਰਜ ਦੇਣਾ ਹੈ। ਖਿਡਾਰੀਆਂ ਨੂੰ ਅਭਿਆਸ ਹਿੱਤ ਵੀ ਛੋਟੇ ਛੋਟੇ ਟੂਰਨਾਮੈਂਟ ਦੂਰ-ਦੁਰਾਡੇ ਖੇਡਣੇ ਪੈਂਦੇ ਨੇ; ਕਿਹੜੇ ਮਾਪਿਆਂ ਨੇ ਅਜਿਹੀਆਂ ਘਟਨਾਵਾਂ ਤੋਂ ਬਾਅਦ ਆਪਣੀਆਂ ਕੁੜੀਆਂ ਭੇਜਣਾ ਹੈ। ਪੇਂਡੂ ਮਾਪੇ ਤਾਂ ਦੇਖਣ-ਸੁਣਨ ਵਿਚ ਵੀ ਆਇਆ ਹੈ ਕਿ ਕੋਚਾਂ, ਅਧਿਕਾਰੀਆਂ ਦੀਆਂ ਬੜੀਆਂ ਮਿੰਨਤਾਂ ਤਰਲੇ ਕਰਨ 'ਤੇ ਬੱਚਿਆਂ ਨੂੰ ਬਾਹਰ ਭੇਜਦੇ ਨੇ। ਟੁੱਟੀ ਆਰਥਿਕਤਾ ਤੋਂ ਬਾਅਦ ਉਹ ਕੋਈ ਨਵੀਂ ਮੁਸੀਬਤ ਨਹੀਂ ਸਹੇੜਨਾ ਚਾਹੁੰਦੇ।

ਰਿਲੇਅ ਰੇਸ ਵਾਂਗ ਕੁੜੀਆਂ ਦੀ ਰੇਸ ਹੀ ਰੁਕ ਜਾਣੀ ਹੈ। ਕੁੜੀਆਂ ਨੇ ਹੀ ਪੀ.ਟੀ., ਡੀ.ਪੀ., ਕੋਚ, ਖੇਡ ਅਧਿਕਾਰੀ ਬਣਨਾ ਹੈ ਤਾਂ ਖੇਡ ਸਿਖਲਾਈ ਵਿਚ ਸਮਤੋਲ ਬਣਿਆ ਰਹਿ ਸਕਦਾ ਹੈ। ਇਸ ਤਰ੍ਹਾਂ ਮਰਦ ਕੋਚਾਂ, ਅਧਿਕਾਰੀਆਂ ਵੱਲੋਂ ਕੁੜੀਆਂ ਦੇ ਸ਼ੋਸ਼ਣ ਨੂੰ ਠੱਲ੍ਹ ਪਾਈ ਜਾ ਸਕੇਗੀ। ਦੌੜਨ ਦੀ ਇਕ ਵੀ ਕੜੀ ਟੁੱਟ ਗਈ ਤਾਂ ਸਭ ਰੁਕ ਜਾਏਗਾ।

ਖੇਡਾਂ ਜ਼ਿਆਦਾਤਰ ਗ਼ਰੀਬ ਘਰਾਂ ਦੇ ਬੱਚੇ ਕਰਦੇ ਨੇ। ਧਰਤੀ ਦੇ ਛੋਟੇ ਛੋਟੇ ਟੁਕੜੇ ਇਹਨਾਂ ਲਈ ਪਨਾਹਗਾਹ ਨੇ। ਜਾਲ ਲੱਗੇ ਹੋਏ ਨੇ ਤੇ ਗੇਂਦ ਇਹਨਾਂ ਨੇ 'ਜਾਲ' ਤੋਂ ਪਾਰ ਸੁੱਟਣੀ ਹੈ। ਇਹ ਤਲਵਾਰਬਾਜ਼ੀ, ਤੀਰਅੰਦਾਜ਼ੀ, ਰਾਈਫਲ ਸ਼ੂਟਿੰਗ, ਇਹ ਇਹਨਾਂ ਦੀ ਆਪਣੇ ਆਪ ਨਾ਼ਲ ਲ਼ੜਾਈ ਹੈ। ਖੇਡ ਮਜਬੂਰੀ ਵਸ ਇਹਨਾਂ ਨੇ ਛੋਟੇ ਜਾਂ ਥੋੜ੍ਹੇ ਕੱਪੜੇ ਪਾਉਣੇ ਹੁੰਦੇ ਨੇ। ਇਹਨਾਂ ਨੂੰ ਕਾਮ ਵਾਸਨਾ ਨਾਲ ਨਹੀਂ, ਆਪਣੇ ਬੱਚਿਆਂ ਵਾਂਗ ਦੇਖੋ, ਜਿਵੇਂ ਉਹਨਾਂ ਦੇ ਬਚਪਨ ਵਿਚ ਕੱਪੜੇ ਪਾਏ ਹੋਣ।

# ਅੱਗ ਦੀ ਲਾਟ ਚਿਮਟੇ ਨਾਲ ਫੜਨ ਵਾਲਾ - ਸੰਪੂਰਨ ਸਿੰਘ ਉਰਫ਼ ਗੁਲਜ਼ਾਰ

***ਸੂਖਮ ਤੰਦਾਂ ਨਾਲ ਗਜ਼ਲ ਦੀ ਬੁਣਤੀ ਪਾਉਣ ਵਾਲੇ ਗਜ਼ਲਗੋ ਅਜੈ ਤਨਵੀਰ ਨੇ ਉਘੇ ਸ਼ਾਇਰ ਅਤੇ ਫਿਲਮੀ ਹਸਤੀ ਗੁਲਜ਼ਾਰ ਦੇ ਕਲਾ ਦੇ ਵਿਹੜੇ ਝਾਤੀ ਮਾਰੀ ਹੈ; ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਖਾਸ ਤੇ ਅਣਛੋਹੇ ਵਰਕੇ ਫਰੋਲੇ ਹਨ। ਇਸ ਲਿਖਤ ਵਿਚ ਅਜੈ ਤਨਵੀਰ ਪਾਠਕ ਨੂੰ ਗੁਲਜ਼ਾਰ ਦੀ ਮਹਿਕ ਨਾਲ ਹੀ ਸਰਸ਼ਾਰ ਨਹੀਂ ਕਰਦਾ ਸਗੋਂ ਜ਼ਿੰਦਗੀ ਦੀਆਂ ਉਨ੍ਹਾਂ ਸਚਾਈਆਂ ਦੇ ਰੂਬਰੂ ਵੀ ਕਰਦਾ ਹੈ ਜੋ ਇਨ੍ਹਾਂ ਦੋਹਾਂ ਨੇ ਆਪਣੇ ਅਨੁਭਵ ਵਿਚੋਂ ਕਮਾਈਆਂ ਹਨ। ਅਸੀਂ ਗੁਲਜ਼ਾਰ ਬਾਰੇ ਇਹ ਲੰਮਾ ਲੇਖ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਦੀ ਪੰਜਵੀਂ ਕਿਸ਼ਤ ਹਾਜ਼ਰ ਹੈ।***

ਅਸੀਂ ਸਾਰੇ ਹੀ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਫ਼ ਹਾਂ। ਗੁਲਜ਼ਾਰ ਨੇ ਸਾਹਿਤ ਨੂੰ ਪਰਦੇ ਉੱਤੇ ਜਿਸ ਤਰ੍ਹਾਂ ਪੇਸ਼ ਕੀਤਾ, ਅੱਖਰਾਂ ਨੂੰ ਵੀ ਬੋਲਣ ਲਾ ਦਿੱਤਾ। ਕਦੇ ਸਤਿਆਜੀਤ ਰੇਅ ਨੇ ਕਿਹਾ ਸੀ ਕਿ ਇਹ ਸਾਹਿਤ ਹੀ ਹੈ ਜੋ ਸਮਾਜ ਵਿਚ ਤਬਦੀਲੀ ਲਿਆ ਸਕਦਾ ਹੈ। ਤੁਰਦੇ-ਫਿਰਦੇ ਚਿੱਤਰ ਤਾਂ ਕਾਰਟੂਨ ਹਨ। ਇਨ੍ਹਾਂ ਤੋਂ ਤੁਸੀਂ ਮਨੋਰੰਜਨ ਦੀ ਆਸ ਲਗਾ ਸਕਦੇ ਹੋ ਪਰ ਪਰਿਵਰਤਨ ਦੀ ਨਹੀਂ। ਗੁਲਜ਼ਾਰ ਨੇ ਸਾਹਿਤ ਉੱਤੇ ਐਸੀ ਪਿਉਂਦ ਚਾੜ੍ਹੀ ਕਿ ਲੋਕ ਅਸ਼-ਅਸ਼ ਕਰ ਉੱਠੇ। ਮਨੋਰੰਜਨ ਦੇ ਨਾਲ ਤਬਦੀਲੀ ਦਾ ਆਗਾਜ਼ ਹੋਣਾ ਸੁਭਾਵਕ ਸੀ। ਮਿੱਟੀ ਨਾਲ ਮਿੱਟੀ ਹੋਏ ਕਿਰਤੀ ਨੂੰ ਇਹ ਯਾਦ ਹੁੰਦਾ ਹੈ, ਉਹ ਜਿੰਨਾ ਰੱਜ ਕੇ ਖੇਤ ਨੂੰ ਵਾਹੇਗਾ, ਓਨਾ ਰੱਜ ਕੇ ਹੀ ਖਾਵੇਗਾ।



**ਅਜੈ ਤਨਵੀਰ**

ਗੁਲਜ਼ਾਰ ਦੀ ਸਾਹਿਤ ਨਾਲ ਗੂੜ੍ਹੀ ਸਾਂਝ ਨੇ ਹੀ ਉਸ ਨੂੰ ਫ਼ਿਲਮਾਂ ਤੋਂ ਸਾਹਿਤ ਵੱਲ ਮੋੜਿਆ। ਇਸ ਗੱਲ ਦਾ ਜ਼ਿਕਰ ਉਹ ਆਮ ਹੀ ਕਰਦਾ ਹੈ ਕਿ ਇਕ ਫ਼ਿਲਮ ਦੀ ਉਮਰ 100 ਸਾਲ ਹੈ। ਇਕ ਕਿਤਾਬ ਦੀ ਉਮਰ 500 ਸਾਲ ਹੈ। ਕਹਿਣ ਤੋਂ ਭਾਵ ਇਹ ਸਾਹਿਤ ਜਨਮ ਲੈ ਕੇ ਕਦੇ ਮਰਦਾ ਨਹੀਂ। ਗੁਲਜ਼ਾਰ ਖ਼ੁਦ ਨੂੰ ਆਮ ਪਾਠਕ ਹੀ ਸਮਝਦਾ ਹੈ। ਗੁਲਜ਼ਾਰ ਨੇ ਕੁਝ ਸਮਾਂ ਪਹਿਲਾਂ ਤਕਰੀਬਨ ਤਿੰਨ ਸੌ ਸ਼ਾਇਰਾਂ ਦੀਆਂ ਲਿਖਤਾਂ ਨੂੰ ਬੱਤੀ ਜ਼ੁਬਾਨਾਂ ਵਿਚ ਅਨੁਵਾਦ ਕੀਤਾ ਹੈ। ਸੱਚ ਹੀ ਸਿਰੜੀ ਤੇ ਬਹਾਦਰ ਲੋਕ ਪਰਬਤ ਚੀਰ ਦਿੰਦੇ ਹਨ। ਇਹ ਕੰਮ ਕਰਨ ਲਈ ਸਮਾਂ ਤਾਂ ਚਾਹੀਦਾ ਹੀ ਹੈ ਪਰ ਸਮਾਧੀ ਬਹੁਤ ਜ਼ਰੂਰੀ ਹੈ। ਗੁਲਜ਼ਾਰ ਦੀ ਸਮਾਧੀ ਚੌਂਕੜੀ ਮਾਰ ਕੇ ਨਹੀਂ ਲੱਗਦੀ, ਉਹ ਤਾਂ ਤੁਰਦਾ ਫਿਰਦਾ, ਗੱਲਾਂ ਕਰਦਾ, ਪੜ੍ਹਦਾ ਲਿਖਦਾ ਵੀ ਸਮਾਧੀ ਵਿਚ ਹੀ ਹੁੰਦਾ ਹੈ। ਗੁਲਜ਼ਾਰ ਦਾ ਕਹਿਣਾ ਹੈ ਕਿ ਜਦੋਂ ਇਹ ਅਨੁਵਾਦ ਦਾ ਕੰਮ ਕਰ ਰਿਹਾ ਸਾਂ, ਕੁਝ ਸ਼ਾਇਰਾਂ ਨੂੰ ਪੜ੍ਹ ਕੇ ਐਨਾ ਸਕੂਨ ਮਿਲਿਆ ਕਿ ਮੇਰੀ ਜ਼ਿੰਦਗੀ ਦੇ ਅਹਿਮ ਪਲਾਂ ਵਿਚ ਉਹ ਸ਼ਾਮਿਲ ਹੋ ਗਏ। ਗੁਲਜ਼ਾਰ ਦਾ ਇਹ ਮੰਨਣਾ ਹੈ ਕਿ ਹਰ ਆਦਮੀ ਰੋਜ਼ਾਨਾ ਪੰਜ ਭਾਸ਼ਾਵਾਂ ਸੁਣਦਾ ਹੈ ਅਤੇ ਤਿੰਨ ਬੋਲਦਾ ਹੈ। ਹਰ ਜ਼ੁਬਾਨ ਆਪਣੇ ਇਲਾਕੇ 'ਚ ਜਾ ਕੇ ਬਦਲ ਜਾਂਦੀ ਹੈ। ਉਸ ਦਾ ਰੁਖ਼ ਬਦਲ ਜਾਂਦਾ ਹੈ। ਸਾਰੇ ਭਾਰਤ ਦੀਆਂ ਜ਼ੁਬਾਨਾਂ ਬਹੁਤ ਕਮਾਲ ਦੀਆਂ ਹਨ। ਅਸੀਂ ਇਸ ਗੱਲੋਂ ਬਹੁਤ ਅਮੀਰ ਹਾਂ ਕਿ ਸਾਡੇ ਕੋਲ ਐਨੀਆਂ ਜ਼ੁਬਾਨਾਂ ਹਨ, ਉਹ ਵੀ ਰਸੇ ਹੋਏ ਅੰਬ ਵਰਗੀਆਂ। ਗੁਲਜ਼ਾਰ ਜਦੋਂ ਜੈਪੁਰ ਫ਼ੈਸਟੀਵਲ ਦਾ ਜ਼ਿਕਰ ਕਰਦਾ ਹੈ ਤਾਂ ਆਖਦਾ ਹੈ-ਇਸ ਫ਼ੈਸਟੀਵਲ ਦਾ ਇਹ ਜ਼ਰੂਰ ਫ਼ਾਇਦਾ ਹੋਇਆ ਕਿ ਇਥੇ ਹਰ ਤਰ੍ਹਾਂ ਦੀ ਜ਼ੁਬਾਨ ਮਿਲ ਜਾਂਦੀ ਹੈ।

ਗੁਲਜ਼ਾਰ ਨੇ ਟੈਗੋਰ ਨੂੰ ਬਹੁਤ ਹੀ ਸ਼ਿੱਦਤ ਨਾਲ ਅਨੁਵਾਦ ਕੀਤਾ ਹੈ। ਉਸ ਦਾ ਕਹਿਣਾ ਹੈ, 'ਪਹਿਲਾਂ ਜਦੋਂ ਟੈਗੋਰ ਦੀ ਕੋਈ ਵੀ ਕਵਿਤਾ ਅਨੁਵਾਦ ਕਰਨੀ ਤਾਂ ਸਭ ਤੋਂ ਪਹਿਲਾਂ ਉਸ ਦੇ ਪ੍ਰਕਾਸ਼ਕ ਵਿਸ਼ਵ ਭਾਰਤੀ ਕੋਲੋਂ ਆਗਿਆ ਲੈਣੀ ਪੈਂਦੀ ਸੀ। ਹੁਣ ਜਦੋਂ ਟੈਗੋਰ ਉਨ੍ਹਾਂ ਕੋਲੋਂ ਆਜ਼ਾਦ ਹੋਇਆ ਤਾਂ ਮੈਂ ਘੁੱਟ ਕੇ ਫੜ ਲਿਆ। ਨਾ ਛੱਡਿਆ ਹੈ, ਨਾ ਛੱਡਣਾ ਕਿਉਂਕਿ ਇਹ ਮੇਰੇ ਅੰਦਰ ਬਚਪਨ ਤੋਂ ਹੀ ਘਰ ਕਰ ਗਿਆ ਸੀ।' ਗੁਲਜ਼ਾਰ ਦਾ ਕਹਿਣਾ ਹੈ ਕਿ ਅੰਗਰੇਜ਼ੀ ਵਿਚ (ਗੀਤਾਂਜਲੀ) ਟੈਗੋਰ ਨੇ ਬਹੁਤ ਗ਼ਲਤੀਆਂ ਕੀਤੀਆਂ ਹਨ। ਇਹ ਗੱਲ ਤੁਸੀਂ ਕਿਸੇ ਵੀ ਬੰਗਾਲੀ ਲੇਖਕ ਕੋਲੋਂ ਪੁੱਛ ਸਕਦੇ ਹੋ। ਹਾਂ, ਟੈਗੋਰ ਦੀਆਂ ਬਾਂਗਲਾ ਕਵਿਤਾਵਾਂ ਕਮਾਲ ਦੀਆਂ ਹਨ। ਉਨ੍ਹਾਂ ਵਿਚ ਭਾਰਤੀ ਸਭਿਆਚਾਰ ਕੁੱਟ-ਕੁੱਟ ਕੇ ਭਰਿਆ ਹੋਇਆ ਹੈ, ਜੋ ਅੰਗਰੇਜ਼ੀ ਦੇ ਤਰਜ਼ਮੇ 'ਚੋਂ ਨਜ਼ਰ ਨਹੀਂ ਆਉਂਦਾ। ਇਹ ਠੀਕ ਹੈ ਕਿ ਟੈਗੋਰ ਨੂੰ ਨੋਬੇਲ ਇਨਾਮ ਮਿਲਿਆ, ਉਹ ਮਿਲਣਾ ਹੀ ਸੀ ਕਿਉਂਕਿ ਉਸ ਦੀ ਕਿਤਾਬ 'ਗੀਤਾਂਜਲੀ' ਪੱਛਮ ਨੂੰ ਕੀਤੀ ਪੇਸ਼ਕਸ਼ ਸੀ। ਗੁਲਜ਼ਾਰ ਇਕੱਲਾ ਪਾਣੀ ਹੀ ਨਹੀਂ ਪੁਣਦਾ, ਉਹ ਖ਼ੁਦ ਨੂੰ ਵੀ ਪੁਣ ਲੈਂਦਾ, ਬਿਨਾਂ ਛਾਣਨੀ ਦੇ, ਕਿਉਂਕਿ ਉਹ ਗੁਲਜ਼ਾਰ ਹੈ।

ਗੁਲਜ਼ਾਰ ਟੈਗੋਰ ਦਾ ਮੁਰੀਦ ਹੈ, ਆਸ਼ਕ ਹੈ। ਉਸ ਨੂੰ ਟੈਗੋਰ ਦੀ ਕਵਿਤਾ ਨਾਲ ਇਸ਼ਕ ਹੈ। ਉਸ ਨੇ ਟੈਗੋਰ ਦੀਆਂ ਕਵਿਤਾਵਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਇਕ ਸਫ਼ੇ 'ਤੇ ਬਾਂਗਲਾ ਜ਼ੁਬਾਨ ਹੈ, ਦੂਜੇ ਸਫ਼ੇ 'ਤੇ ਹਿੰਦੀ, ਤੀਜੇ ਸਫ਼ੇ 'ਤੇ ਅੰਗਰੇਜ਼ੀ। ਗੁਲਜ਼ਾਰ ਕਹਿੰਦਾ ਹੈ, ਮੈਂ ਜੇ ਫ਼ਿਲਮਾਂ ਹੀ ਬਣਾਉਂਦਾ ਰਹਿੰਦਾ ਤਾਂ ਸਾਹਿਤ ਨਾਲ ਇਕਮਿਕ ਹੋ ਕੇ ਕਦੇ ਵੀ ਕੰਮ ਨਹੀਂ ਸਾਂ ਕਰ ਸਕਦਾ। ਹਾਂ, ਫ਼ਿਲਮ ਦਾ ਆਪਣਾ ਸਥਾਨ ਹੈ, ਸਾਹਿਤ ਦਾ ਆਪਣਾ ਰੁਤਬਾ ਹੈ। ਆਜ਼ਾਦੀ ਤੋਂ ਪਹਿਲਾਂ ਦੀ ਕਵਿਤਾ ਦੀ ਗੁਲਜ਼ਾਰ ਬਹੁਤ ਸਿਫ਼ਤ ਕਰਦਾ ਹੈ। ਉਹ ਆਖਦਾ ਹੈ, 'ਉਸ ਕਵਿਤਾ ਵਿਚ ਨੈਸ਼ਨਲ ਮੂਵਮੈਂਟ ਸ਼ਾਮਿਲ ਸੀ, ਉਸ ਕਵਿਤਾ ਵਿਚ ਦਮ ਬਹੁਤ ਸੀ। ਇਹ ਠੀਕ ਹੈ, ਅਸੀਂ ਆਜ਼ਾਦੀ ਲਈ ਲੜ ਰਹੇ ਸਾਂ ਪਰ ਉਸ ਕਵਿਤਾ ਵਿਚ ਸਕੂਨ ਬਹੁਤ ਸੀ, ਚੈਨ ਸੀ। ਪਰ ਆਜ਼ਾਦੀ ਤੋਂ ਬਾਅਦ ਦੀ ਕਵਿਤਾ ਵਿਚ ਕੋਈ ਚੈਨ ਨਹੀਂ ਦਿਸਦਾ। ਜਦੋਂ ਵੀ ਉਸ ਨੂੰ ਪੜ੍ਹਦੇ ਹਾਂ ਬੇਚੈਨੀ ਦਿਸਦੀ ਹੈ।' ਗੁਲਜ਼ਾਰ ਦਾ ਮੰਨਣਾ ਹੈ ਕਿ ਇਸ ਦੌਰ ਦੀ ਸਭ ਤੋਂ ਬਿਹਤਰੀਨ ਤੇ ਬੇਚੈਨ ਕਰਨ ਵਾਲੀ ਸ਼ਾਇਰੀ ਨੌਰਥ-ਈਸਟ ਵਿਚ ਲਿਖੀ ਜਾ ਰਹੀ ਹੈ। ਨੌਰਥ-ਈਸਟ ਵਿਚ ਬਹੁਤ ਹੀ ਤਿਲਮਿਲਾਉਂਦੀ ਸ਼ਾਇਰੀ ਦੇ ਰਚਨਹਾਰ ਸ਼ਾਇਰੀ ਕਰ ਰਹੇ ਹਨ। ਗੁਲਜ਼ਾਰ ਜਦੋਂ ਵੀ ਸ਼ਾਇਰ ਪਰਸੂਨ ਦੀ ਗੱਲ ਕਰਦੇ ਤਾਂ ਕਹਿੰਦੇ ਹਨ ਕਿ ਇਹ ਸ਼ਾਇਰ ਅਸਲ ਹਿੰਦੀ ਨੂੰ ਆਪਣੀ ਗੀਤਕਾਰੀ ਵਿਚ ਲੈ ਕੇ ਆਇਆ। ਇਸ ਦੀ ਗੀਤਕਾਰੀ ਵਿਚ ਇੰਦੀਵਰ ਅਤੇ ਅਨਜਾਨ ਦਾ ਰੰਗ ਹੈ। ਗੁਲਜ਼ਾਰ ਇਰਸ਼ਾਦ ਕਾਮਿਲ ਦੀ ਵੀ ਸਿਫ਼ਤ ਕਰਦੇ ਹਨ ਕਿ ਪਰਸੂਨ ਤੇ ਇਰਸ਼ਾਦ, ਇਹ ਦੋਵੇਂ ਨਵਾਂ ਰੰਗ ਪੇਸ਼ ਕਰ ਰਹੇ ਹਨ। ਨਵਾਂ ਤੁਸੀਂ ਤਦ ਹੀ ਪੇਸ਼ ਕਰ ਸਕਦੇ ਹੋ ਜੇ ਪੁਰਾਣੀ ਗੁਫ਼ਾ 'ਚੋਂ ਬਾਹਰ ਨਿਕਲੋਗੇ। ਕੁਝ ਲੋਕ ਕਹਿੰਦੇ ਹਨ, ਇਹ ਨਵੇਂ ਮੁੰਡੇ ਆਪਣਾ ਹੀ ਵਾਜਾ ਵਜਾਈ ਜਾਂਦੇ ਹਨ। ਗੁਲਜ਼ਾਰ ਕਹਿੰਦਾ ਹੈ- 'ਹੁਣ ਸਾਨੂੰ ਗੌਤਮ ਬੁੱਧ ਦੇ ਵੇਲੇ ਦੀਆਂ ਕਹਾਣੀਆਂ 'ਤੇ ਲੀਕ ਮਾਰਨੀ ਚਾਹੀਦੀ ਹੈ। ਉਨ੍ਹਾਂ ਕਹਾਣੀਆਂ ਦਾ ਵੀ ਸਮਾਂ ਸੀ, ਪਰ ਹੁਣ ਜ਼ਮਾਨਾ ਬਦਲ ਗਿਆ ਹੈ। ਜਦੋਂ ਸਾਡੇ ਖਾਣੇ ਅਤੇ ਪਹਿਰਾਵੇ ਵਿਚ ਤਬਦੀਲੀ ਆ ਗਈ ਹੈ, ਫਿਰ ਸੁਭਾਵਿਕ ਹੀ ਸੰਗੀਤ ਅਤੇ ਗੀਤ ਵਿਚ ਵੀ ਪਰਿਵਰਤਨ ਆਵੇਗਾ। ਇਕ ਸਮਾਂ ਸੀ, ਜੋ ਰਵੀ ਸ਼ੰਕਰ ਆਪਣਾ ਕਲਾਸੀਕਲ ਸੰਗੀਤ ਵੈੱਸਟ ਵਿਚ ਲੈ ਕੇ ਗਿਆ ਸੀ। ਪਰ ਏ. ਆਰ. ਰਹਿਮਾਨ ਦਾ ਸੰਗੀਤ ਪਹਿਲੀ ਵਾਰ ਵੈੱਸਟ ਵਿਚ ਸਵੀਕਾਰ ਹੋਇਆ ਹੈ। ਭਾਰਤ ਦੇ ਸੰਗੀਤ ਨੂੰ ਬਾਹਰ ਦੇ ਲੋਕ ਵੀ ਪਸੰਦ ਕਰਨ ਲੱਗੇ ਹਨ।' ਗੁਲਜ਼ਾਰ ਮੰਨਦਾ ਹੈ ਕਿ



ਮੈਂ ਹੁਣ ਸਾਹਿਤ ਨਾਲ ਪੂਰੀ ਤਰ੍ਹਾਂ ਜੁੜਿਆ ਹਾਂ, ਉਂਝ ਮੈਂ ਫ਼ਿਲਮਾਂ ਵੀ ਵੇਖਦਾ ਹਾਂ ਅਤੇ ਗੀਤ ਵੀ ਸੁਣਦਾ ਹਾਂ। ਗੁਲਜ਼ਾਰ ਨੇ ਜਦੋਂ ਬਾਂਗਲਾ ਕਵਿਤਾਵਾਂ ਦਾ ਅਨੁਵਾਦ ਕੀਤਾ ਤਾਂ ਉਸ ਨੇ ਆਪਣੇ ਮਿੱਤਰਾਂ ਨੂੰ ਕਿਹਾ, 'ਮੈਂ ਬਾਂਗਲਾ ਸਾਹਿਤ ਦਾ ਅਨੁਵਾਦ ਬਹੁਤ ਹੀ ਸ਼ੌਕ ਨਾਲ ਕੀਤਾ ਹੈ। ਬੇਸ਼ਕ ਮੇਰੀ ਪਤਨੀ ਬੰਗਾਲੀ ਹੈ, ਮੈਂ ਉਸ ਨੂੰ ਕਦੇ ਨਹੀਂ ਕਿਹਾ, ਤੂੰ ਜ਼ਰਾ ਮੇਰੀ ਕਵਿਤਾ 'ਤੇ ਨਿਗਾਹ ਮਾਰੀਂ। ਮੈਂ ਹਮੇਸ਼ਾ ਆਪਣੇ ਨਾਲੋਂ ਚੰਗੇ ਲੇਖਕ ਨੂੰ ਹੀ ਇਹ ਕਵਿਤਾਵਾਂ ਵਿਖਾਈਆਂ ਹਨ। ਇਨ੍ਹਾਂ ਵਿਚ ਜੋ ਵੀ ਗ਼ਲਤੀਆਂ ਹਨ, ਮੈਨੂੰ ਜ਼ਰੂਰ ਦੱਸੋ ਤਾਂ ਕਿ ਮੈਂ ਬਾਂਗਲਾ ਜ਼ੁਬਾਨ ਨਾਲ ਪੂਰੀ ਤਰ੍ਹਾਂ ਇਨਸਾਫ਼ ਕਰ ਸਕਾਂ।' ਗੁਲਜ਼ਾਰ ਹਰ ਕੰਮ ਨੂੰ ਆਪਣੀ ਪ੍ਰੀਖਿਆ ਸਮਝਦਾ ਹੈ।



1987 ਵਿਚ ਇਕ ਐਲਬਮ 'ਦਿਲ ਪੜੋਸੀ ਹੈ' ਆਈ। ਇਸ ਐਲਬਮ ਦੇ ਗੀਤ ਗੁਲਜ਼ਾਰ ਨੇ ਲਿਖੇ, ਸੰਗੀਤ (ਪਿਆਰੇ ਮਿੱਤਰ) ਆਰ.ਡੀ. ਬਰਮਨ ਦਾ ਅਤੇ ਆਵਾਜ਼ ਦਿੱਤੀ ਸੁਰਾਂ ਦੀ ਸ਼ਹਿਜ਼ਾਦੀ ਆਸ਼ਾ ਭੌਸਲੇ ਨੇ। ਇਸ ਤ੍ਰਿਵੈਣੀ ਨੇ ਐਸਾ ਰੰਗ ਬਿਖੇਰਿਆ, ਜੋ ਹਾਲੇ ਤੀਕਰ ਵੀ ਮੱਧਮ ਨਹੀਂ ਹੋਇਆ। ਗੁਲਜ਼ਾਰ ਦੇ ਸ਼ਬਦ ਜਦੋਂ ਗਹਿਰਾ ਲਿਬਾਸ ਪਹਿਨ ਕੇ ਆਰ. ਡੀ. ਬਰਮਨ ਦੇ ਅੱਗੇ ਆਉਂਦੇ ਸੀ, ਆਰ. ਡੀ. ਬਰਮਨ ਨੇ ਹਾਸੇ ਮਜ਼ਾਕ ਵਿਚ ਕਹਿਣਾ-ਅਰੇ ਗੁੱਲੂ ਯਾਰ ਸਿੰਪਲ ਲਿਖਿਆ ਕਰ, ਜੋ ਹਰ ਇਕ ਦੇ ਸਮਝ ਆ ਜਾਵੇ। ਆਰ. ਡੀ. ਬਰਮਨ ਦੀ ਗੱਲ ਸੁਣਦੇ ਹੀ ਆਸ਼ਾ ਭੌਸਲੇ ਬੋਲਦੀ-ਕਿਉਂ, ਮੇਰੇ ਵੀਰ ਨੂੰ ਅਜਿਹਾ ਬੋਲਦੇ ਹੋ, ਸਾਰੀ ਇੰਡਸਟਰੀ ਵਿਚ ਇਸ ਦਾ ਕੋਈ



ਜਵਾਬ ਨਹੀਂ ਹੈ। ਗੁਲਜ਼ਾਰ ਦੇ ਸ਼ਬਦ ਮੇਰੀ ਆਵਾਜ਼ ਨੂੰ ਹੋਰ ਵੀ ਸੁਰੀਲੀ ਕਰ ਦਿੰਦੇ ਹਨ। 'ਦਿਲ ਪੜੋਸੀ ਹੈ' ਐਲਬਮ ਦੀ ਰਿਕਾਰਡਿੰਗ ਤੋਂ ਪਹਿਲਾਂ ਜਦੋਂ ਵੀ ਗੁਲਜ਼ਾਰ, ਆਰ. ਡੀ. ਬਰਮਨ, ਆਸ਼ਾ ਭੌਸਲੇ ਇਕੱਠੇ ਬੈਠਦੇ, ਇਕ ਇਕ ਗੀਤ ਬਾਰੇ ਕਾਫ਼ੀ ਚਰਚਾ ਹੁੰਦੀ। ਇਸ ਗੀਤ ਵਿਚ ਫਲਾਣਾ ਸ਼ਬਦ ਕਿਸ ਤਰ੍ਹਾਂ ਆਇਆ? ਆਸ਼ਾ ਭੌਸਲੇ ਨੇ ਗੁਲਜ਼ਾਰ ਨੂੰ ਸਵਾਲ ਕੀਤਾ ਕਿ ਤੁਹਾਡੇ ਇਕ ਗੀਤ ਵਿਚ ਗੋਟਾ ਸ਼ਬਦ ਆਉਂਦਾ ਹੈ, ਇਹ ਕਿਸ ਚੀਜ਼ ਦਾ ਨਾਮ ਹੈ? ਆਰ.ਡੀ. ਬਰਮਨ ਵੀ ਇਹ ਸਵਾਲ ਕਾਫ਼ੀ ਚਿਰ ਤੋਂ ਗੁਲਜ਼ਾਰ ਕੋਲੋਂ ਪੁੱਛਣਾ ਚਾਹੁੰਦਾ ਸੀ। ਗੁਲਜ਼ਾਰ ਨੇ ਕਿਹਾ, 'ਗੋਟਾ ਸੋਨੇ ਦੀ ਚਮਕ ਵਰਗਾ ਹੁੰਦਾ ਹੈ, ਇਸ ਨੂੰ ਚੁੰਨੀ ਦੇ ਕਿਨਾਰੇ 'ਤੇ ਲਾਇਆ ਜਾਂਦਾ ਹੈ, ਖ਼ਾਸ ਕਰਕੇ ਵਿਆਹਾਂ ਵਿਚ ਕੁੜੀਆਂ ਇਸ ਦੀ ਵਰਤੋਂ ਕਰਦੀਆਂ ਹਨ। ਚੁੰਨੀ 'ਤੇ ਲੱਗਾ ਗੋਟਾ ਬਹੁਤ ਸੁੰਦਰ ਲੱਗਦਾ ਹੈ।' ਗੁਲਜ਼ਾਰ ਨੇ ਗੀਤ ਵਿਚ ਤਸ਼ਬੀਹ ਦਿੱਤੀ ਸੀ ਕਿ ਉਹ 'ਚੁਨਰੀ ਕੇ ਗੋਟੇ ਜੈਸੀ' ਲੱਗਦੀ ਹੈ। ਸਾਰੀ ਗੱਲ ਸੁਣ ਕੇ ਆਸ਼ਾ ਭੌਸਲੇ ਬੋਲੀ, ਤੁਸੀਂ ਇਕ ਗੀਤ ਵਿਚ ਬੱਦਲ ਨੂੰ ਗੋਟਾ ਲਗਾਇਆ ਹੈ। ਆਰ. ਡੀ. ਬਰਮਨ ਕਹਿਣ ਲੱਗੇ-ਇਹ ਗੁਲਜ਼ਾਰ ਹੈ, ਚੰਦਰਮਾ ਨੂੰ ਵੀ ਗੋਟਾ ਲਗਾ ਸਕਦਾ ਹੈ। 'ਦਿਲ ਪੜੋਸੀ ਹੈ' ਇਸ ਐਲਬਮ ਦਾ ਇਹ ਪਹਿਲਾ ਗੀਤ ਸੀ, 'ਭੀਨੀ ਭੀਨੀ ਬੂਰ ਆਈ'। ਇਕ ਸਵਾਲ ਆਰ. ਡੀ. ਬਰਮਨ ਨੇ ਗੁਲਜ਼ਾਰ ਨੂੰ ਇਹ ਕੀਤਾ, 'ਦਿਲ ਢੂੰਡਤਾ ਹੈ ਫ਼ੁਰਸਤ ਕੇ ਵਹੀ ਰਾਤ ਦਿਨ' ਗੀਤ ਬਾਰੇ ਕਿ ਇਸ ਗੀਤ ਦਾ ਪਿਛੋਕੜ ਕੀ ਹੈ? ਇਸ ਗੀਤ ਨੂੰ ਸੰਗੀਤ ਮਦਨ ਮੋਹਨ ਨੇ ਦਿੱਤਾ ਸੀ। ਗੁਲਜ਼ਾਰ ਨੇ ਕਿਹਾ-''ਬਰਮਨ ਸਾਹਿਬ ਇਸ ਗੀਤ ਦਾ ਜੋ ਮੁਖੜਾ ਹੈ, ਉਹ ਗ਼ਾਲਿਬ ਦੀ ਗ਼ਜ਼ਲ ਦੇ ਸ਼ਿਅਰ ਦਾ ਹੈ।

ਦਿਲ ਢੂੰਡਤਾ ਹੈ ਫਿਰ ਵਹੀ ਫ਼ੁਰਸਤ ਕੇ ਰਾਤ ਦਿਨ
ਬੈਠੇ ਰਹੇਂ ਤਸੱਵੁਰਿ-ਜਾਨਾਂ ਕੀਏ ਹੂਏ

ਗ਼ਾਲਿਬ ਦੇ ਕੁਝ ਸ਼ਿਅਰਾਂ 'ਤੇ ਮੈਂ ਨਜ਼ਮਾਂ ਵੀ ਲਿਖੀਆਂ ਹਨ। ਮੈਂ ਸੋਚਦਾ ਹਾਂ ਕਿ ਗ਼ਾਲਿਬ ਕਿਸ ਤਰ੍ਹਾਂ ਦੇ ਫ਼ੁਰਸਤ ਦੇ ਪਲ ਲੱਭ ਰਿਹਾ ਹੋਵੇਗਾ। ਮੈਂ ਤਕਰੀਬਨ ਇਸ ਵਿਸ਼ੇ ਨੂੰ ਅੱਗੇ ਰੱਖ ਕੇ ਇਹ ਗੀਤ ਲਿਖਿਆ, ਜੋ ਤੁਹਾਡੀ ਸਾਰਿਆਂ ਦੀ ਪਸੰਦ ਬਣਿਆ।' ਆਸ਼ਾ ਭੌਸਲੇ ਨੂੰ ਇਸ ਗੀਤ ਵਿਚ ਜੋ ਸ਼ਬਦ 'ਫ਼ੁਰਸਤ' ਹੈ, ਬਹੁਤ ਪਸੰਦ ਆਇਆ। ਉਸ ਦੇ ਕਹਿਣ ਮੁਤਾਬਕ ਇਸ ਗੀਤ ਦਾ ਦਿਲ ਹੈ 'ਫ਼ੁਰਸਤ' ਸ਼ਬਦ। ਪਰ ਜਿਸ ਤਰ੍ਹਾਂ ਮਦਨ ਮੋਹਨ ਨੇ ਇਸ ਗੀਤ ਨੂੰ ਕੰਪੋਜ਼ ਕੀਤਾ, ਕਿਆ ਬਾਤ ਹੈ। ਐਸਾ ਸੰਗਮ ਜਦੋਂ ਹੁੰਦਾ ਹੈ, ਫਿਰ ਕੋਈ ਨਾ ਕੋਈ ਤਾਂ ਕ੍ਰਿਸ਼ਮਾ ਹੋਣਾ ਹੀ ਹੁੰਦਾ ਹੈ।

1988 ਵਿਚ ਗੁਲਜ਼ਾਰ ਨੇ ਨਸੀਰੁੱਦੀਨ ਸ਼ਾਹ ਨੂੰ ਲੈ ਕੇ ਦੂਰਦਰਸ਼ਨ ਲਈ 'ਮਿਰਜ਼ਾ ਗ਼ਾਲਿਬ' ਸੀਰੀਅਲ ਬਣਾਇਆ। ਇਸ ਤੋਂ ਪਹਿਲਾਂ ਉਹ ਮਿਰਜ਼ਾ ਗ਼ਾਲਿਬ 'ਤੇ ਫ਼ਿਲਮ ਬਣਾਉਣਾ ਚਾਹੁੰਦਾ ਸੀ, ਕਿਸੇ ਕਾਰਨ ਫ਼ਿਲਮ ਬਣ ਨਾ ਸਕੀ। 'ਮਿਰਜ਼ਾ ਗ਼ਾਲਿਬ' ਸੀਰੀਅਲ ਤੋਂ ਪਹਿਲਾਂ ਨਸੀਰੁੱਦੀਨ ਗੁਲਜ਼ਾਰ ਨੂੰ ਕਾਫ਼ੀ ਚਿੱਠੀਆਂ ਲਿਖਦਾ ਹੁੰਦਾ ਸੀ ਕਿ ਜਦੋਂ 'ਮਿਰਜ਼ਾ ਗ਼ਾਲਿਬ' ਸੀਰੀਅਲ ਬਣਾਇਆ ਤਾਂ ਗ਼ਾਲਿਬ ਦਾ ਰੋਲ ਮੈਂ ਹੀ ਕਰਾਂਗਾ। ਮੇਰੇ ਤੋਂ ਬਗ਼ੈਰ ਇਹ ਰੋਲ ਹੋਰ ਕੋਈ ਨਿਭਾਅ ਵੀ ਨਹੀਂ ਸਕਦਾ। ਹੋਇਆ ਵੀ ਇਸ ਤਰ੍ਹਾਂ ਹੀ। ਇਸ ਰੋਲ ਵਿਚ ਨਸੀਰੁੱਦੀਨ ਨੇ ਜੋ ਨਿਸ਼ਾਨ ਛੱਡੇ, ਉਹ ਅਜੇ ਤੀਕਰ ਬਰਕਰਾਰ ਹਨ। 'ਮਿਰਜ਼ਾ ਗ਼ਾਲਿਬ' ਸੀਰੀਅਲ ਦਿੱਲੀ ਦੂਰਦਰਸ਼ਨ ਦੀ ਅਜਿਹੀ ਭੇਟ ਸੀ ਕਿ ਜਦੋਂ ਇਹ ਟੀ.ਵੀ. 'ਤੇ ਆਉਣ ਦਾ ਸਮਾਂ ਹੁੰਦਾ ਸੀ, ਲੋਕ ਸਾਰੇ ਕੰਮ ਨਬੇੜ ਕੇ ਟੀ.ਵੀ. ਅੱਗੇ ਚੌਂਕੜੀ ਮਾਰ ਕੇ ਬੈਠ ਜਾਂਦੇ ਸਨ। ਇਸ ਸੀਰੀਅਲ ਦੀ ਖ਼ੂਬਸੂਰਤੀ ਇਹ ਵੀ ਸੀ ਕਿ ਇਹ ਭਾਵਨਾਤਮਕ ਅਤੇ ਰਚਨਾਤਮਕ ਪੱਖ ਤੋਂ ਕਿਸੇ ਗੱਲੋਂ ਵੀ ਊਣਾ ਨਹੀਂ ਸੀ। ਇਹ ਉਰਦੂ ਦੀ ਪਹਿਲੀ ਅਜਿਹੀ ਰਚਨਾ ਸੀ ਜੋ ਪਰਦੇ ਉੱਤੇ ਹਰ ਧਰਮ ਦਾ ਆਦਮੀ ਵੇਖਦਾ ਸੀ। ਗੁਲਜ਼ਾਰ ਹਰ ਕਲਾਕਾਰ ਦੇ ਕਿਰਦਾਰ ਨੂੰ ਸੂਈ ਦੇ ਨੱਕੇ ਰਾਹੀਂ ਕੱਢਣਾ ਜਾਣਦਾ ਹੈ। ਉਹ ਕਲਾ ਨੂੰ ਇਸ ਤਰ੍ਹਾਂ ਤਰਾਸ਼ਦਾ ਹੈ ਕਿ ਪੱਥਰ ਵਿਚੋਂ ਵੀ ਮੂਰਤੀ ਦਿਸਣ ਲੱਗ ਪੈਂਦੀ ਹੈ। ਉਸ ਨੂੰ ਪਤਾ ਹੈ, ਦਾਤੀ ਦੀ ਝਰੀ 'ਤੇ ਚੰਡ ਕਿੱਦਾਂ ਮਾਰਨੀ ਹੈ।

ਮਿਰਜ਼ਾ ਗ਼ਾਲਿਬ ਦੀ ਸ਼ਾਇਰੀ ਨੂੰ ਜਗਜੀਤ ਸਿੰਘ ਨੇ ਸੰਗੀਤ ਦੀਆਂ ਐਸੀਆਂ ਧੁਨਾਂ ਦਿੱਤੀਆਂ, ਅੱਜ ਤੀਕਰ ਹਰ ਕਲਾ ਦੇ ਪੁਜਾਰੀ ਦੇ ਕੰਨਾਂ ਵਿਚ ਰਸ ਘੋਲ਼ਦੀਆਂ ਹਨ। ਗ਼ਾਲਿਬ ਦੀ ਸ਼ਾਇਰੀ ਦੇ ਹਰ ਅੱਖਰ 'ਚੋਂ ਗੁਲਜ਼ਾਰ ਤੇ ਜਗਜੀਤ ਨਜ਼ਰ ਆਉਂਦੇ, ਕਿਉਂਕਿ ਦੋਵਾਂ ਉਰਦੂ ਸ਼ਾਇਰੀ 'ਤੇ ਸੰਗੀਤ ਅਤੇ ਲਿਖਤ ਦੀ ਪੁੱਠ ਹੀ ਐਸੀ ਚਾੜ੍ਹੀ ਸੀ। ਇਸ ਤਰ੍ਹਾਂ ਹੀ ਕੈਮਰਾਮੈਨ ਮਨਮੋਹਨ ਸਿੰਘ, ਜਿਸ ਦੇ ਕੈਮਰੇ ਦੀ ਅੱਖ ਉਸ ਦੀ ਅੱਖ ਤੋਂ ਵੀ ਤੇਜ਼, ਉਹ ਕੈਮਰਾ ਜਿਥੇ ਫ਼ੋਕਸ ਕਰਦਾ, ਕੈਮਰੇ ਦੀ ਅੱਖ ਬੋਲਣ ਲੱਗ ਪੈਂਦੀ। ਉਸ ਦੀ ਨਿਗ੍ਹਾ ਵਿਚ ਪਤਾ ਨਹੀਂ ਕੁਦਰਤ ਨੇ ਕਿਹੜਾ ਲੈਂਜ਼ ਫ਼ਿੱਟ ਕੀਤਾ ਸੀ। ਉਹ ਜਿਸ 'ਤੇ ਨਿਗ੍ਹਾ ਮਾਰਦਾ, ਪੱਥਰ ਨੂੰ ਪਾਰਸ ਬਣਾ ਦਿੰਦਾ। ਉਸ ਦੀ ਕਲਾ ਦਾ ਜਾਦੂ ਬੰਗਾਲ ਦੇ ਕਾਲ਼ੇ ਇਲਮ ਨੂੰ ਵੀ ਮਾਤ ਪਾਉਂਦਾ ਹੈ।

'ਮਿਰਜ਼ਾ ਗ਼ਾਲਿਬ' ਸੀਰੀਅਲ ਦੀ ਸ਼ੂਟਿੰਗ ਤੋਂ ਪਹਿਲਾਂ ਜਦੋਂ ਇਸ ਸੀਰੀਅਲ ਬਾਰੇ ਵਿਚਾਰਾਂ ਹੁੰਦੀਆਂ, ਗੁਲਜ਼ਾਰ ਹਮੇਸ਼ਾ ਨਸੀਰੁੱਦੀਨ ਨੂੰ ਆਖਦੇ-ਗ਼ਾਲਿਬ ਨੂੰ ਪੜ੍ਹ ਪੜ੍ਹ ਕੇ ਆਪਣਾ ਦਿਮਾਗ਼ ਨਾ ਖ਼ਰਾਬ ਕਰ ਲੈਣਾ। ਜੋ ਤੈਨੂੰ ਚਾਹੀਦਾ ਹੈ ਉਹ ਪੂਰੀ ਤਰ੍ਹਾਂ ਸਕ੍ਰਿਪਟ ਵਿਚ ਲਿਖਿਆ ਗਿਆ ਹੈ। ਅਗਰ ਲਿਖਿਆ ਨਹੀਂ ਗਿਆ ਤਾਂ ਸਾਰੀ ਸਕ੍ਰਿਪਟ ਦੁਬਾਰਾ ਲਿਖੀ ਜਾਵੇਗੀ। ਸਿਰਫ਼ ਤੇਰੇ ਲਈ। ਇਹ ਨਸੀਰੁੱਦੀਨ ਦੀ ਖ਼ੁਸ਼ਕਿਸਮਤੀ ਸੀ ਕਿ ਗੁਲਜ਼ਾਰ ਵਰਗਾ ਆਦਮੀ ਉਸ ਨੂੰ ਐਨਾ ਮਾਣ ਦੇ ਰਿਹਾ ਸੀ। ਇਸ ਸੀਰੀਅਲ ਦੇ 12 ਐਪੀਸੋਡ ਸਨ। ਇਨ੍ਹਾਂ ਐਪੀਸੋਡਜ਼ ਨੂੰ ਸ਼ੂਟ ਕਰਨ ਲਈ ਤਕਰੀਬਨ ਸਾਲ ਲੱਗ ਗਿਆ ਸੀ। ਹੁਣ ਤੀਕਰ ਤਦੇ ਤਾਂ ਗ਼ਾਲਿਬ 'ਤੇ ਕੋਈ ਹੋਰ ਫ਼ਿਲਮ ਜਾਂ ਸੀਰੀਅਲ ਨਹੀਂ ਬਣਿਆ। ਸ਼ਾਇਦ ਬਣੇ ਵੀ ਨਾ, ਕਿਉਂਕਿ ਬੰਬਾਂ ਰੇਤਾਂ ਦੇ ਅਰਥ ਗੁਲਜ਼ਾਰ ਹੀ ਜਾਣਦਾ ਹੈ। ਕੰਧ ਦੀ ਕਿੱਦਾਂ ਦਰਜ਼ ਬੰਨ੍ਹਣੀ ਹੈ, ਉਸ ਨੂੰ ਪੌਣਿਆਂ ਡੇਲ੍ਹੀਆਂ ਦੀ ਲੋੜ ਨਹੀਂ ਪੈਂਦੀ। ਉਸ ਦਾ ਇੱਟ ਰੱਖਣ ਦਾ ਤਜਰਬਾ ਹੀ ਐਨਾ ਹੈ ਕਿ ਕੰਧ ਦੀ ਚਿਣਾਈ ਡੋਲਣ ਨਹੀਂ ਦਿੰਦਾ। ਉਸ ਨੂੰ ਪਤਾ ਹੈ ਕੌੜੀ ਨਿੰਮ ਦੇ ਕੀ ਫ਼ਾਇਦੇ ਹਨ। ਜੋ ਫ਼ਿਲਮ ਗੁਲਜ਼ਾਰ ਨੇ ਗ਼ਾਲਿਬ 'ਤੇ ਸ਼ੁਰੂ ਕੀਤੀ ਸੀ, ਉਸ ਵਿਚ ਗ਼ਾਲਿਬ ਦਾ ਰੋਲ ਸੰਜੀਵ ਕੁਮਾਰ ਨੇ ਕਰਨਾ ਸੀ। ਫ਼ਿਲਮ ਬੰਦ ਹੋਣ ਦਾ ਕਾਰਨ ਪੈਸਾ ਸੀ। ਕੋਈ ਚੰਗਾ ਫ਼ਾਈਨਾਂਸਰ ਨਾ ਮਿਲ ਸਕਿਆ। ਨਸੀਰੁੱਦੀਨ ਇਸ ਗੱਲ ਦਾ ਜ਼ਿਕਰ ਹਮੇਸ਼ਾ ਕਰਦਾ ਹੈ ਕਿ ਮੈਂ ਕਾਲਜ ਦੇ ਦਿਨਾਂ ਵਿਚ ਅੰਗਰੇਜ਼ੀ ਲਿਟਰੇਚਰ ਰੱਜ ਕੇ ਪੜ੍ਹਿਆ। ਪਰ ਜਦੋਂ ਬਾਅਦ ਵਿਚ ਗ਼ਾਲਿਬ ਨੂੰ ਪੜ੍ਹਿਆ ਤਾਂ ਪਤਾ ਲੱਗਾ ਕਿ ਆਕਾਸ਼ ਪਰ੍ਹੇ ਤੋਂ ਪਰ੍ਹੇ, ਧਰਤੀ ਥੱਲੇ ਹੋਰ ਬਹੁਤ ਧਰਤੀਆਂ ਹਨ।

'ਮਿਰਜ਼ਾ ਗ਼ਾਲਿਬ' ਵਿਚ ਖ਼ਾਸ ਗੱਲ ਇਹ ਵੀ ਸੀ ਕਿ ਇਸ ਦਾ ਸੰਗੀਤ ਜਗਜੀਤ ਸਿੰਘ ਨੇ ਤਿਆਰ ਕੀਤਾ। ਕੈਮਰਾਮੈਨ ਮਨਮੋਹਨ ਸਿੰਘ ਨੇ ਆਪਣੀ ਫੋਟੋਗ੍ਰਾਫੀ ਦੇ ਜਲਵੇ ਦਿਖਾਏ। ਸਿੰਘ ਤਾਂ ਇਕ ਹੀ ਮਾਣ ਨਹੀਂ। ਇਥੇ ਤਾਂ ਤਿੰਨ ਸਿੰਘ ਇਕੱਠੇ ਕੰਮ ਕਰ ਰਹੇ ਸਨ। ਹਾਂ, ਇਕ ਹੋਰ ਸਿੰਘ ਵੀ ਸੀ, ਉਹ ਰਿਕਾਰਡਿਸਟ ਨਰਿੰਦਰ ਸਿੰਘ ਸੀ। ਸੈੱਟ ਉੱਤੇ ਸਰਦਾਰ ਜੀ, ਸਰਦਾਰ ਜੀ ਹੁੰਦੀ। ਇਨ੍ਹਾਂ ਚਹੁੰਆਂ ਨੇ ਮਿਲ ਕੇ ਉਰਦੂ ਦਾ ਐਸਾ ਸ਼ਾਹਕਾਰ ਸੀਰੀਅਲ ਬਣਾਇਆ, ਜਿਸ ਉੱਤੇ ਹਿੰਦੀ ਸਿਨੇਮੇ ਨੂੰ ਮਾਣ ਹੈ, ਮਾਣ ਰਹੇਗਾ।

ਕਿਸੇ ਪਾਰਟੀ ਵਿਚ ਦੇਵ ਆਨੰਦ ਦੇ ਭਰਾ ਚੇਤਨ ਆਨੰਦ ਨੇ ਕਿਹਾ, 'ਅੱਜ ਕੱਲ੍ਹ ਤਾਂ ਸਰਦਾਰਾਂ ਦੀ ਹਿੰਦੀ ਸਿਨੇਮੇ ਵਿਚ ਤੂਤੀ ਬੋਲਦੀ ਹੈ। ਗੁਲਜ਼ਾਰ ਦੇ ਕੰਮ ਵਿਚੋਂ ਕੰਮ ਬੋਲਦਾ ਹੈ।' ਗੁਲਜ਼ਾਰ ਨੇ ਕਿਹਾ, 'ਚੇਤਨ ਸਾਬ੍ਹ, ਜੇ ਤੁਸੀਂ ਆਖਦੇ ਕਿ ਪੰਜਾਬੀਆਂ ਦੀ ਸਰਦਾਰੀ ਹੈ ਤਾਂ ਹੋਰ ਵੀ ਬਹੁਤ ਖ਼ੁਸ਼ੀ ਹੁੰਦੀ ਕਿਉਂਕਿ ਅਸੀਂ ਸਾਰੇ ਪੰਜਾਬੀ ਹਾਂ, ਪਰ ਮਿੱਤਰੋ ਮੈਂ ਅੱਧਾ ਬੰਗਾਲੀ ਹਾਂ, ਉਹ ਕਿਵੇਂ, ਤੁਹਾਨੂੰ ਪਤਾ ਹੈ, ਅਗਰ ਨਹੀਂ ਪਤਾ ਤਾਂ ਫਿਰ ਦੱਸਾਂਗਾ।' ਸਾਰੇ ਹੱਸਣ ਲੱਗ ਪਏ।

ਗੁਲਜ਼ਾਰ+ਗ਼ਾਲਿਬ ਇਨ੍ਹਾਂ ਦੋਵਾਂ ਨੂੰ ਅਸੀਂ ਵੱਖ ਨਹੀਂ ਵੇਖ ਸਕੇ। ਕਿਉਂਕਿ ਗੁਲਜ਼ਾਰ ਨੇ ਗ਼ਾਲਿਬ ਨੂੰ ਮੁੜ ਕੇ ਜਿਉਂਦਾ ਕਰ ਦਿੱਤਾ। ਗੁਲਜ਼ਾਰ ਅਜਿਹਾ ਇਨਸਾਨ ਹੈ, ਜਿਸ ਨੇ ਹਮੇਸ਼ਾ ਜਾਤ, ਰੰਗ, ਨਸਲ ਦੇ ਭੇਦ ਭਾਵ ਤੋਂ ਉੱਪਰ ਉੱਠ ਕੇ ਹੀ ਕੰਮ ਕੀਤਾ ਹੈ।

ਚਲਦਾ

# ਲੋਕਗੀਤਾਂ ਵਿੱਚ ਅਮਰੀਕੀ ਪੰਜਾਬੀ ਸਭਿਆਚਾਰ

ਲੋਕਗੀਤ ਕਿਸੇ ਵੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਹਨ। ਇਨ੍ਹਾਂ ਨੂੰ ਸਭਿਆਚਾਰ ਦਾ ਸ਼ੀਸ਼ਾ ਵੀ ਕਿਹਾ ਜਾਂਦਾ ਹੈ। ਲੋਕਗੀਤਾਂ ਦਾ ਵਿਸ਼ਾ ਸਾਮਗਰੀ ਅਤੇ ਭਾਵ ਅਰਥ ਮਨੁੱਖ ਦੀਆਂ ਮੁੱਢਲੀਆਂ ਲੋੜਾਂ, ਸੁਭਾਅ, ਇੱਛਾਵਾਂ, ਵਾਤਾਵਰਣ, ਕਿੱਤੇ, ਸ਼ੌਕ ਅਤੇ ਰਹਿਣ-ਸਹਿਣ ਦੇ ਢੰਗ-ਤਰੀਕਿਆਂ ਦੀ ਮੂੰਹ ਬੋਲਦੀ ਤਸਵੀਰ ਹੁੰਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਤਕਨੀਕੀ ਸਿੱਖਿਆ ਨੇ ਬਹੁਤ ਕੁਝ ਬਦਲ ਦਿੱਤਾ ਹੈ। ਇਸ ਲਈ ਲੋਕਗੀਤਾਂ ਦਾ ਵਿਸ਼ਾ-ਸਾਮਗਰੀ ਅਤੇ ਭਾਵ ਅਰਥ ਸਮੇਂ ਦੇ ਨਾਲ਼ ਤਬਦੀਲ ਹੋ ਗਏ ਹਨ।

ਹੱਥਲੇ ਲੇਖ ਵਿੱਚ ਲੋਕਗੀਤਾਂ ਰਾਹੀਂ ਅਮਰੀਕੀ ਪੰਜਾਬੀ ਸਭਿਆਚਾਰ ਦੀ ਝਲਕ ਦਿਖਾਉਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ।

**ਲਾਜ ਨੀਲਮ ਸੈਣੀ**
**ਫੋਨ: 510-502-0551**

ਨਿਰਸੰਦੇਹ, ਪੰਜਾਬੀਆਂ ਨੇ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸੱਤ ਸਮੁੰਦਰ ਪਾਰ ਕਰ ਲਏ। ਅਮਰੀਕਾ ਵਿੱਚ ਮਿੰਨੀ ਪੰਜਾਬ ਵਸਾ ਲਿਆ...ਜੋ ਚੁਫੇਰੇ ਨੱਚਦਾ-ਗਾਉਂਦਾ ਤੇ ਮਹਿਕਾਂ ਵੰਡਦਾ ਹੈ:

ਜੱਟਾਂ ਦੇ ਪੁੱਤ ਜਾਣ ਅਮਰੀਕਾ
ਗਹਿਣੇ ਰੱਖ ਜ਼ਮੀਨਾਂ।
ਦੋ-ਦੋ ਸ਼ਿਫਟਾਂ ਕੰਮ ਨੇ ਕਰਦੇ
ਬਣ ਕੇ ਆਪ ਮਸ਼ੀਨਾਂ।
ਪੱਕੇ ਹੋ ਕੇ ਵਿਆਹ ਕਰਵਾਉਂਦੇ
ਲੱਭ ਕੇ ਕੋਈ ਹਸੀਨਾ।
ਦੇਸੀ ਕੁੜੀਆਂ ਦੇ ਫਿੱਟ ਪੁਆਵਣ ਜੀਨਾਂ

ਅਮਰੀਕਾ ਪਹੁੰਚਦੇ ਹੀ ਇਨ੍ਹਾਂ ਹਸੀਨ ਨੱਢੀਆਂ ਨੇ ਘਰ ਪਰਿਵਾਰ ਸੰਭਾਲੇ, ਵਿਰਸੇ ਨੂੰ ਚਾਰ ਚੰਨ ਲਾਏ ਅਤੇ ਸਭਿਆਚਾਰ ਦੀ ਜਾਗੋ ਕੱਢਦੇ ਹੋਏ ਲੋਕ ਮਨਾਂ ਵਿੱਚ ਚਾਨਣ ਕੀਤਾ। ਘਰਾਂ ਅਤੇ ਪਾਰਕਾਂ ਤੋਂ ਸ਼ੁਰੂ ਹੋਇਆਂ 'ਤੀਆਂ' ਬੈਂਕੁਐਟ ਹਾਲਾਂ ਤੱਕ ਪੁੱਜ ਗਈਆਂ। 'ਤੀਆਂ' ਤੇ 'ਲੋਹੜੀ' ਵਰਗੇ ਤਿਉਹਾਰ ਮੇਲੇ ਦਾ ਰੂਪ ਧਾਰਨ ਕਰ ਗਏ। ਇਸ ਮੌਕੇ ਇਨ੍ਹਾਂ ਪੰਜਾਬਣਾਂ ਨੇ ਲੋਕਗੀਤਾਂ ਦੀ ਸਾਂਭ ਸੰਭਾਲ ਦਾ ਬੀੜਾ ਵੀ ਚੁੱਕਿਆ। ਅਚੇਤ ਤੇ ਸੁਚੇਤ ਰੂਪ ਵਿੱਚ ਲੋਕਗੀਤਾਂ ਨੂੰ ਨਵੇਂ ਅਰਥ ਪ੍ਰਦਾਨ ਕੀਤੇ। ਆਪਣੀ ਹੋਣੀ ਦਾ ਦਰਦ, ਜ਼ਿੰਦਗੀ ਦਾ ਸਫ਼ਰ ਲੋਕਗੀਤਾਂ ਰਾਹੀਂ ਵਿਅਕਤ ਕੀਤਾ।

ਡਾ. ਚਰਨਜੀਤ ਕੌਰ ਨੇ 'ਸਾਡੀਆਂ ਰਸਮਾਂ ਸਾਡੇ ਗੀਤ' ਦੇ ਮੁੱਖਬੰਧ ਵਿਚ ਲਿਖਿਆ ਹੈ, 'ਓਪਰੀ ਧਰਤੀ 'ਤੇ ਜਾ ਕੇ ਉਥੋਂ ਦੀ ਭਾਸ਼ਾ ਤਾਂ ਸਿੱਖੀ ਜਾ ਸਕਦੀ ਹੈ, ਉਥੋਂ ਦਾ ਪਹਿਰਾਵਾ ਪਹਿਨਿਆ ਜਾ ਸਕਦਾ ਹੈ, ਪਰ ਉਥੋਂ ਦੇ ਲੋਕਗੀਤ ਨਹੀਂ ਗਾਏ ਜਾ ਸਕਦੇ ਕਿਉਂਕਿ ਲੋਕਗੀਤ ਵਿਚ ਉਸਦੀ ਪਰੰਪਰਾ ਵੀ ਸ਼ਾਮਲ ਹੁੰਦੀ ਹੈ।'

ਅਮਰੀਕਾ ਵਸਦੀਆਂ ਪੰਜਾਬਣਾਂ ਇਸ ਕਥਨ 'ਤੇ ਖਰੀਆਂ ਉਤਰੀਆਂ। ਇੱਥੋਂ ਦੀ ਭਾਸ਼ਾ ਸਿੱਖੀ, ਖਾਣ-ਪੀਣ, ਪਹਿਰਾਵਾ ਬਦਲਿਆ...ਪਰ ਲੋਕਗੀਤਾਂ ਦੀ ਪਰੰਪਰਾ ਬਰਕਰਾਰ ਰੱਖੀ। ਲਿਟਲ ਇੰਗਲਿਸ਼ ਅਤੇ ਲਿਟਲ ਪੰਜਾਬੀ ਬੋਲ ਕੇ ਆਪਣੇ ਦਿਲ ਦੀਆਂ ਗੁੰਝਲਾਂ ਖੋਲ੍ਹਦੇ ਅਜਿਹੇ ਗੀਤ ਸਿਰਜੇ...ਜੋ ਇੰਟਰਨੈੱਟ ਦੇ ਮਾਧਿਅਮ ਰਾਹੀਂ ਜ਼ੁਬਾਨ ਤੱਕ ਪਹੁੰਚ ਕੇ...ਇੱਕ ਥਾਂ ਤੋਂ ਦੂਜੀ ਥਾਂ ਦਾ ਸਫ਼ਰ ਤੈਅ ਕਰਦੇ ਹੋਏ ਲੋਕਗੀਤ ਬਣ ਗਏ:

ਡੌਂਟ ਟੱਚ ਮਾਈ ਘੱਗਰੀ ਪਲੱਮ ਰਸੀਆ
ਡੌਂਟ ਟੱਚ ਮਾਈ!
ਆਈ ਲਵ ਜਸਟ ਮਾਈ ਪਤਲੀ ਕਮਰੀਆ
ਯੂ ਆਰ ਭੈੜਾ ਭੈੜਾ ਫੈਟੀ ਰਸੀਆ
ਡੌਂਟ ਟੱਚ ਮਾਈ!
ਆਈ ਲਵ ਜਸਟ ਮਾਈ
ਗੋਰਾ ਗੋਰਾ ਸੁਹਣਾ ਰੰਗ
ਯੂ ਆਰ ਤਵੇ ਤੋਂ ਵੀ ਕਾਲਾ ਰਸੀਆ
ਡੌਂਟ ਟੱਚ ਮਾਈ!
ਆਈ ਲਵ ਜਸਟ ਮਾਈ
ਛੋਟੇ ਛੋਟੇ ਕਾਲੇ ਵਾਲ
ਯੂ ਆਰ ਟੋਟਲੀ ਗੰਜਾ ਰਸੀਆ
ਡੌਂਟ ਟੱਚ ਮਾਈ!
ਡੌਂਟ ਟੱਚ ਮਾਈ ਘੱਗਰੀ ਪਲੱਮ ਰਸੀਆ

ਉਪਰੋਕਤ ਵਿਅੰਗਮਈ ਗੀਤ ਵਿੱਚ ਪੰਜਾਬਣਾਂ ਦਾ ਦਰਦ, ਉਨ੍ਹਾਂ ਦੀ ਪਸੰਦ ਅਤੇ ਨਾ ਪਸੰਦ ਦੀ ਝਲਕ ਸਪਸ਼ਟ ਦਿਖਾਈ ਦਿੰਦੀ ਹੈ।

ਅਮਰੀਕਾ ਦੀ ਧਰਤੀ 'ਤੇ ਪੰਜਾਬੀਆਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਇਹ ਹਸਪਤਾਲ, ਕਾਲਜ, ਸਕੂਲ, ਡਾਕਖਾਨੇ, ਰੀਅਲ ਐਸਟੇਟ, ਸੈਨੇਟ, ਹਾਈਟੈੱਕ, ਟਰਾਂਸਪੋਰਟ ਆਦਿ ਹਰ ਖੇਤਰ ਵਿੱਚ ਹੀ ਛਾਏ ਹੋਏ ਹਨ। ਇਨ੍ਹਾਂ ਦੇ ਕੰਮਾਂ-ਕਾਰਾਂ ਦੀ ਝਲਕ ਨਿਮਨਲਿਖਤ ਗਿੱਧੇ ਦੀਆਂ ਬੋਲੀਆਂ ਵਿੱਚੋਂ ਮਿਲਦੀ ਹੈ:

ਬੱਲੇ ਬੱਲੇ ਬਈ ਡਾਲਰਾ ਤੂੰ ਬੜਾ ਜੁਗਤੀ
ਜੱਟ ਚਿੱਠੀਆਂ ਵੰਡਣ 'ਤੇ ਲਾਇਆ

ਪੰਜਾਬ ਤੋਂ ਐਮ ਏ ਪਾਸ ਕਰਕੇ ਆਈ ਪੰਜਾਬਣ ਪੋਸਟ ਆਫ਼ਿਸ ਵਿੱਚ ਕੰਮ ਕਰਦੀ...ਹਾੜ੍ਹ-ਸਿਆਲ ਆਪਣੇ ਪਿੰਡੇ 'ਤੇ ਹੰਢਾਉਂਦੀ ਹੈ। ਕੜਕਦੀ ਧੁੱਪ ਵਿੱਚ ਚਿੱਠੀਆਂ ਵੰਡਦੀ ਪਸੀਨੋ-ਪਸੀਨਾ ਹੋਈ ਮਨ ਹੀ ਮਨ ਮਾਪਿਆਂ ਨੂੰ ਨਿਹੋਰੇ ਮਾਰਦੀ ਹੈ:

ਬੱਲੇ ਬੱਲੇ ਬਈ ਬਾਪੂ ਤੇਰੇ ਕੁੜਮਾਂ ਨੇ,
ਧੀ ਚਿੱਠੀਆਂ ਵੰਡਣ 'ਤੇ ਲਾਈ

ਇਥੇ ਹੀ ਗੱਲ ਨਹੀਂ ਮੁੱਕਦੀ ਸਿਖਰ ਦੁਪਹਿਰੇ ਚਿੱਠੀਆਂ ਵੰਡਦੀ ਨੂੰ ਚੇਤੇ ਆਉਂਦੀ ਹੈ...ਆਪਣੇ ਖੇਤਾਂ ਨੂੰ ਭੱਤਾ ਢੋਂਦੇ ਵਕਤ ਵੱਟਾਂ 'ਤੇ ਚੀਕੂੰ ਚੀਕੂੰ ਕਰਦੀ ਪੰਜਾਬੀ ਜੁੱਤੀ, ਗੁੱਤ ਦਾ ਲਾਲ ਪਰਾਂਦਾ, ਸਿਰ ਦੀ ਸੂਹੀ ਫੁਲਕਾਰੀ ਅਤੇ ਤੂਤਾਂ ਦੀ ਠੰਢੀ-ਠੰਢੀ ਛਾਂ:

ਬੱਲੇ ਬੱਲੇ ਬਈ ਧੁੱਪ ਵਿੱਚ ਵੰਡੇ ਚਿੱਠੀਆਂ
ਜੱਟੀ ਪੰਦਰਾਂ ਮੁਰੱਬਿਆਂ ਵਾਲੀ।

ਪੰਜਾਬੀਆਂ ਦੀ ਵੱਡੀ ਗਿਣਤੀ ਟਰੱਕਾਂ ਦੇ ਕਾਰੋਬਾਰ ਨਾਲ ਜੁੜੀ ਹੋਈ ਹੈ। ਇਨ੍ਹਾਂ ਦੀ ਆਮਦਨ ਵੀ ਚੋਖੀ ਹੈ ਅਤੇ ਘਰ ਵੀ ਵਧੀਆ ਹਨ...ਇਸ ਦੇ ਬਾਵਜੂਦ ਇਨ੍ਹਾਂ ਦੇ ਦਿਲ ਦੀਆਂ ਰਾਣੀਆਂ ਵੱਖਰੀ ਤਰ੍ਹਾਂ ਦੇ ਮਹਿਲਾਂ ਦੀ ਮੰਗ ਕਰਦੀਆਂ ਹਨ:

ਮੇਰੇ ਹਨੀ! ਬਿਊਟੀਫੁੱਲ ਹਾਊਸ ਬਣਾ!
ਮੇਰੇ ਹਨੀ! ਬਿਊਟੀਫੁੱਲ ਹਾਊਸ ਬਣਾ!
ਮੇਰੇ ਹਨੀ! ਖੁੱਲ੍ਹੀ ਡੁੱਲ੍ਹੀ ਥਾਂ
ਤੂੰ ਵੀ ਸੌਵੇਂ ਤੇ ਮੈਂ ਵੀ ਸੌਵਾਂ
ਮੇਰੇ ਹਨੀ! ਫਲੋਰ 'ਤੇ ਪਵੇ ਤੇਰੀ ਮਾਂ!
ਮੇਰੇ ਹਨੀ! ਬਿਊਟੀਫੁੱਲ ਹਾਊਸ ਬਣਾ!
ਮੇਰੇ ਹਨੀ! ਟੈਸਲਾ ਕਾਰ ਲਿਆ
ਮੇਰੇ ਹਨੀ! ਟੈਸਲਾ ਕਾਰ ਲਿਆ
ਤੂੰ ਵੀ ਬੈਠੇਂ ਤੇ ਮੈਂ ਵੀ ਬੈਠਾਂ
ਮੇਰੇ ਹਨੀ! ਖੜ੍ਹੀ ਤੱਕੇ ਤੇਰੀ ਮਾਂ!
ਮੇਰੇ ਹਨੀ! ਵਾਈਨ-ਸਕੌਚ ਮੰਗਾ
ਤੂੰ ਵੀ ਪੀਵੇਂ ਤੇ ਮੈਂ ਵੀ ਪੀਵਾਂ
ਮੇਰੇ ਹਨੀ! ਗਲਾਸ ਚੁੱਕੇ ਤੇਰੀ ਮਾਂ
ਮੇਰੇ ਹਨੀ! ਬਿਊਟੀਫੁੱਲ ਹਾਊਸ ਬਣਾ!
ਮੇਰੇ ਹਨੀ! ਲੈਂਗ ਪੀਸ ਮੰਗਾ
ਤੂੰ ਵੀ ਖਾਵੇਂ ਤੇ ਮੈਂ ਵੀ ਖਾਵਾਂ
ਮੇਰੇ ਹਨੀ! ਬੋਨ ਚੁੱਕੇ ਤੇਰੀ ਮਾਂ!
ਮੇਰੇ ਹਨੀ! ਬਿਊਟੀਫੁੱਲ ਹਾਊਸ ਬਣਾ!
ਮੇਰੇ ਹਨੀ! ਸਵਿੰਮਿੰਗ ਪੂਲ ਬਣਾ
ਮੇਰੇ ਹਨੀ! ਸਵਿੰਮਿੰਗ ਪੂਲਾ ਬਣਾ
ਤੂੰ ਵੀ ਤੈਰੇਂ ਤੇ ਮੈਂ ਵੀ ਤੈਰਾਂ
ਮੇਰੇ ਹਨੀ! ਗੋਤੇ ਖਾਵੇ ਤੇਰੀ ਮਾਂ!
ਮੇਰੇ ਹਨੀ! ਬਿਊਟੀਫੁੱਲ ਹਾਊਸ ਬਣਾ!

ਅਮਰੀਕੀ ਪੰਜਾਬੀ ਲੋਕਗੀਤਾਂ ਨੂੰ ਗਹੁ ਨਾਲ ਵਾਚੀਏ ਤਾਂ ਇਨ੍ਹਾਂ ਵਿਚ ਸਕਾਰਾਤਮਕ ਸੋਚ ਦਾ ਪੱਲਾ ਭਾਰੂ ਰਹਿੰਦਾ ਹੈ। ਰਿਸ਼ਤਿਆਂ ਦੀ ਖ਼ੁਸ਼ਬੂ ਮਨ ਮੋਹ ਲੈਂਦੀ ਹੈ। ਅਮਰੀਕਾ ਵਸਦੀਆਂ ਪੰਜਾਬਣਾਂ ਨੂੰਹ-ਸੱਸ ਦੇ ਕੁੜੱਤਣ ਭਰੇ ਰਿਸ਼ਤੇ ਨੂੰ ਸ਼ਬਦਾਂ ਦੀ ਚਾਸ਼ਨੀ ਵਿਚ ਡੁਬੋ ਦਿੰਦੀਆਂ ਹਨ। ਅਮਰੀਕੀ ਸਭਿਆਚਾਰ ਤੋਂ ਪ੍ਰਭਾਵਿਤ ਬੱਚੇ ਉਡਾਰੂ ਹੁੰਦੇ ਹੀ ਅੱਡ ਰਹਿਣਾ ਪਸੰਦ ਕਰਦੇ ਹਨ। ਆਤਮ ਨਿਰਭਰ ਹੋਣਾ ਲੋਚਦੇ ਹਨ। ਪ੍ਰਾਈਵੇਸੀ ਅਤੇ ਆਜ਼ਾਦੀ ਭਾਲਦੇ ਹਨ। ਮਾਪੇ ਵੀ ਇਸ ਗੱਲ ਲਈ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਤਿਆਰ ਕਰ ਲੈਂਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਹਨੀਮੂਨ ਤੋਂ ਬਾਅਦ ਜੋੜੀ ਨੇ ਆਪਣੇ ਵੱਖਰੇ ਰਹਿਣ ਦਾ ਪ੍ਰਬੰਧ ਕਰ ਲਿਆ ਹੈ। ਅਸਲ ਵਿੱਚ ਅਜੋਕੀਆਂ ਸੱਸਾਂ ਵੀ ਆਪਣੇ ਹਿੱਸੇ ਦੀ ਆਜ਼ਾਦੀ ਮਾਣਨਾ ਚਾਹੁੰਦੀਆਂ ਹਨ:

ਹਰ ਵੇਲੇ ਸੱਸ ਮੇਰੀ ਰਹਿੰਦੀ ਔਨ ਲਾਈਨ
ਫ਼ੇਸ ਬੁੱਕ ਦਾ ਅਕਾਊਂਟ ਬਣਾਇਆ
ਬਈ ਉਮਰਾਂ 'ਚ ਕੀ ਰੱਖਿਆ
ਉਹਨੇ ਲਿਖ ਕੇ ਸਟੇਟਸ ਪਾਇਆ।

ਦੂਜੇ ਪਾਸੇ ਨੂੰਹਾਂ ਵੀ ਸੱਸ ਨੂੰ ਮਾਂ ਮੰਨਣ ਲਈ ਤਿਆਰ ਹੁੰਦੀਆਂ ਹਨ। ਵਿਆਹ ਤੋਂ ਬਾਅਦ ਨੂੰਹ-ਪੁੱਤ ਦਾ ਵੀਕੈਂਡ 'ਤੇ ਮਿਲਣ ਆਉਣਾ ਆਪਣੇ ਆਪ ਵਿੱਚ ਵਿਸ਼ੇਸ਼ ਬਣ ਜਾਂਦਾ ਹੈ। ਮਿਲਣ ਦੀ ਤਾਂਘ ਬਣੀ ਰਹਿੰਦੀ ਹੈ। ਇਸ ਤਾਂਘ ਵਿੱਚੋਂ ਹੀ ਮੋਹ ਜਨਮ ਲੈਂਦਾ ਹੈ:

ਪਿੱਪਲੀ ਦੀ ਠੰਢੀ ਠੰਢੀ ਛਾਂ ਵਰਗੀ
ਮੇਰੀ ਸੱਸ ਮੈਨੂੰ ਲੱਗੇ ਸਹੀਓ ਮਾਂ ਵਰਗੀ
ਹਰ ਵੀਕੈਂਡ 'ਤੇ ਕਾਲ ਕਰੇ ਉਹ
ਮੈਂ ਤਿਊੜੀ ਕਿਉਂ ਪਾਵਾਂ
ਸੱਸ ਮੇਰੀ ਮਾਂ ਵਰਗੀ
ਮੈਂ ਮਿਲਣ ਕਿਉਂ ਨਾ ਜਾਵਾਂ

ਕੰਮ ਕਾਰ ਤੋਂ ਬਾਅਦ ਥੱਕੀ-ਟੁੱਟੀ ਪੰਜਾਬਣ ਦੁਆਬੇ ਦੀਆਂ ਅੰਬੀਆਂ ਨੂੰ ਯਾਦ ਕਰਦੀ ਹੋਈ ਆਪਣੇ ਚੰਨ ਨੂੰ ਫੋਨ ਮਿਲਾ ਦਿੰਦੀ ਹੈ:

ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਬੂਰ ਵੇ
ਕਰ ਕਰ ਕੰਮ ਹੋਈ ਥੱਕ ਕੇ ਮੈਂ ਚੂਰ ਵੇ
ਲੈਂਦਾ ਆਵੀਂ ਪੀਜ਼ਾ ਚੰਨਾ ਬੜਾ ਮਸ਼ਹੂਰ ਵੇ।

ਦੂਜੇ ਪਾਸੇ ਸਾਗ ਦੇ ਸ਼ੁਕੀਨ ਚੰਨ ਮਾਹੀ ਦਾ ਨਿਹੋਰਾ ਅਤੇ ਮਨ ਦੀ ਵੇਦਨਾ ਵੀ ਬੋਲੀ ਦਾ ਰੂਪ ਧਾਰਨ ਕਰ ਲੈਂਦੀ ਹੈ:

ਨਾ ਸਾਗ ਨਾ ਮੱਕੀ ਦੀਆਂ ਰੋਟੀਆਂ
ਸਾਨੂੰ ਕਦੇ ਥਿਆਈਆਂ
ਬਣਾਉਂਦੀਆਂ ਪੀਜ਼ੇ ਹੁਣ
ਨਣਦਾਂ ਤੇ ਭਰਜਾਈਆਂ।

ਗਲੋਬਲ ਮੰਡੀ ਦੀ ਚਕਾਚੌਂਧ ਨੇ ਅੱਖਾਂ ਚੁੰਧਿਆ ਦਿੱਤੀਆਂ ਹਨ। ਇੰਟਰਨੈੱਟ ਦੀ ਦੁਨੀਆਂ ਦਾ ਆਪਣਾ ਦਸਤੂਰ ਹੈ। ਨਵੇਂ ਰਿਸ਼ਤੇ ਨਾਤੇ ਵੀ ਸੋਸ਼ਲ ਮੀਡੀਆ ਰਾਹੀਂ ਬਣ ਰਹੇ ਹਨ। ਦੋਸਤੀਆਂ ਫ਼ੇਸ ਬੁੱਕ, ਇੰਸਟਾਗ੍ਰਾਮ ਰਾਹੀਂ ਹੁੰਦੀਆਂ ਹਨ।



ਪਹਿਲਾਂ ਮਾਂ-ਬਾਪ ਬੱਚਿਆਂ ਲਈ ਰਿਸ਼ਤੇ ਲੱਭਦੇ ਸਨ। ਦੋ ਪਰਿਵਾਰਾਂ ਦੇ ਮੇਲ ਹੁੰਦੇ ਸਨ। ਹੁਣ ਬੱਚੇ ਮਿਲਦੇ ਹਨ। 'ਡੇਟ' 'ਤੇ ਜਾਂਦੇ ਹਨ। ਇਕੱਠੇ ਰਹਿਣਾ ਸ਼ੁਰੂ ਕਰ ਦਿੰਦੇ ਹਨ ਅਤੇ ਫਿਰ ਜਾ ਕੇ ਵਿਆਹ ਕਰਵਾਉਂਦੇ ਹਨ:

ਨਾ ਹੀ ਹੁਣ ਕੋਈ ਸੰਗ ਸ਼ਰਮ
ਤੇ ਨਾ ਹੀ ਰਹਿ ਗਿਆ ਓਹਲਾ
ਮੁੰਡੇ-ਕੁੜੀਆਂ ਦਾ ਇੰਟਰਨੈੱਟ ਵਿਚੋਲਾ

ਜਨਮ ਦਿਨ ਦੇ ਤੋਹਫ਼ੇ ਦੇ ਵਿੱਚ ਮਿਲੀ 'ਐਪਲ ਵਾਚ' ਕਾਰਣ ਮਾਹੀ ਦਾ ਫੋਨ ਸੁਣਨਾ ਹੋਰ ਵੀ ਸੌਖਾ ਹੋ ਗਿਆ ਹੈ। ਕੰਮ ਕਰਦੇ, ਤੁਰਦੇ ਫਿਰਦੇ ਜਦੋਂ ਗੁੱਟ 'ਤੇ ਬੱਝੀ 'ਐਪਲ ਵਾਚ' 'ਤੇ ਫੋਨ ਦੀ ਘੰਟੀ ਸੁਣਦੀ ਹੈ ਤਾਂ ਤੀਆਂ ਵਿੱਚ ਅੱਡੀ ਨਾਲ ਧਰਤੀ ਹਿਲਾਉਂਦੀ ਪੰਜਾਬਣ ਬੋਲੀ ਪਾਉਂਦੀ ਹੈ:

ਸਉਣ ਮਹੀਨੇ ਮੀਂਹ ਪਿਆ ਪੈਂਦਾ
ਨਾਲੇ ਬੱਦਲ ਗੱਜੇ
ਜਿਹੜੀ ਜਨਮ ਦਿਨ 'ਤੇ ਲੈ ਦਿੱਤੀ
'ਐਪਲ ਵਾਚ' 'ਤੇ ਘੰਟੀ ਵੱਜੇ
**********************
ਦੇਸ ਪੰਜਾਬ ਤੋਂ ਉਡਿਆ ਬੱਦਲ
ਅਮਰੀਕਾ ਆ ਕੇ ਗੱਜਿਆ
ਨੀ ਰਾਤੀਂ ਰੋਂਦੇ ਦਾ
ਮੂੰਹ ਪਾਵੇ ਵਿੱਚ ਵੱਜਿਆ

ਆਮ ਕਿਹਾ ਜਾਂਦਾ ਹੈ ਕਿ 'ਕੰਧ ਓਹਲੇ ਪਰਦੇਸ' ਹੁੰਦਾ ਹੈ। ਇਸ ਵਿੱਚ ਕੋਈ ਅਤਿ ਕਥਨੀ ਨਹੀਂ ਕਿ ਇੰਟਰਨੈੱਟ ਨੇ ਜਿੱਥੇ ਦੁਨੀਆਂ ਨੇੜੇ ਕੀਤੀ ਹੈ, ਓਥੇ ਅਮਰੀਕਾ ਸੰਬੰਧੀ ਕਈ ਭਰਮ-ਭੁਲੇਖੇ ਵੀ ਦੂਰ ਕਰ ਦਿੱਤੇ ਹਨ। ਦੁਨੀਆਂ ਜਾਣ ਗਈ ਹੈ ਕਿ ਇੱਥੇ ਡਾਲਰ ਦਰਖਤਾਂ ਨੂੰ ਨਹੀਂ ਲੱਗਦੇ। ਪੰਜਾਬ ਤੋਂ ਅਮਰੀਕਾ ਪਹੁੰਚਦੇ ਹੀ ਡਿਗਰੀਆਂ ਜ਼ੀਰੋ ਹੋ ਜਾਂਦੀਆਂ ਹਨ। ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕਰਨ ਲਈ ਛੋਟੇ-ਮੋਟੇ ਕੰਮਾਂ ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ। ਪੰਜਾਬ ਵਿੱਚ ਪੜ੍ਹੀ ਲਿਖੀ ਮੁਟਿਆਰ ਇਸ ਸੱਚ ਦਾ ਦੀਦਾਰ ਆਪਣੇ ਬਾਬਲ ਨੂੰ ਲੋਕ ਬੋਲੀ ਰਾਹੀਂ ਕਰਵਾਉਂਦੀ ਹੈ:

ਅਮਰੀਕਨਾਂ ਦੇ ਨਾ ਦਈਂ ਮੇਰੇ ਬਾਬਲ
ਯਾ ਯਾ...ਯਾ ਯਾ ਕਰਨੀ ਸਿਖਾ ਦੇਣਗੇ
ਮੈਨੂੰ ਟਾਕੋ...ਟਾਕੋ ਬੈਲ 'ਤੇ ਲਾ ਦੇਣਗੇ
ਮੈਨੂੰ ਪੀਜ਼ਾ..ਪੀਜ਼ਾ ਹੱਟ 'ਤੇ ਲਾ ਦੇਣਗੇ

ਜ਼ਿਕਰਯੋਗ ਹੈ ਕਿ ਇੱਥੇ ਇੱਕ ਗਿਣਤੀ ਉਨ੍ਹਾਂ ਪੰਜਾਬਣਾਂ ਦੀ ਵੀ ਹੈ ਜੋ ਮਜਬੂਰੀਆਂ ਵੱਸ ਘਰ ਦੀ ਚਾਰ ਦੀਵਾਰੀ ਅੰਦਰ ਕੈਦ ਹਨ। ਮਾਪਿਆਂ ਨੂੰ ਮਿਲਣ ਲਈ ਤਰਸਦੀਆਂ...ਮਨ ਹੀ ਮਨ ਹਓਕੇ ਭਰਦੀਆਂ ਹਨ। ਓਧਰ ਮਾਪੇ ਵੀ ਧੀਆਂ ਨੂੰ ਮਿਲਣ ਲਈ ਤੜਫ਼ਦੇ ਹਨ। ਧੀਆਂ ਦੀ ਇਹ ਮਨੋ ਅਵਸਥਾ ਵੀ ਲੋਕਗੀਤਾਂ ਰਾਹੀਂ ਉੱਭਰ ਕੇ ਸਾਹਮਣੇ ਆਉਂਦੀ...ਮੋਹ ਦੀਆਂ ਤੰਦਾਂ ਨੂੰ ਜੋੜਦੀ ਹੈ:

ਬੱਲੇ ਬੱਲੇ ਬਈ ਚਾੜ੍ਹ ਕੇ ਜਹਾਜ਼ ਬਾਬਲਾ
ਕਾਹਤੋਂ ਅੱਖੀਆਂ 'ਚੋਂ ਨੀਰ ਵਹਾਵੇਂ
***************************
ਬੱਲੇ ਬੱਲੇਬਈ ਜਹਾਜ਼ ਜਾਂਦਾ ਦੇਸ ਭੂਆ ਦੇ
ਜਿਹੜਾ ਉਡਿਆ ਅਕਾਸ਼ ਵਿੱਚ ਜਾਵੇ
*****************************
ਬੱਲੇ ਬੱਲੇ ਬਈ ਅਮਰੀਕਾ ਨਿਰਮੋਹੀ ਬਾਬਲਾ, ਤੇਰੀ ਧੀ ਦੇ ਰਾਸ ਨਾ ਆਵੇ

ਇਸ ਤੋਂ ਇਲਾਵਾ ਵਿਆਹਾਂ ਵਿੱਚ ਨਾਨਕਾ ਮੇਲ ਦੀਆਂ ਸਿੱਠਣੀਆਂ ਵੀ ਆਪਣੀ ਲੋੜ ਮੁਤਾਬਿਕ ਆਪਣਾ ਰੰਗ ਆਪ ਬਦਲ ਲੈਂਦੀਆਂ ਹਨ...ਆਪਣਾ ਰਾਹ ਆਪ ਬਣਾ ਲੈਂਦੀਆਂ ਹਨ:

ਨਾਨਕੀਆਂ:
ਖਾਧੇ ਪਪੀਤੇ ਜੰਮੇ ਮਕਸੀਕੇ!
ਦੋ ਅਮੀਗੋ! ਅਮੀਗੋ ਕਰਦੇ ਵੇ ਰਾਜੇ ਚਾਚੇ ਤੇਰੇ
ਦਾਦਕੀਆਂ
ਖਾਧੀਆਂ ਕਚੌਰੀਆਂ ਜੰਮੀਆਂ ਸੀ ਗੋਰੀਆਂ
ਦੋ ਲਵ ਯੂ ਲਵ ਯੂ ਕਰਦੀਆਂ ਵੇ
ਰਾਜੇ ਤੇਰੀਆਂ ਨਾਨਕੀਆਂ ਬਾਰਾਂ ਤਾਲਕੀਆਂ
ਨਾਨਕੀਆਂ:
ਖਾਧੀਆਂ ਸੀ ਪਿੰਨੀਆਂ ਜੰਮੀਆਂ ਸੀ ਚੀਨੀਆਂ
ਦੋ ਮੀਹਊ ਮੀਹਊ ਕਰਦੀਆਂ ਵੇ
ਰਾਜੇ ਤੇਰੀਆਂ ਚਾਚੜੀਆਂ-ਵੇ ਗੁਆਚੜੀਆਂ
ਦਾਦਕੀਆਂ
ਖਾਧੀਆਂ ਸੀ ਜਾਮਣਾਂ ਜੰਮੀਆਂ ਅਫ਼ਗਾਨਣਾਂ
ਦੋ ਹੱਜ ਨੂੰ ਗਈਆਂ ਵੇ
ਰਾਜੇ ਤੇਰੀਆਂ ਨਾਨਕੀਆਂ ਬਾਰਾਂ ਤਾਲਕੀਆਂ
ਨਾਨਕੀਆਂ
ਖਾਧੀਆਂ ਸੀ ਜਾਮਣਾਂ ਜੰਮੀਆਂ ਅਫ਼ਗਾਨਣਾਂ
ਦੋ ਹੱਜ ਨੂੰ ਗਈਆਂ ਵੇ
ਰਾਜੇ ਤੇਰੀਆਂ ਚਾਚੜੀਆਂ-ਵੇ ਗੁਆਚੜੀਆਂ
ਦਾਦਕੀਆਂ
ਮਾਮੀ ਕੁੜੀ ਦੇ ਪੈਰ ਝਾਂਜਰਾਂ
ਪੈਰ ਪੁੱਟਿਆ ਨਾ ਜਾਵੇ
ਨੀ ਬਹਿ ਜਾ ਸਾਡੀ ਲਿਮੋਜ਼ੀਨ 'ਤੇ
ਲਿਮੋਜ਼ੀਨ ਫਰੀਮੌਂਟ ਜਾਵੇ
ਨੀ ਬਹਿ ਜਾ ਸਾਡੀ ਲਿਮੋਜ਼ੀਨ 'ਤੇ
ਨਾਨਕੀਆਂ
ਚਾਚੀ ਚੜ੍ਹ ਗਈ ਚੁਬਾਰੇ
ਚਾਚਾ ਗਿਣ ਗਿਣ 'ਵਾਜਾਂ ਮਾਰੇ
ਕਹਿੰਦੀ...ਆਊਨੀ ਆਂ ਜੀ ਆਊਨੀ ਆਂ
ਹਾਰ ਪਰੋਨੀ ਆਂ
ਦਾਦਕੀਆਂ
ਗਿੱਧੇ ਦੇ ਵਿੱਚ ਵੜ ਗਿਆ ਮਾਮਾ
ਪੈੱਗ ਵਿਸਕੀ ਦਾ ਲਾ ਕੇ
ਪੈਲਾਂ ਪਾਉਂਦੇ ਨੂੰ
ਦੇਖ ਮਾਮੀਏ ਆ ਕੇ
ਨਾਨਕੀਆਂ
ਚਾਚੀ ਨਖਰੋ ਕੰਮ 'ਤੇ ਚੱਲੀ
ਹੱਥਾਂ ਨੂੰ ਲਾ ਕੇ ਮਹਿੰਦੀ
ਕਹਿੰਦੀ ਗੋਰਾ ਕਰਨਾ
ਗੋਰੇ ਬਿਨਾਂ ਨਹੀਂ ਰਹਿੰਦੀ
ਦਾਦਕੀਆਂ
ਚਾਚੀ ਨਖਰੋ ਕੰਮ 'ਤੇ ਚੱਲੀ
ਹੱਥ ਵਿੱਚ ਫੜਕੇ ਡਰਨਾ
ਕਹਿੰਦੀ ਅਮੀਗੋ ਕਰਨਾ
ਅਮੀਗੋ ਬਿਨਾ ਨਹੀਂ ਸਰਨਾ

ਕਰੋਨਾ ਜਿਹੀ ਭੈੜੀ ਆਫ਼ਤ ਨੇ ਸਾਰੇ ਵਿਸ਼ਵ ਨੂੰ ਆਪਣੀ ਲਪੇਟ ਵਿੱਚ ਲਿਆ। ਇਸ ਭਿਆਨਕ ਬਿਮਾਰੀ ਅੱਗੇ ਅਮਰੀਕਾ ਜਿਹੀ ਸ਼ਕਤੀ ਵੀ ਝੁਕ ਗਈ। ਉਸ ਮੌਕੇ ਲੋਕਾਈ ਵਲੋਂ ਹੰਢਾਇਆ ਦਰਦ ਲੋਕਬੋਲੀ ਦਾ ਰੂਪ ਧਾਰਣ ਕਰ ਗਿਆ:

ਇਹ ਕਰੋਨਾ ਕਿੱਥੋਂ ਆ ਗਿਆ-ਹਾਲ ਵੇ ਰੱਬਾ!
ਕੋਰੋਨੇ ਤੋਂ ਡਰਦੀ ਮਾਮੀ ਵਿਆਹ ਨਾ ਜਾਵੇ-
ਮਾਮਾ ਮਾਸਕ ਲੈ ਕੇ ਆ ਗਿਆ-
ਹਾਲ ਵੇ ਰੱਬਾ!
ਕੋਰੋਨੇ ਤੋਂ ਡਰਦੀ ਮਾਮੀ ਲੱਡੂ ਨਾ ਖਾਵੇ-
ਮਾਮਾ ਸੈਨੀਟਾਈਜ਼ਰ ਲੈ ਕੇ ਆ ਗਿਆ-
ਹਾਲ ਵੇ ਰੱਬਾ!
ਕੋਰੋਨੇ ਤੋਂ ਡਰਦੀ ਮਾਮੀ ਸ਼ੱਕ ਨ ਪੂਰੇ-
ਮਾਮਾ ਵੈਕਸੀਨ ਲਗਵਾ ਕੇ ਆ ਗਿਆ-
ਹਾਲ ਵੇ ਰੱਬਾ!
ਕੋਰੋਨੇ ਤੋਂ ਡਰਦੀ ਮਾਮੀ ਜਾਗੋ ਨਾ ਚੁੱਕੇ-
ਮਾਮਾ ਬੂਸਟਰ ਲਗਵਾ ਕੇ ਆ ਗਿਆ-
ਹਾਲ ਵੇ ਰੱਬਾ
*************************
ਸ਼ੌਕ ਨਾਲ ਮੈਂ ਲੌਂਗ ਘੜਵਾਇਆ
ਨਜ਼ਰ ਕਿਸੇ ਨੇ ਲਾ 'ਤੀ
ਚੰਦਰੇ ਮਾਸਕ ਨੇ ਨੱਕ ਦੀ ਟੌਹਰ ਗਵਾ 'ਤੀ
*******************
ਨਾ ਕਿਸੇ ਦੇ ਆਈਏ ਜਾਈਏ
ਨਾ ਹੀ ਹੱਥ ਮਿਲਾਈਏ
ਜੀਜੇ ਫੁੱਫੜਾਂ ਨੂੰ ਦੂਰੋਂ ਫ਼ਤਿਹ ਬੁਲਾਈਏ
***********************

ਇਹ ਸਪਸ਼ਟ ਹੋ ਜਾਂਦਾ ਹੈ ਕਿ ਲੋਕਗੀਤਾਂ ਵਿੱਚ ਅਮਰੀਕੀ ਪੰਜਾਬੀ ਸਭਿਆਚਾਰ ਦੀ ਤਸਵੀਰ ਬਹੁਤ ਖ਼ੂਬਸੂਰਤ ਹੈ। ਇਹ ਪੰਜਾਬੀਆਂ ਦੀ ਜ਼ਿੰਦਗੀ ਦੇ ਵੱਖ-ਵੱਖ ਰੰਗ, ਰੀਤੀ ਰਿਵਾਜ, ਖਾਣ-ਪੀਣ, ਪਹਿਨਣ ਅਤੇ ਰਹਿਣ-ਸਹਿਣ ਨੂੰ ਆਪਣੇ ਰੌਂਅ ਵਿੱਚ ਬਿਆਨਦੇ ਹਨ:

ਉੱਚੀਆਂ ਲੰਮੀਆਂ ਸਰੂ ਵਰਗੀਆਂ
ਪੰਜ ਆਬਾਂ ਦੀਆਂ ਜਾਈਆਂ
ਸੂਟ ਪੰਜਾਬੀ, ਸੋਂਹਦੇ ਝੁੰਮਕੇ
ਪੈਰੀਂ ਝਾਂਜਰਾਂ ਪਾਈਆਂ
ਵਿੱਚ ਪਰਦੇਸਾਂ ਦੇ ਚੋਗ ਚੁਗਣ ਇਹ ਆਈਆਂ
*********************
ਫਰੀਮੌਂਟ ਤੋਂ ਘੜਵਾਈਆਂ ਝਾਂਜਰਾਂ
ਵਿੱਚ ਮੜ੍ਹਾਏ ਤਾਰੇ
ਯੂਬਾ ਸਿਟੀ ਵਿੱਚ ਧਮਕਾਂ ਪਈਆਂ
ਸਭ ਪਾਸੇ ਚਮਕਾਰੇ
ਸੈਨ ਹੋਜ਼ੇ ਨੱਚਦੀ ਫਿਰਾਂ
ਸਾਰੇ ਹਿੱਲ ਗਏ ਸ਼ਿਕਾਗੋ ਦੇ ਚੁਬਾਰੇ

ਸ਼ਾਲਾ! ਪੰਜਾਬਣਾਂ ਫਰੀਮੌਂਟ ਤੋਂ ਝਾਂਜਰਾਂ ਘੜਵਾਉਂਦੀਆਂ ਰਹਿਣ...ਸੈਨ ਹੋਜ਼ੇ ਵਿੱਚ ਨੱਚਦੀਆਂ ਰਹਿਣ...ਯੂਬਾ ਸਿਟੀ ਵਿੱਚ ਧਮਕਾਂ ਪੈਂਦੀਆਂ ਰਹਿਣ...ਅਤੇ ਸ਼ਿਕਾਗੋ ਦੇ ਚੁਬਾਰੇ ਹਿੱਲਦੇ ਰਹਿਣ। ਹੱਸਦਾ ਵੱਸਦਾ ਰਹੇ ਅਮਰੀਕਾ ਵੱਸਦਾ ਪੰਜਾਬ...ਮੌਲਦਾ ਰਹੇ ਪੰਜਾਬੀ ਸਭਿਆਚਾਰ! ਆਮੀਨ!

## ਦਰਦ

ਸ਼ਮਿੰਦਰ ਸਕੂਲੋਂ ਆਉਂਦਿਆਂ ਹੀ ਪਰਸ ਮੇਜ 'ਤੇ ਰੱਖ ਚੁੱਪ-ਚਾਪ ਸੋਫ਼ੇ 'ਤੇ ਬੈਠ ਗਈ। ਪਤੀ ਨੇ ਆਪਣੀ ਪਤਨੀ ਦੇ ਚਿਹਰੇ ਨੂੰ ਗਹੁ ਨਾਲ ਵੇਖਦਿਆਂ ਭਾਂਪ ਲਿਆ ਕਿ ਅੱਜ ਸਕੂਲ ਵਿੱਚ ਜ਼ਰੂਰ ਕੋਈ ਨਾ ਕੋਈ ਅਜਿਹੀ ਘਟਨਾ ਘਟੀ ਹੋਵੇਗੀ ਜਿਸਦੀ ਵਜ੍ਹਾ ਨਾਲ ਸ਼ਮਿੰਦਰ ਉਦਾਸ ਨਜ਼ਰ ਆ ਰਹੀ ਹੈ। ਉਹ ਰਸੋਈ ਵਿੱਚ ਗਿਆ। ਦੋ ਕੱਪ ਚਾਹ ਦੇ ਬਣਾ ਕੇ ਲੈ ਆਇਆ। ਸ਼ਮਿੰਦਰ ਹੁਣ ਤੱਕ ਥੋੜਾ ਸਹਿਜ ਹੋ ਗਈ ਸੀ। ਸ਼ਮਿੰਦਰ ਦੇ ਪਤੀ ਨੇ ਮੁੜ ਗੱਲ ਸ਼ੁਰੂ ਕਰਦਿਆਂ ਕਿਹਾ, 'ਯਾਰ ਕੀ ਹੋ ਗਿਆ ਅੱਜ ਤੈਨੂੰ? ਉਦਾਸੀ ਦੀ ਵਜ੍ਹਾ ਕੀ ਹੈ?' 'ਪੁੱਛ ਨਾ ਯਾਰ'। ਫੇਰ ਵੀ ਦੱਸ ਤਾਂ ਸਹੀ। 'ਕੀ ਦੱਸਾਂ ਯਾਰ। ਸਕੂਲ ਦੀ ਮੁੱਖ ਇਮਾਰਤ ਦੇ ਕੋਲ ਇੱਕ ਬਹੁਤ ਪੁਰਾਣਾ ਦਰੱਖਤ ਲੱਗਾ ਹੋਇਆ ਸੀ। ਸਰਦੀਆਂ ਦੇ ਦਿਨਾਂ ਵਿੱਚ ਬਹੁਤ ਸਾਰੇ ਪੰਛੀ ਪਿਛਲੇ ਕਈ ਸਾਲਾਂ ਤੋਂ ਉਸਨੂੰ ਆਪਣਾ ਰੈਣ-ਬਸੇਰਾ ਬਣਾਉਂਦੇ। ਪੰਛੀਆਂ ਦੀਆਂ ਮਧੁਰ ਅਵਾਜ਼ਾਂ ਦਾ ਸੰਗੀਤ ਮੇਰੇ ਮਨ ਨੂੰ ਬਹੁਤ ਸਕੂਨ ਦਿੰਦਾ। ਇਹ ਦਰੱਖਤ ਸਕੂਲ ਦੇ ਦੋ-ਤਿੰਨ ਕਮਰਿਆਂ ਨੂੰ ਗਰਮੀਆਂ ਦੇ ਦਿਨਾਂ ਵਿੱਚ ਠੰਡਾ ਰੱਖਣ ਦਾ ਕੰਮ ਵੀ ਕਰਦਾ। ਸਕੂਲ ਵਿੱਚ ਨਵੀਂ ਆਈ ਪ੍ਰਿੰਸੀਪਲ ਨੇ ਅੱਜ ਉਸ ਦਰੱਖਤ ਨੂੰ ਕਟਵਾ ਦਿੱਤਾ ਹੈ। ਮੇਰੇ ਮਨ ਵਿੱਚ ਹੁਣ ਇੱਕ ਹੀ ਸਵਾਲ ਨੇ ਭੜਥੂ ਪਾਇਆ ਹੋਇਆ ਹੈ ਕਿ ਜਦੋਂ ਪੰਛੀ ਆਉਣ ਵਾਲੀ ਸਰਦ ਰੁੱਤ ਵਿੱਚ ਆਉਣਗੇ ਤਾਂ ਉਹ ਆਪਣਾ ਉਜੜਿਆ ਘਰ ਵੇਖ ਕੇ ਕੀ ਸੋਚਣਗੇ। ਉਹ ਆਪਣਾ ਨਵਾਂ ਰੈਣ-ਬਸੇਰਾ ਲੱਭਣ ਲਈ ਕਿੱਥੇ-ਕਿੱਥੇ ਭਟਕਣਗੇ। ਉਸਦਾ ਪਤੀ ਉਸਦੇ ਦਰਦ ਨੂੰ ਮਹਿਸੂਸ ਕਰਨ ਲੱਗ ਪਿਆ ਸੀ। ਉਸਨੇ ਉਸੇ ਵਕਤ ਨਰਸਰੀ ਵਿੱਚੋਂ ਚਾਰ ਪੰਜ ਨਵੇਂ ਪੌਦੇ ਲਿਆ ਕੇ ਸ਼ਮਿੰਦਰ ਮੂਹਰੇ ਲਿਆ ਧਰੇ। ਜਦੋਂ ਅਗਲੇ ਦਿਨ ਉਸਨੇ ਇਹ ਪੌਦੇ ਸਕੂਲ ਲਿਜਾ ਕੇ ਖਾਲੀ ਥਾਂ 'ਤੇ ਲਗਾਏ ਤਾਂ ਉਸਦੇ ਮਨ ਨੂੰ ਐਨੀ ਕੁ ਤਸੱਲੀ ਜ਼ਰੂਰ ਹੋਈ ਕਿ ਭਾਵੇਂ ਇਸ ਸਾਲ ਇਹ ਪੌਦੇ ਉਨ੍ਹਾਂ ਪੰਛੀਆਂ ਦੇ ਰਹਿਣ ਜੋਗੇ ਵੱਡੇ ਤਾਂ ਨਹੀਂ ਹੋਣਗੇ ਪਰ ਅਗਲੇ ਚਾਰ-ਪੰਜ ਸਾਲਾਂ ਤੱਕ ਲਾਜ਼ਮੀ ਕੁੱਝ ਪੰਛੀਆਂ ਦਾ ਰੈਣ-ਬਸੇਰਾ ਬਣ ਜਾਣਗੇ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ

# ਨਵੇਂ ਉਭਰਦੇ ਲੇਖਕਾਂ ਲਈ ਪ੍ਰੇਰਨਾ ਦਾ ਸੋਮਾ ਜਸਵੰਤ ਸਿੰਘ ਕੰਵਲ

**ਕਲਮੀ ਚਿੱਤਰ**

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਇਸ ਵਾਰ ਉੱਘਾ ਲੇਖਕ ਜਸਵੰਤ ਸਿੰਘ ਕੰਵਲ ਪਾਠਕਾਂ ਦੀ ਨਜ਼ਰ ਹੈ।***



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਇਹ ਗੱਲ 1952-53 ਦੀ ਹੈ। ਮੈਂ ਡੀ. ਐਮ. ਕਾਲਜ, ਮੋਗਾ ਵਿਚ ਐੱਫ. ਐੱਸ-ਸੀ. ਦਾ ਵਿਦਿਆਰਥੀ ਸੀ। ਕਾਲਜ ਦੇ ਹਾਲ ਵਿਚ ਪੰਜਾਬੀ ਵਿਭਾਗ ਵਲੋਂ ਸਾਹਿਤਕ ਸਮਾਗਮ ਹੋ ਰਿਹਾ ਸੀ। ਪ੍ਰਧਾਨਗੀ ਸੰਤ ਸਿੰਘ ਸੇਖੋਂ ਕਰ ਰਹੇ ਸਨ। ਉਹ ਲੇਖਕ ਅਤੇ ਆਲੋਚਕ ਵਜੋਂ, ਖਾਸ ਕਰ ਕੇ ਸਾਡੇ ਪੰਜਾਬੀ ਵਿਦਿਆਰਥੀਆਂ ਦੀ ਨਜ਼ਰ ਵਿਚ, ਵੱਡਾ ਨਾਂ ਬਣ ਚੁੱਕੇ ਸਨ। ਜੇ ਬਾਹਰੋਂ ਆ ਕੇ ਬਿਲਕੁਲ ਸਾਹਮਣੇ ਪੈਂਦੇ ਸਾਡੇ ਕਾਲਜ ਦੇ ਹਾਲ ਵਿਚ ਪ੍ਰਵੇਸ਼ ਕਰੀਏ, ਦੋ ਕੁ ਫੁੱਟ ਉਚਾ ਪੱਕਾ ਬਣਿਆ ਹੋਇਆ ਮੰਚ ਦੂਜੇ ਭਾਵ ਹਾਲ ਦੇ ਦਰਵਾਜ਼ੇ ਵੱਲ ਦੀ ਤਾਂ ਪਿੱਠ ਹੁੰਦੀ ਪਾਸੇ ਸੀ। ਬਾਹਰਲੇ ਸਰੋਤਿਆਂ ਪਰ ਮੰਚ ਵਾਲਿਆਂ ਦਾ ਮੂੰਹ ਹੁੰਦਾ। ਅਚਾਨਕ, ਆਪਣੇ ਸੁਭਾਅ ਅਨੁਸਾਰ, ਜੋ ਮਗਰੋਂ ਅਨੇਕ ਵਾਰ ਦੇਖਣ ਵਿਚ ਆਇਆ, ਬੁਲਾਰੇ ਨੂੰ ਬੋਲਦਾ ਛੱਡ ਕੇ ਸੇਖੋਂ ਖੜ੍ਹੇ ਹੋਏ ਅਤੇ ਹੁਲਾਸ ਤੇ ਅਪਣੱਤ ਨਾਲ ਉੱਚੀ ਆਵਾਜ਼ ਵਿਚ ਬੋਲੇ, "ਆ ਬਈ ਜਸਵੰਤ, ਐਧਰ ਆ ਜਾ ਮੇਰੇ ਕੋਲ!"

ਸਾਡੀਆਂ ਧੌਣਾਂ ਕੁਰਸੀਆਂ ਦੇ ਵਿਚਕਾਰ ਬਣੇ ਹੋਏ ਲਾਂਘੇ ਵੱਲ ਮੁੜ ਗਈਆਂ। ਖੁੱਲ੍ਹੀ ਕਾਲੀ ਦਾੜ੍ਹੀ, ਲੰਮਾ ਕਿਸਾਨੀ ਕੁੜਤਾ ਤੇ ਚਾਦਰ ਜੋ ਧੋਤੀ ਤੇ ਚਾਦਰੇ ਦੇ ਅੱਧ-ਵਿਚਾਲੇ ਜਿਹੇ ਬੰਨ੍ਹੀ ਹੋਈ ਸੀ, ਇਕ ਲੰਮਾ ਤੇ ਪਤਲਾ ਜਿਹਾ ਆਦਮੀ ਤੁਰਿਆ ਜਾ ਰਿਹਾ ਸੀ। ਵਿਦਿਆਰਥੀਆਂ ਵਿਚ ਘੁਸਰ-ਮੁਸਰ ਹੋਈ, ਇਹ 'ਪੂਰਨਮਾਸ਼ੀ' ਵਾਲਾ ਜਸਵੰਤ ਸਿੰਘ ਕੰਵਲ ਹੈ। ਨਵਾਂ-ਨਵਾਂ ਛਪਿਆ ਇਹ ਨਾਵਲ ਬੇਮਿਸਾਲ ਚਰਚਾ ਵਿਚ ਆ ਚੁੱਕਿਆ ਸੀ। ਭਾਵੇਂ ਵਿਚਾਰ-ਸੰਗ੍ਰਹਿ 'ਜੀਵਨ ਕਣੀਆਂ' ਤੋਂ ਇਲਾਵਾ ਕੰਵਲ ਦਾ ਇਕ ਕਹਾਣੀ-ਸੰਗ੍ਰਹਿ 'ਕੰਡੇ' ਅਤੇ ਦੋ ਨਾਵਲ 'ਸੱਚ ਨੂੰ ਫਾਂਸੀ' ਤੇ 'ਪਾਲੀ' ਛਪ ਚੁੱਕੇ ਸਨ, ਪਰ ਵਡੇਰੇ ਪਾਠਕ ਹਲਕੇ ਤੱਕ ਕੰਵਲ 'ਪੂਰਨਮਾਸ਼ੀ' ਨਾਲ ਹੀ ਪੁੱਜਿਆ। 'ਪੂਰਨਮਾਸ਼ੀ' ਦੀ ਧੁੰਮ ਤੇ ਹਰਮਨਪਿਆਰਤਾ ਸਦਕਾ ਸਾਡੇ ਮਨਾਂ ਵਿਚ ਬਣਿਆ ਹੋਇਆ ਕੰਵਲ ਦਾ ਉਚਾ ਸਥਾਨ 'ਪੇਮੀ ਦੇ ਨਿਆਣੇ' ਵਾਲੇ ਸੇਖੋਂ ਵਰਗੇ ਵੱਡੇ ਲੇਖਕ ਵੱਲੋਂ ਕੀਤੇ ਗਏ ਉਸ ਦੇ ਅਜਿਹੇ ਸਵਾਗਤ ਨੇ ਹੋਰ ਉੱਚਾ ਕਰ ਦਿੱਤਾ।

ਡੀ. ਐਮ. ਕਾਲਜ, ਮੋਗਾ ਹੁਣ ਦਾ ਤਾਂ ਪਤਾ ਨਹੀਂ, ਉਸ ਸਮੇਂ ਦਿੱਖ ਅਤੇ ਮਿਆਰ ਦੇ ਪੱਖੋਂ ਮੇਰੇ 'ਸਟੇਟ ਹਾਈ ਸਕੂਲ, ਮੰਡੀ ਫੂਲ' ਤੋਂ ਕੋਈ ਖਾਸ ਚੰਗੇਰਾ ਨਹੀਂ ਸੀ। ਲਾਇਬਰੇਰੀ ਵੀ ਬਹੁਤ ਵੱਡੀ ਨਹੀਂ ਸੀ। ਜਿਹੜਾ ਵਿਦਿਆਰਥੀ 'ਪੂਰਨਮਾਸ਼ੀ' ਲੈ ਜਾਂਦਾ, ਉਹ ਪੜ੍ਹ ਕੇ ਮੋੜਨ ਦੀ ਥਾਂ ਦੋਸਤਾਂ ਨੂੰ ਦੇ ਦਿੰਦਾ ਅਤੇ ਪੁਸਤਕ ਰੱਖ ਸਕਣ ਦੇ ਦਿਨ ਮੁੱਕਿਆਂ ਤੋਂ ਹੀ ਮੋੜਦਾ। ਉਸ ਦਿਨ ਵੀ ਆਪਣੇ ਨਾਂ ਕਢਵਾ ਲੈਣ ਵਾਲਾ ਕੋਈ ਮਿੱਤਰ ਉਸ ਦੇ ਨਾਲ ਹੀ ਲਾਇਬ੍ਰੇਰੀਅਨ ਕੋਲ ਪੁੱਜ ਜਾਂਦਾ। ਫੇਰ ਲਾਇਬ੍ਰੇਰੀ ਨੇ 'ਪੂਰਨਮਾਸ਼ੀ' ਹੋਰ ਇਕ ਨਗ ਖਰੀਦ ਲਿਆ। ਪਹਿਲਾਂ ਕਦੀ, ਘੱਟੋ-ਘੱਟ ਕਿਸੇ ਪੰਜਾਬੀ ਪੁਸਤਕ ਨਾਲ, ਅਜਿਹਾ ਨਹੀਂ ਸੀ ਹੋਇਆ।


ਮੇਰੀ ਮੁੱਢੋਂ ਆਦਤ ਰਹੀ ਕਿ ਪੁਸਤਕ ਨੂੰ ਪੜ੍ਹਨ ਸਮੇਂ, ਪਹਿਲਾਂ ਪਾਠਕ ਵਜੋਂ ਤੇ ਫੇਰ ਲੇਖਕ-ਪਾਠਕ ਵਜੋਂ, ਉਸ ਵਿਚੋਂ ਦੀ ਫਟਾਫਟ ਕਦੀ ਨਹੀਂ ਲੰਘਿਆ। ਜਾਂ ਤਾਂ ਮੈਂ ਪੁਸਤਕ ਪੜ੍ਹਦਾ ਨਹੀਂ, ਜੇ ਪੜ੍ਹਾਂ, ਬੜੇ ਸਹਿਜ ਨਾਲ ਉਸ ਦੀ ਸ਼ਬਦ-ਚੋਣ, ਵਾਕ-ਬਣਤਰ, ਪਾਤਰ-ਉਸਾਰੀ, ਆਰੰਭ ਤੋਂ ਅੰਤ ਤੱਕ ਕਹਾਣੀ ਦੀ ਯਾਤਰਾ ਅਤੇ ਕੇਂਦਰੀ ਗੱਲ ਦੇ ਪ੍ਰਕਾਸ਼ ਨੂੰ ਧਿਆਨ ਵਿਚ ਰੱਖ ਕੇ ਹੀ ਪੜ੍ਹਦਾ ਹਾਂ। ਕਾਲਜ ਤੋਂ ਕੁਝ ਹੀ ਦੂਰ, ਆਤਮ ਹਮਰਾਹੀ ਦੇ ਖੇਤ ਵਿਚਲੇ ਖੂਹ ਕੋਲ ਤੂਤ ਦੀ ਛਾਂਵੇਂ, ਖੋਹ-ਖਿੰਜ ਕੇ ਕੀਤੀ 'ਪੂਰਨਮਾਸ਼ੀ' ਦੀ ਕਾਹਲੀ-ਕਾਹਲੀ ਪੜ੍ਹਤ ਅਧੂਰੀ ਜਿਹੀ ਲਗਦੀ। ਬਾਰਵੀਂ ਪਾਸ ਕਰ ਕੇ ਮੋਗਾ ਕਾਲਜ ਛੱਡਣ ਮਗਰੋਂ ਪਿੰਡ ਆ ਕੇ ਮੈਂ ਆਪਣਾ 'ਪੂਰਨਮਾਸ਼ੀ' ਖ਼ਰੀਦ ਲਿਆ। ਇਸ ਨਾਲ ਵਾਪਰੀਆਂ ਦੋ ਦਿਲਚਸਪ ਗੱਲਾਂ ਅੱਜ ਵੀ ਚੇਤੇ ਹਨ।

ਪਿੰਡ ਸਾਡਾ ਘਰ ਫਿਰਨੀ ਉੱਤੇ ਸੀ ਅਤੇ ਮੇਰਾ ਡੇਰਾ ਫਿਰਨੀ ਨਾਲ ਲਗਦੀ ਬੈਠਕ ਵਿਚ ਸੀ। ਬੈਠਕ ਦੀ ਕੰਧ ਨਾਲ ਬਾਹਰ ਖੁੰਢ ਪਿਆ ਸੀ, ਜਿਸ ਉੱਤੇ ਕੋਈ ਗੱਲਾਂ ਕਰਨ ਲਈ ਜਾਂ ਸਿਆਲਾਂ ਵਿਚ ਧੁੱਪ ਸੇਕਣ ਲਈ ਬੈਠ ਜਾਂਦਾ। ਇਕ ਰਾਤ ਮੈਂ ਅਤੇ ਮਿਲਣ ਆਇਆ ਮੇਰਾ ਇਕ ਜਮਾਤੀ ਵਿਚੋਂ-ਵਿਚੋਂ 'ਪੂਰਨਮਾਸ਼ੀ' ਦੇ ਸੁਆਦਲੇ ਪੰਨੇ ਪੜ੍ਹਨ ਲੱਗ ਪਏ। ਸਾਡੇ ਨਾਲ ਸਾਂਝੀ ਕੰਧ ਵਾਲੇ ਘਰ ਦੇ ਮੇਰੇ ਹਾਣੀ ਮੁੰਡੇ ਕਰਨੈਲ ਦੇ ਲੰਘੇ ਜਾਂਦੇ ਦੇ ਕੰਨ ਵਿਚ ਨਾਵਲ ਦੀ ਇਕ ਬੋਲੀ ਪੈ ਗਈ ਤੇ ਉਹ ਖੁੰਢ ਉੱਤੇ ਬੈਠ ਕੇ ਸੁਣਨ ਲੱਗਿਆ। ਅਗਲੇ ਦਿਨ ਉਸ ਨੇ ਪੁੱਛਿਆ, ਤੁਸੀਂ ਰਾਤ ਰਲ਼ ਕੇ ਕੀ ਪੜ੍ਹਦੇ ਸੀ? ਮੁਕਦੀ ਗੱਲ, ਗਲੀ-ਗੁਆਂਢ ਦੇ ਕਈ ਹਾਣੀਆਂ ਲਈ ਮੈਨੂੰ ਰੋਜ਼ ਰਾਤ ਰੋਟੀ-ਟੁੱਕ ਤੋਂ ਮਗਰੋਂ 'ਪੂਰਨਮਾਸ਼ੀ' ਦਾ ਸੰਪੂਰਨ ਪਾਠ ਕਰਨਾ ਪਿਆ। ਇਹ ਇਸ ਨਾਵਲ ਦੀ ਹੀ ਵਿਸ਼ੇਸ਼ਤਾ ਸੀ ਕਿ ਅੱਖਰ-ਗਿਆਨ ਤੋਂ ਵੀ ਕੋਰੇ ਸਰੋਤੇ ਸੁਣ ਕੇ ਸਮਝਦੇ ਹੀ ਨਹੀਂ, ਮਾਣਦੇ ਵੀ ਸਨ।

ਇਹ ਘਟਨਾ ਆਖ਼ਰ ਨੂੰ ਕੰਵਲ ਨਾਲ ਪਹਿਲੀ ਮੁਲਾਕਾਤ ਦਾ ਸਬੱਬ ਬਣੀ। ਕੁਝ ਸਮੇਂ ਮਗਰੋਂ ਕਰਨੈਲ ਦੇ ਵੱਡੇ ਭਰਾ ਦੀ ਜੰਨ ਢੁੱਡੀਕੇ ਢੁੱਕੀ। ਗੁਆਂਢ-ਮੱਥੇ ਤੋਂ ਇਲਾਵਾ ਜੰਨ ਜਾਣ ਦਾ ਮੇਰਾ ਇਕ ਕਾਰਨ ਕੰਵਲ ਨੂੰ ਮਿਲਣ ਦੀ ਰੀਝ ਵੀ ਸੀ। ਕਰਨੈਲ ਮੈਥੋਂ ਪਹਿਲਾਂ ਹੀ ਬੋਲ ਪਿਆ, ਆਪਾਂ ਕੰਵਲ ਦੇ ਘਰ ਪੱਤਲ ਦੇ ਕੇ ਆਉਣੀ ਹੈ। ਉਸ ਜ਼ਮਾਨੇ ਵਿਚ ਕੁੜੀ ਵਾਲੇ ਜੰਨ ਤੋਂ ਪਿੰਡ ਵਿਚਲੀਆਂ ਉਹਨਾਂ ਦੀਆਂ ਰਿਸ਼ਤੇਦਾਰੀਆਂ ਦੀ ਗਿਣਤੀ ਪੁੱਛ ਕੇ ਪੱਤਲਾਂ ਦੇ ਦਿੰਦੇ ਸਨ। ਪੱਤਲ ਮਠਿਆਈ ਤੇ ਇਕ ਰੁਪਈਆ ਰੱਖ ਕੇ ਰੁਮਾਲ ਨਾਲ ਢਕੀ ਹੋਈ ਥਾਲੀ ਹੁੰਦੀ। ਮੈਂ ਅਤੇ 'ਪੂਰਨਮਾਸ਼ੀ' ਦੇ ਸਰੋਤੇ ਕੰਵਲ ਨੂੰ ਪੱਤਲ ਦੇਣ ਗਏ। ਸਬੱਬ ਨਾਲ ਉਹ ਘਰ ਹੀ ਸੀ ਅਤੇ ਖੁੱਲ੍ਹੀਏਂ ਬਾਂਹੀਂ ਮਿਲਿਆ।

ਬਾਹੀਏ ਦੇ ਇਲਾਕੇ ਦੇ ਨਾਲੋ-ਨਾਲ ਵਸੇ ਕਲਿਆਣਾਂ ਨਾਂ ਦੇ ਪੰਜ ਪਿੰਡਾਂ ਵਿਚੋਂ 'ਕਲਿਆਣ ਲੌਢਾ ਘਰ' ਮੇਰੀਆਂ ਦੋ ਭੂਆ ਵਿਆਹੀਆਂ ਹੋਈਆਂ ਸਨ। ਛੋਟੀ ਭੂਆ ਦਾ ਪੁੱਤਰ ਕਰਮ ਸਿੰਘ, ਜੋ ਮੈਥੋਂ ਦਸ ਕੁ ਸਾਲ ਵੱਡਾ ਸੀ, ਪੜ੍ਹਿਆ ਤਾਂ ਪੰਜ-ਚਾਰ ਜਮਾਤਾਂ ਹੀ ਸੀ ਪਰ ਸਾਹਿਤ ਦਾ ਬਹੁਤ ਸਮਝਦਾਰ ਪਾਠਕ ਸੀ। ਉਹ ਆਉਂਦਾ ਤਾਂ ਮੈਥੋਂ ਪੜ੍ਹਨ ਲਈ ਪੁਸਤਕਾਂ ਲੈ ਜਾਂਦਾ। ਇਕ ਵਾਰ ਉਹ 'ਪੂਰਨਮਾਸ਼ੀ' ਲੈ ਗਿਆ ਅਤੇ ਪੜ੍ਹ ਕੇ ਮੋਹਿਆ ਹੀ ਗਿਆ। ਆਪਣੇ ਵਿਚਾਰ ਉਹਨੇ ਚਿੱਠੀ ਰਾਹੀਂ ਕੰਵਲ ਨੂੰ ਲਿਖ ਭੇਜੇ। ਚਿੱਠੀ-ਪੱਤਰ ਚੱਲ ਪਿਆ। ਕੰਵਲ ਦੀ ਆਪਣੀ ਭੂਆ 'ਮੱਲ ਕਾ ਕਿਲਾ' ਨਾਂ ਦੀ ਕਲਿਆਣ ਵਿਆਹੀ ਹੋਈ ਸੀ। ਇਉਂ ਉਹਨਾਂ ਦਾ ਸੰਪਰਕ ਵਧਦਾ ਗਿਆ। ਕਰਮ ਸਿੰਘ ਨੂੰ ਵੀ ਨਾਵਲ ਏਨਾ ਚੰਗਾ ਲੱਗਿਆ ਕਿ ਆਪਣਾ ਸੁਆਦ ਦੂਜਿਆਂ ਨਾਲ ਸਾਂਝਾ ਕਰਨ ਲਈ ਉਹਨੇ ਵੀ ਆਪਣੇ ਅਣਪੜ੍ਹ-ਅਧਪੜ੍ਹ ਬੇਲੀਆਂ ਵਾਸਤੇ ਇਸ ਦਾ ਸੰਪੂਰਨ ਪਾਠ ਕੀਤਾ। 'ਪੂਰਨਮਾਸ਼ੀ' ਦੀ ਹਰਮਨਪਿਆਰਤਾ ਬੇਮਿਸਾਲ ਰਹੀ। ਮਗਰੋਂ 'ਲਹੂ ਦੀ ਲੋਅ' ਪੜ੍ਹੇ-ਲਿਖੇ ਹਲਕਿਆਂ ਵਿਚ ਬਹੁਤ ਪੜ੍ਹਿਆ ਗਿਆ ਹੋਣ ਦੇ ਬਾਵਜੂਦ ਕੰਵਲ ਦਾ ਹੋਰ ਕੋਈ ਨਾਵਲ 'ਪੂਰਨਮਾਸ਼ੀ' ਨਾਲ ਮੋਢਾ ਨਹੀਂ ਮੇਚ ਸਕਿਆ।






ਮੈਂ ਪਿੰਡ ਸੇਵੇਵਾਲਾ ਦੇ ਮਿਡਲ ਸਕੂਲ ਵਿਚ ਅਧਿਆਪਕ ਸੀ। ਅਸੀਂ ਸਾਹਿਤਕ ਮੱਸ ਵਾਲੇ ਕੁਝ ਦੋਸਤਾਂ ਨੇ ਨੇੜਲੇ ਸ਼ਹਿਰ ਜੈਤੋ ਵਿਚ ਸਾਹਿਤ ਸਭਾ ਬਣਾ ਲਈ। ਦੀਪਕ ਜੈਤੋਈ ਦਾ ਨਾਂ ਗੀਤਕਾਰ ਵਜੋਂ ਬਣ ਚੁੱਕਿਆ ਸੀ, ਗ਼ਜ਼ਲਕਾਰ ਉਹ ਮਗਰੋਂ ਬਣਿਆ। ਗੁਰਦਿਆਲ ਅਜੇ ਚੱਜ ਨਾਲ ਲਿਖਣ ਹੀ ਨਹੀਂ ਸੀ ਲੱਗਿਆ। ਸਭਾ ਨੇ ਕਵੀ-ਦਰਬਾਰ ਕਰਵਾਉਣ ਦੀ ਸਲਾਹ ਬਣਾਈ। ਉਹਨੀਂ ਦਿਨੀਂ ਡਾ. ਜਗਤਾਰ ਅਜੇ ਗੀਤਕਾਰ ਜਗਤਾਰ ਪਪੀਹਾ ਹੁੰਦਾ ਸੀ। ਚੰਗੇ ਗੀਤਾਂ ਤੋਂ ਇਲਾਵਾ ਮੰਚ ਉੱਤੇ ਪੇਸ਼ਕਾਰੀ ਸਦਕਾ ਉਹਦੀ ਕਵੀ-ਦਰਬਾਰਾਂ ਵਿਚ ਕਾਫ਼ੀ ਮੰਗ ਸੀ। ਵਿਚਾਰ ਬਣਿਆ ਕਿ ਕਿਵੇਂ-ਨਾ-ਕਿਵੇਂ ਪਪੀਹੇ ਨੂੰ ਬੁਲਾਇਆ ਜਾਵੇ। ਉਹ ਉਸ ਸਮੇਂ ਮਲੋਟ ਕੋਲ ਝੋਰੜ ਪਿੰਡ ਦੇ ਸਕੂਲ ਵਿਚ ਅਧਿਆਪਕ ਸੀ। ਪਤਾ ਲੱਗਿਆ, ਉਹ ਕੰਵਲ ਦੀ ਗੱਲ ਨਹੀਂ ਮੋੜਦਾ।

ਕੰਵਲ ਨਾਲ ਸੰਪਰਕ ਕਰਨ ਦਾ ਕੰਮ ਮੈਨੂੰ ਸੌਂਪ ਦਿੱਤਾ ਗਿਆ। ਸਿੱਟੇ ਵਜੋਂ ਪਪੀਹੇ ਦਾ ਆਉਣਾ ਵੀ ਪੱਕਾ ਹੋ ਗਿਆ ਅਤੇ ਕੰਵਲ ਦੀ ਪ੍ਰਧਾਨਗੀ ਵੀ। ਕਵੀ-ਦਰਬਾਰ ਤੋਂ ਕੁਝ ਦਿਨ ਪਹਿਲਾਂ ਆਏ ਪਪੀਹੇ ਦੇ ਉਰਦੂ ਵਿਚ ਲਿਖੇ ਹੋਏ ਇਕ ਕਾਰਡ ਨੇ ਸਾਨੂੰ ਪਰੇਸ਼ਾਨ ਕਰ ਦਿੱਤਾ। ਲਿਖਿਆ ਸੀ, "ਆਪ ਕੋ ਇਤਲਾਹ ਹੈ ਕਿ ਮੇਰੇ ਸਾਥ ਦੋ ਦੋਸਤ ਔਰ ਆਏਂਗੇ। ਉਨ ਕਾ ਕਿਰਾਇਆ ਔਰ ਤਮਾਮ ਅਖ਼ਰਾਜਾਤ ਆਪ ਕੇ ਜ਼ਿੰਮੇ ਹੋਂਗੇ। ਯਿਹ ਖ਼ਿਆਲ ਰਹੇ ਕਿ ਵੋਹ ਦੋਨੋਂ ਸਟੇਜ ਪਰ ਕੁਛ ਨਹੀਂ ਬੋਲੇਂਗੇ।" ਅਸੀਂ ਸ਼ਬਦ 'ਅਖ਼ਰਾਜਾਤ' ਪੜ੍ਹ ਕੇ ਡਰ ਗਏ। ਕੀ ਪਤਾ ਉਹ ਕੀ-ਕੀ ਖਰਚਾ ਕਰਨ ਤੇ ਮੰਗਣ। ਉਹ ਵੀ ਓਦੋਂ ਜਦੋਂ ਕਿ ਉਹ ਕਵੀ ਵੀ ਨਹੀਂ ਸਨ, ਸਿਰਫ਼ ਪਪੀਹੇ ਦੇ ਝੋਲ਼ਾ-ਚੁੱਕ ਸਨ। ਅਸੀਂ ਇਹ ਡਰ ਕੰਵਲ ਨਾਲ ਸਾਂਝਾ ਕੀਤਾ ਤਾਂ ਉਹ ਬੋਲਿਆ, "ਫ਼ਿਕਰ ਨਾ ਕਰੋ। ਆਉਣ ਦਿਉ ਉਹਨੂੰ ਦੋਸਤਾਂ ਸਮੇਤ। ਗਿਣ-ਗਿਣ ਕੇ ਦੇਵਾਂਗੇ ਉਹਨੂੰ ਅਖ਼ਰਾਜਾਤ!" ਇਉਂ ਹੀ ਹੋਇਆ, ਪਪੀਹਾ ਚੁੱਪ ਕੀਤਾ ਰੇਲ ਦਾ ਭਾੜਾ ਜੇਬ ਵਿਚ ਪਾ ਕੇ ਤੁਰ ਗਿਆ।

ਅਸੀਂ ਨਵੇਂ-ਨਵੇਂ ਉਠਦੇ ਕੁਝ ਲੇਖਕਾਂ ਨੇ ਸਾਹਿਤ ਸਭਾ, ਰਾਮਪੁਰਾ ਫੂਲ ਬਣਾਈ ਹੋਈ ਸੀ। ਮੈਥੋਂ ਇਲਾਵਾ ਉਸ ਵਿਚ ਜਸਵੰਤ ਵਫ਼ਾ, ਨਸੀਬ ਚੰਦ ਨਸੀਬ, ਗੁਰਬਚਨ ਸਿੰਘ ਤਾਂਘੀ, ਰੌਸ਼ਨ ਫੂਲਵੀ ਤੇ ਕੁਝ ਹੋਰ ਮਿੱਤਰ ਸ਼ਾਮਲ ਸਨ। ਸਾਹਿਤ ਸਭਾ, ਬਰਨਾਲਾ ਸਰਗਰਮ ਵੀ ਬਹੁਤੀ ਸੀ ਅਤੇ ਉਹਦੇ ਕਈ ਲੇਖਕ ਵੀ ਸਾਥੋਂ ਕਾਫ਼ੀ ਕੱਦਾਵਰ ਸਨ। ਇਸ ਕਰਕੇ ਮੈਂ ਉਸ ਦਾ ਵੀ ਮੈਂਬਰ ਬਣਿਆ ਹੋਇਆ ਸੀ। ਬਰਨਾਲਾ ਸਭਾ ਬੜੇ ਠਾਠਦਾਰ ਤੇ ਸਫ਼ਲ ਸਮਾਗਮ ਕਰਦੀ। ਅਜਿਹੇ ਹੀ ਇਕ ਸਮਾਗਮ ਵਿਚ ਕੰਵਲ ਵੀ ਆਇਆ ਹੋਇਆ ਸੀ। ਆਰੰਭਕ ਸੈਸ਼ਨ ਤੋਂ ਮਗਰੋਂ ਰੋਟੀ ਸੀ ਤੇ ਉਸ ਪਿੱਛੋਂ ਦੂਜਾ ਸੈਸ਼ਨ ਹੋਣਾ ਸੀ ਜਿਸ ਵਿਚ ਕੁਝ ਪਰਚੇ ਪੜ੍ਹੇ ਜਾਣੇ ਸਨ। ਸਾਹਿਤਕ ਇਕੱਠਾਂ ਵਿਚ ਕੰਵਲ ਉਹਨੀਂ ਦਿਨੀਂ ਨਵੇਂ ਲੇਖਕਾਂ ਲਈ ਵੱਡੀ ਖਿੱਚ ਹੁੰਦਾ। ਵੱਡੇ ਕਹੇ ਜਾਂਦੇ ਬਹੁਤੇ ਲੇਖਕਾਂ ਦੇ ਉਲਟ ਉਹ ਨਵੇਂ ਲੇਖਕਾਂ ਨਾਲ ਨੇੜਤਾ ਤੇ ਅਪਣੱਤ ਦਿਖਾਉਂਦਾ, ਮੋਹ ਕਰਦਾ। ਉਹ ਵੀ ਉਹਦੇ ਨਾਲ-ਨਾਲ ਰਹਿੰਦੇ। ਰੋਟੀ ਮਗਰੋਂ ਉਹ ਬੋਲਿਆ, "ਚਲੋ, ਖੇਤਾਂ ਵਿਚ ਚਲਦੇ ਹਾਂ। ਉੱਥੇ ਬੈਠ ਕੇ ਗੱਲਾਂ ਕਰਾਂਗੇ।" ਨੇੜੇ ਹੀ ਹਰੀਆਂ-ਕਚੂਰ ਕਣਕਾਂ ਵਿਚਕਾਰ ਇਕ ਖੂਹ ਦਿੱਸ ਪਿਆ। ਅਸੀਂ ਦਰਜਨ ਕੁ ਮੁੰਡੇ ਉਹਦੇ ਨਾਲ ਖੂਹ ਕੋਲ ਜਾ ਬੈਠੇ। ਅਣਜਾਣਿਆਂ ਨਾਲ ਜਾਣ-ਪਛਾਣ ਅਤੇ ਕੁਝ ਮੁੱਢਲੀਆਂ ਗੱਲਾਂ ਮਗਰੋਂ ਉਹ ਬੋਲਿਆ, "ਬਈ ਕੋਈ ਕੁਛ ਸੁਣਾਓ।"

ਇਹ ਤਾਂ ਕਮਾਲ ਹੋ ਗਈ! ਦਾਅ ਲੱਗਣ ਦੀ ਸੂਰਤ ਵਿਚ ਕਿਸੇ ਨੂੰ ਸੁਣਾਉਣ ਦੀ ਨੀਤ ਨਾਲ ਮੈਂ ਘਰੋਂ ਤੁਰਨ ਵੇਲੇ ਆਪਣੀ ਪਹਿਲੀ ਕਹਾਣੀ 'ਰਾਤਾਂ ਕਾਲੀਆਂ' ਜੇਬ ਵਿਚ ਪਾ ਲਿਆਇਆ ਸੀ। ਪਲੇਠੀ ਹੋਣ ਕਰਕੇ ਕਹਾਣੀ ਸੁਣਾਉਣ ਦਾ ਚਾਅ ਵੀ ਸੀ ਅਤੇ ਪ੍ਰਤਿਕਰਮ ਬਾਰੇ ਉਤਸੁਕਤਾ ਵੀ ਤੇ ਡਰ ਵੀ। ਤਬਾਹਕਾਰ ਦੂਜੀ ਸੰਸਾਰ ਜੰਗ ਮੁੱਕਿਆਂ ਕੁਝ ਹੀ ਸਾਲ ਹੋਏ ਸਨ ਤੇ ਤੀਜੀ ਸੰਸਾਰ ਜੰਗ ਦਾ ਖ਼ਤਰਾ ਵਧਦਾ ਜਾ ਰਿਹਾ ਸੀ। ਮਨੁੱਖਜਾਤੀ ਨੂੰ ਬਚਾਉਣ ਲਈ ਸੰਸਾਰ ਭਰ ਵਿਚ ਸ਼ਕਤੀਸ਼ਾਲੀ ਅਮਨ ਲਹਿਰ ਠਾਠਾਂ ਮਾਰ ਰਹੀ ਸੀ। ਪੰਜਾਬੀ ਲੇਖਕ ਅਮਨ ਨੂੰ ਸਮਰਪਿਤ ਜੰਗ-ਵਿਰੋਧੀ ਰਚਨਾਵਾਂ ਕਰ ਰਹੇ ਸਨ ਜਿਨ੍ਹਾਂ ਵਿਚੋਂ ਗੀਤ, ਕਵਿਤਾਵਾਂ ਤੇ ਨਾਟਕ ਮੰਚਾਂ ਉੱਤੇ ਵੀ ਗੂੰਜ ਰਹੇ ਸਨ। ਮੇਰੀ ਪਹਿਲੀ ਕਹਾਣੀ ਇਸੇ ਮਾਹੌਲ ਦੀ ਉਪਜ ਸੀ। ਇਸ ਵਿਚ ਕਿਸਾਨ ਪਰਿਵਾਰ ਦੇ ਇਕ ਫ਼ੌਜੀ ਤੇ ਉਸ ਦੀ ਪਤਨੀ ਅਤੇ ਅੱਗੇ ਚੱਲ ਕੇ ਉਹਨਾਂ ਦੇ ਫ਼ੌਜੀ ਪੁੱਤਰ ਤੇ ਨੂੰਹ, ਚਾਰਾਂ ਦੇ ਜੀਵਨ ਦਾ ਦੁਖਾਂਤ ਪੇਸ਼ ਕੀਤਾ ਗਿਆ ਸੀ। ਇਕ ਸੰਸਥਾ ਵਜੋਂ ਫ਼ੌਜ ਦਾ ਤੇ ਉਸ ਰਾਹੀਂ ਲੜੀ ਜਾਂਦੀ ਜੰਗ ਦਾ ਵਿਰੋਧ ਇਹਦਾ ਧੁਰਾ ਸੀ। ਕਹਾਣੀ ਪਿਤਾ ਫ਼ੌਜੀ ਤੋਂ ਸ਼ੁਰੂ ਹੋ ਕੇ ਪੁੱਤਰ ਫ਼ੌਜੀ ਉੱਤੇ ਜਾ ਮੁਕਦੀ ਸੀ।

"ਬਾਈ, ਮੈਂ ਕਹਾਣੀ ਸੁਣਾਵਾਂ?" ਮੈਂ ਝੱਟ ਬੋਲ ਪਿਆ। ਅਸੀਂ ਸਭ ਉਹਨੂੰ ਬਾਈ ਹੀ ਆਖਦੇ ਸੀ ਤੇ ਹੌਲ਼ੀ-ਹੌਲ਼ੀ ਉਹ ਸਾਰੇ ਲੇਖਕਾਂ ਦਾ ਹੀ 'ਬਾਈ ਕੰਵਲ' ਬਣ ਗਿਆ।

"ਠੀਕ ਹੈ, ਸੁਣਾ।" ਕੰਵਲ ਨੇ ਉੱਤਰ ਦਿੱਤਾ।

ਕਹਾਣੀ ਸਭ ਨੇ ਧਿਆਨ ਨਾਲ ਸੁਣੀ। ਖ਼ਤਮ ਹੋਈ ਤਾਂ ਕੰਵਲ ਬੋਲਿਆ, "ਕਹਾਣੀ ਤੇਰੀ ਵਧੀਆ ਹੈ। ਸਮਕਾਲੀ ਹਾਲਤ ਦੇ ਹਾਣ ਦੀ ਹੈ। ਬੋਲੀ ਵੀ ਢੁੱਕਵੀਂ ਹੈ। ਪਰ ਜਿੰਨਾ ਸਮਾਂ ਤੂੰ ਇਸ ਕਹਾਣੀ ਵਿਚ ਬੀਤਦਾ ਦਿਖਾਇਆ ਹੈ, ਏਨਾ ਕਹਾਣੀ ਨੂੰ ਵਾਰਾ ਨਹੀਂ ਖਾਂਦਾ ਹੁੰਦਾ। ਕੁਝ ਮਿੰਟਾਂ ਵਿਚ ਪੜ੍ਹੀ ਜਾ ਸਕਣ ਵਾਲੀ ਕਹਾਣੀ ਦਹਾਕਿਆਂ ਉੱਤੇ ਸਿੱਧੀ ਫ਼ੈਲੀ ਹੋਈ ਨਹੀਂ ਚਾਹੀਦੀ। ਇਉਂ ਤਾਂ ਨਾਵਲ ਹੁੰਦਾ ਹੈ।"

"ਫੇਰ, ਬਾਈ, ਮੈਂ ਕਿਵੇਂ ਕਰਾਂ?" ਮੈਂ ਨਵੇਂ ਲੇਖਕ ਵਾਲੇ ਭੋਲ਼ੇਪਣ ਨਾਲ ਪੁੱਛਿਆ।

"ਤੂੰ ਕਹਾਣੀ ਪੁੱਤਰ ਤੋਂ ਸ਼ੁਰੂ ਕਰ ਕੇ, ਪਿਤਾ ਵਾਲਾ ਹਿੱਸਾ ਪਿਛੋਕੜ ਵਿਚ ਪਾ ਕੇ, ਹੁਣ ਵਾਂਗ ਪੁੱਤਰ ਉੱਤੇ ਹੀ ਅੰਤ ਕਰ।" ਕੰਵਲ ਨੇ ਗੁਰ ਦੱਸਿਆ।

ਕੰਵਲ ਲੰਮੇ ਸਮੇਂ ਤੱਕ ਨਵੇਂ ਉੱਭਰਦੇ ਲੇਖਕਾਂ ਲਈ ਉਤਸਾਹ ਤੇ ਪ੍ਰੇਰਨਾ ਦਾ ਸੋਮਾ ਬਣਿਆ ਰਿਹਾ। ਸਾਹਿਤ ਰਚਨਾ ਦੇ ਆਰੰਭਕ ਦੌਰ ਵਿਚ ਹੀ ਮਿਲੀ ਪ੍ਰਸਿੱਧੀ ਨੇ ਉਸ ਵਿਚ ਹਉਂ ਨਹੀਂ ਸੀ ਲਿਆਂਦੀ। ਪਾਠਕਾਂ ਨਾਲ ਵੀ ਜਿੰਨਾ ਸਿੱਧਾ ਸੰਪਰਕ ਉਸ ਦਾ ਰਿਹਾ, ਘੱਟ ਹੀ ਲੇਖਕਾਂ ਦਾ ਹੁੰਦਾ ਹੈ। ਇਹੋ ਸਮਾਂ ਸੀ ਜਦੋਂ ਮੈਂ ਗੰਭੀਰਤਾ ਨਾਲ ਸਾਹਿਤ-ਰਚਨਾ ਦੇ ਰਾਹ ਤੁਰ ਪਿਆ। ਘਰ ਆ ਕੇ ਮੈਂ ਕਹਾਣੀ ਪਹਿਲਾਂ ਵਾਂਗ ਪਿਤਾ ਦੇ ਭਰਤੀ ਹੋਣ ਲਈ ਜਾਣ ਤੋਂ ਸ਼ੁਰੂ ਕਰਨ ਦੀ ਥਾਂ ਛੁੱਟੀ ਆਏ ਪੁੱਤਰ ਦੇ ਰੇਲੋਂ ਉੱਤਰਨ ਤੋਂ ਸ਼ੁਰੂ ਕੀਤੀ ਤੇ ਘਰ ਦੇ ਦਰਵਾਜ਼ੇ ਉੱਤੇ ਪੁੱਜਣ ਨਾਲ, ਪਹਿਲਾਂ ਵਾਂਗ ਹੀ, ਮੁਕਦੀ ਰਹਿਣ ਦਿੱਤੀ। ਬਾਕੀ ਸਾਰੀ ਕਹਾਣੀ ਵਿਚ-ਵਿਚਾਲੇ ਪਿਛੋਕੜ ਬਣਾ ਦਿੱਤੀ। ਇਹ ਕਹਾਣੀ ਇਸ ਨਵੇਂ ਰੂਪ ਵਿਚ ਕਰਤਾਰ ਸਿੰਘ ਬਲੱਗਣ ਦੇ ਪ੍ਰਸਿੱਧ ਮਾਸਕ-ਪੱਤਰ 'ਕਵਿਤਾ' ਵਿਚ ਤੇ ਕਈ ਸਾਲ ਮਗਰੋਂ ਮੇਰੇ ਪਹਿਲੇ ਕਹਾਣੀ-ਸੰਗ੍ਰਹਿ 'ਓਪਰਾ ਮਰਦ' ਵਿਚ ਛਪੀ।

'ਓਪਰਾ ਮਰਦ' ਕੰਵਲ ਨੂੰ ਭੇਟ ਕੀਤੀ ਤਾਂ ਕੁਝ ਦਿਨਾਂ ਮਗਰੋਂ ਉਹਦੀ ਚਿੱਠੀ ਆਈ: "ਗੁਰਬਚਨ ਕਲਾਕਾਰ ਨਾਲੋਂ ਮਨੁੱਖ ਬਹੁਤਾ ਹੈ। ਇਕ ਜੱਟ ਦੇ ਦਿਲ ਵਾਂਗ ਉਸ ਦੀ ਕਹਾਣੀ ਹੱਡਾਂ-ਪੈਰਾਂ ਦੀ ਮੋਕਲੀ ਹੁੰਦੀ ਹੈ। ਉਸ ਦੇ ਸਿੱਧੇ-ਪੱਧਰੇ ਪਾਤਰਾਂ ਵਿਚੋਂ ਵਿਸ਼ੇਸ਼ ਮਹੱਤਵ ਝਾਕਦਾ ਹੈ। ਉਸ ਦੀ ਕਹਾਣੀ ਦਾ ਨਸ਼ਾ ਦੇਰ ਨਾਲ ਚੜ੍ਹਦਾ ਹੈ ਅਤੇ ਦੇਰ ਨਾਲ ਹੀ ਲੱਥਦਾ ਹੈ। ਉਸ ਦੀ ਕਲਾ ਦਾ ਗੁਣ ਸਪੱਸ਼ਟਤਾ ਹੈ। ਗੁਰਬਚਨ ਮਾਲਵੇ ਦੀ ਰੰਗਭਰੀ ਮਹਿਫ਼ਲ ਵਿਚ ਮਹਿਕਦੀ ਮੁਸਕਾਨ ਹੈ।" ਇਸ ਪ੍ਰਸੰਸਾ ਤੋਂ ਇਲਾਵਾ ਇਕ ਇਨਾਮ ਉਹਨੇ ਮੈਨੂੰ ਅਜਿਹਾ ਦਿੱਤਾ ਜੋ ਹੋਰ ਕਿਸੇ ਨੂੰ ਉਹਨੇ ਸ਼ਾਇਦ ਨਹੀਂ ਹੀ ਦਿੱਤਾ ਹੋਵੇਗਾ। ਜਦੋਂ ਉਹ ਬੀਮਾਰ ਚੰਨੀ ਨੂੰ ਮਿਲਣ ਆਇਆ, ਮੇਰੇ ਨਾਲ ਗੱਲਾਂ ਕਰਦਿਆਂ ਉਹਨੇ ਆਖਿਆ, "ਹੁਣ ਮੈਂ ਬਹੁਤ ਘੱਟ ਪੜ੍ਹਦਾ ਹਾਂ। ਬਹੁਤਾ ਪੜ੍ਹਿਆ ਵੀ ਨਹੀਂ ਜਾਂਦਾ, ਲੋੜ ਵੀ ਨਹੀਂ। ਪਰ ਅਖ਼ਬਾਰਾਂ-ਰਸਾਲਿਆਂ ਵਿਚੋਂ ਤੇਰੀ ਮੈਂ ਹਰ ਲਿਖਤ ਪੜ੍ਹਦਾ ਹਾਂ।"

ਉਹਨੇ ਪੰਜਾਬੀ ਲੇਖਕਾਂ ਲਈ 'ਬਾਵਾ ਬਲਵੰਤ ਇਨਾਮ' ਤੇ 'ਬਲਰਾਜ ਸਾਹਨੀ ਇਨਾਮ' ਕਾਇਮ ਕੀਤੇ ਜੋ ਬਾਕਾਇਦਗੀ ਨਾਲ ਹਰ ਸਾਲ ਦਿੱਤੇ ਜਾਂਦੇ ਰਹੇ। ਉਹਨੇ ਇਹ ਸਨਮਾਨ ਦੇਣ ਵਾਸਤੇ ਮੈਨੂੰ ਪਹਿਲਿਆਂ ਵਿਚ ਹੀ ਚੇਤੇ ਕੀਤਾ, ਖ਼ੁਸ਼ੀ ਹੋਈ। ਡਾ. ਜਸਵੰਤ ਗਿੱਲ ਦੇ ਚਲਾਣੇ ਮਗਰੋਂ ਉਹਨੇ ਲੇਖਿਕਾਵਾਂ ਵਾਸਤੇ ਉਹਦੇ ਨਾਂ ਦਾ ਸਨਮਾਨ ਕਾਇਮ ਕੀਤਾ। ਆਪ ਉਹਨੂੰ ਮਾਣਾਂ-ਸਨਮਾਨਾਂ ਦਾ ਘਾਟਾ ਹੀ ਕੋਈ ਨਹੀਂ ਰਿਹਾ। ਅਣਗਿਣਤ ਸਾਹਿਤਕ ਸਭਾਵਾਂ ਤੇ ਸੰਸਥਾਵਾਂ ਦੇ ਸਨਮਾਨਾਂ ਤੋਂ ਇਲਾਵਾ ਭਾਰਤੀ ਸਾਹਿਤ ਅਕਾਦਮੀ ਤੋਂ ਲੈ ਕੇ 'ਸਾਹਿਤ ਰਤਨ' ਸਮੇਤ

(ਬਾਕੀ ਸਫਾ 28 'ਤੇ)

# ਹੁਣ ਮੋਦੀ ਮੁਕਤ ਭਾਰਤ ਲਈ ਅੰਦੋਲਨ ਦਾ ਸਮਾਂ

ਜਦੋਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਮਈ 2024 ਵਿਚ ਹੋਣ ਵਾਲੀਆਂ ਆਮ ਚੋਣਾਂ ਵੱਲ ਵਧ ਰਿਹਾ ਹੈ ਤਾਂ ਇਹ ਜ਼ਰੂਰੀ ਹੈ ਕਿ ਵਿਦੇਸ਼ਾਂ 'ਚ ਰਹਿ ਰਹੇ ਭਾਰਤੀ ਆਪਣੇ ਮੁਲਕ ਨੂੰ ਹਿੰਦੂ ਸਰਵਉੱਚਤਾਵਾਦੀ ਆਗੂ ਤੋਂ ਮੁਕਤ ਕਰਾਉਣ ਲਈ ਲਾਮਬੰਦ ਹੋਣ। ਨਰਿੰਦਰ ਮੋਦੀ ਪਹਿਲੀ ਵਾਰ ਮਈ 2014 ਵਿਚ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ ਸੀ। ਉਸ ਨੇ ਸੱਤਾ ਵਿਚ 9 ਸਾਲ ਪੂਰੇ ਕਰ ਲਏ ਹਨ।

ਆਰ.ਐੱਸ.ਐੱਸ. ਜੋ ਇਕ ਸੰਜੋਪੱਖੀ ਅਤੇ ਅਸਹਿਣਸ਼ੀਲ ਸੱਭਿਆਚਾਰਕ ਜਥੇਬੰਦੀ ਹੈ ਜੋ ਸੋਸ਼ਲ ਇੰਜਨੀਅਰਿੰਗ ਦੁਆਰਾ ਭਾਰਤ ਨੂੰ ਅਧਿਕਾਰਕ ਹਿੰਦੂ ਰਾਜ ਵਿਚ ਬਦਲਣਾ ਚਾਹੁੰਦੀ ਹੈ, ਦਾ ਕੱਟੜ ਮੈਂਬਰ ਮੋਦੀ ਹੁਕਮਰਾਨ ਭਾਜਪਾ ਦਾ ਆਗੂ ਹੈ। ਇਹ ਪਾਰਟੀ ਆਪਣੇ ਘੱਟਗਿਣਤੀ ਵਿਰੋਧੀ ਰੁਖ਼ ਲਈ ਜਾਣੀ ਜਾਂਦੀ ਹੈ।



**ਗੁਰਪ੍ਰੀਤ ਸਿੰਘ**
ਫੋਨ: +1-778-862-2454

ਇਸ ਤੋਂ ਪਹਿਲਾਂ ਜਦੋਂ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ ਉਦੋਂ ਸੰਨ 2002 'ਚ ਜੋ ਮੁਸਲਮਾਨਾਂ ਦਾ ਕਤਲੇਆਮ ਹੋਇਆ, ਉਹ ਉਸ ਦੀ ਮਿਲੀਭੁਗਤ ਨਾਲ ਹੋਇਆ ਸੀ। ਹਾਲਾਂਕਿ ਉਸ ਉੱਪਰ ਇਹ ਦੋਸ਼ ਕਦੇ ਆਇਦ ਨਹੀਂ ਹੋਇਆ ਜਾਂ ਉਸ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਪਰ ਜਦੋਂ ਤੱਕ ਉਹ ਸਭ ਤੋਂ ਉੱਚੇ ਅਹੁਦੇ ਲਈ ਨਹੀਂ ਚੁਣਿਆ ਗਿਆ, ਵਿਦੇਸ਼ੀ ਸਰਕਾਰਾਂ ਉਸ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਦੀਆਂ ਰਹੀਆਂ। ਸੰਜੋਗ ਇਹ ਹੈ ਕਿ ਜਦੋਂ ਉਸ ਦੇ ਰਾਜ ਦੇ ਨੌਂ ਸਾਲ ਪੂਰੇ ਹੋਏ ਤਾਂ ਬੀ.ਬੀ.ਸੀ. ਨੇ ਇਕ ਦਸਤਾਵੇਜ਼ੀ ਫਿਲਮ ਰਿਲੀਜ਼ ਕੀਤੀ ਜੋ ਗੁਜਰਾਤ ਕਤਲੇਆਮ ਵਿਚ ਉਸ ਦੀ ਸ਼ਮੂਲੀਅਤ ਨੂੰ ਉਜਾਗਰ ਕਰਦੀ ਹੈ। ਇਹ ਹੈਰਾਨੀ ਦੀ ਗੱਲ ਨਹੀਂ ਕਿ ਮੋਦੀ ਸਰਕਾਰ ਨੇ ਸਿਰਫ਼ ਡਾਕੂਮੈਂਟਰੀ ਉੱਪਰ ਪਾਬੰਦੀ ਹੀ ਨਹੀਂ ਲਗਾਈ ਸਗੋਂ ਭਾਰਤ ਵਿਚ ਬੀ.ਬੀ.ਸੀ. ਦੇ ਦਫ਼ਤਰ ਉੱਪਰ ਧੌਂਸ ਜਮਾਉਣ ਦੀ ਕੋਸ਼ਿਸ਼ ਵੀ ਕੀਤੀ।

ਐਪਰ ਇਹ ਮੋਦੀ ਦੁਆਰਾ ਮਨੁੱਖਤਾ ਦੇ ਵਿਰੁੱਧ ਕੀਤਾ ਇੱਕੋ-ਇਕ ਜੁਰਮ ਨਹੀਂ ਹੈ। ਉਸ ਦੇ ਰਾਜ ਵਿਚ ਮੁਸਲਮਾਨਾਂ ਸਮੇਤ ਸਾਰੀਆਂ ਧਾਰਮਿਕ ਘੱਟਗਿਣਤੀਆਂ ਉੱਪਰ ਹਮਲੇ ਵਧੇ ਹਨ। ਜਿਵੇਂ ਇਹ ਕਾਫ਼ੀ ਨਹੀਂ ਸੀ, ਮੋਦੀ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਸਿਆਸੀ ਆਲੋਚਕਾਂ ਅਤੇ ਵਿਰੋਧੀ ਧਿਰ ਉੱਪਰ ਹਮਲੇ ਤੇਜ਼ ਕਰ ਦਿੱਤੇ ਹਨ। ਅਸੰਤੁਸ਼ਟ ਆਵਾਜ਼ਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਪੁਲਿਸ ਅਤੇ ਖ਼ੁਫ਼ੀਆ ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਆਜ਼ਾਦ ਮੀਡੀਆ ਦੀ ਆਵਾਜ਼ ਨੂੰ ਬੇਖ਼ੌਫ਼ ਹੋ ਕੇ ਕੁਚਲਿਆ ਜਾ ਰਿਹਾ ਹੈ।

ਸੰਖੇਪ ਵਿਚ ਕਹੀਏ ਤਾਂ ਮੋਦੀ ਨੇ ਪੂਰੇ ਭਾਰਤ ਨੂੰ ਗੁਜਰਾਤ ਵਿਚ ਬਣਾ ਦਿੱਤਾ ਹੈ ਜਿੱਥੇ ਉਹ ਸਿਆਸੀ ਧਰੁਵੀਕਰਨ ਨਾਲ ਬਹੁਗਿਣਤੀਵਾਦ ਦਾ ਨਾਇਕ ਬਣਿਆ ਸੀ। ਆਖ਼ਿਰਕਾਰ ਗੁਜਰਾਤ ਉਹ ਪ੍ਰਯੋਗਸ਼ਾਲਾ ਸੀ ਜਿੱਥੇ ਮੋਦੀ ਦੇ ਕੱਟੜਪੁਣੇ ਦੇ ਪ੍ਰਯੋਗ ਨੇ ਉਸ ਨੂੰ ਭਰਪੂਰ ਲਾਭ ਦਿੱਤੇ ਜਿਸ ਨਾਲ ਉਹ ਬਹੁਤ ਲੰਮੇ ਸਮੇਂ ਲਈ ਸੱਤਾ 'ਚ ਟਿਕਿਆ ਰਹਿ ਸਕਿਆ। ਅੱਜ ਵੀ ਉਸ ਦੀ ਪਾਰਟੀ 2002 ਦੇ ਖ਼ੂਨ-ਖ਼ਰਾਬੇ ਦਾ ਲਾਭ ਉਠਾ ਰਹੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਨੇ ਉਨ੍ਹਾਂ ਨੂੰ ਇਕ ਹੋਰ ਜਿੱਤ ਦਿਵਾਈ ਜਦੋਂ ਭਾਜਪਾ ਆਗੂਆਂ ਨੇ ਮੁਸਲਿਮ ਵਿਰੋਧੀ ਕਤਲੇਆਮ ਦੇ ਭੂਤ ਨੂੰ ਪੂਰੀ ਬੇਸ਼ਰਮੀ ਨਾਲ ਵਰਤਿਆ।


ਆਓ ਇਸ ਹਕੀਕਤ ਦਾ ਸਾਹਮਣਾ ਕਰੀਏ ਕਿ ਆਰ.ਐੱਸ.ਐੱਸ. ਅਤੇ ਭਾਜਪਾ ਨੇ ਕਦੇ ਵੀ ਆਪਣੇ ਮਨਸੂਬੇ ਛੁਪਾਏ ਨਹੀਂ ਅਤੇ ਫਿਰ ਵੀ ਬਹੁਗਿਣਤੀ ਨੇ ਉਨ੍ਹਾਂ ਨੂੰ ਦੋ ਵਾਰ ਭਾਰੀ ਬਹੁਮੱਤ ਨਾਲ ਸੱਤਾ ਵਿਚ ਲਿਆਂਦਾ ਹੈ। ਅਜਿਹੀ ਹਮਾਇਤ ਤੋਂ ਉਤਸ਼ਾਹਤ ਹੋ ਕੇ ਮੋਦੀ ਹੋਰ ਵੀ ਬੇਕਿਰਕ ਅਤੇ ਹੰਕਾਰੀ ਹੋ ਗਿਆ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਉਸ ਤੋਂ ਪਹਿਲੀਆਂ ਸਰਕਾਰਾਂ ਸੋਲਾਂ-ਕਲਾ ਸੰਪੂਰਨ ਸਨ ਅਤੇ ਕਦੇ ਵੀ ਗ਼ਲਤ ਕੰਮਾਂ ਵਿਚ ਸ਼ਾਮਲ ਨਹੀਂ ਸਨ। ਭਾਜਪਾ ਸਰਕਾਰ ਦੀ ਵਿਲੱਖਣ ਗੱਲ ਇਹ ਹੈ ਕਿ ਇਹ ਆਰ.ਐੱਸ.ਐੱਸ. ਦੇ ਫ਼ਤਵੇ ਨਾਲ ਚਲਾਈ ਜਾ ਰਹੀ ਹੈ ਜਿਸ ਨੇ ਆਪਣਾ ਸਫ਼ਰ 1925 'ਚ ਸ਼ੁਰੂ ਕੀਤਾ ਸੀ।

ਬਰਤਾਨਵੀ ਭਾਰਤ ਦੇ ਸਮੇਂ ਤੋਂ ਹੀ ਪੂਰੇ ਦੇਸ਼ ਵਿਚ ਜਨਤਕ ਕਵਾਇਦਾਂ ਅਤੇ ਇਕੱਠਾਂ ਰਾਹੀਂ ਆਰ.ਐੱਸ.ਐੱਸ. ਹਜ਼ਾਰਾਂ ਲੋਕਾਂ ਦੇ ਦਿਮਾਗਾਂ 'ਚ ਹਿੰਦੂ ਰਾਸ਼ਟਰ ਬਣਾਉਣ ਦਾ ਜ਼ਹਿਰ ਭਰਨ 'ਚ ਕਾਮਯਾਬ ਹੁੰਦੀ ਆ ਰਹੀ ਹੈ। ਵਿਡੰਬਨਾ ਇਹ ਹੈ ਕਿ ਸੰਘੀਆਂ ਨੇ ਆਜ਼ਾਦੀ ਦੀ ਲੜਾਈ ਵਿਚ ਕਦੇ ਹਿੱਸਾ ਨਹੀਂ ਲਿਆ ਸਗੋਂ ਉਨ੍ਹਾਂ ਦੀ ਤਾਂ ਕਦੇ ਆਜ਼ਾਦੀ ਦੀ ਲੜਾਈ ਵਿਚ ਕੋਈ ਦਿਲਚਸਪੀ ਹੀ ਨਹੀਂ ਸੀ।

ਇੱਥੋਂ ਤੱਕ ਕਿ ਉਨ੍ਹਾਂ ਦੇ ਇਕ ਹਮਾਇਤੀ ਨੇ ਮੋਹਨਦਾਸ ਕਰਮਚੰਦ ਗਾਂਧੀ ਦਾ ਕਤਲ ਕਰ ਦਿੱਤਾ ਜੋ ਕਿ ਸ਼ਾਂਤਮਈ ਆਜ਼ਾਦੀ ਅੰਦੋਲਨ ਦਾ ਇਕ ਸਿਰਮੌਰ ਆਗੂ ਸੀ। ਗਾਂਧੀ ਦਾ ਕਤਲ ਧਰਮ ਨਿਰਪੱਖਤਾ ਅਤੇ ਹਿੰਦੂ-ਮੁਸਲਿਮ ਏਕਤਾ ਦੀ ਵਕਾਲਤ ਕਰਨ ਅਤੇ ਹਿੰਦੂ ਰਾਸ਼ਟਰ ਦੇ ਵਿਚਾਰ ਦਾ ਵਿਰੋਧ ਕਰਨ ਕਰਕੇ ਕੀਤਾ ਗਿਆ। ਇਸ ਕਾਂਡ ਤੋਂ ਬਾਅਦ ਸੰਘ ਉੱਪਰ ਕੁਝ ਸਮੇਂ ਲਈ ਪਾਬੰਦੀ ਵੀ ਲਗਾਈ ਗਈ ਸੀ।

ਮੋਦੀ ਵੱਲੋਂ ਗਾਂਧੀ ਦਾ ਸਤਿਕਾਰ ਪਾਖੰਡੀ ਹੈ ਜਦੋਂ ਕਿ ਉਸ ਦੀ ਪਾਰਟੀ ਦੇ ਕੁਝ ਆਗੂ ਉਸ ਦੇ ਕਾਤਲਾਂ ਦੀ ਸ਼ਰੇਆਮ ਮਹਿਮਾ ਗਾਉਂਦੇ ਹਨ। ਮੋਦੀ ਵੱਲੋਂ ਵੀ.ਡੀ. ਸਾਵਰਕਰ ਦੀ ਤਾਰੀਫ਼ ਤੋਂ ਵਧੇਰੇ ਆਪਾ-ਵਿਰੋਧੀ ਹੋਰ ਕੁਝ ਨਹੀਂ ਹੋ ਸਕਦਾ ਜੋ ਵਿਵਾਦਾਂ 'ਚ ਘਿਰਿਆ ਸ਼ਖ਼ਸ ਹੈ। ਗਾਂਧੀ ਦੇ ਕਤਲ ਲਈ ਕਾਤਲਾਂ ਨੂੰ ਭੜਕਾਉਣ ਵਾਲਾ ਸਾਵਰਕਰ ਹੀ ਸੀ ਪਰ ਸਬੂਤਾਂ ਦੀ ਘਾਟ ਕਾਰਨ ਉਹ ਬਰੀ ਹੋ ਗਿਆ ਸੀ। ਇਸ ਵਿਰਾਸਤ ਦੇ ਬਾਵਜੂਦ, ਆਰ.ਐੱਸ.ਐੱਸ. ਅਤੇ ਭਾਜਪਾ ਕਿਸੇ ਵੀ ਐਸੇ ਵਿਅਕਤੀ ਦੀ ਦੇਸ਼ਭਗਤੀ ਉੱਪਰ ਬੇਭਰੋਸਗੀ ਜ਼ਾਹਿਰ ਕਰਦੇ ਹਨ ਜੋ ਭਾਰਤ ਵਿਚ ਕੀਤੇ ਜਾ ਰਹੇ ਜਬਰ ਦਾ ਵਿਰੋਧ ਕਰਦਾ ਹੈ। ਜਿਹੜਾ ਵੀ ਕੋਈ ਵਿਅਕਤੀ ਉਨ੍ਹਾਂ ਦੀ ਆਲੋਚਨਾ ਕਰਨ ਦੀ ਹਿੰਮਤ ਕਰਦਾ ਹੈ, ਉਸ ਨੂੰ ਸੌਖਿਆਂ ਹੀ ਦੇਸ਼ ਵਿਰੋਧੀ ਕਰਾਰ ਦਿੱਤਾ ਜਾ ਸਕਦਾ ਹੈ ਅਤੇ ਜੇਲ੍ਹ ਦੀ ਸਲਾਖ਼ਾਂ ਪਿੱਛੇ ਡੱਕਿਆ ਜਾ ਸਕਦਾ ਹੈ।




ਪੈਂਫਲਿਟ 'ਮੋਦੀ ਫ੍ਰੀ ਇੰਡੀਆ' ਦਾ ਮੁਖੜਾ।

ਦੁਨੀਆ ਬਹੁਤ ਹੱਦ ਤੱਕ ਆਰ.ਐੱਸ.ਐੱਸ. ਦੀ ਘਿਨਾਉਣੀ ਹਕੀਕਤ ਤੋਂ ਅਣਜਾਣ ਹੈ ਜਿਸ ਨੇ ਹਿਟਲਰ ਵਰਗੇ ਜ਼ਾਲਮਾਂ ਤੋਂ ਪ੍ਰੇਰਨਾ ਲਈ। ਇਸ ਦੇ ਬਾਨੀਆਂ ਨੇ ਯਹੂਦੀ ਸਰਬਨਾਸ਼ ਨੂੰ ਵੀ ਜਾਇਜ਼ ਠਹਿਰਾਇਆ ਪਰ ਦੁਨੀਆ ਦੇ, ਖ਼ਾਸ ਤੌਰ 'ਤੇ ਪੱਛਮੀ ਜਗਤ ਦੇ ਆਗੂਆਂ ਉੱਪਰ ਚੀਨ ਅਤੇ ਰੂਸ ਦਾ ਭੂਤ ਕੁਝ ਜ਼ਿਆਦਾ ਹੀ ਸਵਾਰ ਹੈ। ਆਪਣੇ ਰਵਾਇਤੀ ਦੁਸ਼ਮਣਾਂ ਵਿਰੁੱਧ ਮੋਦੀ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ 'ਚ ਉਹ ਉਸ ਦੇ ਕਾਰਿਆਂ ਨੂੰ ਸਹਿਜੇ ਹੀ ਨਜ਼ਰਅੰਦਾਜ਼ ਕਰ ਰਹੇ ਹਨ ਜਦਕਿ ਬਣਦਾ ਇਹ ਹੈ ਕਿ ਉਨ੍ਹਾਂ ਕਾਰਿਆਂ ਦੇ ਮੱਦੇਨਜ਼ਰ ਮੋਦੀ ਉੱਪਰ ਪਾਬੰਦੀਆਂ ਲਗਾਈਆਂ ਜਾਣ। ਜਦੋਂ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਦੀ ਗੱਲ ਆਉਂਦੀ ਹੈ ਤਾਂ ਪ੍ਰਵਾਸੀ ਭਾਰਤੀਆਂ ਨੂੰ ਉਨ੍ਹਾਂ ਨੂੰ ਜ਼ੋਰ ਦੇ ਕੇ ਕਹਿਣਾ ਚਾਹੀਦਾ ਹੈ ਕਿ ਉਹ ਸਿਲੈਕਟਿਵ ਹਨ।

ਵਿਦੇਸ਼ਾਂ ਵਿਚ ਜੋ ਭਾਰਤੀ ਇਨ੍ਹਾਂ ਘਟਨਾਵਾਂ ਤੋਂ ਫ਼ਿਕਰਮੰਦ ਹਨ, ਉਨ੍ਹਾਂ ਕੋਲ ਭਾਰਤ ਨੂੰ ਮੋਦੀ ਅਤੇ ਆਰ.ਐੱਸ.ਐੱਸ. ਤੋਂ ਮੁਕਤ ਕਰਾਉਣ ਲਈ ਸਖ਼ਤ ਮਿਹਨਤ ਕਰਨ ਵਾਸਤੇ ਇਕ ਸਾਲ ਦੀ ਮੋਹਲਤ ਹੈ। 2024 ਦੀਆਂ ਚੋਣਾਂ ਕੋਈ ਸਾਧਾਰਨ ਚੋਣਾਂ ਨਹੀਂ ਹੋਣਗੀਆਂ। ਇਸ ਤੋਂ ਇਕ ਸਾਲ ਬਾਅਦ ਆਰ.ਐੱਸ.ਐੱਸ. ਵੱਲੋਂ ਆਪਣੀ ਜਨਮ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ ਜਾਵੇਗੀ ਅਤੇ ਪੂਰੀ ਸੰਭਾਵਨਾ ਹੈ ਕਿ ਭਾਰਤ ਨੂੰ 'ਹਿੰਦੂ ਰਾਸ਼ਟਰ' ਵਜੋਂ ਮੁੜ ਪਰਿਭਾਸ਼ਿਤ ਕੀਤਾ ਜਾਵੇਗਾ ਜਿੱਥੇ ਗ਼ੈਰ-ਹਿੰਦੂਆਂ ਨੂੰ ਦੋਇਮ ਦਰਜੇ ਦੇ ਨਾਗਰਿਕ ਮੰਨਿਆ ਜਾਵੇਗਾ। ਹੁਣ ਸਮਾਂ ਹੈ ਕਿ ਭਾਰਤੀ ਵਿਰਾਸਤ ਦੇ ਆਲਮੀ ਨਾਗਰਿਕ ਜਥੇਬੰਦ ਹੋਣ ਅਤੇ ਸਾਡੇ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਦੇ ਮੁਲਕ ਦਾ ਮੁੜ ਦਾਅਵਾ ਕਰਨ ਜਿਨ੍ਹਾਂ ਨੇ ਇਕ ਸਮਾਨਤਾਵਾਦੀ ਅਤੇ ਮਾਨਵੀ ਸਮਾਜ ਦੀ ਕਲਪਨਾ ਕੀਤੀ ਸੀ। ਖ਼ਾਸ ਤੌਰ 'ਤੇ ਉੱਤਰੀ ਅਮਰੀਕਾ ਵਿਚ ਰਹਿੰਦੇ ਲੋਕਾਂ ਲਈ- ਜਿੱਥੇ 1913 ਵਿਚ ਗ਼ਦਰ ਪਾਰਟੀ ਬਣਾਈ ਗਈ ਸੀ- ਇਹ ਚਿੰਤਾ ਦਾ ਵੱਡਾ ਕਾਰਨ ਹੋਣਾ ਚਾਹੀਦਾ ਹੈ। ਗ਼ਦਰ ਲਹਿਰ ਦੀ ਸ਼ੁਰੂਆਤ ਭਾਰਤੀ ਪਰਵਾਸੀਆਂ ਦੁਆਰਾ ਬਰਤਾਨਵੀ ਬਸਤੀਵਾਦੀ ਕਬਜ਼ੇ ਵਿਰੁੱਧ ਅਤੇ ਧਰਮ ਨਿਰਪੱਖ ਗਣਰਾਜ ਦੀ ਸਥਾਪਨਾ ਕਰਨ ਦੇ ਉਦੇਸ਼ ਨਾਲ ਹਥਿਆਰਬੰਦ ਗ਼ਦਰ ਕਰਨ ਲਈ ਕੀਤੀ ਗਈ ਸੀ। ਆਓ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲੀਏ। ਅੱਜ ਵੋਟ ਨੇ ਗੋਲੀ ਦੀ ਥਾਂ ਲੈ ਲਈ ਹੈ। ਸੋ ਅਸੀਂ ਉਨ੍ਹਾਂ ਲੋਕਾਂ ਦੇ ਹੱਥ ਮਜ਼ਬੂਤ ਕਰਨ ਲਈ ਭਾਰਤ ਵਾਪਸ ਜਾਣ ਬਾਰੇ ਸੋਚ ਸਕਦੇ ਹਾਂ ਜੋ ਜੋਖ਼ਮ ਉਠਾ ਕੇ ਆਰ.ਐੱਸ.ਐੱਸ. ਵਿਰੁੱਧ ਲੜ ਰਹੇ ਹਨ। ਅਸੀਂ ਮਈ 2024 ਦੀਆਂ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਲਈ ਆਪਣੇ ਪਿਆਰਿਆਂ ਨੂੰ ਉਤਸ਼ਾਹਿਤ ਕਰ ਸਕਦੇ ਹਾਂ। ਬਦਲਵਾਂ ਤਰੀਕਾ ਇਹ ਵੀ ਹੈ ਕਿ ਤੁਸੀਂ ਇੱਥੇ ਰਹਿ ਕੇ ਆਨਲਾਈਨ ਜਾਂ ਫੋਨ ਕਾਲਾਂ ਰਾਹੀਂ ਪ੍ਰਚਾਰ ਕਰ ਸਕਦੇ ਹੋ। ਦੁਨੀਆ ਭਰ 'ਚ ਜਾਗਰੂਕਤਾ ਪੈਦਾ ਕਰਨ ਲਈ ਜਨਤਕ ਰੈਲੀਆਂ ਕਰ ਕੇ ਪੱਛਮੀ ਮੀਡੀਆ ਅਤੇ ਸਿਆਸਤਦਾਨਾਂ ਨੂੰ ਭਾਰਤ ਵਿਚ ਕੀ ਹੋ ਰਿਹਾ ਹੈ, ਬਾਰੇ ਸੰਵੇਦਨਸ਼ੀਲ ਬਣਾਉਣ ਅਤੇ ਇਹ ਯਕੀਨੀ ਬਣਾਉਣ ਲਈ ਕੌਮਾਂਤਰੀ ਦਬਾਅ ਬਣਾਉਣ ਦਾ ਇਕ ਹੋਰ ਤਰੀਕਾ ਹੈ ਤਾਂ ਜੋ ਮੋਦੀ ਅਗਲੀਆਂ ਚੋਣਾਂ ਜਿੱਤਣ ਲਈ 2002 ਵਰਗੀ ਹਿੰਸਾ ਨੂੰ ਅੰਜਾਮ ਨਾ ਦੇ ਸਕੇ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮੋਦੀ ਸਰਕਾਰ ਭਾਰਤ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਅਤੇ ਮਜ਼ਬੂਤ ਬਣਾਉਣ ਦੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ 'ਚ ਅਸਫ਼ਲ ਰਹੀ ਹੈ। ਮੌਕਿਆਂ ਦੀ ਘਾਟ ਇਕ ਵਜ੍ਹਾ ਹੈ ਜਿਸ ਕਰ ਕੇ ਜ਼ਿਆਦਾਤਰ ਲੋਕ ਭਾਰਤ ਤੋਂ ਪਰਵਾਸ ਕਰ ਕੇ ਕੈਨੇਡਾ ਆਉਣ ਲਈ ਮਜਬੂਰ ਹਨ। ਇਸ ਨੇ ਮੋਦੀ ਨੂੰ ਧਰਮ ਦੀ ਸਿਆਸਤ ਵਿਚ ਹੋਰ ਵੀ ਹਮਲਾਵਰ ਹੋ ਕੇ ਜੁਟਣ ਦਾ ਕਾਰਨ ਮੁਹੱਈਆ ਕੀਤਾ ਹੈ।

ਹੁਣ ਤੱਕ ਮੋਦੀ ਨੇ ਹਿੰਦੂ ਵੋਟਰਾਂ ਨਾਲ ਭਾਜਪਾ ਦੇ ਮੁੱਖ ਵਾਅਦਿਆਂ ਨੂੰ ਪੂਰਾ ਕਰਨ ਰਾਹੀਂ ਆਪਣਾ ਹਮਾਇਤੀ ਆਧਾਰ ਬਣਾਈ ਰੱਖਿਆ ਹੈ। ਸਾਨੂੰ ਸਾਰਿਆਂ ਨੂੰ ਜ਼ੋਰਦਾਰ ਅਪੀਲ ਕਰਨੀ ਚਾਹੀਦੀ ਹੈ ਕਿ ਵੋਟ ਰਣਨੀਤਕ ਤੌਰ 'ਤੇ ਪਾਈ ਜਾਵੇ ਤਾਂ ਜੋ ਮੋਦੀ ਨੂੰ ਦਬੱਲਿਆ ਜਾ ਸਕੇ ਅਤੇ ਇਕ ਹੋਰ ਬਦਲ ਨੂੰ ਸੱਤਾ 'ਚ ਲਿਆਂਦਾ ਜਾਵੇ ਜੋ ਧਰਮ ਨਿਰਪੱਖ ਅਤੇ ਸਹਿਣਸ਼ੀਲ ਹੋਵੇ ਪਰ ਸਾਨੂੰ ਕਿਸੇ ਵੀ ਗ਼ੈਰ-ਭਾਜਪਾ ਪਾਰਟੀ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹ ਨਹੀਂ ਦੇਣੀ ਚਾਹੀਦੀ। ਉਨ੍ਹਾਂ ਨੂੰ ਵੀ ਆਰ.ਐੱਸ.ਐੱਸ. ਨਾਲ ਘਿਓ-ਖਿਚੜੀ ਹੋਣ ਜਾਂ ਸੌੜੇ ਲਾਭਾਂ ਲਈ ਬਹੁਗਿਣਤੀਵਾਦੀ ਸਿਆਸਤ ਖੇਡਣ ਦੀਆਂ ਉਨ੍ਹਾਂ ਦੀਆਂ ਪਿਛਲੀਆਂ ਗ਼ਲਤੀਆਂ ਲਈ ਜਵਾਬਦੇਹ ਬਣਾਉਣਾ ਜ਼ਰੂਰੀ ਹੈ ਜਿਸ ਨੇ ਮੋਦੀ ਨੂੰ ਸੱਤਾ 'ਚ ਲਿਆਉਣ ਲਈ ਮੁੱਢਲਾ ਕੰਮ ਕੀਤਾ। ਸੰਘ ਦੀ ਵਿਚਾਰਧਾਰਾ ਦਾ ਲਗਾਤਾਰ ਵਿਰੋਧ ਕਰਨ ਵਾਲਿਆਂ ਕੁਝ ਪਾਰਟੀਆਂ ਨੂੰ ਛੱਡ ਕੇ ਬਾਕੀਆਂ ਨੇ ਨਿਰੋਲ ਮੌਕਾਪ੍ਰਸਤੀ ਵਿਚੋਂ ਹਿੰਦੂ ਰਾਸ਼ਟਰਵਾਦ ਦਾ ਪੱਤਾ ਖੇਡ ਕੇ ਉਨ੍ਹਾਂ ਨੂੰ ਪਛਾੜਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਮਾਨਦਾਰ ਉਮੀਦਵਾਰਾਂ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਕਾਰਕੁਨਾਂ ਦੀ ਪਛਾਣ ਕਰਨੀ ਚਾਹੀਦੀ ਹੈ ਜੋ ਅਸਲ ਤਬਦੀਲੀ ਲਿਆ ਸਕਦੇ ਹਨ।

ਲੋਕਾਂ ਨੂੰ ਸ਼ਾਇਦ ਇਹ ਅਹਿਸਾਸ ਨਾ ਹੋਵੇ ਕਿ ਆਰ.ਐੱਸ.ਐੱਸ. ਨੇ ਪ੍ਰਸ਼ਾਸਨ, ਨਿਆਂਪਾਲਿਕਾ, ਹਥਿਆਰਬੰਦ ਸੈਨਾਵਾਂ, ਸਿਨੇਮਾ, ਮੀਡੀਆ ਅਤੇ ਅਕਾਦਮਿਕ ਖੇਤਰ ਵਿਚ ਘੁਸਪੈਠ ਕਰ ਕੇ ਭਾਰਤੀ ਸਮਾਜ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਦਿੱਤਾ ਹੈ; ਸੰਘੀਆਂ ਦੁਆਰਾ ਉਸਾਰੇ ਗਏ ਸੱਤਾ ਢਾਂਚੇ ਨੂੰ ਤੋੜਨ ਦੀ ਕਿਸੇ ਵੀ ਕੋਸ਼ਿਸ਼ ਨੂੰ ਕਈ ਸਾਲ ਲੱਗ ਸਕਦੇ ਹਨ। ਜਦੋਂ ਮੋਦੀ ਅਤੇ ਆਰ.ਐੱਸ.ਐੱਸ. ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਗਿਆ, ਫਿਰ ਵੀ ਉਨ੍ਹਾਂ ਦੀ ਨਫ਼ਰਤ ਦੀ ਵਿਰਾਸਤ ਦੀ ਰਹਿੰਦ-ਖੂੰਹਦ ਨੂੰ ਮਿਟਾਉਣ ਲਈ ਅਜੇ ਲੰਮਾ ਸਮਾਂ ਕੰਮ ਕਰਨਾ ਪਵੇਗਾ।

# ਬੇਮੌਸਮੀ ਕੰਬਣੀ

**ਦਰਸ਼ਨ ਸਿੰਘ**
ਫੋਨ: +91-94667-37933

ਸੈਰ ਸਰੀਰ ਦੀ ਤੰਦਰੁਸਤੀ ਲਈ ਬੜੀ ਜ਼ਰੂਰੀ ਹੈ। ਠੰਢੀ-ਠੰਢੀ ਪੌਣ ਵਗਦੀ ਹੋਵੇ ਤਾਂ ਮਨ ਦਾ ਸਕੂਨ ਦੂਣ ਸਵਾਇਆ ਹੋ ਜਾਂਦਾ ਹੈ। ਗਰਮੀ ਹੋਵੇ ਜਾਂ ਸਰਦੀ, ਹਰ ਰੁੱਤ ਦੀ ਹੀ ਅਨੂਠੀ ਮੌਜ ਹੁੰਦੀ ਹੈ। "ਕੱਲ੍ਹ ਮੀਂਹ ਪਿਆ ਸੀ। ਬੂੰਦਾ ਬਾਂਦੀ ਅੱਜ ਵੀ ਹੋਈ। ਮੌਸਮ ਵਿਭਾਗ ਅਨੁਸਾਰ ਦੋ ਤਿੰਨ ਦਿਨ ਹੋਰ ਬੱਦਲਵਾਈ ਰਹਿਣ ਦੀ ਸੰਭਾਵਨਾ ਹੈ...।" ਮੇਰੇ ਨਾਲ ਸੈਰ ਕਰ ਰਹੇ ਗੁਆਂਢੀ ਨੇ ਕਿਹਾ। ਮਈ ਮਹੀਨੇ ਨਵੰਬਰ ਫਰਵਰੀ ਮਹੀਨੇ ਵਰਗੀ ਠੰਢਕ ਦਾ ਅਹਿਸਾਸ ਹੋਣਾ ਆਪਣੇ ਆਪ ਵਿਚ ਕੁਦਰਤ ਦਾ ਹੈਰਾਨੀਜਨਕ ਵਰਤਾਰਾ ਤੇ ਗੁੱਸੇ ਭਰਿਆ ਪ੍ਰਤੀਕਰਮ ਸੀ। "ਕਿੰਨਾ ਸੁਹਾਵਣਾ ਮੌਸਮ ਹੈ! ਇਸ ਮਹੀਨੇ ਤਾਂ ਧੁੱਪ ਸਹਿਣੀ ਵੀ ਔਖੀ ਹੁੰਦੀ ਸੀ।" ਉਸ ਦੀ ਇਸ ਗੱਲ ਦਾ ਮੈਂ ਹੁੰਗਾਰਾ ਭਰਿਆ ਪਰ ਮੇਰੇ ਅੰਦਰ ਬਦਲ ਰਹੇ ਮੌਸਮ ਬਾਰੇ ਕਈ ਤਰ੍ਹਾਂ ਦੇ ਡਰ ਅਤੇ ਫ਼ਿਕਰ ਉੱਠ ਰਹੇ ਸਨ। ਮੈਨੂੰ ਇਸ ਦੀ ਕੁੱਖ ਵਿਚ ਆਉਣ ਵਾਲੇ ਕੁਝ ਵਰ੍ਹਿਆਂ ਅੰਦਰ ਸਮੁੱਚੇ ਜੀਵ ਜਗਤ ਲਈ ਕਿਸੇ ਭਾਰੀ ਤਬਾਹੀ ਤੇ ਕਈ ਮੁਸ਼ਕਿਲਾਂ ਦੇ ਪਨਪ ਰਹੇ ਭਰੂਣ ਦਿਖਾਈ ਦੇ ਰਹੇ ਸਨ। ਸੋਚਾਂ ਵਿਚ ਸਾਂ ਕਿ ਬਦਲਦੇ ਮੌਸਮੀ ਚੱਕਰ ਇਕ ਦਿਨ ਸਾਨੂੰ ਚੱਕਰਾਂ ਵਿਚ ਪਾ ਦੇਣਗੇ।

ਇਕ ਦਿਨ ਸਵਿੱਟਜ਼ਰਲੈਂਡ ਅਤੇ ਇਸ ਦੇ ਲੋਕਾਂ ਬਾਰੇ ਪੜ੍ਹ ਰਿਹਾ ਸੀ। ਫੁੱਲਾਂ, ਬੂਟਿਆਂ, ਪੌਦਿਆਂ, ਰੁੱਖਾਂ ਤੇ ਜੰਗਲਾਂ ਨੂੰ ਪਿਆਰ ਕਰਨ ਵਾਲੇ ਇੱਥੋਂ ਦੇ ਲੋਕ 'ਕੁਦਰਤ ਪ੍ਰੇਮੀ' ਹਨ। ਇਨ੍ਹਾਂ ਦੇ ਘਰਾਂ ਅਤੇ ਆਲੇ ਦੁਆਲੇ 'ਚ ਹੱਸਦੀ, ਮਹਿਕਦੀ ਹਰਿਆਵਲ ਬਹੁਤ ਮਨਮੋਹਕ ਹੁੰਦੀ ਹੈ ਜੋ ਮਨ ਨੂੰ ਹਰ ਵੇਲੇ ਸ਼ਾਂਤ ਰੱਖਦੀ ਹੈ। ਕੁਦਰਤ ਨੂੰ ਪਿਆਰ ਕਰਨਾ ਉਨ੍ਹਾਂ ਦੇ ਫ਼ਰਜ਼ਾਂ ਵਿਚੋਂ ਮੁੱਖ ਹੈ।

ਮੈਂ ਆਪਣੇ ਪਾਪਾ ਜੀ ਨੂੰ ਬਚਪਨ ਵਿਚ ਕਈ ਵਾਰ ਪੌਦਿਆਂ ਕੋਲ ਖੜ੍ਹੇ ਅਤੇ ਇਨ੍ਹਾਂ ਨਾਲ ਗੱਲਾਂ ਕਰਦੇ ਦੇਖਦਾ ਹੁੰਦਾ ਸਾਂ। 'ਡੋਡੀ' ਤੋਂ 'ਫੁੱਲ' ਬਣਨ ਦੀ ਕਹਾਣੀ ਮੈਂ ਉਨ੍ਹਾਂ ਤੋਂ ਕਈ ਵਾਰ ਸੁਣੀ ਸੀ ਜਿਸ ਕਰ ਕੇ ਮੇਰੇ ਅੰਦਰ ਵੀ ਜਿਵੇਂ ਕੁਦਰਤ ਨਾਲ ਕੋਈ ਪਰਿਵਾਰਕ ਸਾਂਝ ਜਿਹੀ ਬਣ ਗਈ ਸੀ। 'ਬਲਿਹਾਰੀ ਕੁਦਰਤਿ ਵਸਿਆ॥' ਮੇਰੇ ਮਨ 'ਚ ਇਹ ਗੁਰਵਾਕ ਪੂਰੀ ਤਰ੍ਹਾਂ ਵਸ ਗਿਆ ਸੀ।

"ਇਹ ਅਸ਼ੋਕਾ ਟਰੀ (ਰੁੱਖ) ਤੁਸੀਂ ਵਿਹੜੇ 'ਚ ਕਿਉਂ ਲਗਾਏ ਨੇ। ਇਨ੍ਹਾਂ ਨੇ ਤੁਹਾਨੂੰ ਕੀ ਦੇਣਾ ਹੈ? ਇਨ੍ਹਾਂ ਦੀਆਂ ਜੜ੍ਹਾਂ ਨੀਹਾਂ 'ਚ ਚਲੀਆਂ ਜਾਣਗੀਆਂ।" ਮੇਰੇ ਘਰ ਦੇ ਵਿਹੜੇ ਵਿਚ ਲੱਗੇ ਇਹ ਦਰੱਖ਼ਤ ਜਿਨ੍ਹਾਂ ਉੱਤੇ ਪੰਛੀਆਂ ਨੇ ਹੁਣ ਆਲ੍ਹਣੇ ਵੀ ਪਾ ਲਏ ਸਨ, ਜਿਵੇਂ ਲੋਕਾਂ ਨੂੰ ਚੁੱਭਣ ਲੱਗੇ ਸਨ। ਪਤਝੜ ਦੀ ਰੁੱਤੇ ਇਨ੍ਹਾਂ ਤੋਂ ਡਿਗਦੇ ਪੱਤੇ ਇਨ੍ਹਾਂ ਨੂੰ ਗਲੀ ਵਿਚ ਗੰਦ ਪਾਉਂਦੇ ਜਾਪਦੇ ਸਨ। ਇਕ ਦਿਨ ਤਾਂ ਗੱਲ ਝਗੜਾ ਹੋਣ ਤਕ ਵੀ ਪੁੱਜ ਗਈ ਸੀ। ਮੈਂ ਭਾਵੇਂ ਆਪਣਾ ਸ਼ੌਕ ਪਾਲਦਾ ਰਿਹਾ, ਮਨ ਦੀ ਰੀਝ ਪੂਰੀ ਕਰਦਾ ਰਿਹਾ ਪਰ ਅਫ਼ਸੋਸ ਵੀ ਰਿਹਾ ਕਿ ਪਤਾ ਨਹੀਂ ਹਰ ਪੱਖੋਂ ਇਹ 'ਦਾਨੀ ਤੇ ਪਰਉਪਕਾਰੀ ਰੁੱਖ' ਲੋਕਾਂ ਦੀਆਂ ਅੱਖਾਂ ਵਿਚ ਸਦਾ ਕਿਉਂ ਰੜਕਦੇ ਰਹਿੰਦੇ ਸਨ।

ਆਪਣੇ ਆਸੇ ਪਾਸੇ ਝਾਤੀ ਮਾਰਦਾ ਹਾਂ ਜਾਂ ਅੰਬਰੀਂ ਉਡਾਰੀਆਂ ਭਰਦੇ ਪੰਛੀ ਦੇਖਦਾ ਹਾਂ ਤਾਂ ਨਾ ਮੈਨੂੰ ਚਿੜੀਆਂ ਨਜ਼ਰ ਆਉਂਦੀਆਂ ਹਨ, ਨਾ ਗਿਰਝਾਂ। ਹਰ ਵੇਲੇ ਬਨੇਰਿਆ 'ਤੇ ਹੁੰਦੀ ਕਾਂ ਕਾਂ ਹੁਣ ਚੁੱਪ ਕਿਉਂ ਹੋ ਗਈ ਹੈ? ਬਹੁਤੇ ਪੰਖੇਰੂਆਂ ਦੇ ਆਲ੍ਹਣੇ ਕਿਹੜੀਆਂ ਹਵਾਵਾਂ ਉਡਾ ਕੇ ਲੈ ਗਈਆਂ? ਰੱਬ ਦੇ ਬਣਾਏ ਹੋਏ 'ਓਜ਼ੋਨ' ਦੇ ਘੇਰਿਆ ਵਿਚ ਕਿਉਂ ਵੱਡੇ ਵੱਡੇ ਛੇਕ ਹੋ ਗਏ ਹਨ? ਸੁਆਲ ਅਣਗਿਣਤ ਹਨ। ਨ੍ਹੇਰੇ ਭਰੇ ਰਾਹਾਂ 'ਤੇ ਅਸੀਂ ਕਿੱਧਰ ਤੁਰਦੇ ਜਾ ਰਹੇ ਹਾਂ? 'ਗਲੋਬਲ ਵਾਰਮਿੰਗ' ਨੱਕ ਵਿਚ ਦਮ ਕਰ ਰਹੀ ਹੈ। ਜ਼ਿੰਦਗੀ ਵਿਚ ਹਰ ਵੇਲੇ ਦੌੜਦੇ ਭੱਜਦੇ ਹੋਏ ਕਦੀ ਕਦੀ ਕੁਝ ਰੁਕ ਕੇ ਸੋਚਣਾ ਵੀ ਚੰਗਾ ਹੁੰਦਾ ਹੈ। ਗੱਲ ਤਾਂ ਹੁਣ ਵਿਉਂਤਬੰਦੀ ਨਾਲ ਸ਼ੁਰੂ ਕਰਨ ਦੀ ਹੈ।

ਅਸੀਂ ਰੋਜ਼ ਹੀ ਸੈਰ ਕਰਦੇ ਸਾਂ।

"ਖ਼ਬਰ ਪੜ੍ਹੀ ਹੈ ਕਿ ਇਸ ਵਾਰ ਅਥਾਹ ਗਰਮੀ ਪੈਣੀ ਹੈ। ਸਹਿਣੀ ਔਖੀ ਹੋ ਜਾਵੇਗੀ।"

"ਸਭ ਕੁਝ ਹੀ ਹੋਵੇਗਾ ਜੋ ਪੜ੍ਹ-ਸੁਣ ਰਹੇ ਹਾਂ। ਚੰਗਾ ਹੈ ਹੁਣੇ ਸੁਚੇਤ ਹੋ ਜਾਈਏ।" ਮੈਂ ਕਿਹਾ।

ਅਸੀਂ ਗੱਲਾਂ ਕਰ ਹੀ ਰਹੇ ਸਾਂ ਕਿ ਠੰਢੀ ਹਵਾ ਦਾ ਬੁੱਲਾ ਆਇਆ। ਨਾਲ ਹੀ ਕਿਣਮਿਣ ਸ਼ੁਰੂ ਹੋ ਗਈ।

"ਲਗਦੈ ਮੌਸਮ ਵਿਭਾਗ ਦੀ ਭਵਿੱਖਵਾਣੀ ਸਹੀ ਹੈ...।" ਉਸ ਨੇ ਕਿਹਾ।

"ਸਹੀ ਤਾਂ ਹੋਰ ਵੀ ਕੀਤੀਆਂ ਭਵਿੱਖਵਾਣੀਆਂ ਹੋਣਗੀਆਂ। ਗਲੇਸ਼ੀਅਰ ਪਿਘਲ ਜਾਣਗੇ। ਸਾਗਰਾਂ ਦਾ ਪਾਣੀ ਪੱਧਰ ਹੋਰ ਉੱਚਾ ਹੋ ਜਾਵੇਗਾ। ਨੇੜੇ ਤੇੜੇ ਦੇ ਕਈ ਇਲਾਕੇ ਪਾਣੀ 'ਚ ਡੁੱਬ ਜਾਣਗੇ। ਬੇਹੱਦ ਬੇਮੌਸਮੇ ਮੀਂਹ ਵਰ੍ਹਨਗੇ। ਹੜ੍ਹ ਸਭ ਕੁਝ ਆਪਣੇ ਨਾਲ ਵਹਾ ਕੇ ਲੈ ਜਾਣਗੇ। ਧਰਤੀ ਦਿਨੋਂ ਦਿਨ ਵਧ ਰਹੀ ਤਪਸ਼ ਕਾਰਨ ਰਹਿਣ ਯੋਗ ਸਥਾਨ ਨਹੀਂ ਰਹੇਗੀ। ਰੁੱਖਾਂ ਨਾਲ ਦਿੱਤੀਆਂ ਗੰਢਾਂ ਉਦੋਂ ਸ਼ਾਇਦ ਦੰਦਾਂ ਨਾਲ ਵੀ ਨਾ ਖੁੱਲ੍ਹਣ...।" ਮੇਰੀਆਂ ਗੱਲਾਂ ਸੁਣ ਕੇ ਉਸ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਉੱਭਰਨ ਲੱਗੀਆਂ। "ਆਉਣ ਵਾਲੀ ਅਗਲੀ ਪੀੜ੍ਹੀ ਦਾ ਕੀ ਬਣੇਗਾ?" ਆਪਣੇ ਅੰਦਰਲੇ ਫ਼ਿਕਰ ਨੂੰ ਉਸ ਨੇ ਆਪਣੇ ਬੋਲਾਂ 'ਚ ਭਰਦਿਆਂ ਕਿਹਾ। ਹੁਣ ਉਸ ਨੇ ਗਰਮੀ 'ਚ ਠੰਢੇ ਠਾਰ ਹੋਏ ਮੌਸਮ ਨੂੰ ਸੁਹਾਵਣਾ ਨਹੀਂ ਸੀ ਕਿਹਾ। 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ'।

"ਕੀ ਕਰਨਾ ਚਾਹੀਦੈ ਫਿਰ?" ਉਸ ਕਿਹਾ।

"ਕੁਦਰਤ ਦੀ ਕਦਰ ਕਰੀਏ। ਰੁੱਖ ਲਾਈਏ, ਨਾ ਕਿ ਮੁਕਾਈਏ।"

"ਚਲੋ ਮੈਂ ਵੀ ਲਾਵਾਂਗਾ। ਘਰ ਦੇ ਪਿੱਛੇ ਖੁੱਲ੍ਹੀ ਜਗ੍ਹਾ ਹੈ। ਹੋਰਨਾਂ ਨੂੰ ਵੀ ਕਹਾਂਗਾ...।" ਆਪੋ ਆਪਣੇ ਘਰੀਂ ਪਰਤਦੇ ਹੋਏ ਅਸੀਂ ਬੇਮੌਸਮੇ ਮੀਂਹ ਨਾਲ ਪੂਰੀ ਤਰ੍ਹਾਂ ਭਿੱਜ ਗਏ ਸਾਂ ਤੇ ਸਾਡੇ ਹੱਥਾਂ ਪੈਰਾਂ 'ਚ ਕੰਬਣੀ ਸੀ ਜਿਸ ਵਿਚ ਕਿੰਨਾ ਵੱਡਾ ਸਬਕ ਸਾਡੇ ਸਾਰਿਆਂ ਲਈ ਲੁਕਿਆ ਹੋਇਆ ਸੀ।

# ਹੱਕ ਅਤੇ ਸੱਚ ਬਾਰੇ ਬੋਲਣ ਦੀ ਰਵਾਇਤ



ਨੀਰਾ ਚੰਡੋਕ

ਸੰਨ 1993 ਵਿਚ ਬੀ.ਬੀ.ਸੀ. ਰੀਥ ਲੈਕਚਰ ਦਿੰਦਿਆਂ ਉਘੇ ਵਿਦਵਾਨ ਐਡਵਰਡ ਸਈਦ ਨੇ ਪੁੱਛਿਆ ਸੀ: "ਅਸੀਂ ਸਿਰਜਣਾ ਦਾ ਨਿਤਾਣਿਆਂ ਪ੍ਰਤੀ ਪ੍ਰਤੀਬੱਧਤਾ ਨਾਲ ਸਮਤੋਲ ਕਿਵੇਂ ਬਿਠਾਉਂਦੇ ਹਾਂ?" ਨਾਲ ਹੀ ਉਨ੍ਹਾਂ ਆਖਿਆ: "ਅਸਲ ਬੁੱਧੀਜੀਵੀ ਆਪਣੇ ਪੂਰੇ ਰੰਗ ਵਿਚ ਉਦੋਂ ਨਜ਼ਰ ਆਉਂਦਾ ਹੈ ਜਦੋਂ ਉਹ ਨਿਆਂ ਤੇ ਸੱਚਾਈ ਦੇ ਅਧਿਆਤਮਿਕ ਜਜ਼ਬੇ ਅਤੇ ਸਿਧਾਂਤਾਂ ਤੋਂ ਪ੍ਰੇਰਿਤ ਹੋ ਕੇ ਭ੍ਰਿਸ਼ਟਾਚਾਰ ਦੀ ਨਿੰਦਿਆ ਕਰਦੇ ਹਨ, ਨਿਤਾਣਿਆਂ ਦੀ ਰਾਖੀ ਕਰਦੇ ਹਨ, ਨਕਾਰੇ ਤੇ ਦਮਨਕਾਰੀ ਪ੍ਰਬੰਧ ਦੀ ਨਾਫਰਮਾਨੀ ਕਰਦੇ ਹਨ।"

ਜਨਤਕ ਦਾਨਿਸ਼ਵਰੀ ਦਾ ਸਿਧਾਂਤ 1894 ਵਿਚ ਫਰਾਂਸ ਵਿਚ ਉਪਜਿਆ ਸੀ। ਇਕ ਫੌਜੀ ਕਪਤਾਨ ਅਲਫਰੈਡ ਡ੍ਰੇਫੁਸ 'ਤੇ ਦੇਸ਼ ਧ੍ਰੋਹ ਦਾ ਦੋਸ਼ ਆਇਦ ਕੀਤਾ ਗਿਆ। ਇਹ ਕਿਹਾ ਗਿਆ ਕਿ ਉਸ ਨੇ ਫੌਜੀ ਰਾਜ਼ ਜਰਮਨਾਂ ਨੂੰ ਵੇਚੇ ਸਨ। ਨਸਲਪ੍ਰਸਤ ਅਦਾਰਿਆਂ ਜਿਵੇਂ ਐਡੁਆਰਡ ਡਰੂਮੌਂਟ ਵੱਲੋਂ ਸੰਪਾਦਿਤ ਅਖ਼ਬਾਰ 'ਲਾ ਲਿਬਰੇ ਪੈਰੋਲ' ਨੇ ਫਰਾਂਸੀਸੀ ਯਹੂਦੀਆਂ ਦੀ ਵਫਾਦਾਰੀ 'ਤੇ ਬਹੁਤ ਸਵਾਲੀਆ ਨਿਸ਼ਾਨ ਲਾਏ। ਕੁਝ ਲੋਕਾਂ ਨੇ ਡ੍ਰੇਫੁਸ ਦੇ ਹੱਕ ਵਿਚ ਹਾਅ ਦਾ ਨਾਅਰਾ ਵੀ ਮਾਰਿਆ। ਉਸ ਖਿਲਾਫ ਸਬੂਤ ਪੁਖ਼ਤਾ ਨਹੀਂ ਸਨ ਅਤੇ ਇਕ ਹੋਰ ਫੌਜੀ ਅਫਸਰ ਫਰਡੀਨੈਂਡ ਵਾਲਸਿਨ ਐਸਟ੍ਰਹੇਜ਼ੀ 'ਤੇ ਵੀ ਦੇਸ਼ ਧ੍ਰੋਹ ਦਾ ਦੋਸ਼ ਲੱਗਿਆ ਪਰ ਉਸ ਨੂੰ ਕੋਰਟ ਮਾਰਸ਼ਲ ਦੌਰਾਨ ਬਰੀ ਕਰ ਦਿੱਤਾ ਗਿਆ।

ਇਸ ਮਾਮਲੇ ਵਿਚ ਨਾਇਨਸਾਫੀ ਅਤੇ ਨਸਲਪ੍ਰਸਤੀ ਇੰਨੇ ਬੱਜਰ ਰੂਪ ਵਿਚ ਸਾਹਮਣੇ ਆਈ ਕਿ ਬੁੱਧੀਮਾਨ ਤਬਕੇ ਦਾ ਆਪਣੇ ਖੋਲਾਂ ਵਿਚ ਦੁਬਕੇ ਰਹਿਣਾ ਮੁਸ਼ਕਿਲ ਹੋ ਗਿਆ। ਉੱਘੇ ਨਾਵਲਕਾਰ ਐਮਾਈਲ ਜ਼ੋਲਾ ਨੇ ਕਲੀਮੈਂਸਿਊ ਦੇ ਅਖ਼ਬਾਰ 'ਲੋ ਰੋਰ' ਨੂੰ ਇਕ ਖੁੱਲ੍ਹੀ ਚਿੱਠੀ (ਲੇਖ 'ਮੈਂ ਦੋਸ਼ ਲਗਾਉਂਦਾ ਹਾਂ') ਲਿਖੀ ਜਿਸ ਵਿਚ ਉਸ ਨੇ ਕੈਪਟਨ ਡ੍ਰੇਫੁਸ ਨੂੰ ਗ਼ਲਤ ਤਰੀਕੇ ਨਾਲ ਦੋਸ਼ੀ ਕਰਾਰ ਦੇਣ ਬਦਲੇ ਫੌਜ ਦੀ ਤਿੱਖੀ ਨੁਕਤਾਚੀਨੀ ਕੀਤੀ। ਇਸ 'ਤੇ ਸੱਜੇ ਪੱਖੀਆਂ ਨੇ ਬਹੁਤ ਹੋ-ਹੱਲਾ ਕੀਤਾ ਅਤੇ ਉਨ੍ਹਾਂ ਜ਼ੋਲਾ ਦੇ ਹਮਾਇਤੀਆਂ 'ਤੇ ਫੌਜ ਨੂੰ ਬਦਨਾਮ ਕਰਨ ਅਤੇ ਦੇਸ਼ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ। ਉਦਾਰਵਾਦੀ ਖੱਬੇ ਬੁੱਧੀਮਾਨਾਂ ਨੇ ਕੌਮੀ ਸੁਰੱਖਿਆ ਦੇ ਓਹਲੇ ਹੇਠ ਵਿਅਕਤੀਗਤ ਆਜ਼ਾਦੀ ਨੂੰ ਕੁਚਲਣ ਦੇ ਬਿਰਤਾਂਤ ਖਿਲਾਫ ਆਵਾਜ਼ ਬੁਲੰਦ ਕੀਤੀ। ਸੱਜੇ ਪੱਖੀ ਬੁੱਧੀਮਾਨ ਸ਼ਬਦ ਪ੍ਰਤੀ ਤਿਰਸਕਾਰ ਜਤਾਉਣ ਲੱਗ ਪਏ ਤੇ ਇਹ ਕਹਿਣ ਲੱਗੇ ਕਿ ਬੁੱਧੀਜੀਵੀ ਤਬਕਾ ਦੇਸ਼ ਧ੍ਰੋਹੀ ਹੈ। ਅਜੋਕੇ ਭਾਰਤ ਵਿਚ ਇਹੀ ਕੁਝ ਚੱਲ ਰਿਹਾ ਹੈ।

ਉਂਝ, ਬੁੱਧੀਜੀਵੀ ਹਮੇਸ਼ਾ ਹੀ ਅਜਿਹੇ ਹਮਲਿਆਂ ਤੋਂ ਬੇਪਰਵਾਹ ਹੋ ਕੇ ਆਪਣੇ ਕਾਰਜ ਵਿਚ ਜੁਟੇ ਰਹਿੰਦੇ ਹਨ ਭਾਵ ਨਾਇਨਸਾਫੀ ਖਿਲਾਫ ਜੂਝਣਾ, ਨਿਰੰਕੁਸ਼ ਸ਼ਕਤੀ, ਵਿਅਕਤੀਗਤ ਆਜ਼ਾਦੀ ਅਤੇ ਧਾਰਮਿਕ ਟਕਰਾਅ ਦੇ ਮਸਲਿਆਂ ਨਾਲ ਸਿੱਝਦੇ ਰਹਿਣਾ। ਜਦੋਂ 1980 ਵਿਚ ਉੱਘੇ ਦਾਰਸ਼ਨਿਕ ਅਤੇ ਲੇਖਕ ਯਾਂ ਪਾੱਲ ਸਾਰਤਰ ਦਾ ਦੇਹਾਂਤ ਹੋਇਆ ਤਾਂ ਤਕਰੀਬਨ ਪੰਜਾਹ ਹਜ਼ਾਰ ਲੋਕਾਂ ਨੇ ਉਨ੍ਹਾਂ ਦੇ ਜਨਾਜ਼ੇ ਵਿਚ ਸ਼ਿਰਕਤ ਕੀਤੀ ਸੀ। ਸਾਰਤਰ ਦਲੀਲ ਦਿੰਦਾ ਸੀ ਕਿ ਬੁੱਧੀਜੀਵੀ ਨੂੰ ਵਿਵਾਦਾਂ ਤੋਂ ਪਾਸਾ ਵੱਟ ਕੇ ਲੰਘਣ ਦਾ ਹੱਕ ਨਹੀਂ ਦਿੱਤਾ ਜਾ ਸਕਦਾ। ਅਸਲ ਵਿਚ ਉਸ ਕੋਲ ਨਿਰਲੇਪ ਹੋਣ ਦਾ ਕੋਈ ਵਿਸ਼ੇਸ਼ਾਧਿਕਾਰ ਨਹੀਂ ਹੁੰਦਾ। ਆਤਮ ਚੀਨਣ ਦਾ ਰਾਹ ਤਿਆਗ ਕੇ ਜਨਤਕ ਬੁੱਧੀਜੀਵੀ ਨੂੰ ਸਮੇਂ ਦੀ ਨਬਜ਼ ਫੜ ਕੇ ਸਮਾਜਿਕ ਤਬਦੀਲੀ ਦਾ ਰਾਹ ਚੁਣਨਾ ਪੈਂਦਾ ਹੈ। ਉਸ ਦੇ ਮਨ ਮਸਤਕ ਵਿਚ ਸਮਾਜਿਕ ਤੇ ਸਿਆਸੀ ਮੁੱਦਿਆਂ ਤੇ ਸੰਘਰਸ਼ਾਂ ਤੋਂ ਇਲਾਵਾ ਆਪਣੀ ਜ਼ਾਤੀ ਜ਼ਿੰਦਗੀ ਦੇ ਸਵਾਲਾਂ ਲਈ ਕੋਈ ਥਾਂ ਨਹੀਂ ਬਚਦੀ।

### ਸਭਿਆਚਾਰ ਦੀ ਰਾਖੀ ਲਈ ਕੌਮਾਂਤਰੀ ਲੇਖਕ ਸੰਘ

ਫਰਾਂਸੀਸੀ ਬੁੱਧੀਜੀਵੀਆਂ ਨੇ 1935 ਦੇ ਸ਼ੁਰੂ 'ਚ ਪੈਰਿਸ ਵਿਚ 'ਇੰਟਰਨੈਸ਼ਨਲ ਰਾਈਟਰਜ਼ ਐਸੋਸੀਏਸ਼ਨ ਫਾਰ ਦਿ ਡਿਫੈਂਸ ਆਫ ਕਲਚਰ' ਦਾ ਗਠਨ ਕੀਤਾ ਸੀ। ਇਸ ਕਾਨਫਰੰਸ ਵਿਚ ਫਾਸ਼ੀਵਾਦ ਦੇ ਉਭਾਰ ਜੋ ਦੁਨੀਆ ਭਰ ਵਿਚ ਜ਼ਾਲਮਾਨਾ ਹਕੂਮਤਾਂ ਦਾ ਪ੍ਰਤੀਕ ਬਣ ਚੁੱਕਿਆ ਸੀ, ਖਿਲਾਫ ਬੇਮਿਸਾਲ ਲਾਮਬੰਦੀ ਦੇਖਣ ਨੂੰ



ਮਿਲੀ ਸੀ। ਜੂਨ ਮਹੀਨੇ ਪੈਲੇਸ ਡੀ ਮਿਊਚਲਾਈਟ ਵਿਖੇ ਕਰਵਾਈ ਗਈ ਇਸ ਕਾਨਫਰੰਸ ਵਿਚ ਸੈਂਕੜੇ ਲੇਖਕਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਅੱਲਡਸ ਹੱਕਸਲੀ, ਈਐਮ ਫੌਰੈਸਟਰ, ਬੋਰਿਸ ਪੈਸਤ੍ਰਨਾਕ, ਬਰਤੋਲਤ ਬ੍ਰੈਖਤ ਤੋਂ ਇਲਾਵਾ ਹਿੰਦੋਸਤਾਨ ਵਿਚ ਉਰਦੂ ਲੇਖਨ ਤੇ ਸ਼ਾਇਰੀ ਦੇ ਵੱਡੇ ਹਸਤਾਖਰ ਸੱਜਾਦ ਜ਼ਹੀਰ ਅਤੇ ਮੁਲਖ਼ ਰਾਜ ਆਨੰਦ ਵੀ ਸ਼ਾਮਲ ਸਨ। ਕਾਨਫਰੰਸ ਦੌਰਾਨ ਉੱਠੇ ਵਿਵਾਦ ਪੈਰਿਸ ਦੀਆਂ ਗਲੀਆਂ ਤੱਕ ਜਾ ਪੁੱਜੇ।

ਸੋਵੀਅਤ ਇਤਿਹਾਸਕਾਰ, ਪੱਤਰਕਾਰ ਤੇ ਲੇਖਕ ਇਲਯਾ ਅਹਿਰਨਬਰਗ ਨੇ ਆਖਿਆ ਕਿ ਕਲਾ ਦੀ ਜੋ ਕੋਈ ਵੀ ਵੰਨਗੀ ਸ਼ੋਸ਼ਣਕਾਰੀ ਖਿਲਾਫ ਹਥਿਆਰ ਦਾ ਰੂਪ ਨਹੀਂ ਧਾਰਦੀ ਤਾਂ ਉਹ ਨਿਰੀ ਫਜ਼ੂਲ ਹੈ। ਫਰਾਂਸੀਸੀ ਕਲਪਨਾਵਾਦੀ ਲੇਖਕ ਤੇ ਕਵੀ ਆਂਦਰੇ ਬ੍ਰੈਤਨ ਨੇ ਉਸ ਦੀ ਜਨਤਕ ਤੌਰ 'ਤੇ ਨਿਖੇਧੀ ਕੀਤੀ। ਅੰਤ ਨੂੰ ਕਾਨਫਰੰਸ ਵਿਚ ਫਾਸ਼ੀਵਾਦ ਵਿਰੋਧੀਆਂ ਦੀ ਇਕਜੁੱਟਤਾ ਨਾ ਹੋ ਸਕੀ। ਕਾਨਫਰੰਸ ਵਿਚ ਸ਼ਾਮਲ ਸਾਰੇ ਲੋਕ ਭਾਵੇਂ ਫਾਸ਼ੀਵਾਦ ਨੂੰ ਨਫਰਤ ਕਰਦੇ ਸਨ ਪਰ ਉਨ੍ਹਾਂ ਸੋਵੀਅਤ ਸੰਘ ਦੇ ਮਕੈਨਕੀ ਕਲਚਰ ਦੇ ਮਾਡਲ ਨੂੰ ਸਵੀਕਾਰ ਕਰਨ ਤੋਂ ਗੁਰੇਜ਼ ਕੀਤਾ। ਬਾਅਦ ਵਿਚ ਇਕ ਲੇਖਕ ਰੈਨੇ ਕ੍ਰੈਵਲ ਨੇ ਕਲਪਨਾਵਾਦੀਆਂ ਅਤੇ ਕਮਿਊਨਿਸਟਾਂ ਵਿਚਕਾਰ ਸਾਲਸੀ ਦੇ ਯਤਨ ਕੀਤੇ ਪਰ ਜਦੋਂ ਗੱਲ ਸਿਰੇ ਨਾ ਲੱਗ ਸਕੀ ਤਾਂ ਹਤਾਸ਼ ਹੋ ਕੇ ਕ੍ਰੈਵਲ ਨੇ ਆਪਣੇ ਕਮਰੇ ਵਿਚ ਜਾ ਕੇ ਗੈਸ ਛੱਡ ਕੇ ਖ਼ੁਦਕੁਸ਼ੀ ਕਰ ਲਈ। ਉਸ ਦੇ ਕੋਟ ਦੀ ਜੇਬ 'ਚੋਂ ਮਿਲੇ ਖ਼ੁਦਕੁਸ਼ੀ ਨੋਟ ਦਾ ਉਨਵਾਨ ਸੀ 'ਘਿਣ' (ਡਿਸਗਸਟ)।

ਉਸੇ ਸਮੇਂ ਹਿੰਦੋਸਤਾਨ ਵਿਚ ਲੇਖਕਾਂ ਅਤੇ ਕਵੀਆਂ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਲੈ ਕੇ ਬਹਿਸ ਮੁਬਾਹਿਸੇ ਚੱਲ ਰਹੇ ਸਨ। ਇਹ ਧਾਰਨਾ ਜ਼ੋਰ ਫੜ ਰਹੀ ਸੀ ਕਿ ਕਵੀਆਂ ਤੇ ਲੇਖਕਾਂ ਨੂੰ ਆਪਣੀ ਰਚਨਾ ਨੂੰ ਆਪਣੇ ਨਿੱਜੀ ਦੁੱਖ ਸੁੱਖ, ਖ਼ੁਆਹਿਸ਼ਾਂ ਤੇ ਮਾਯੂਸੀਆਂ ਤੋਂ ਪਾਰ ਲਿਜਾ ਕੇ ਹੋਰਨਾਂ ਲੋਕਾਂ ਨਾਲ ਜੁੜਨਾ ਚਾਹੀਦਾ ਹੈ ਜਿਸ ਸਦਕਾ ਹੀ 1936 ਵਿਚ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪੀ.ਡਬਲਿਊ.ਏ.) ਹੋਂਦ ਵਿਚ ਆਈ। ਇਸ ਨੇ 1930ਵਿਆਂ ਵਿਚ ਜਨਤਕ ਬਿਰਤਾਂਤ ਨੂੰ ਮਜ਼ਹਬੀ ਰਾਸ਼ਟਰਵਾਦ ਦੀ ਹੋੜ ਤੋਂ ਹਟਾ ਕੇ ਗ਼ਰੀਬੀ, ਵਿਤਕਰੇ, ਜਮਾਤ ਅਤੇ ਸੰਕਟਗ੍ਰਸਤ ਸਮਾਜ ਅੰਦਰ ਕਵੀ ਦੀ ਜ਼ਿੰਮੇਵਾਰੀ ਵੱਲ ਤਬਦੀਲ ਕੀਤਾ। ਭਾਵੇਂ ਇਸ ਦੇ ਮੈਂਬਰਾਂ ਨੇ ਉਦੋਂ ਮੁਸੋਲਿਨੀ ਵੱਲੋਂ ਕੈਦ ਕੀਤੇ ਗਏ ਇਤਾਲਵੀ ਕਮਿਊਨਿਸਟ ਅੰਤੋਨੀਓ ਗ੍ਰਾਮਸ਼ੀ ਦੀਆਂ ਲਿਖਤਾਂ ਨਹੀਂ ਪੜ੍ਹੀਆਂ ਸਨ ਜਿਸ ਦੀ ਜੇਲ੍ਹ ਨੋਟਬੁੱਕ 1970 ਵਿਚ ਜਾ ਕੇ ਪ੍ਰਕਾਸ਼ਿਤ ਹੋਈ ਸੀ ਪਰ ਉਨ੍ਹਾਂ ਦਾ ਉਸ ਦੀਆਂ ਲਿਖਤਾਂ 'ਚ ਯਕੀਨ ਸੀ। ਬੁੱਧੀਜੀਵੀ ਨੂੰ ਸਮਾਜਿਕ, ਆਰਥਿਕ ਅਤੇ ਸਿਆਸੀ ਤਬਦੀਲੀ ਲਈ ਮਾਹੌਲ ਤਿਆਰ ਕਰਨਾ ਪੈਂਦਾ ਹੈ। ਅਗਾਂਹਵਧੂਆਂ ਨੂੰ ਸਿਆਸੀ ਜੀਵਨ ਵਿਚ ਦਖ਼ਲ ਦੇਣ ਦੀ ਲੋੜ ਪੈਂਦੀ ਹੈ।

### ਪ੍ਰਗਤੀਸ਼ੀਲ ਲੇਖਕ ਸੰਘ ਅਤੇ ਇਪਟਾ

ਪੀ.ਡਬਲਿਊ.ਏ. ਅਤੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੇ ਮੈਂਬਰ ਖਵਾਜਾ ਅਹਿਮਦ ਅੱਬਾਸ ਆਪਣੀ ਸਵੈ-ਜੀਵਨੀ 'ਆਈ ਐਮ ਨੱਟ ਐਨ ਆਈਲੈਂਡ' ਵਿਚ 1946 ਦੇ ਬੰਬਈ ਸ਼ਹਿਰ ਬਾਬਤ ਲਿਖਦੇ ਹਨ। ਬੰਬਈ ਸ਼ਹਿਰ ਹਿੰਦੂਆਂ ਤੇ ਮੁਸਲਮਾਨਾਂ ਦੀ ਆਬਾਦੀ ਵਿਚ ਵੰਡਿਆ ਹੋਇਆ ਸੀ। ਉਦੋਂ ਪੀ.ਡਬਲਿਊ.ਏ. ਅਤੇ ਇਪਟਾ ਨੇ ਅਮਨ ਮਾਰਚ ਕੱਢਿਆ ਜਿਸ ਵਿਚ ਪ੍ਰਿਥਵੀ ਥੀਏਟਰ ਸਮੇਤ 52 ਸਭਿਆਚਾਰਕ ਸੰਗਠਨਾਂ ਨੇ ਸ਼ਿਰਕਤ ਕੀਤੀ। ਕਪੂਰ (ਪ੍ਰਿਥਵੀਰਾਜ, ਰਾਜ ਤੇ ਸ਼ਮੀ), ਦੇਵ ਆਨੰਦ, ਬਲਰਾਜ ਸਾਹਨੀ, ਤਰੱਕੀਪਸੰਦ ਉਰਦੂ ਲੇਖਕ ਤੇ ਸ਼ਾਇਰ ਸੱਜਾਦ ਜ਼ਹੀਰ, ਮਜਰੂਹ ਸੁਲਤਾਨਪੁਰੀ, ਅਲੀ ਸਰਦਾਰ ਜਾਫਰੀ, ਕੈਫ਼ੀ ਆਜ਼ਮੀ, ਸਾਹਿਰ ਲੁਧਿਆਣਵੀ ਅਤੇ ਮਰਾਠੀ ਤੇ ਗੁਜਰਾਤੀ ਲੇਖਕ ਇਕ ਦੂਜੇ ਦਾ ਹੱਥ ਫੜ ਕੇ ਬੋਰੀ ਬੰਦਰ ਤੋਂ ਲੈ ਕੇ ਬਾਂਦਰਾ ਤੱਕ ਮਾਰਚ ਕਰਦੇ ਹੋਏ ਪੁੱਜੇ। ਇਸ ਦੌਰਾਨ ਉਹ ਆਪਸੀ ਪਿਆਰ, ਸਦਭਾਵਨਾ ਅਤੇ ਅਮਨ ਦੇ ਗੀਤ ਗਾ ਰਹੇ ਸਨ ਅਤੇ ਸ਼ਹਿਰ ਦੇ ਪਿੰਡੇ 'ਤੇ ਲੱਗੇ ਫਿਰਕਾਪ੍ਰਸਤੀ ਦੇ ਜ਼ਖ਼ਮਾਂ 'ਤੇ ਫੇਹੇ ਰੱਖ ਰਹੇ ਸਨ।

ਅੱਜ ਕੱਲ੍ਹ ਸਾਡੇ ਫਿਲਮੀ ਅਦਾਕਾਰ ਸੱਤਾਧਾਰੀਆਂ ਦੇ ਸੋਹਲੇ ਗਾਉਣ ਵਿਚ ਮਸਰੂਫ ਰਹਿੰਦੇ ਹਨ। ਲੇਖਕਾਂ ਨੂੰ ਜੇਲ੍ਹ ਜਾਣ ਦਾ ਡਰ ਹੈ, ਇਨਕਲਾਬੀ ਰੰਗਮੰਚ ਸੱਖਣਾ ਹੋ ਗਿਆ ਹੈ, ਕਵੀ ਲਿਖਦੇ ਤਾਂ ਹਨ ਪਰ ਇਕੱਲਤਾ ਵਿਚ, ਵਿਦਵਾਨਾਂ ਨੂੰ ਵਾਈਸ ਚਾਂਸਲਰਾਂ ਦੇ ਗੁੱਸੇ ਦਾ ਧੁੜਕੂ ਲੱਗਾ ਰਹਿੰਦਾ ਹੈ। ਸਾਡੇ ਜਨਤਕ ਖੇਤਰ ਵਿਚ ਸੰਨਾਟਾ ਛਾਇਆ ਹੋਇਆ ਹੈ ਅਤੇ ਜਨਤਕ ਬੁੱਧੀਜੀਵੀਆਂ ਭਾਵੇਂ ਉਹ ਕਿੰਨੇ ਮਰਜ਼ੀ ਅਧਿਆਤਮਕ ਹੋਣ, ਨੂੰ ਬੇੜੀਆਂ ਵਿਚ ਜਕੜਿਆ ਜਾ ਰਿਹਾ ਹੈ।

ਅਸੀਂ ਕਾਮਨਾ ਕਰਦੇ ਹਾਂ ਕਿ ਉਹ ਦੌਰ ਫਿਰ ਆਵੇਗਾ ਜਦੋਂ ਅਸੀਂ ਆਪਣੀਆਂ ਊਰਜਾਵਾਂ ਨੂੰ ਇਕਮੁੱਠ ਕਰ ਕੇ ਫਾਸ਼ੀਵਾਦ ਵਿਰੋਧੀ ਮੁਹਾਜ਼ ਸਿਰਜ ਸਕਾਂਗੇ। ਉਹ ਮੁਹਾਜ਼ ਸਾਨੂੰ ਚੇਤੇ ਕਰਾਉਣਗੇ ਕਿ ਜਨਤਕ ਬੁੱਧੀਜੀਵੀਆਂ ਤੋਂ ਸੱਖਣੇ ਸਮਾਜ ਹੌਲੀ-ਹੌਲੀ ਹੀ ਸਹੀ ਪਰ ਯਕੀਨਨ ਖ਼ਤਮ ਹੋ ਜਾਂਦੇ ਹਨ।

# ਕਰਨਾਟਕ ਚੋਣਾਂ ਵਿਚ ਮੁਕਾਮੀ ਆਗੂਆਂ ਦੀ ਭੂਮਿਕਾ

ਰਾਧਿਕਾ ਰਾਮਾਸੇਸ਼ਨ

ਕਰਨਾਟਕ ਵਿਚ ਕਾਂਗਰਸ ਪਾਰਟੀ ਦੀ ਜ਼ਬਰਦਸਤ ਜਿੱਤ ਨੇ ਯਕੀਨੀ ਬਣਾ ਦਿੱਤਾ ਹੈ ਕਿ ਪਾਰਟੀ ਆਪਣੇ ਦਮ 'ਤੇ ਸੂਬੇ ਵਿਚ ਸਰਕਾਰ ਬਣਾਏਗੀ। ਪਿਛਲੀ ਵਾਰ 2013 ਵਿਚ ਇਵੇਂ ਹੋਇਆ ਸੀ ਅਤੇ ਉਸ ਤੋਂ ਪਹਿਲਾਂ 1999 ਵਿਚ ਕਾਂਗਰਸ ਨੇ ਚੋਣਾਂ ਜਿੱਤ ਕੇ ਸਰਕਾਰ ਬਣਾਈ ਸੀ ਜਿਸ ਦੀ ਅਗਵਾਈ ਐਸਐਮ ਕ੍ਰਿਸ਼ਨਾ ਨੇ ਕੀਤੀ ਅਤੇ ਫਿਰ ਧਰਮ ਸਿੰਘ ਨੇ ਸੱਤਾ ਦੀ ਵਾਗਡੋਰ ਸੰਭਾਲੀ ਸੀ। ਇਸ ਦਰਮਿਆਨ ਭਾਜਪਾ, ਕਾਂਗਰਸ ਅਤੇ ਜਨਤਾ ਦਲ (ਸੈਕੂਲਰ) ਦੀਆਂ ਮਿਲੀਆਂ-ਜੁਲੀਆਂ ਸਰਕਾਰਾਂ ਬਣਦੀਆਂ ਰਹੀਆਂ ਸਨ। ਅਸੁਖਾਵੇਂ ਗੱਠਜੋੜਾਂ ਕਰ ਕੇ ਸੂਚਨਾ ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਲਈ ਜਾਣੇ ਜਾਂਦੇ ਇਸ ਸੂਬੇ ਨੂੰ ਅਕਸਰ ਸਿਆਸੀ ਅਤੇ ਪ੍ਰਸ਼ਾਸਕੀ ਅਫ਼ਰਾ-ਤਫ਼ਰੀ ਦੇ ਮਾਹੌਲ 'ਚੋਂ ਲੰਘਣਾ ਪੈਂਦਾ ਰਿਹਾ ਹੈ।

224 ਮੈਂਬਰੀ ਵਿਧਾਨ ਸਭਾ ਵਿਚ ਕਾਂਗਰਸ ਨੇ 136 ਸੀਟਾਂ ਜਿੱਤੀਆਂ ਹਨ ਜੋ ਭਾਜਪਾ ਦੀਆਂ 65 ਸੀਟਾਂ ਨਾਲੋਂ ਕਿਤੇ ਜ਼ਿਆਦਾ ਹਨ। ਜਨਤਾ ਦਲ (ਐਸ) 19 ਸੀਟਾਂ ਜਿੱਤ ਕੇ ਤੀਜੇ ਸਥਾਨ 'ਤੇ ਰਿਹਾ ਹੈ। ਕਾਂਗਰਸ ਨੂੰ ਭਾਜਪਾ ਨਾਲੋਂ ਸੱਤ ਫ਼ੀਸਦ ਜ਼ਿਆਦਾ ਵੋਟਾਂ ਪ੍ਰਾਪਤ ਹੋਈਆਂ ਜਿਸ ਸਦਕਾ ਪਾਰਟੀ ਵੱਖ ਵੱਖ ਜਾਤੀਆਂ ਤੇ ਭਾਈਚਾਰਿਆਂ ਅੰਦਰ ਆਪਣੀ ਪੁਜ਼ੀਸ਼ਨ ਇਸ ਹੱਦ ਤੱਕ ਮਜ਼ਬੂਤ ਕਰ ਸਕੀ ਹੈ ਕਿ ਆਖ਼ਰੀ ਪਲਾਂ 'ਤੇ ਭਾਜਪਾ ਵਲੋਂ ਉਲਟ-ਫੇਰ ਕਰਨ ਦੀਆਂ ਸਾਰੀਆਂ ਆਸਾਂ ਚਕਨਾਚੂਰ ਹੋ ਗਈਆਂ। ਜ਼ਾਹਿਰ ਹੈ ਕਿ ਕਾਂਗਰਸ ਦੀ ਇਹ ਜਿੱਤ ਸਿਰਫ ਕੁਝ ਜਾਤੀਆਂ ਅਤੇ ਭਾਈਚਾਰਿਆਂ ਦੀ ਹਮਾਇਤ ਕਰ ਕੇ ਸੰਭਵ ਨਹੀਂ ਹੋ ਸਕਦੀ ਸੀ। ਕਾਂਗਰਸ ਨੇ ਲਿੰਗਾਇਤ ਭਾਈਚਾਰੇ ਅੰਦਰ ਭਾਜਪਾ ਦੇ ਗੜ੍ਹ ਵਿਚ ਸੰਨ੍ਹ ਲਾਈ ਹੈ ਅਤੇ ਇਕ ਹੋਰ ਪ੍ਰਮੁੱਖ ਭਾਈਚਾਰੇ ਵੋਕਾਲਿਗਾ ਦੀਆਂ ਵੋਟਾਂ ਦਾ ਵੱਡਾ ਹਿੱਸਾ ਹਾਸਲ ਕਰਨ ਵਿਚ ਕਾਮਯਾਬ ਰਹੀ ਹੈ। ਵੋਕਾਲਿਗਾ ਭਾਰੂ ਖੇਤਰ ਦੀ ਰਾਮਨਗਰ ਸੀਟ ਤੋਂ ਸਾਬਕਾ ਮੁੱਖ ਮੰਤਰੀ ਅਤੇ ਜਨਤਾ ਦਲ (ਐਸ) ਦੇ ਆਗੂ ਐਚ.ਡੀ. ਕੁਮਾਰਸਵਾਮੀ ਦੇ ਪੁੱਤਰ ਨਿਖਿਲ ਕੁਮਾਰਸਵਾਮੀ ਨੂੰ ਕਾਂਗਰਸ ਦੇ ਇਕਬਾਲ ਹੁਸੈਨ ਹੱਥੋਂ ਮਿਲੀ ਹਾਰ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਕਾਂਗਰਸ ਨੇ ਉਸ ਭਾਈਚਾਰੇ ਅੰਦਰ ਪਕੜ ਬਣਾਈ ਹੈ ਜਿਸ ਵਿਚ ਐਸਐਮ ਕ੍ਰਿਸ਼ਨਾ ਦੇ ਜਾਣ ਅਤੇ ਜਨਤਾ ਦਲ (ਐਸ) ਦੇ ਉਭਾਰ ਨਾਲ ਇਸ ਦਾ ਪ੍ਰਭਾਵ ਬਹੁਤ ਘਟ ਗਿਆ ਸੀ। ਦਰਅਸਲ, ਲਿੰਗਾਇਤਾਂ ਅਤੇ ਵੋਕਾਲਿਗਾਂ ਦੀ ਕਾਂਗਰਸ ਵੱਲ ਪੇਸ਼ਕਦਮੀ ਇਹ ਗੱਲ ਸਿੱਧ ਕਰਦੀ ਹੈ ਕਿ ਇਸ ਨੇ ਪੱਛੜੀਆਂ ਜਾਤੀਆਂ, ਦਲਿਤਾਂ, ਆਦਿਵਾਸੀਆਂ ਅਤੇ ਮੁਸਲਮਾਨਾਂ ਦੀ ਕੁਲੀਸ਼ਨ ਨੂੰ ਮੁੜ ਸੰਜੋਇਆ ਹੈ ਜਿਸ ਨੂੰ ਕਿਸੇ ਸਮੇਂ ਸਾਬਕਾ ਮੁੱਖ ਮੰਤਰੀ ਸਿੱਧਾਰਮਈਆ ਨੇ ਸਿਰਜਿਆ ਸੀ।

2023 ਦੇ ਇਸ ਫ਼ਤਵੇ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪਾੜਾ ਪਾਉਣ ਵਿਚ ਭਾਜਪਾ ਦੀ ਨਾਕਾਮੀ ਨੂੰ ਬੇਪਰਦ ਕਰ ਕੇ ਰੱਖ ਦਿੱਤਾ ਹੈ ਜੋ ਇਕ ਸੂਤਰੀ ਏਜੰਡੇ ਨੂੰ ਲੈ ਕੇ ਚੱਲ ਰਹੀ ਸੀ ਜਿਸ ਦਾ ਧੁਰਾ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਦੀਆਂ ਮੁਟਿਆਰਾਂ ਨੂੰ ਹਿਜਾਬ ਪਹਿਨਣ ਤੋਂ ਰੋਕਣ, ਮੀਟ ਵੇਚਣ 'ਤੇ ਮਨਾਹੀ, ਮੰਦਰ ਮਸਜਿਦ ਦੇ ਦੱਬੇ ਮੁਰਦੇ ਖੜ੍ਹੇ ਕਰਨ, ਇਤਿਹਾਸ ਨੂੰ ਦੁਬਾਰਾ ਲਿਖਵਾਉਣ, ਟੀਪੂ ਸੁਲਤਾਨ ਨੂੰ ਹਿੰਦੂਆਂ ਨੂੰ ਸਤਾਉਣ ਵਾਲੇ ਸ਼ਾਸਕ ਵਜੋਂ ਪੇਸ਼ ਕਰਨ ਜਿਹੇ ਮੁੱਦੇ ਸਨ। ਭਾਜਪਾ ਦੇ ਧਰਮ ਆਧਾਰਿਤ ਪ੍ਰੋਗਰਾਮ ਦਾ ਪਾਜ਼ ਉਦੋਂ ਖੁੱਲ੍ਹ ਗਿਆ ਜਦੋਂ ਇਸ ਨੇ ਇਹ ਦੋਸ਼ ਲਾਇਆ ਕਿ ਬਜਰੰਗ ਦਲ 'ਤੇ ਪਾਬੰਦੀ ਲਾਉਣ ਦਾ ਕਾਂਗਰਸ ਦਾ ਵਾਅਦਾ ਭਗਵਾਨ ਹਨੂੰਮਾਨ ਦਾ ਅਪਮਾਨ ਕਰਨ ਦੇ ਤੁੱਲ ਹੈ। ਭਾਜਪਾ ਦੇ ਬਹੁਤ ਸਾਰੇ ਸੀਨੀਅਰ ਆਗੂਆਂ ਨੇ ਚੋਣ ਪ੍ਰਚਾਰ ਵਿਚ ਇਸ ਮੁੱਦੇ ਨੂੰ ਜ਼ੋਰ ਸ਼ੋਰ ਨਾਲ ਉਭਾਰਿਆ। ਸ਼ਾਸਨ ਦੀਆਂ ਕਮਜ਼ੋਰੀਆਂ ਅੱਗੇ ਫਿਰਕਾਪ੍ਰਸਤੀ ਨਾਕਾਮ ਹੋ ਗਈ; ਕਾਂਗਰਸ ਵਲੋਂ ਘੜੇ ਗਏ '40 ਪਰਸੈਂਟ ਵਾਲੀ ਸਰਕਾਰ' ਦੇ ਨਾਅਰਾ ਉਤਲੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਦੀ ਕਹਾਣੀ ਬਿਆਨ ਹੋਈ।

ਭਾਜਪਾ ਨੇ ਅੱਧ ਵਿਚਕਾਰ ਜਾ ਕੇ ਬੀ.ਐਸ. ਯੇਡੀਯੁਰੱਪਾ ਦੀ ਥਾਂ ਬਾਸਵਰਾਜ ਬੋਮਈ ਨੂੰ ਮੁੱਖ ਮੰਤਰੀ ਬਣਾ ਦਿੱਤਾ ਜਿਸ ਨਾਲ ਇਸ ਨੂੰ ਆਸ ਸੀ ਕਿ ਲਿੰਗਾਇਤ ਭਾਈਚਾਰੇ ਵਿਚ ਉਸ ਦੀ ਹਮਾਇਤ ਬਰਕਰਾਰ ਰਹੇਗੀ ਕਿਉਂਕਿ ਯੇਡੀਯੁਰੱਪਾ ਵਾਂਗ ਬੋਮਈ ਵੀ ਲਿੰਗਾਇਤ ਭਾਈਚਾਰੇ ਨਾਲ ਸੰਬੰਧਿਤ ਹਨ। ਇਸ ਫੇਰ-ਬਦਲ ਤੋਂ ਅਤਿ-ਕੇਂਦਰੀਕਰਨ ਦੇ ਨੁਕਸਾਨ ਰੇਖਾਂਕਤ ਹੁੰਦੇ ਹਨ ਤੇ ਪਤਾ ਲੱਗਦਾ ਹੈ ਕਿ ਭਾਜਪਾ ਦਾ ਮੌਜੂਦਾ ਸ਼ਾਸਨ ਆਪਣੇ ਖੇਤਰੀ ਆਗੂਆਂ ਨੂੰ ਜ਼ਿਆਦਾ ਮਜ਼ਬੂਤ ਹੁੰਦਾ ਬਰਦਾਸ਼ਤ ਨਹੀਂ ਕਰਦਾ ਜਿਸ ਤੋਂ ਇੰਦਰਾ ਗਾਂਧੀ ਦੇ ਜ਼ਮਾਨੇ ਦੀਆਂ ਯਾਦਾਂ ਤਾਜ਼ਾ ਹੁੰਦੀਆਂ ਹਨ। ਬੋਮਈ ਨੇ 2008 ਵਿਚ ਜਨਤਾ ਦਲ (ਐਸ) ਨੂੰ ਅਲਵਿਦਾ ਆਖ ਕੇ ਭਾਜਪਾ ਵਿਚ ਸ਼ਮੂਲੀਅਤ ਕੀਤੀ ਸੀ। ਅਸਾਮ ਦੇ ਆਪਣੇ ਹਮਰੁਤਬਾ ਹੇਮੰਤ ਬਿਸਵਾ ਸਰਮਾ ਜੋ ਪਹਿਲਾਂ ਕਾਂਗਰਸੀ ਸਨ, ਵਾਂਗ ਬੋਮਈ ਨੇ ਵੀ ਪਾਰਟੀ ਹਾਈ ਕਮਾਂਡ ਦਾ ਹਰ ਹੁਕਮ ਖ਼ਾਸਕਰ ਇਸ ਦੇ ਹਿੰਦੂਤਵ ਏਜੰਡੇ ਨੂੰ ਲਾਗੂ ਕਰਨ ਲਈ ਪੂਰਾ ਟਿੱਲ ਲਾ ਦਿੱਤਾ।

ਦੂਜੇ ਪਾਸੇ, ਯੇਡੀਯੁਰੱਪਾ ਅਜਿਹੇ ਆਗੂ ਹਨ ਜਿਨ੍ਹਾਂ ਨੇ ਠੀਕ ਉਸੇ ਤਰ੍ਹਾਂ ਕਰਨਾਟਕ ਵਿਚ ਭਾਜਪਾ ਦੀਆਂ ਜੜ੍ਹਾਂ ਲਾਈਆਂ ਸਨ ਜਿਵੇਂ ਕੇਸ਼ੂਭਾਈ ਪਟੇਲ ਅਤੇ ਸ਼ੰਕਰਸਿਹੁੰ ਵਘੇਲਾ ਨੇ ਗੁਜਰਾਤ ਵਿਚ ਕੀਤਾ ਸੀ। ਆਖਰਕਾਰ ਭਾਜਪਾ ਦੇ ਕੇਂਦਰੀ ਆਗੂਆਂ ਨੂੰ ਯੇਡੀਯੁਰੱਪਾ ਨੂੰ ਖੂੰਜੇ ਲਾਉਣ ਦੀ ਭੁੱਲ ਦਾ ਅਹਿਸਾਸ ਹੋ ਗਿਆ ਅਤੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਉਨ੍ਹਾਂ ਦੇ ਪੁੱਤਰ ਬੀਐਸ ਵਿਜੇਂਦਰ ਨੂੰ ਟਿਕਟ ਦੇ ਕੇ ਸੁਧਾਰ ਕਰਨਾ ਚਾਹਿਆ ਪਰ ਤਦ ਤੀਕ ਕਾਫ਼ੀ ਦੇਰ ਹੋ ਚੁੱਕੀ ਸੀ। ਲਿੰਗਾਇਤਾਂ ਨੇ ਕਾਂਗਰਸ ਵੱਲ ਜਾਣ ਦਾ ਮਨ ਬਣਾ ਲਿਆ ਜਿਸ ਨਾਲ ਪਿਛਲੇ ਕੁਝ ਦਹਾਕਿਆਂ ਤੋਂ ਚਲ ਰਹੀ ਭਾਜਪਾ ਦੀ ਕਿਸ਼ਤੀ ਡਾਵਾਂਡੋਲ ਹੋ ਗਈ।

ਜਨਤਾ ਦਲ (ਐਸ) ਨੇ ਇਹ ਹਿਸਾਬ ਕਿਤਾਬ ਲਾਉਣਾ ਸ਼ੁਰੂ ਕਰ ਦਿੱਤਾ ਕਿ ਜੇ ਕਿਸੇ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਦਾ ਤਾਂ ਉਹ ਇਕ ਵਾਰ ਫਿਰ 'ਕਿੰਗਮੇਕਰ' ਦੀ ਭੂਮਿਕਾ ਕਿਵੇਂ ਨਿਭਾਵੇਗਾ। ਇਸ ਨੇ 224 ਵਿਚੋਂ 200 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਸਨ ਜਿਸ ਨਾਲ ਇਹ ਕਿਆਸ ਲਾਏ ਜਾ ਰਹੇ ਸਨ ਕਿ ਇਹ ਕਾਂਗਰਸ ਨੂੰ ਮਿਲਦੀਆਂ ਘੱਟਗਿਣਤੀਆਂ ਦੀਆਂ ਵੋਟਾਂ ਵੰਡ ਦੇਵੇਗਾ। ਮੁਸਲਮਾਨਾਂ ਅਤੇ ਈਸਾਈਆਂ ਨੇ ਕਾਂਗਰਸ ਦਾ ਡਟ ਕੇ ਸਾਥ ਦਿੱਤਾ ਪਰ ਇਸ ਦੌਰਾਨ ਜਨਤਾ ਦਲ (ਐਸ) ਵੋਕਾਲਿਗਾ ਭਾਈਚਾਰੇ ਵਿਚਲਾ ਆਪਣਾ ਪ੍ਰਭਾਵ ਵੀ ਗੁਆ ਬੈਠਿਆ ਜਿਸ ਦਾ ਕਾਂਗਰਸ ਨੂੰ ਲਾਭ ਹੋਇਆ।

ਕਰਨਾਟਕ ਵਿਚ ਕਾਂਗਰਸ ਨੂੰ ਭਾਵੇਂ ਵੱਡੀ ਜਿੱਤ ਹਾਸਲ ਹੋਈ ਹੈ ਪਰ ਇਸ ਨੂੰ ਕਰਨਾਟਕ ਦੀਆਂ ਚੋਣਾਂ ਤੋਂ ਕੁਝ ਸਬਕ ਲੈਣ ਦੀ ਲੋੜ ਹੈ। ਇਸ ਦੇ ਆਗੂ ਕਰਨਾਟਕ ਵਿਚ ਮਿਲੀ ਜਿੱਤ ਦਾ ਸਿਹਰਾ ਗਾਂਧੀ ਪਰਿਵਾਰ ਖ਼ਾਸਕਰ ਰਾਹੁਲ ਗਾਂਧੀ ਦੇ ਸਿਰ ਬੰਨ੍ਹ ਰਹੇ ਹਨ ਜਿਸ ਨੇ ਸੂਬੇ ਵਿਚ ਲੰਮੀ 'ਭਾਰਤ ਜੋੜੋ ਯਾਤਰਾ' ਕੀਤੀ ਸੀ। ਕਰਨਾਟਕ ਕਾਂਗਰਸ ਕਮੇਟੀ ਦੇ ਪ੍ਰਧਾਨ ਡੀਕੇ ਸ਼ਿਵਕੁਮਾਰ ਨੇ ਬਹੁਤ ਹੀ ਭਾਵੁਕ ਹੁੰਦਿਆਂ ਸੋਨੀਆ ਗਾਂਧੀ ਵਲੋਂ ਕਾਲੇ ਧਨ ਦੇ ਕੇਸ ਵਿਚ ਤਿਹਾੜ ਜੇਲ੍ਹ ਵਿਚ ਮੁਲਾਕਾਤ ਲਈ ਆਉਣ ਦੀ ਘਟਨਾ ਨੂੰ ਯਾਦ ਕੀਤਾ ਹੈ ਪਰ ਕੀ ਸਿੱਧਾਰਮਈਆ, ਸ਼ਿਵਕੁਮਾਰ ਅਤੇ ਹੋਰਨਾਂ ਆਗੂਆਂ ਦੀ ਅਗਵਾਈ ਤੋਂ ਬਿਨਾ ਐਡੀ ਵੱਡੀ ਜਿੱਤ ਸੰਭਵ ਸੀ? ਕੀ ਮਲਿਕਾਰਜੁਨ ਖੜਗੇ ਨੂੰ ਕਾਂਗਰਸ ਪ੍ਰਧਾਨ ਥਾਪਣ ਨਾਲ ਹੈਦਰਾਬਾਦ-ਕਰਨਾਟਕ ਖੇਤਰ ਦੀਆਂ ਵੋਟਾਂ ਲੈਣ ਵਿਚ ਅਹਿਮ ਭੂਮਿਕਾ ਰਹੀ ਹੈ?

ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਜਿੱਤ ਨਾਲ ਗਾਂਧੀ ਪਰਿਵਾਰ ਅਤੇ ਕਾਂਗਰਸ ਦੋਵਾਂ ਨੂੰ ਤਕੜਾ ਹੁਲਾਰਾ ਮਿਲਿਆ ਹੈ। ਕਾਂਗਰਸ ਹੋਵੇ ਜਾਂ ਭਾਜਪਾ, ਕਰਨਾਟਕ ਦਾ ਸ਼ੁਮਾਰ ਅਜਿਹੇ ਸੂਬਿਆਂ ਵਿਚ ਆਉਂਦਾ ਹੈ ਜਿਨ੍ਹਾਂ ਨਾਲ 'ਹਾਈ ਕਮਾਂਡ' ਦੀ ਹੋਣੀ ਜੁੜੀ ਹੋਈ ਹੈ। ਇਸ ਲਈ ਦੋਵਾਂ ਪਾਰਟੀਆਂ ਨੂੰ ਆਪਣੇ ਯੇਡੀਯੁਰੱਪਾ, ਵਸੁੰਧਰਾ ਰਾਜੇ, ਕਮਲ ਨਾਥ ਅਤੇ ਸ਼ਿਵਰਾਜ ਚੌਹਾਨ ਜਿਹੇ ਆਗੂਆਂ ਨੂੰ ਨਜ਼ਰਅੰਦਾਜ਼ ਕਰ ਕੇ ਆਪਣੇ ਮਨਭਾਉਂਦੇ ਉਮੀਦਵਾਰਾਂ ਨੂੰ ਚੁਣਨ ਦਾ ਰਾਹ ਬਹੁਤਾ ਲਾਹੇਵੰਦਾ ਨਹੀਂ ਹੈ।

# ਗੁਰਬਾਣੀ ਤੇ ਮਾਰਕਸਵਾਦ: ਕੁਝ ਖਾਸ ਪਹਿਲੂ

***ਪੰਜਾਬ ਟਾਈਮਜ਼' ਦੇ ਪੰਨਿਆਂ ਉਤੇ ਵੱਖ-ਵੱਖ ਵਿਦਵਾਨਾਂ ਰਾਹੀਂ ਗੁਰਬਾਣੀ ਅਤੇ ਮਾਰਕਸਵਾਦ ਬਾਰੇ ਚੱਲੀ ਬਹਿਸ ਨੂੰ ਪਾਠਕਾਂ ਨੇ ਬੜੀ ਦਿਲਚਸਪੀ ਨਾਲ ਪੜ੍ਹਿਆ ਤੇ ਵਿਚਾਰਿਆ ਹੈ। ਡਾ. ਗੋਬਿੰਦਰ ਸਿੰਘ ਸਮਰਾਓ ਨੇ ਇਸ ਬਹਿਸ ਵਿਚ ਆਪਣਾ ਹਿੱਸਾ ਪਾਇਆ ਹੈ ਅਤੇ ਇਸੇ ਪ੍ਰਸੰਗ ਵਿਚ ਉਨ੍ਹਾਂ ਇਕ ਹੋਰ ਲੇਖ ਭੇਜਿਆ ਹੈ। ਇਸ ਵਿਚ ਉਨ੍ਹਾਂ ਗੁਰੂ ਨਾਨਕ ਦੇਵ ਅਤੇ ਕਾਰਲ ਮਾਰਕਸ ਦੀ ਖੋਜ/ਸੋਚ ਨੂੰ ਆਧਾਰ ਬਣਾ ਕੇ ਕੁਝ ਨੁਕਤੇ ਵਿਚਾਰੇ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।***

ਗੁਰੂ ਨਾਨਕ ਦੇਵ ਮੱਧ ਕਾਲ ਦੇ ਹੀ ਨਹੀਂ, ਸਭ ਸਮਿਆਂ ਦੇ ਮਹਾਨ ਚਿੰਤਕ ਤੇ ਪ੍ਰਤਿਭਾਸ਼ਾਲੀ ਵਿਦਵਾਨ ਸਨ। ਉਨ੍ਹਾਂ ਨੇ ਆਰੰਭ ਤੋਂ ਹੀ ਸੱਚ ਅਤੇ ਵਿਗਿਆਨ ਦਾ ਲੜ ਫੜਿਆ। ਜੋ ਕੰਮ ਯੂਰਪ ਵਿਚ ਮੁੜ-ਸੁਰਜੀਤੀ ਲਹਿਰ ਨੇ ਕੀਤਾ, ਉਹੀ ਏਸ਼ੀਆ ਵਿਚ ਉਨ੍ਹਾਂ ਨੇ ਕੀਤਾ। ਉਹ ਆਪਣੇ ਆਪ ਵਿਚ ਸੰਸਥਾ ਸਨ ਜਿਸ ਨੇ ਗਿਆਨ ਨੂੰ ਅਸਮਾਨ ਤੋਂ ਧਰਤ ਵਲ ਲਿਆਂਦਾ। ਉਨ੍ਹਾਂ ਨੇ ਸੋਚ ਨੂੰ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 209-565-1080

ਪ੍ਰਕ੍ਰਿਤਿਕ ਅਨੁਭਵ ਨਾਲ ਜੋੜ ਕੇ ਸਿੱਖੀ ਵਿਚਾਰਧਾਰਾ ਚਲਾਈ ਜੋ ਵਿਗਿਆਨਿਕ ਰੂਪ ਧਾਰ ਕੇ ਮਨੁੱਖੀ ਚਿੰਤਨ ਦੀਆਂ ਕੌਮਾਂਤਰੀ ਸਫਾਂ ਵਿਚ ਆ ਖੜ੍ਹੀ ਹੋਈ। ਇਹ ਉਨ੍ਹਾਂ ਦੀ ਹੀ ਪ੍ਰਤਿਭਾ ਸੀ ਜਿਸ ਕਾਰਨ ਮੱਧ ਕਾਲ ਦੇ ਹਨੇਰੇ ਸਮਾਜ ਨੂੰ ਅਜਿਹੇ ਅਗਾਂਹਵਧੂ ਵਿਚਾਰ ਮਿਲੇ ਜਿਹੜੇ ਰਹਿੰਦੀ ਦੁਨੀਆ ਤੀਕਰ ਮਨੁੱਖਤਾ ਦੀ ਅਗਵਾਈ ਕਰਦੇ ਰਹਿਣਗੇ। ਆਪਣੀ ਪ੍ਰਕ੍ਰਿਤਿਕ ਆਯੂ ਭੋਗ ਕੇ ਇਹ ਬ੍ਰਹਿਮੰਡ ਲੱਖ ਵਾਰ ਮਿਟੇ ਤੇ ਲੱਖ ਵਾਰ ਮਿਟ ਕੇ ਮੁੜ ਬਣੇ, ਉਨ੍ਹਾਂ ਦੇ ਮੂਲ ਵਿਚਾਰਾਂ ਦੀ ਪ੍ਰਸੰਗਿਕਤਾ ਜਿਉਂ ਦੀ ਤਿਉਂ ਬਣੀ ਰਹੇਗੀ।

ਉਨ੍ਹਾਂ ਦਾ ਸਭ ਤੋਂ ਵੱਡਾ ਯੋਗਦਾਨ ਇਹ ਸੀ ਕਿ ਉਨ੍ਹਾਂ ਨੇ ਗਿਆਨ ਦਾ ਨਾਤਾ ਇਲਹਾਮ ਨਾਲੋਂ ਤੋੜਿਆ। ਉਨ੍ਹਾਂ ਨੇ ਬ੍ਰਹਿਮੰਡ ਦੇ ਕਰਤੇ ਦੀਆਂ ਉਹ ਵਿਸ਼ੇਸ਼ਤਾਈਆਂ ਦੱਸੀਆਂ ਜੋ ਕਿਸੇ ਮਨੁੱਖੀ ਹਸਤੀ ਵਲ ਇਸ਼ਾਰਾ ਨਹੀਂ ਸਨ ਕਰਦੀਆਂ। ਉਨ੍ਹਾਂ ਅਨੁਸਾਰ ਕਰਤਾ ਸਿਰੇ ਦਾ ਉਦਾਸੀਨ, ਨਿਯਮ ਦਾ ਪਾਲਣ ਕਰਨਵਾਲਾ, ਅਜੂਨੀ, ਅਕਾਲ ਤੇ ਝਲਕ ਮਾਤਰ ਪ੍ਰਕ੍ਰਿਤੀ ਦਾ ਹੈ। ਇਨ੍ਹਾਂ ਗੁਣਾਂ ਕਾਰਨ ਉਹ ਮਨੁੱਖੀ ਮੁਹਾਂਦਰੇ ਵਾਲਾ ਤਾਂ ਕੀ, ਕਿਸੇ ਜੀਵ ਕਿਸਮ ਦਾ ਵੀ ਨਹੀਂ ਹੋ ਸਕਦਾ। ਉਸ ਵੇਲੇ ਇਹ ਕਹਿਣਾ ਕਠਿਨ ਸੀ ਪਰ ਅੱਜ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਕਰਤੇ ਦੇ ਚਕਰ-ਚਿਹਨ ਬਾਇਓਲੋਜੀਕਲ ਜਾਂ ਆਰਗੈਨਿਕ ਹੋਣ ਦੀ ਥਾਂ ਨਿਰੇ ਹੀ ਇਨਆਰਗੈਨਿਕ ਹਨ। ਉਸ ਦੀਆਂ ਸਭ ਨਿਸ਼ਾਨਦੇਹੀਆਂ ਪਦਾਰਥਕ, ਭਾਵ ਮਾਦੇ ਵਾਲੀਆਂ ਹਨ। ਗੁਰੂ ਸਾਹਿਬ ਨੇ ਇਹ ਕਹਿ ਕੇ ਨਾ ਕੇਵਲ ਸਿੱਖੀ ਵਿਚਾਰਧਾਰਾ ਨੂੰ ਆਪਣੇ ਸਮੇਂ ਦੀਆਂ ਮੁਖ ਧਾਰਮਿਕ ਵਿਚਾਰਧਾਰਾਵਾਂ ਤੇ ਉਨ੍ਹਾਂ ਦੀਆਂ ਦਾਰਸ਼ਨਿਕ ਮਾਨਤਾਵਾਂ ਤੋਂ ਵੱਖ ਕਰ ਲਿਆ ਸਗੋਂ ਵਿਗਿਆਨ ਦੀ ਪਗਡੰਡੀ 'ਤੇ ਚੜ੍ਹਾ ਕੇ ਇਸ ਨੂੰ ਕੌਮਾਂਤਰੀ ਪੱਧਰ ਦੇ ਚਿੰਤਨ ਦਾ ਮੋਹਰੀ ਬਣਾ ਦਿੱਤਾ।

ਵਿਗਿਆਨੀ ਇੰਨੇ ਕਿ ਉਨ੍ਹਾਂ ਨੇ ਆਪਣੇ ਵਿਚਾਰਾਂ ਦਾ ਸੋਮਾ ਕਿਸੇ ਦੇਵ ਕਿਰਦਾਰ ਜਾਂ ਦੈਵੀ ਸ਼ਕਤੀ ਨੂੰ ਨਹੀਂ ਬਣਾਇਆ ਤੇ ਨਾ ਹੀ ਕਿਸੇ ਵੇਦ-ਵੇਦਾਂਤਿਕ ਧਾਰਮਿਕ ਗ੍ਰੰਥ ਨੂੰ। ਉਨ੍ਹਾਂ ਨੇ ਇਸ ਨੂੰ ਉਸ ਗੁਰ, ਭਾਵ ਵਿਧੀ ਦੀ ਕਿਰਪਾ ਵਜੋਂ ਉਪਜਿਆ ਦੱਸਿਆ ਜਿਸ ਬਾਰੇ ਉਨ੍ਹਾਂ ਨੇ ਸਭ ਦੀ ਜਾਣ-ਪਛਾਣ ਲਈ ਆਪਣੀ ਬਾਣੀ ਦੇ ਆਰੰਭ ਵਿਚ ਹੀ ਉਕਰ ਦਿੱਤਾ ਸੀ। ਇਹ ਗੁਰ ਸੀ 'ੴ' ਜਿਸ ਨੂੰ ਰਵਾਇਤੀ ਤੌਰ ਤੇ 'ਏਕੰਕਾਰ' ਉਚਾਰਿਆ ਜਾਂਦਾ ਹੈ ਪਰ ਇਹ 'ੴ' ਹੈ ਕੀ? ਗੁਰੂ ਸਾਹਿਬ ਨੇ ਇਸ ਦੀ ਵਿਸਤ੍ਰਿਤ ਵਿਆਖਿਆ ਨਹੀਂ ਕੀਤੀ। ਇਸ ਲਈ ਸਿੱਖ ਵਿਦਵਾਨ ਸਦੀਆਂ ਤੋਂ ਇਸ ਨੂੰ ਬੁਝਣ ਦਾ ਉਪਰਾਲਾ ਕਰ ਰਹੇ ਹਨ। ਇਨ੍ਹਾਂ ਵਿਦਵਾਨਾਂ ਨੇ ਅੱਟੇ-ਸੱਟੇ ਤਾਂ ਬਹੁਤ ਲਾਏ ਪਰ ਇਸ ਦਾ ਪਤਾ ਨਾ ਲਾ ਸਕੇ; ਅਰਥਾਤ ਇਸ ਦਾ ਕੋਈ ਅਜਿਹਾ ਵਿਵਰਨ ਨਹੀਂ ਦੇ ਸਕੇ ਜੋ ਬੌਧਿਕ ਆਧਾਰ 'ਤੇ ਖਰਾ ਉੱਤਰੇ। ਬਹੁਤੇ ਸ਼ਰਧਾਲੂ ਵਿਦਵਾਨ ਇਸ ਨੂੰ ਰੱਬ ਹੀ ਮੰਨਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਗੁਰੂ ਸਾਹਿਬ ਜਿਹੇ 'ਰੂਹਾਨੀ' ਰਹਿਬਰ ਨੇ ਰੱਬ ਤੋਂ ਬਿਨਾ ਹੋਰ ਕੀ ਲਿਖਿਆ ਹੋਵੇਗਾ ਪਰ ਰੱਬ ਜਾਂ ਰੱਬ ਜਿਹਾ ਹੋਰ ਕੋਈ ਸ਼ਬਦ ਤਾਂ ਉਨ੍ਹਾਂ ਨੇ ਸਾਰੇ ਜਪੁਜੀ ਸਾਹਿਬ ਵਿਚ ਕਿਤੇ ਨਹੀਂ ਲਿਖਿਆ। ਇਹ ਵਿਦਵਾਨ ਇਹ ਨਹੀਂ ਸੋਚਦੇ ਕਿ ਗੁਰੂ ਸਾਹਿਬ ਤਾਂ ਲੋਕਾਂ ਨੂੰ ਆਪਣੇ ਵਿਚਾਰ ਸਰਲ ਭਾਸ਼ਾ ਵਿਚ ਸਮਝਾਉਂਦੇ ਸਨ। ਫਿਰ ਉਨ੍ਹਾਂ ਨੇ ਸੌਖਾ ਜਿਹਾ 'ਰੱਬ' ਲਿਖਣ ਦੀ ਥਾਂ ਔਖਾ ਸ਼ਬਦ 'ੴ' ਕਿਉਂ ਲਿਖਿਆ? ਕੀ ਉਹ ਲੋਕਾਂ ਨੂੰ ਉਲਝਾਉਣਾ ਚਾਹੁੰਦੇ ਸਨ? ਕੀ ਉਨ੍ਹਾਂ ਨੂੰ ਰੱਬ ਲਿਖਣਾ ਨਹੀਂ ਸੀ ਆਉਂਦਾ? ਕੀ ਉਸ ਵੇਲੇ ਰੱਬ ਦਾ ਸੰਕਲਪ ਪੈਦਾ ਨਹੀਂ ਸੀ ਹੋਇਆ? ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਕਿਸੇ ਹੋਰ ਸੰਕਲਪ ਲਈ ਅਜਿਹਾ ਸੰਕੇਤਕ ਚਿੰਨ੍ਹ ਨਹੀਂ ਵਰਤਿਆ। ਫਿਰ ਇਸ ਇਕੱਲੇ ਸੰਕੇਤ ਸੰਗ੍ਰਹਿ ਦਾ ਰਹੱਸ ਇੰਨੇ ਸਹਿਜ ਭਾਵ ਨਾਲ ਕਿਵੇਂ ਪਤਾ ਲੱਗ ਗਿਆ ਕਿ ਇਹ ਰੱਬ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਕਿਸੇ ਵਿਦਵਾਨ ਕੋਲ ਨਹੀਂ।

ਬਹੁਤ ਸਾਰੇ ਵਿਦਵਾਨ 'ੴ' ਦੇ ਅਰਥ ਇਸ ਦੇ ਉਚਾਰਨ ਵਿਚੋਂ ਭਾਲਦੇ ਰਹਿੰਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਸ਼ਾਇਦ ਇਸ ਦੇ ਉਚਾਰਨ ਨੂੰ ਵਿੰਗਾ ਟੇਢਾ ਕਰ ਕੇ ਹੀ ਇਸ ਦੇ ਅਰਥਾਂ ਦਾ ਪਤਾ ਲੱਗ ਜਾਵੇ। ਕਈ ਕਹਿੰਦੇ ਹਨ ਇਹ ਏਕੋਂਕਾਰ ਹੈ; ਕਈ ਕਹਿੰਦੇ ਹਨ ਇਹ ਇਕੋਕਾਰ ਹੈ ਤੇ ਕਈ ਇਸ ਨੂੰ ਇਕ 'ਓ' ਦੱਸ ਕੇ 'ਕਾਰ' ਨੂੰ ਕਲਾਤਮਿਕ ਢੰਗ ਨਾਲ ਵਧਾਈ ਡੰਡੀ ਮੰਨਦੇ ਹਨ। ਜਦੋਂ ਕਿਸੇ ਨੇ ਦੱਸਿਆ ਕਿ ਇਹ ਵਿਆਕਰਨਕ ਸ਼ਬਦ ਤਾਂ ਹੈ ਹੀ ਨਹੀਂ ਜੋ ਉਚਾਰਿਆ ਜਾ ਸਕੇ; ਭਾਵ, ਇਸ ਦੇ ਸਭ ਅੰਸ਼ ਭਾਸ਼ਾ ਦੇ ਅੱਖਰ ਨਹੀਂ ਹਨ, ਇਸ ਲਈ ਇਸ ਸੂਤਰ ਦਾ ਕੋਈ ਉਚਾਰਨ ਨਹੀਂ ਹੋ ਸਕਦਾ। ਇਹ ਜਾਣ ਕੇ




ਤਾਂ ਮਾਨੋ ਸਿੱਖ ਸੋਚ ਵਿਚ ਇਨਕਲਾਬ ਜਿਹਾ ਵਾਪਰ ਗਿਆ। ਵਿਦਵਾਨਾਂ ਤੇ ਗਿਆਨੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਸ ਦੇ ਤਿੰਨੇ ਸੰਕੇਤ ਵੱਖ-ਵੱਖ ਧਰਮਾਂ ਦੇ ਪ੍ਰਤੀਨਿਧੀ ਹਨ। ਏਕੇ ਨੂੰ ਇਸਲਾਮ ਵਿਚੋਂ ਆਇਆ ਦੱਸਿਆ ਗਿਆ ਕਿਉਂਕਿ ਮੁਸਲਮਾਨਾਂ ਦੇ ਧਾਰਮਿਕ ਗ੍ਰੰਥਾਂ ਵਿਚ ਇਕ ਅੱਲਾਹ ਦੀ ਗੱਲ ਕੀਤੀ ਹੋਈ ਹੈ। ਇਸੇ ਤਰ੍ਹਾਂ 'ਓ' ਨੂੰ ਹਿੰਦੂਆਂ ਦੇ ਵੇਦ ਮਤ ਦੇ ਓਮ ਨਾਲ ਜੋੜਿਆ ਗਿਆ ਕਿਉਂਕਿ ਹਿੰਦੂ ਬ੍ਰਾਹਮਣ ਯੱਗ ਵੇਲੇ 'ਓਮ' ਧੁਨੀ ਦਾ ਉਚਾਰਨ ਕਰਦੇ ਹਨ। ਇਸ ਤਰ੍ਹਾਂ ਬਹੁਤੇ ਸਿੱਖ ਵਿਦਵਾਨਾਂ ਨੇ 'ੴ' ਨੂੰ ਹਿੰਦੂ ਤੇ ਇਸਲਾਮੀ ਪਰੰਪਰਾਵਾਂ ਦੇ ਸੰਜੋਗ ਵਿਚੋਂ ਘੜਿਆ ਗੁਰੂ ਸਾਹਿਬ ਦਾ ਰੱਬ ਦਾ ਸੰਕਲਪ ਮੰਨਿਆ ਤੇ ਕਿਹਾ ਕਿ ਖੁੱਲ੍ਹੇ ਮੂੰਹ ਵਾਲੇ 'ਓ' ਦੇ ਅੱਗੇ ਲੱਗੀ ਮੁੜਵੀਂ ਕਾਰ ਸਾਰੇ ਬ੍ਰਹਿਮੰਡ ਦੁਆਲੇ ਫੈਲੀ ਰੱਬੀ ਸ਼ਕਤੀ ਦਾ ਪ੍ਰਤੀਕ ਹੈ। ਇਨ੍ਹਾਂ ਸਿੱਖ ਵਿਦਵਾਨਾਂ ਨੇ ਇਹ ਨਾ ਸੋਚਿਆ ਕਿ ਹਿੰਦੂ ਤੇ ਇਸਲਾਮ, ਦੋਹਾਂ ਮਤਾਂ ਤੋਂ ਤਾਂ ਗੁਰੂ ਸਾਹਿਬ ਨੇ ਪਹਿਲਾਂ ਹੀ ਕਿਨਾਰਾ ਕਰ ਲਿਆ ਸੀ; ਇਸ ਲਈ ਉਨ੍ਹਾਂ ਦੇ ਚਿੰਨ੍ਹ-ਸੰਕੇਤ ਉਹ ਕਿਵੇਂ ਵਰਤ ਸਕਦੇ ਸਨ? ਜੇ ਉਨ੍ਹਾਂ ਦੀ ਇਨ੍ਹਾਂ ਚਿੰਨ੍ਹਾਂ ਨਾਲ ਸਹਿਮਤੀ ਹੁੰਦੀ ਤਾਂ ਉਹ ਜਨੇਊ ਪਾਉਂਦੇ, ਨਮਾਜ਼ ਪੜ੍ਹਦੇ ਤੇ 'ਨਾ ਹਿੰਦੂ ਨਾ ਮੁਸਲਮਾਨ' ਦਾ ਹੋਕਾ ਨਾ ਦਿੰਦੇ। ਜੇ ਉਹ ਇਕ ਅੱਲਾਹ ਨੂੰ ਮੰਨਦੇ ਹੁੰਦੇ ਤਾਂ ਇਸ ਦਾ ਜ਼ਿਕਰ ਕਿਤੇ ਹੋਰ ਵੀ ਕਰਦੇ। ਇਸੇ ਤਰ੍ਹਾਂ ਜੇ ਉਨ੍ਹਾਂ ਨੇ ਵੇਦ-ਮਤ ਦਾ ਓਮ ਲਿਆ ਹੁੰਦਾ ਤਾਂ ਇਸ ਦੀ ਵੀ ਕਿਤੇ ਚਰਚਾ ਕਰਦੇ ਪਰ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਕੀਤਾ ਸਗੋਂ 'ੴ' ਦਾ ਹਵਾਲਾ ਇਕ ਗੁਰ, ਭਾਵ ਸੂਤਰ ਦੇ ਤੌਰ 'ਤੇ ਦਿਤਾ। ਉਹ ਮੌਲਿਕ ਸੋਚ ਰੱਖਦੇ ਸਨ ਤੇ ਲੋੜ ਪੈਣ 'ਤੇ ਕੋਈ ਮੌਲਿਕ ਸੂਤਰ ਘੜ ਸਕਦੇ ਸਨ ਜੋ ਉਨ੍ਹਾਂ ਨੇ ਘੜਿਆ ਹੈ ਪਰ ਵਿਦਵਾਨ ਆਪਣੀ ਅਲਪ-ਬੁੱਧੀ ਤੇ ਅਧਿਆਤਮਿਕ ਸੋਚ ਕਾਰਨ ਗੁਰੂ ਸਾਹਿਬ ਦੀ ਇਸ ਵਿਦਵਤਾ ਤੇ ਪ੍ਰਤਿਭਾ ਭਰੀ ਦੇਣ ਨੂੰ ਸਵੀਕਾਰ ਨਾ ਕਰ ਸਕੇ।

'ੴ' ਦੇ ਅਰਥ ਇਸ ਦੀ ਬਣਤਰ ਵਿਚੋਂ ਹੀ ਮਿਲ ਜਾਂਦੇ ਹਨ। ਨਿਰਪੱਖਤਾ ਨਾਲ ਸੋਚੀਏ ਤਾਂ ਇਸ ਦੇ ਤਿੰਨੇ ਚਿੰਨ੍ਹ 1, ਓ ਤੇ ਕਾਰ (ਰੇਖਾ) ਤਿੰਨ ਵੱਖ-ਵੱਖ ਪਰ ਸਾਂਝੇ ਪ੍ਰਭਾਵ-ਖੇਤਰ(domain)ਵਾਲੇ ਸੋਮਿਆਂ ਤੋਂ ਲਏ ਗਏ ਹੋਣਗੇ ਤੇ ਉਨ੍ਹਾਂ ਦੀ ਸਹੀ ਨੁਮਾਇੰਦਗੀ ਕਰਨ ਵਾਲੇ ਹੋਣਗੇ। ਇਸੇ ਏਕਤਾ ਕਾਰਨ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਇਕਜੋੜ ਕੀਤਾ ਹੋਵੇਗਾ। ਸਾਧਾਰਨ ਸਮਝ (General Knowledge) ਦੀ ਥੋੜ੍ਹੀ ਵਰਤੋਂ ਨਾਲ ਹੀ ਇਹ ਬੁਝਾਰਤ ਬੁਝੀ ਜਾ ਸਕਦੀ ਹੈ ਕਿ ਇਨ੍ਹਾਂ ਵਿਚ ਸਾਂਝੀ ਗੱਲ ਕੀ ਹੈ। ਇਹ ਚਿੰਨ੍ਹ ਗਣਿਤ ਦੀ ਸਾਂਝ ਵਾਲੇ ਦੇ ਤਿੰਨ ਵਿਸ਼ਿਆਂ ਤੋਂ ਲਏ ਗਏ ਹਨ ਜਿਨ੍ਹਾਂ ਦੇ ਇਹ ਜ਼ਾਹਰਾ ਸੂਚਕ ਹਨ। ਇਨ੍ਹਾਂ ਵਿਚੋਂ 1 (ਏਕਾ) ਅੰਕਗਣਿਤ ਦਾ ਪ੍ਰਤੀਕ ਹੈ, ਓ ਬੀਜ ਗਣਿਤ (ਅਲਜਬਰੇ) ਅਤੇ ਕਾਰ ਰੇਖਾਗਣਿਤ (ਜੁਮੈਟਰੀ) ਦੀ। ਕਿਉਂਕਿ ਮੱਧ ਕਾਲ ਵਿਚ ਗਣਿਤ ਹੀ ਵਿਗਿਆਨ ਦਾ ਸਭ ਤੋਂ ਵੱਧ ਪ੍ਰਫੁੱਲਤ ਰੂਪ ਸੀ ਜੋ ਸੋਚ ਵਿਚਾਰ ਨੂੰ ਗਿਣਤੀ ਮਿਣਤੀ ਵਾਂਗ ਖਿੱਚ ਕੇ ਸੂਤ ਰੱਖ ਸਕਦਾ ਸੀ, ਇਸ ਲਈ ਸਮੁੱਚੇ ਤੌਰ 'ਤੇ ਇਹ ਚਿੰਨ੍ਹ ਵਿਗਿਆਨ ਦੇ ਪ੍ਰਤੀਕ ਕਹੇ ਜਾ ਸਕਦੇ ਹਨ। ਅਸਚਰਜ ਦੀ ਗੱਲ ਇਹ ਕਿ ਜਪੁਜੀ ਸਾਹਿਬ ਦੇ ਹਜ਼ਾਰਾਂ ਦੀ ਗਿਣਤੀ ਵਿਚ ਉਲਥੇ, ਟੀਕੇ ਤੇ ਵਿਆਖਿਆਵਾਂ ਲਿਖੀਆਂ ਜਾ ਚੁੱਕੀਆਂ ਹਨ ਪਰ ਕੇਵਲ ਦੋ ਨੂੰ ਛੱਡ ਕਿਸੇ ਨੇ ਵੀ 'ੴ' ਦੇ ਗਣਿਤੀ ਆਧਾਰ ਦੀ ਗੱਲ ਨਹੀਂ ਆਖੀ। ਭਾਈ ਵੀਰ ਸਿੰਘ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਜਿਨ੍ਹਾਂ ਨੇ ਇਸ ਤੱਥ ਦਾ ਜਿਕਰ ਕੀਤਾ, ਉਨ੍ਹਾਂ ਨੇ ਵੀ ਇਸ ਨੂੰ ਅੱਗੇ ਨਹੀਂ ਘੋਖਿਆ। ਇੰਨੀ ਸਪਸ਼ਟਤਾ ਦੇ ਬਾਵਜੂਦ ਅਧਿਆਤਮਿਕ ਸੋਚ ਵਾਲੇ ਇਹ ਵਿਦਵਾਨ ਟੀਕਾਕਾਰ ਆਪਣਾ ਮੂਲ ਨਾ ਪਛਾਣ ਸਕੇ।

ਉਂਝ, ਤੈਅ ਹੈ ਕਿ ਗੁਰੂ ਸਾਹਿਬ ਨੇ ਆਪਣੀ ਸੋਚ ਤੇ ਸਿੱਖਿਆਵਾਂ ਦੀ ਨੀਂਹ ਵਿਗਿਆਨ 'ਤੇ ਰੱਖੀ। ਉਨ੍ਹਾਂ ਜਪੁਜੀ ਸਾਹਿਬ ਵਿਚ ਗਿਣਤੀਆਂ-ਮਿਣਤੀਆਂ ਰਾਹੀਂ ਕੁਦਰਤ ਦੇ ਪਸਾਰੇ ਦੇ ਗਣਿਤੀ ਲਖਣ ਦੀ ਤੀਬਰ ਬਿਹਬਲਤਾ ਪ੍ਰਗਟਾਈ। ਉਨ੍ਹਾਂ ਨੇ ਲਖ, ਲਖਵੀਸ, ਕੋਟਿ, ਅਸੰਖ, ਅਨੰਤ ਆਦਿ ਸੰਖਿਆਵਾਂ ਨੂੰ ਸਪਸ਼ਟ ਸੂਝ ਨਾਲ ਵਰਤ ਕੇ ਸਾਬਤ ਕੀਤਾ ਕਿ ਉਨ੍ਹਾਂ ਦੀ ਵਿਗਿਆਨ, ਖਾਸ ਕਰਕੇ ਗਣਿਤ ਵਿਚ ਅਥਾਹ ਰੁਚੀ ਸੀ। ਬਿਲਕੁਲ ਇਹੀ ਗੱਲ ਕਾਰਲ ਮਾਰਕਸ ਬਾਰੇ ਆਖੀ ਜਾਂਦੀ ਹੈ। ਫ੍ਰੈਡਰਿਕ ਏਂਗਲਜ਼ ਨੇ ਉਸ ਦੇ ਚਿਤਾ-ਭਾਸ਼ਣ ਵਿਚ ਉਸ ਦੀਆਂ ਵਿਗਿਆਨਿਕ ਪ੍ਰਾਪਤੀਆਂ ਗਿਣਾਉਂਦੇ ਹੋਏ ਕਿਹਾ, "... ਇੱਦਾਂ ਦਾ ਸੀ ਉਹ ਵਿਗਿਆਨ ਪੁਰਸ਼! ਪਰ ਇਹ ਤਾਂ ਹਾਲੇ ਉਸ ਦਾ ਅੱਧ ਵੀ ਨਹੀਂ। ਉਹ ਹਰ ਨਵੀਂ ਵਿਗਿਆਨਿਕ ਖੋਜ ਦਾ ਦਿਲ ਖੋਲ੍ਹ ਕੇ ਸਵਾਗਤ ਕਰਦਾ ਭਾਵੇਂ ਉਸ ਦਾ ਕੋਈ ਫੌਰੀ ਲਾਭ ਨਾ ਵੀ ਹੁੰਦਾ ਪਰ ਜੇ ਕਿਸੇ ਨਵੀਂ ਕਾਢ ਦਾ ਉਦਯੋਗ ਜਾਂ ਸਮਾਜ ਨਾਲ ਸਿੱਧਾ ਸਬੰਧ ਹੁੰਦਾ, ਫਿਰ ਤਾਂ ਉਹ ਇਕ ਉਚੇਰੇ ਅਤੇ ਉਚੇਚੇ ਚਾਅ ਨਾਲ ਫੁੱਲਿਆ ਨਾ ਸਮਾਉਂਦਾ।" ਗੁਰੂ ਸਾਹਿਬ ਅਤੇ ਕਾਰਲ ਮਾਰਕਸ, ਦੋਹਾਂ ਚਿੰਤਕਾਂ ਦੀ ਇਹ ਸਾਂਝ ਸਿੱਖ ਅਤੇ ਮਾਰਕਸਵਾਦੀ, ਦੋਹਾਂ ਧਿਰਾਂ ਦੇ ਵਿਦਵਾਨਾਂ ਲਈ ਧਿਆਨ ਦੇਣ ਵਾਲੀ ਗੱਲ ਹੈ।

ਗੁਰੂ ਨਾਨਕ ਲਈ ਗਣਿਤ ਦੀ ਮਹੱਤਤਾ ਕੇਵਲ ਸੰਖਿਆਵਾਂ ਦੀ ਜਾਣਕਾਰੀ ਤੇ ਵਰਤੋਂ ਵਿਚ ਹੀ ਨਹੀਂ ਸੀ ਸਗੋਂ ਇਸ ਦੇ ਤਾਰਕਿਤਤਾ, ਸਹੀ ਹੋਣ, ਪਾਰਖਿਕਤਾ, ਇਕਸਾਰਤਾ, ਪ੍ਰਸੰਗਿਕਤਾ, ਕਠੋਰਤਾ, ਨਿਰਪੱਖਤਾ, ਸਰਬ-ਵਿਆਪਕਤਾ ਆਦਿ ਨਿਯਮਾਂ ਕਰਕੇ ਸੀ। ਇਹ ਗੁਣ ਕੁਦਰਤ ਦੀ ਹਰ ਪ੍ਰਕਿਰਿਆ ਤੇ ਵਰਤਾਰੇ ਦਾ ਅਧਿਐਨ ਕਰਨ ਵਿਚ ਸਹਾਈ ਹੁੰਦੇ ਹਨ। ਉਹ ਜਾਣਦੇ ਸਨ ਕਿ ਇਨ੍ਹਾਂ ਨੂੰ ਸਮਝਣ ਤੇ ਲਾਗੂ ਕਰਨ ਨਾਲ ਹੀ ਪ੍ਰਕ੍ਰਿਤੀ ਦੇ ਭੇਤ ਲੱਭੇ ਜਾ ਸਕਦੇ ਹਨ ਤੇ ਇਨ੍ਹਾਂ ਦੀ ਵਰਤੋਂ ਨਾਲ ਹੀ ਸਮਾਜਿਕ ਉਸਾਰੀ ਕੀਤੀ ਜਾ ਸਕਦੀ ਹੈ। ਆਪਣਾ ਮੁੱਖ ਪ੍ਰਸ਼ਨ ਬਿਆਨ ਕਰਦੇ ਹੋਏ ਉਹ ਲਿਖਦੇ ਹਨ: ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ। ਇਸ ਵਿਚ ਪਹਿਲੀ ਪੰਕਤੀ ਪ੍ਰਕ੍ਰਿਤੀ ਦੇ ਨਿਯਮ ਲੱਭ ਕੇ ਝੂਠ ਦੀ ਦੀਵਾਰ ਤੋੜਨ ਬਾਰੇ ਹੈ ਤੇ ਦੂਜੀ ਉਨ੍ਹਾਂ ਨਿਯਮਾਂ ਨੂੰ ਵਰਤ ਕੇ ਸਮਾਜਿਕ ਸੇਧ ਪ੍ਰਾਪਤ ਕਰਨ ਬਾਰੇ ਹੈ ਪਰ ਟੀਕਾਕਾਰੀ ਵਿਦਵਾਨਾਂ ਨੇ ਇਨ੍ਹਾਂ ਤੁਕਾਂ ਦੇ ਯਥਾਰਥ ਨੂੰ ਭਗਤੀ ਭਾਵ ਵਾਲੇ ਅਰਥ ਕੱਢ ਕੇ ਖੁਰਦ ਬੁਰਦ ਕਰ ਦਿੱਤਾ। ਗੁਰੂ ਸਾਹਿਬ ਦੀ ਇਸ ਦਿੱਬ-ਦ੍ਰਿਸ਼ਟੀ ਨੂੰ ਦਾਤ ਉਦੋਂ ਮਿਲੀ ਜਦੋਂ ਕਾਰਲ ਮਾਰਕਸ ਨੇ ਲਿਖਿਆ, "ਸੰਸਾਰ ਵਿਚ ਕੇਵਲ ਇਕੋ ਵਿਗਿਆਨ ਹੈ, ਮਨੁੱਖ ਤੇ ਉਸ ਦੇ ਚੁਗਿਰਦੇ ਦਾ ਵਿਗਿਆਨ।"

ਸਮਝਣ ਦੀ ਸੌਖ ਲਈ ਜਪੁਜੀ ਦੇ ਮੂਲਮੰਤਰ ਦਾ ਸਰਲ ਮੋਟਾ ਵਰਨਣ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ: "ਜਿਸ ਸੰਸਾਰ ਵਿਚ ਅਸੀਂ ਰਹਿੰਦੇ ਹਾਂ, ਉਸ ਦੀ ਕਿਸੇ ਢੰਗ ਨਾਲ ਤਾਂ ਸਿਰਜਣਾ ਹੋਈ ਹੀ ਹੈ; ਭਾਵ, ਇਸ ਦਾ ਕੋਈ ਸਿਰਜਣਹਾਰ ਜਾਂ ਕਰਤਾ ਤਾਂ ਹੈ ਹੀ ਪਰ ਉਸ ਕਰਤੇ ਬਾਰੇ ਕਿਸੇ ਨੂੰ ਵੀ ਕੋਈ ਪੁਖਤਾ ਜਾਣਕਾਰੀ ਨਹੀਂ ਹੈ। ਜੇ ਇਹ ਜਾਣਕਾਰੀ ਹੋਵੇ ਤਾਂ ਅਸੀਂ ਪ੍ਰਕ੍ਰਿਤੀ ਦੇ ਨਿਯਮ ਸਮਝ ਕੇ ਉਨ੍ਹਾਂ ਨੂੰ ਆਪਣੇ ਤੇ ਆਪਣੇ ਸਮਾਜ ਦੇ ਵਿਕਾਸ ਲਈ ਵਰਤ ਸਕਦੇ



ਹਾਂ। ਲੋਕਾਂ ਨੇ ਸਮੇਂ-ਸਮੇਂ 'ਤੇ ਸਿਰਜਨਹਾਰ ਬਾਰੇ ਜੋ ਕੁਝ ਦੱਸਿਆ ਹੈ, ਉਹ ਸਭ ਗਲਤ ਹੈ। ਉਨ੍ਹਾਂ ਇਸ ਸਬੰਧੀ ਸੱਚਾ ਗਿਆਨ ਦੇਣ ਦੀ ਥਾਂ ਸੱਚ ਦੁਆਲੇ ਕੂੜ (ਝੂਠ) ਦੀ ਦੀਵਾਰ ਉਸਾਰਨ ਦਾ ਕੰਮ ਕੀਤਾ ਹੈ। ਸੱਚ ਤੀਕਰ ਪਹੁੰਚਣ ਲਈ ਇਸ ਦੀਵਾਰ ਨੂੰ ਤੋੜਨਾ ਜ਼ਰੂਰੀ ਹੈ ਪਰ ਗੱਪਾਂ ਨਾਲ ਚਿਣੀ ਇਸ ਕੰਧ ਨੂੰ ਤੋੜਨ ਲਈ ਕੀ ਢੰਗ (ਕਿਵ ਕੂੜੈ ਤੁਟੈ ਪਾਲਿ) ਅਪਣਾਇਆ ਜਾਵੇ?ਜੇ ਇਸ ਨੂੰ ਉਨ੍ਹਾਂ ਹੀ ਢੰਗਾਂ ਨਾਲ ਤੋੜੀਏ ਜਿਨ੍ਹਾਂ ਨਾਲ ਇਹ ਹੋਂਦ ਵਿਚ ਆਈ ਹੈ ਤਾਂ ਕੋਈ ਸਫਲਤਾ ਨਹੀਂ ਮਿਲੇਗੀ। ਜਿਨ੍ਹਾਂ ਨੇ ਇਸ ਨੂੰ ਉਸਾਰਿਆ ਹੈ, ਉਨ੍ਹਾਂ ਨੇ ਇਸ ਨੂੰ ਧਿਆਨ-ਸਮਾਧੀਆਂ ਲਾ ਕੇ, ਚੁੱਪੀਆਂ ਸਾਧ ਕੇ, ਭੁੱਖ ਦੇ ਤਸੀਹੇ ਸਹਿ ਕੇ ਤੇ ਟੂਣੇ-ਮੰਤਰਾਂ ਜਿਹੀਆਂ ਸਿਆਣਪਾਂ ਦੇ ਰਾਹ ਪੈ ਕੇ ਉਸਾਰਿਆ ਹੈ। ਸੱਚ ਦੀ ਖੋਜ ਲਈ ਇਹ ਢੰਗ ਬੇਕਾਰ ਹਨ ਕਿਉਂਕਿ ਇਹ ਝੂਠ ਉਪਜਦੇ ਹਨ। ਸੱਚ ਪ੍ਰਾਪਤ ਕਰਨ ਲਈ ਉਹੀ ਢੰਗ ਕਾਰਆਮਦ ਹੈ ਜੋ ਯਥਾਰਥਕ ਤੇ ਨਪਿਆ ਤੁਲਿਆ ਹੋਵੇ, ਠੋਸ ਤੇ ਪ੍ਰਮਾਣੀਕ ਹੋਵੇ, ਬੌਧਿਕਤਾ ਦੀਆਂ ਦਲੀਲਾਂ 'ਤੇ ਟਿਕਿਆ ਹੋਵੇ ਤੇ ਖਰੇ ਸਿੱਟੇ ਕੱਢਦਾ ਹੋਵੇ ਅਤੇ ਜਿਸ ਰਾਹੀਂ ਪਰਖ ਪੜਚੋਲ ਇੰਨੀ ਅਚੂਕ ਢੰਗ ਨਾਲ ਕੀਤੀ ਜਾ ਸਕਦੀ ਹੋਵੇ ਕਿ ਪੱਕੀ ਕੱਚੀ ਗੱਲ ਦੀ ਪਛਾਣ ਹੋ ਸਕੇ। ਇਹ ਉਹੋ ਜਿਹਾ ਸਹੀ ਤੇ ਨਿਰਲੇਪ ਢੰਗ ਹੋਵੇ ਜਿਹੋ ਜਿਹਾ ਗਣਿਤਸ਼ਾਸਤਰੀ ਗਣਿਤੀ ਸਮਸਿਆਵਾਂ ਦੇ ਹੱਲ ਲੱਭਣ ਲਈ ਵਰਤਦੇ ਹਨ। ਇਸ ਵਿਚ ਅੰਕ ਗਣਿਤ ਜਿਹੀ ਗਿਣਤੀ ਦੀ ਸਵੱਛਤਾ ਹੋਵੇ, ਬੀਜਗਣਿਤ ਜਿਹੀ ਪ੍ਰਸਥਾਪਨ ਵਿਧੀ ਤੇ ਰੇਖਾਗਣਿਤ ਜਿਹੀ ਤਰਕਸੰਗਤ ਪ੍ਰਮਾਣਿਕਤਾ ਹੋਵੇ। ਸੰਖੇਪ ਤੇ ਸੰਕੇਤਕ ਭਾਸ਼ਾ ਵਿਚ ਕਹੀਏ ਤਾਂ ਇਹ ਵਿਗਿਆਨਿਕ ਭਾਵ 'ੴ' ਦਾ ਢੰਗ ਵਰਤਦਾ ਹੋਵੇ।ਸੱਚ ਲੱਭਣ ਦੀ ਪ੍ਰਕਿਰਿਆ ਦਾ ਅਗਲਾ ਪੜਾਅ ਇਹ ਹੈ ਕਿ ਸਤਿ ਦਾ ਸਹੀ ਜਾਂ ਅਸਲ ਨਾਮ ਪਤਾ ਕੀਤਾ ਜਾਵੇ।ਨਾਮ ਦੀ ਖੋਜ ਕਰਦਿਆਂ ਹੀ ਜਾਣਿਆ ਜਾ ਸਕੇਗਾ ਕਿ ਕਰਤੇ ਦੀ ਅਸਲੀਅਤ ਕੀ ਹੈ; ਭਾਵ, ਉਹ ਕੌਣ ਹੈ ਤੇ ਕਿਹੋ ਜਿਹਾ ਹੈ। ਅਜਿਹਾ ਕਰਨਾ ਇਸ ਲਈ ਜ਼ਰੂਰੀ ਹੈ ਕਿ ਕਿਸੇ ਚੀਜ਼ ਦਾ ਨਾਂ ਉਸ ਦੇ ਗੁਣਾਂ, ਭਾਵ ਵਿਸ਼ੇਸ਼ਤਾਈਆਂ ਅਨੁਸਾਰ ਹੁੰਦਾ ਹੈ। ਗੁਣਾਂ ਤੋਂ ਹਟ ਕੇ ਰੱਖਿਆ ਨਾਂ ਯਥਾਰਥਕ ਨਾ ਹੋ ਕੇ ਭੁਲੇਖਾ ਪਾਊ ਹੁੰਦਾ ਹੈ ਜਿਵੇਂ ਉਸ ਦੇ ਸਭ ਮੌਜੂਦਾ ਪ੍ਰਚਲਤ ਨਾਮ ਹਨ। ਇਹ ਉਸ ਦੇ ਪੱਕੇ ਨਾਮ ਨਹੀਂ ਹਨ ਸਗੋਂ ਵਿਦਵਾਨਾਂ ਦੀ ਕਲਪਨਾ 'ਤੇ ਆਧਾਰਿਤ ਹਨ, ਇਸ ਲਈ ਇਹ ਮਨਘੜਤ ਹਨ। ਸਤਿ ਨਾਮ ਸੱਚੇ ਗੁਣਾਂ ਅਨੁਸਾਰ ਹੋਵੇਗਾ, ਇਸ ਲਈ ਸਥਾਈ ਤੇ ਸਰਬ-ਵਿਆਪਕ ਹੋਵੇਗਾ। 'ੴ' ਦੇ ਸੂਤਰ ਅਨੁਸਾਰ ਕਰਤੇ ਦੇ ਜੋ ਗੁਣ ਪਤਾ ਲੱਗੇ ਹਨ, ਉਨ੍ਹਾਂ ਅਨੁਸਾਰ ਉਹ ਨਿਰਭਉ ਹੈ, ਨਿਰਵੈਰ ਹੈ, ਅਕਾਲ ਹੈ, ਮੂਰਤਿ-ਨੁਮਾ ਹੈ, ਕਾਲ ਤੋਂ ਬਾਹਰ ਭਾਵ ਜਨਮ-ਮਰਨ ਤੋਂ ਸੁਤੰਤਰ ਹੈ ਤੇ ਸਵੈ-ਹੋਂਦ ਵਾਲਾ ਹੈ। ਉਸ ਦੀਆਂ ਵਿਸ਼ੇਸ਼ਤਾਈਆਂ ਪ੍ਰਤੱਖ ਹਨ ਤੇ ਇਨ੍ਹਾਂ ਨੂੰ ਹਰ ਕੋਈ ਪਰਖ ਸਕਦਾ ਹੈ। ਅਜਿਹੇ ਹੋਰ ਗੁਣ ਤਾਲਾਸ਼ ਕੇ ਫਿਰ ਇਨ੍ਹਾਂ ਸਭਨਾਂ ਵਿਸੇਸ਼ ਗੁਣਾਂ ਵਾਲਾ ਕਰਤਾ ਲੱਭੋ।"

ਕਾਰਲ ਮਾਰਕਸ ਨੂੰ ਵਿਗਿਆਨਕ ਵਿਧੀ ਬਾਰੇ ਵਿਸ਼ੇਸ਼ ਲਿਖਣ ਦੀ ਲੋੜ ਨਹੀਂ ਪਈ ਕਿਉਂਕਿ ਉਸ ਦੇ ਵੇਲੇ ਤੀਕਰ ਵਿਗਿਆਨ ਦੀ ਉੱਨਤੀ ਕਾਰਨ ਇਹ ਪਹਿਲਾਂ ਹੀ ਸਥਾਪਤ ਹੋ ਚੁੱਕੀ ਸੀ। ਉਸ ਦੇ ਸਮਿਆਂ ਤੀਕਰ ਯੂਰਪ ਵਿਚ ਫਿਲਾਸਫੀ ਦੇ ਅਗਾਊਂ ਦਸਤੇ ਰੱਬ ਦੀ ਕਲਪਨਾ ਦੇ ਦੌਰ 'ਚੋਂ ਚਿਰੋਕਣੇ ਨਿਕਲ ਚੁੱਕੇ ਸਨ। ਗੈਲੀਲਿਓ ਨੇ ਵਿਗਿਆਨਿਕ ਵਿਧੀ 'ਤੇ ਪੁਸਤਕ ਲਿਖ ਦਿੱਤੀ ਸੀ। ਕਾਪਰਨੀਕਸ ਦੇ ਸਿਧਾਂਤਾਂ ਨੇ ਉਸ ਵੇਲੇ ਦੇ ਕੱਟੜ ਧਾਰਮਿਕ ਸੰਕਲਪਾਂ ਵਿਚ ਲੰਮੇ ਚੌੜੇ ਛੇਦ ਕਰ ਦਿੱਤੇ ਸਨ। ਕਾਪਰਨੀਕਸ ਦੇ ਮਾਡਲ ਤੋਂ ਬਾਅਦ ਥਾਮਸ ਹਾਬਸ ਨੇ ਹਿੱਕ ਠੋਕ ਕੇ ਆਖ ਦਿੱਤਾ ਸੀ ਕਿ ਇਸ ਸੰਸਾਰ ਵਿਚ ਪਦਾਰਥ ਹੀ ਪਦਾਰਥ ਹੈ ਤੇ ਇਸ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੈ। ਉਸ ਨੇ ਤਾਂ ਇੱਥੋਂ ਤੀਕਰ ਕਹਿ ਦਿਤਾ ਸੀ ਕਿ ਜਿਸ ਨੂੰ ਅਸੀਂ ਬੁੱਧੀ (Intelligence) ਕਹਿੰਦੇ ਹਾਂ ਉਹ ਮਨੁੱਖ ਦੇ ਦਿਮਾਗ਼ ਵਿਚ 'ਭੂਰੇ ਪਦਾਰਥ' ਦੇ ਕਣਾਂ ਦੀ ਘੁਮੇਰ ਦਾ ਨਤੀਜਾ ਹੈ। ਇਸ ਲਈ ਦਿਮਾਗ ਤੋਂ ਬਾਹਰ ਇਸ ਦੀ ਹੋਂਦ ਨਹੀਂ ਹੈ; ਭਾਵ, ਮਨੁੱਖੀ ਸੋਚ ਤੋਂ ਬਾਹਰ ਕੋਈ ਹੋਰ ਸੋਚ ਨਹੀਂ ਹੈ ਜੋ ਬ੍ਰਹਿਮੰਡ ਸਾਜਨਾ ਵਿਚ ਭਾਗ ਲੈ ਸਕੇ। ਉਹ ਪਹਿਲਾ ਚਿੰਤਕ ਸੀ ਜਿਸ ਨੇ ਗਤੀਸ਼ੀਲ ਪਦਾਰਥ ਦਾ ਸੰਕਲਪ ਦਿਤਾ ਜੋ ਕੁਝ ਸੋਧਾਂ ਨਾਲ ਹੁਣ ਤੀਕਰ ਸਹੀ ਮੰਨਿਆ ਜਾਂਦਾ ਹੈ ਪਰ ਉਸ ਦੇ ਇਹ ਵਿਚਾਰ ਤੁਰੰਤ ਸੁਣੇ ਨਾ ਗਏ। ਇਨ੍ਹਾਂ ਨੂੰ ਵਿਗਿਆਨ ਵਿਚ ਢਾਲਣ ਵਾਲਾ ਪਹਿਲਾ ਵਿਗਿਆਨੀ ਜੌਹਨ ਡਾਲਟਨ ਸੀ ਜਿਸ ਨੇ 19ਵੀਂ ਸਦੀ ਦੇ ਆਰੰਭ ਵਿਚ ਆਪਣਾ ਅਣੂ ਸਿਧਾਂਤ ਪੇਸ਼ ਕੀਤਾ। ਉਸ ਵਿਚ ਉਸ ਨੇ ਨਾ ਕੇਵਲ ਮਾਦੇ ਦੀ ਬਣਤਰ ਦੱਸੀ ਸਗੋਂ ਇਹ ਵੀ ਦੱਸਿਆ ਕਿ ਗਤੀਸ਼ੀਲ ਮਾਦਾ ਸੰਸਾਰ ਦੇ ਪਦਾਰਥਾਂ ਨੂੰ ਕਿਵੇਂ ਸਿਰਜਦਾ ਹੈ। ਉਸ ਨੇ ਤਾਂ ਜਿਵੇਂ ਸੰਸਾਰ ਦੀ ਉਤਪਤੀ ਦੇ ਦੈਵੀ ਸਿਧਾਂਤ ਦਾ ਪੱਤਾ ਹੀ ਸਾਫ ਕਰ ਦਿੱਤਾ। ਸੋ, 19ਵੀਂ ਸਦੀ ਵਿਚ ਤਾਂ ਮੁੱਖ ਅਧਿਆਤਮਵਾਦੀ ਚਿੰਤਕ ਹੀਗਲ ਹੀ ਸੀ ਜੋ ਬ੍ਰਹਿਮੰਡੀ ਚੇਤਨਾ ਨੂੰ ਸੰਸਾਰ ਦੀ ਉਤਪਤੀ ਦਾ ਕਾਰਨ ਦੱਸਦਾ ਸੀ। ਮਾਰਕਸ ਨੂੰ ਉਸ ਦਾ ਸਿਧਾਂਤ ਸੋਧਣ ਵਿਚ ਦੇਰ ਨਾ ਲੱਗੀ।

ਇਸ ਤਰ੍ਹਾਂ ਖੋਜ ਵਿਧੀ ਦੇ ਮਸਲੇ ਵਿਚ ਗੁਰੂ ਨਾਨਕ ਅਤੇ ਮਾਰਕਸ ਇਕੋ ਪੱਧਰ 'ਤੇ ਸਨ। ਦੋਹਾਂ ਨੇ ਆਪੋ-ਆਪਣੀ ਖੋਜ ਵਿਚ ਵਿਗਿਆਨਿਕ ਪਹੁੰਚ ਅਪਣਾ ਕੇ ਵਿਗਿਆਨਿਕ ਢੰਗ ਨੂੰ ਚੁਣਿਆ। ਜਿਸ ਰਾਹ ਨੂੰ ਗੁਰੂ ਨਾਨਕ ਨੇ 'ੴ' ਦੇ ਮਾਧਿਅਮ ਰਾਹੀਂ ਅਪਣਾਇਆ, ਉਹ ਕਾਰਲ ਮਾਰਕਸ ਲਈ ਪਹਿਲਾਂ ਹੀ ਵਿਗਿਆਨੀਆਂ ਨੇ ਸਥਾਪਤ ਕਰ ਰੱਖਿਆ ਸੀ। ਇਸ ਪੱਖੋਂ ਇਨ੍ਹਾਂ ਦੋਹਾਂ ਪ੍ਰਤਿਭਾਸ਼ਾਲੀ ਵਿਦਵਾਨਾਂ ਵਿਚੋਂ ਕਿਸੇ ਨੂੰ ਛੋਟਾ ਵੱਡਾ ਪਰਖਣ ਦੀ ਲੋੜ ਨਹੀਂ ਕਿਉਂਕਿ ਇਹ ਆਪਣੀ ਮਰਜ਼ੀ ਨਾਲ ਨਹੀਂ ਸਨ ਆਏ ਸਗੋਂ ਇਤਿਹਾਸ ਦੇ ਵੱਖ-ਵੱਖ ਪੜਾਵਾਂ ਦੀ ਉਪਜ ਹਨ। ਇਨ੍ਹਾਂ ਦੀ ਸੋਚ ਦੇ ਮਣਕੇ ਬੇਸ਼ਕ ਵੱਖ-ਵੱਖ ਰੰਗਾਂ ਦੇ ਹੋਣ ਪਰ ਪਰੋਏ ਹੋਏ ਉਹ ਇਕੋ ਸੱਚ ਦੇ ਧਾਗੇ ਵਿਚ ਸਨ। ਫਿਰ ਵੀ ਮੱਧ ਕਾਲ ਦੇ ਹਨੇਰੇ ਕਾਲ ਵਿਚ ਵਿਗਿਆਨਿਕ ਢੰਗ ਅਪਨਾਉਣ ਦੀ ਗੱਲ ਅੱਗੇ ਰੱਖਣਾ ਗੁਰੂ ਨਾਨਕ ਦੀ ਵੱਡੀ ਵਡਿਆਈ ਹੈ।

ਇਹੀ ਨਹੀਂ, ਇਸ ਵਡਿਆਈ ਦੇ ਨਾਲ-ਨਾਲ ਗੁਰੂ ਸਾਹਿਬ ਦੀ ਇਕ ਹੋਰ ਪਹਿਲ ਵੀ ਹੈ। ਉਨ੍ਹਾਂ ਲਿਖਿਆ ਹੈ ਕਿ ਮੂਲਮੰਤਰ ਵਿਚ ਲਿਖੇ ਕਰਤੇ ਦੇ ਸਾਰੇ ਗੁਣ 'ੴ' ਦੇ ਗੁਰ, ਭਾਵ ਗਣਿਤੀ ਵਿਧੀ ਅਨੁਸਾਰ ਜਾਣੇ ਗਏ ਹਨ। ਇਸ ਲਈ ਇਹ ਗੁਣ ਅਧਿਆਤਮਿਕ ਨਹੀਂ, ਯਥਾਰਥਕ (Realistic) ਤੇ ਪ੍ਰੱਤਖ (Objective) ਹਨ।

(ਬਾਕੀ ਸਫਾ 28 'ਤੇ)

# ਨਵੇਂ ਉਭਰਦੇ ਲੇਖਕਾਂ ਲਈ ਪ੍ਰੇਰਨਾ ਦਾ ਸੋਮਾ ਜਸਵੰਤ ਸਿੰਘ ਕੰਵਲ

ਉਹਦੀ ਝੋਲੀ ਪਏ।

1966-67 ਵਿਚ ਮੈਂ ਦਮਦਮਾ ਸਾਹਿਬ ਦੇ ਗੁਰੂ ਕਾਸ਼ੀ ਕਾਲਜ ਵਿਚ ਲੈਕਚਰਰ ਸੀ। ਹੁਣ ਤਾਂ ਸੜਕਾਂ ਅਤੇ ਆਵਾਜਾਈ ਦੇ ਸਾਧਨਾਂ ਨੇ ਕੰਮ ਸੌਖਾ ਕਰ ਦਿੱਤਾ, ਉਸ ਸਮੇਂ ਵਿਸਾਖੀ ਦਾ ਮੇਲਾ ਦੇਖਣ ਆਏ ਲੋਕ ਰਿਸ਼ਤੇਦਾਰੀਆਂ ਤੇ ਦੋਸਤਾਂ-ਮਿੱਤਰਾਂ ਕੋਲ ਠਹਿਰਦੇ। ਜਿਨ੍ਹਾਂ ਦਾ ਅਜਿਹਾ ਟਿਕਾਣਾ ਨਾ ਹੁੰਦਾ, ਉਹ ਗੁਰਦੁਆਰਿਆਂ ਨੇੜਲੀਆਂ ਖੁੱਲ੍ਹੀਆਂ ਥਾਂਵਾਂ ਵਿਚ ਜਾਂ ਸਰੋਵਰ ਦੀ ਪ੍ਰਕਰਮਾ ਕੋਲ ਡੇਰੇ ਲਾ ਲੈਂਦੇ।

ਬਲਰਾਜ ਸਾਹਨੀ ਉਹਨੀਂ ਦਿਨੀਂ ਕੰਵਲ ਕੋਲ ਆਇਆ ਹੋਇਆ ਸੀ। ਪੰਜਾਬ ਦਾ ਸਭਿਆਚਾਰਕ ਪੱਖ ਦੇਖਣ ਦੀ ਉਹਨੂੰ ਬੇਹੱਦ ਚਾਹਨਾ ਸੀ। ਕੰਵਲ ਉਹਨੂੰ ਲੈ ਕੇ ਮੇਰੇ ਕਾਲਜੀ ਨਿਵਾਸ ਵਿਚ ਆ ਗਿਆ। ਉਹਨਾਂ ਦੋਵਾਂ ਦੇ ਆਉਣ ਨਾਲ ਸਾਡੇ ਲਈ ਮੇਲਾ ਦੁਗੁਣੀ ਰੌਣਕ ਵਾਲਾ ਬਣ ਗਿਆ। ਬਲਰਾਜ ਨੇ ਫ਼ਿਲਮਾਂ ਦੇ ਕਿੱਸੇ ਵੀ ਸੁਣਾਏ ਅਤੇ ਕੁਝ ਬੜੇ ਦਿਲਚਸਪ ਲਤੀਫ਼ੇ ਵੀ। ਉਹਨੇ ਕਲੀਆਂ ਵਾਲੇ ਕੁੜਤੇ ਨਾਲ ਚਾਦਰਾ ਬੰਨ੍ਹਿਆ ਹੋਇਆ ਸੀ। ਤੁਰਲੇ ਤੇ ਟੌਹਰੇ ਵਾਲੀ ਪੱਗ ਨਾਲ ਉਹ ਪੂਰਾ ਪਹਿਲਵਾਨ ਲਗਦਾ ਸੀ। ਇਉਂ ਇਹ ਡਰ ਨਹੀਂ ਸੀ ਕਿ ਲੋਕ ਉਹਨੂੰ ਪਛਾਣ ਕੇ ਘੇਰ ਲੈਣਗੇ ਤੇ ਉਹਨੂੰ ਪਛਾਣਿਆ ਵੀ ਕਿਸੇ ਨੇ ਨਾ। ਉਹ ਭਾਈ ਡੱਲੇ ਦੇ ਪਰਿਵਾਰ ਕੋਲ ਪਈਆਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਿਸ਼ਾਨੀਆਂ ਦੇ ਦਰਸ਼ਨਾਂ ਦਾ ਚਾਹਵਾਨ ਸੀ।

ਅਸੀਂ ਬੂਹਾ ਖੜਕਾ ਕੇ ਬੇਨਤੀ ਕੀਤੀ ਤੇ ਉਸ ਬਾਰੇ ਜਾਣਕਾਰੀ ਦਿੱਤੀ। ਉੱਤਰ ਮਿਲਿਆ, ਅਸੀਂ ਸਵੇਰੇ ਦਰਸ਼ਨ ਕਰਵਾ ਚੁੱਕੇ ਹਾਂ, ਹੁਣ ਨਹੀਂ ਹੋ ਸਕਦੇ। ਬਲਰਾਜ ਦੇ ਵੱਡਾ ਬੰਦਾ ਹੋਣ ਬਾਰੇ, ਫ਼ਿਲਮਾਂ ਬਾਰੇ ਤੇ ਗੁਰੂ ਜੀ ਦਾ ਸ਼ਰਧਾਲੂ ਹੋਣ ਸਦਕਾ ਬੰਬਈ ਤੋਂ ਇਥੇ ਆਇਆ ਹੋਣ ਬਾਰੇ ਜ਼ੋਰ ਦਿੱਤਾ, ਪਰ ਉਹਨਾਂ ਨੇ ਇਕੋ ਨੰਨਾ ਫੜੀ ਰੱਖਿਆ। ਵਾਪਸ ਮੁੜਦਿਆਂ ਉਸ ਦੇ ਚਿਹਰੇ ਦੀ ਨਿਰਾਸਤਾ ਅੱਜ ਵੀ ਮੇਰੇ ਅੱਖਾਂ ਸਾਹਮਣੇ ਆ ਜਾਂਦੀ ਹੈ। ਗੁਰਦੁਆਰੇ ਦੇਖਣ ਅਤੇ ਮੇਲੇ ਵਿਚ ਘੁੰਮਣ-ਫਿਰਨ ਮਗਰੋਂ ਪਿਛਲੇ ਪਹਿਰ ਇਕ ਪਾਸੇ ਢੱਡ-ਸਾਰੰਗੀ ਵਾਲੇ ਗਮੰਤਰੀਆਂ ਦਾ ਅਖਾੜਾ ਨਜ਼ਰ ਪਿਆ ਤਾਂ ਬਲਰਾਜ ਬੋਲਿਆ, ਚਲੋ, ਅਹੁ ਸੁਣਦੇ ਹਾਂ।

ਵੱਡੇ ਗੋਲ ਚੱਕਰ ਵਿਚ ਬੈਠੇ ਸਰੋਤਿਆਂ ਕੋਲ ਪੁੱਜ ਕੇ ਉਹ ਕਹਿੰਦਾ, ਅੱਗੇ ਲੰਘ ਚੱਲੀਏ। ਕੰਵਲ ਨੇ ਕਿਹਾ, "ਐਥੇ ਬਾਹਰ ਹੀ ਖੜ੍ਹਦੇ-ਬੈਠਦੇ ਹਾਂ, ਕੀ ਲੈਣਾ ਹੈ ਅੱਗੇ ਜਾ ਕੇ। ਜਦੋਂ ਜੀਅ ਕੀਤਾ, ਬਾਹਰੋਂ ਹੀ ਤੁਰ ਚੱਲਾਂਗੇ।"

ਬਲਰਾਜ ਪਰ ਕੰਵਲ ਦੀ ਗੱਲ ਅਣਸੁਣੀ ਕਰ ਕੇ ਗਮੰਤਰੀਆਂ ਨੂੰ ਚੰਗੀ ਤਰ੍ਹਾਂ ਸੁਣਨ ਲਈ, ਬੈਠੇ ਹੋਏ ਲੋਕਾਂ ਦੇ ਮੋਢੇ ਫੜ-ਫੜ ਰਾਹ ਬਣਾਉਂਦਾ, ਮੂਹਰੇ ਜਾ ਬੈਠਾ। ਅਸੀਂ ਉਹਨੂੰ ਇਕੱਲਾ ਕਿਵੇਂ ਛਡਦੇ, ਨਾਲ ਹੀ ਅਸੀਂ ਜਾ ਬੈਠੇ। ਕੁਝ ਹੀ ਮਿੰਟ ਬੀਤੇ ਸਨ ਕਿ ਅਖਾੜੇ ਦੇ ਇਕ ਪਾਸਿਉਂ ਪਹਿਲਾਂ ਕੁਝ ਰੌਲਾ ਪਿਆ ਤੇ ਫੇਰ ਡਾਂਗਾਂ ਉੱਤੇ ਡਾਂਗਾਂ ਵੱਜਣ ਲੱਗੀਆਂ। ਭੀੜ ਵਿਚ ਹਿਲਜੁਲ ਹੋ ਗਈ। ਬਲਰਾਜ ਤੇ ਉਹਦੇ ਮਗਰੇ-ਮਗਰ ਅਸੀਂ ਲੰਮੀਏ ਪੁਲਾਂਘੀਂ ਲੋਕਾਂ ਵਿਚੋਂ ਦੀ ਬਾਹਰ ਨਿੱਕਲ ਆਏ। ਉਹ ਘਬਰਾਇਆ ਜਿਹਾ ਬੋਲਿਆ, "ਅਚਾਨਕ ਇਹ ਕੀ ਹੋ ਗਿਆ?"

ਕੰਵਲ ਹੱਸਿਆ, "ਇਥੇ ਸਭ ਕੁਛ ਇਉਂ ਅਚਾਨਕ ਹੀ ਹੁੰਦਾ ਐ। ਕਿਹਾ ਸੀ, ਪਿੱਛੇ ਰਹਿੰਦੇ ਹਾਂ। ਹੋਰ ਹੋ ਅਗਾਂਹ।"

ਬਲਰਾਜ ਨੂੰ ਕੋਈ ਉੱਤਰ ਨਾ ਸੁੱਝਿਆ।

ਅਸੀਂ ਸਾਰੇ ਮੇਲੇ ਦੀਆਂ ਹੋਰ ਰੌਣਕਾਂ ਦੇਖਣ ਤੁਰ ਪਏ।

ਕੰਵਲ ਦੋ ਵਾਰ ਪਿੰਡ ਦਾ ਸਰਪੰਚ ਬਣਿਆ। ਉਹਨੇ ਪਿੰਡ ਦੇ ਭਲੇ ਦੇ ਕਈ ਕੰਮ ਕੀਤੇ। ਢੁੱਡੀਕੇ ਲਾਲਾ ਲਾਜਪਤ ਰਾਏ ਦੇ ਨਾਨਕੇ ਸਨ ਤੇ ਰਿਵਾਜ ਅਨੁਸਾਰ ਉਹ ਨਾਨਕੀਂ ਹੀ ਜਨਮਿਆ ਸੀ। ਸਰਪੰਚ ਕੰਵਲ ਨੂੰ ਵਧੀਆ ਫੁਰਨਾ ਫੁਰਿਆ, ਕਿਉਂ ਨਾ ਇਸ ਗੱਲ ਦਾ ਲਾਹਾ ਲਿਆ ਜਾਵੇ! ਉਹਦੀ ਇਹ ਜੁਗਤ ਏਨੀ ਕਾਮਯਾਬ ਰਹੀ ਕਿ ਰਾਸ਼ਟਰਪਤੀ ਰਾਜਿੰਦਰ ਪ੍ਰਸਾਦਿ, ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ, ਚੰਦਰ ਸ਼ੇਖਰ ਤੇ ਇੰਦਰ ਕੁਮਾਰ ਗੁਜਰਾਲ ਸਮੇਂ-ਸਮੇਂ ਢੁੱਡੀਕੇ ਦੀ ਮਿੱਟੀ ਨੂੰ ਸਲਾਮ ਕਰਨ ਆਏ ਤੇ ਕੁਛ ਨਾ ਕੁਛ ਹੱਥ ਝਾੜ ਕੇ ਗਏ। ਪੰਜਾਬ ਦੇ ਗਵਰਨਰਾਂ, ਮੁੱਖ ਮੰਤਰੀਆਂ, ਮੰਤਰੀਆਂ ਦਾ ਤਾਂ ਗਿਣਨਾ ਹੀ ਕੀ ਹੋਇਆ। ਇਸ ਸਾਰੀ ਖੇਡ ਵਿਚੋਂ ਪਿੰਡ ਦੇ ਪੱਲੇ ਬਹੁਤ ਕੁਝ ਪਿਆ।

ਉਹ ਔਖਾ-ਸੌਖਾ ਨੌਵੀਂ ਤਾਂ ਕਰ ਗਿਆ ਸੀ ਪਰ ਦਸਵੀਂ ਵਿਚ ਅਲਜਬਰੇ ਦੇ ਜਬਰ ਅੱਗੇ ਹਥਿਆਰ ਸਿੱਟ ਬੈਠਾ। ਸ਼ਾਇਦ ਇਹੋ ਕਸਰ ਪੂਰੀ ਕਰਨ ਲਈ ਉਹਨੇ ਸਾਰੀਆਂ ਕੁੜੀਆਂ ਨੂੰ ਐਮ. ਐਸ-ਸੀ. ਕਰਵਾਈ! ਸਾਹਿਤ-ਮਾਰਗ ਉੱਤੇ ਤੁਰਨ ਪਿੱਛੋਂ ਸਕੂਲ ਦੇ ਇਹਨਾਂ ਨੌਂ ਸਾਲਾਂ ਵਿਚ ਸਿੱਖੀ ਸ਼ਬਦ ਉਠਾਲਣ ਦੀ ਜਾਚ ਨੂੰ ਆਪੇ ਵਿਕਸਤ ਕਰ ਕੇ ਉਹਨੇ ਚੰਗਾ ਸਾਹਿਤ ਲੱਭ-ਲੱਭ ਪੜ੍ਹਿਆ। ਆਖ਼ਰ ਪਿੰਡ ਤੇ ਇਲਾਕੇ ਦੇ ਲੋਕ ਉਹਨੂੰ ਗਿਆਨੀ ਜੀ ਆਖਣ ਲੱਗ ਪਏ! ਇਸ ਲੋਕ-ਭਾਖਿਆ ਉੱਤੇ ਮੋਹਰ ਲਾਉਂਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਹਨੂੰ ਡੀ. ਲਿਟ. ਬਣਾ ਦਿੱਤਾ।

ਕੰਵਲ ਦੀ ਕਲਮ ਵਿਚ ਬੜੀ ਬਰਕਤ ਸੀ। ਉਹਨੇ ਕਹਾਣੀਆਂ-ਨਾਵਲ ਤਾਂ ਲਿਖੇ ਹੀ, ਕਵਿਤਾ ਵੀ ਲਿਖੀ, ਕਲਮੀ ਚਿੱਤਰ ਵੀ ਲਿਖੇ ਤੇ ਸਮਾਜਕ-ਰਾਜਨੀਤਕ ਲੇਖ ਵੀ ਲਿਖੇ। ਮੈਨੂੰ ਲਗਦਾ ਹੈ, ਉਹਦੀਆਂ ਸਾਰੀਆਂ ਪੁਸਤਕਾਂ ਦੀ ਗਿਣਤੀ ਜ਼ਰੂਰ ਉਹਦੀ ਉਮਰ ਜਿੰਨੀ ਹੋਵੇਗੀ। ਤੇ ਉਹਦੀਆਂ ਲਿਖਤਾਂ ਨੇ, ਉਹਦੇ ਨਾਂ ਨੂੰ ਸੱਚਾ ਸਿੱਧ ਕਰਦਿਆਂ, ਉਹਨੂੰ ਭਰਪੂਰ ਜਸ ਦੁਆ ਕੇ ਪੰਜਾਬੀ ਦਾ ਪਾਠਕ-ਪਿਆਰਾ ਜਸ-ਵੰਤ ਬਣਾ ਦਿੱਤਾ। ਉਹ ਧੜਾਧੜ ਲਿਖਦਾ ਰਿਹਾ, ਪਾਠਕ ਤੇਹ ਨਾਲ ਪੜ੍ਹਦੇ ਰਹੇ ਤੇ ਪੰਜਾਬੀ ਸਾਹਿਤ ਦੀ ਰੀਤ ਦੇ ਉਲਟ ਪ੍ਰਕਾਸ਼ਕ ਉਹਦੇ ਮਗਰ-ਮਗਰ ਖਰੜੇ ਮੰਗਦੇ ਫਿਰਦੇ ਰਹੇ। ਪ੍ਰਕਾਸ਼ਕ ਤਰਲੇ ਕਰਦੇ, ਜੇ ਨਵੀਂ ਪੁਸਤਕ ਨਹੀਂ ਦੇਣੀ, ਕਿਸੇ ਪੁਰਾਣੀ ਨੂੰ ਛਾਪਣ ਦੀ ਹੀ ਆਗਿਆ ਦੇ ਦਿਉ! ਉਹਦੀ ਇਕ-ਇਕ ਪੁਸਤਕ ਉਹਦੀ ਆਗਿਆ ਨਾਲ ਤੇ ਇਕ ਦੂਜੇ ਬਾਰੇ ਜਾਣਕਾਰੀ ਹੁੰਦਿਆਂ ਤਿੰਨ-ਤਿੰਨ ਪ੍ਰਕਾਸ਼ਕ ਇਕੋ ਸਮੇਂ ਛਾਪਦੇ ਰਹੇ। ਮੈਂ ਇਕ ਅਜਿਹੇ ਪ੍ਰਕਾਸ਼ਕ ਨਾਲ ਗੱਲ ਕੀਤੀ ਤਾਂ ਉਹ ਕਹਿੰਦਾ, "ਕੋਈ ਫ਼ਰਕ ਨਹੀਂ ਪੈਂਦਾ, ਪੁਸਤਕ ਤਿੰਨਾਂ ਕੋਲੋਂ ਹੀ ਵਿਕੀ ਜਾਂਦੀ ਹੈ।" ਇਸੇ ਕਰਕੇ ਉਹਦਾ ਕੋਈ ਇਕ ਪ੍ਰਕਾਸ਼ਕ ਨਹੀਂ ਸੀ, ਜਿਹੜਾ ਵੱਧ ਰਾਇਲਟੀ ਦਿੰਦਾ ਹੈ, ਛਾਪ ਲਵੇ!

ਉਹ ਪੰਜਾਬੀ ਦਾ ਪਹਿਲਾ ਲੇਖਕ ਸੀ ਜਿਸ ਨੇ ਕਈ ਦਹਾਕੇ ਪਹਿਲਾਂ ਪੁਸਤਕਾਂ ਦੀ ਰਾਇਲਟੀ ਦਾ ਇਨਕਮ ਟੈਕਸ ਦੇਣਾ ਸ਼ੁਰੂ ਕੀਤਾ ਸੀ। ਸ਼ਾਇਦ ਉਹ ਅਜਿਹਾ ਇਕੋ-ਇਕ ਲੇਖਕ ਹੀ ਰਿਹਾ ਹੋਵੇ। ਜਾਂ ਸ਼ਾਇਦ ਦੂਜੀ ਅੰਮ੍ਰਿਤਾ ਪ੍ਰੀਤਮ ਭਾਵੇਂ ਹੋਵੇ। ਉਹ ਮਗਰੋਂ ਝਗੜਦੇ ਫਿਰਨ ਨਾਲੋਂ ਰਾਇਲਟੀ ਪਹਿਲਾਂ ਹੀ ਰਖਵਾ ਲੈਣੀ ਠੀਕ ਸਮਝਦਾ ਸੀ। ਜਦੋਂ ਉਹਨੇ ਸਵੈਜੀਵਨੀ ਦੇ ਨਾਂ ਹੇਠ ਛਪੀ ਆਪਣੀ ਤੇ ਡਾ. ਜਸਵੰਤ ਗਿੱਲ ਦੀ ਕਥਾ 'ਪੁੰਨਿਆ ਦਾ ਚਾਨਣ' ਲਿਖੀ, ਇਕ ਪ੍ਰਕਾਸ਼ਕ ਨੇ ਸੱਠ ਹਜ਼ਾਰ ਗਿਣ ਕੇ ਕੰਵਲ ਦੇ ਮੇਜ਼ ਉੱਤੇ ਰੱਖਿਆ ਤੇ ਖਰੜਾ ਚੁੱਕ ਲਿਆ। ਰਾਇਲਟੀ ਦੇ ਪਰਤਾਪ ਨਾਲ ਹੀ ਉਹਨੇ ਦੁਨੀਆ ਗਾਹ ਮਾਰੀ। ਇਕ-ਇਕ ਦੇਸ ਵਿਚ ਕਿੰਨੇ-ਕਿੰਨੇ ਵਾਰ ਗਿਆ। ਟਿਕਟ ਰਾਇਲਟੀ ਵਿਚੋਂ ਤੇ ਪਰਦੇਸਾਂ ਵਿਚ ਉਹਦੀ ਮਹਿਮਾਨਨਿਵਾਜ਼ੀ ਕਰਨ ਨੂੰ ਤਰਸਦੇ ਪਾਠਕਾਂ ਦੀ ਤਾਂ ਗਿਣਤੀ ਹੀ ਕੋਈ ਨਹੀਂ ਸੀ।

ਮੈਂ ਦਿੱਲੀ ਆਇਆ ਤਾਂ ਕੰਵਲ ਦਾ ਪਹਿਲਾਂ ਹੀ ਦਿੱਲੀ ਆਉਣਾ-ਜਾਣਾ ਆਮ ਸੀ। ਉਹਦੀਆਂ ਪੁਸਤਕਾਂ ਵੀ ਨਵਯੁਗ ਤੋਂ ਛਪਦੀਆਂ ਤੇ ਓਦੋਂ ਸਾਹਿਤਕ ਇਕੱਠ ਵੀ ਵੱਡੇ-ਵੱਡੇ ਹੁੰਦੇ। ਉਹ ਆਪਣੇ ਦੋਸਤ ਚੰਨਣ ਸਿੰਘ ਕੋਲ ਠਹਿਰਦਾ ਜਿਸ ਨੂੰ ਸਭ ਚੰਨੀ ਹੀ ਕਹਿੰਦੇ ਸਨ। ਇਕ ਵਾਰ ਮੈਂ ਚੰਨੀ ਦੇ ਘਰ ਉਹਨੂੰ ਮਿਲਣ ਗਿਆ ਤਾਂ ਉਹਦੇ ਨਾਲ ਵੀ ਅਜਿਹਾ ਤਾਲਮੇਲ ਬੈਠਾ ਕਿ ਅੱਜ ਤੱਕ ਸਾਡੇ ਦੋਵੇਂ ਪਰਿਵਾਰ ਸਕੇ ਭਰਾਵਾਂ ਦੇ ਪਰਿਵਾਰਾਂ ਵਾਂਗ ਵਰਤਦੇ ਹਨ। ਇਹੋ ਨੇੜਤਾ ਕੰਵਲ ਨਾਲ ਹੋ ਗਈ। ਕੰਵਲ ਦੇ ਬੱਚੇ ਚੰਨੀ ਨੂੰ 'ਚਾਚਾ ਜੀ' ਆਖਦੇ। ਛੇਤੀ ਹੀ ਮੈਂ ਵੀ ਉਹਦੇ ਬੱਚਿਆਂ ਤੇ ਤਿੰਨਾਂ ਜੁਆਈਆਂ ਦਾ 'ਚਾਚਾ ਜੀ' ਬਣ ਗਿਆ। ਹੁਣ ਸੁਮੇਲ ਵੀ ਪਿਉ ਦੀ ਰੀਸ ਨਾਲ ਮੈਨੂੰ 'ਚਾਚਾ ਜੀ' ਹੀ ਆਖਦਾ ਹੈ।

ਸਤਾਰਾਂ ਸਾਲ ਦੀ ਕੱਚੀ ਉਮਰ ਵਿਚ ਮਲਾਇਆ ਜਾ ਕੇ ਤਿੰਨ ਸਾਲ ਜਾਗੇ ਦੀ ਨੌਕਰੀ ਕਰਨ ਮਗਰੋਂ ਦੇਸ ਮੁੜਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਕਰ ਲਈ। ਅਕਾਲੀ ਰਾਜਨੀਤੀ ਦਾ ਪ੍ਰਭਾਵ ਕਬੂਲਣਾ ਸੁਭਾਵਿਕ ਸੀ ਪਰ ਇਹ ਇਕ-ਧਰਮੀ ਮਾਹੌਲ ਉਹਨੂੰ ਵਾਰਾ ਨਾ ਖਾਧਾ ਤੇ ਉਹ ਲੰਮੀ ਛਾਲ ਮਾਰ ਕੇ ਕਮਿਊਨਿਸਟਾਂ ਨਾਲ ਜਾ ਖਲੋਤਾ। ਉਹਨਾਂ ਵਿਚ ਫੁੱਟ ਪਈ ਤਾਂ ਉਹਨੇ ਵਧੇਰੇ ਇਨਕਲਾਬੀ ਜਾਣ ਕੇ ਖੱਬਿਆਂ ਦੀ ਚੋਣ ਕੀਤੀ। ਜਦੋਂ ਖੱਬਿਆਂ ਵਿਚੋਂ ਨਿੱਕਲ ਕੇ ਨਕਸਲੀਏ ਪਿੜ ਵਿਚ ਆਏ, ਇਨਕਲਾਬ ਦੀ ਉਹਦੀ ਆਸ ਉਹਨਾਂ ਨਾਲ ਜੁੜ ਗਈ। ਇਨਕਲਾਬ ਰਾਜਨੀਤਕ ਕਾਰਜ-ਸੂਚੀ ਵਿਚੋਂ ਨਿੱਕਲ ਹੀ ਗਿਆ, ਤਾਂ ਉਹਨੂੰ ਇਸ ਦੌਰਾਨ ਰਸਾਤਲ ਵੱਲ ਤਿਲ੍ਹਕਦੇ ਗਏ ਪੰਜਾਬ ਦੀ ਚਿੰਤਾ ਨੇ ਘੇਰ ਲਿਆ। ਜਦੋਂ ਖਾੜਕੂ ਰਣਜੀਤ ਸਿੰਘ ਵਾਲ਼ਾ ਰਾਜ ਲਿਆਉਣ ਲੱਗੇ, ਉਹਨੇ ਆਪਣੀ ਉਮੀਦ ਉਹਨਾਂ ਉੱਤੇ ਲਾ ਲਈ।

ਸੁਭਾਵਿਕ ਸੀ ਕਿ ਉਹ ਸਮੇਂ-ਸਮੇਂ ਜਿਸ ਲਹਿਰ ਨਾਲ ਜੁੜਦਾ ਰਿਹਾ, ਕਲਮ ਨੂੰ ਉਸੇ ਦੇ ਰੰਗ ਦੀ ਸਿਆਹੀ ਵਿਚ ਡੋਬ ਕੇ ਰਚਨਾ ਕਰਦਾ ਰਿਹਾ। ਅਸਲ ਵਿਚ ਢੁੱਡੀਕੇ ਪਹਿਲਾਂ ਤੋਂ ਹੀ ਸਿਆਸੀ ਪੱਖੋਂ ਜਾਗਰਿਤ ਪਿੰਡ ਹੈ। ਆਜ਼ਾਦੀ ਦੀ ਲੜਾਈ, ਗ਼ਦਰ ਪਾਰਟੀ, ਅਕਾਲੀ ਲਹਿਰ ਤੇ ਕਮਿਊਨਿਸਟ ਪਰਟੀ ਨੂੰ ਇਸ ਪਿੰਡ ਦੀ ਦੇਣ ਬਹੁਤ ਵੱਡੀ ਰਹੀ। ਪਿਛਲੇ ਸਮੇਂ ਵਿਚ ਨਕਸਲੀਆ ਤੇ ਖਾੜਕੂਆਂ ਵਿਚ ਵੀ ਪਿੰਡ ਨੇ ਆਪਣਾ ਬਣਦਾ-ਸਰਦਾ ਸੀਰ ਪਾਇਆ। ਕੰਵਲ ਦਾ ਸਾਹਿਤ ਦੇ ਨਾਲ-ਨਾਲ ਸਿਆਸੀ ਪੱਖੋਂ ਸਰਗਰਮ ਰਹਿਣਾ ਕੁਦਰਤੀ ਸੀ। ਮੁੱਖ ਗੱਲ ਇਹ ਹੈ ਕਿ ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਵਫ਼ਾਦਾਰੀ ਤੋਂ ਕਦੀ ਸੂਤ-ਭਰ ਵੀ ਲਾਂਭੇ ਨਹੀਂ ਸੀ ਹੋਇਆ। ਪੁਰਾਣੇ ਲੋਕਾਂ ਨੂੰ ਅੱਜ ਵੀ ਚੇਤਾ ਹੋਵੇਗਾ, ਜਦੋਂ ਪੰਜਾਬੀ ਸੂਬੇ ਲਈ ਮੁਹਿੰਮ ਚੱਲ ਰਹੀ ਸੀ, ਇਹ ਮਸਲਾ ਵਿਚਾਰਨ ਲਈ ਲੇਖਕਾਂ ਤੇ ਬੁੱਧੀਮਾਨਾਂ ਦੀ ਸਭ ਤੋਂ ਵੱਡੀ ਕਾਨਫ਼ਰੰਸ ਉਹਨੇ ਹੀ ਆਪਣੇ ਪਿੰਡ ਕਰਵਾਈ ਸੀ।

ਇਸ ਸੂਰਤ ਵਿਚ ਅਜਿਹੀ ਚਰਚਾ ਛਿੜਦੀ ਰਹਿਣੀ ਵੀ ਕੁਦਰਤੀ ਸੀ ਕਿ ਉਹਦੀ ਕੋਈ ਵਿਚਾਰਧਾਰਾ ਨਹੀਂ, ਜਿਧਰ ਨੂੰ ਹਵਾ ਵਗਦੀ ਹੈ, ਉਧਰੇ ਤੁਰ ਪੈਂਦਾ ਹੈ! ਅਜਿਹੀਆਂ ਗੱਲਾਂ ਸਿਰਫ਼ ਉਹ ਕਰਦੇ ਸਨ ਜਿਨ੍ਹਾਂ ਦਾ ਉਹਦੀਆਂ ਲਿਖਤਾਂ ਨਾਲ ਤਾਂ ਘੱਟ-ਵੱਧ ਵਾਹ ਹੈ ਸੀ ਪਰ ਉਹ ਮਨੁੱਖ ਵਜੋਂ ਕੰਵਲ ਨੂੰ ਨਹੀਂ ਸਨ ਜਾਣਦੇ। ਮੈਂ ਛੇ ਦਹਾਕੇ ਲੰਮੇ ਵਾਹ ਦੇ ਬਲ ਨਾਲ ਕਹਿ ਸਕਦਾ ਹਾਂ ਕਿ ਵਿਚਾਰਧਾਰਾਵਾਂ ਬਦਲਣ ਬਾਰੇ ਇਹ 'ਦਿਸਦੀ ਅਸਲੀਅਤ' ਤਾਂ ਹੋ ਸਕਦੀ ਹੈ, 'ਅਸਲ ਅਸਲੀਅਤ' ਨਹੀਂ। ਇਕ ਸੱਚ ਤਾਂ ਇਹ ਹੈ ਕਿ ਸਾਰਾ ਜੀਵਨ ਉਹਦੀ ਇਕੋ-ਇਕ ਵਿਚਾਰਧਾਰਾ ਮਨੁੱਖ-ਹਿਤ ਤੇ ਫੇਰ ਪੰਜਾਬ-ਹਿਤ ਰਹੀ ਅਤੇ ਦੂਜਾ ਸੱਚ ਇਹ ਹੈ ਕਿ ਉਹ ਸਿਰੇ ਦਾ ਜਜ਼ਬਾਤੀ ਸੀ। ਏਨਾ ਜਜ਼ਬਾਤੀ ਜਿੰਨੇ ਬਹੁਤ ਘੱਟ ਲੋਕ ਹੁੰਦੇ ਹਨ। ਇਸ ਨਿੱਘਰੇ ਹੋਏ ਸਮਾਜਕ-ਰਾਜਨੀਤਕ ਮਾਹੌਲ ਵਿਚ ਉਹਨੂੰ ਜਿਥੇ ਵੀ ਆਪਣੀ ਸੋਚ ਦੀ ਸਾਕਾਰਤਾ ਦੀ ਸੰਭਾਵਨਾ ਦਾ ਮਿਰਗ-ਜਲ ਦਿੱਸਿਆ, ਉਹ ਉਧਰੇ ਹੀ ਤੁਰ ਪਿਆ।

ਉਹਦੀਆਂ ਕਿਤਾਬਾਂ ਦੇ ਨਾਂ ਵੀ 'ਪੂਰਨਮਾਸ਼ੀ' ਜਿਹੇ ਚਾਨਣੇ ਸ਼ਬਦ ਤੋਂ ਤੁਰ ਕੇ ਬਦਲਦੇ-ਬਦਲਦੇ ਦੂਜਾ ਜਫ਼ਰਨਾਮਾ, ਸਿੱਖ ਜਦੋਜਹਿਦ, ਆਪਣਾ ਕੌਮੀ ਘਰ, ਪੰਜਾਬ ਤੇਰਾ ਕੀ ਬਣੂ, ਰੁੜ੍ਹ ਚਲਿਆ ਪੰਜਾਬ, ਪੰਜਾਬੀਓ! ਜੀਣਾ ਐ ਕਿ ਮਰਨਾ ਜਿਹੇ ਹੋ ਗਏ। ਪਰ ਮਿਰਗ-ਜਲ ਤਾਂ ਤੇਹ ਬੁਝਾਉਣ ਦੀ ਥਾਂ ਤੇਹ ਨੂੰ ਹੋਰ ਭੜਕਾਉਂਦਾ ਹੈ। ਕੰਵਲ ਨਾਲ ਵੀ ਇਹੋ ਹੋਈ! ਮੇਰਾ ਯਕੀਨ ਹੈ, ਜੇ ਕੋਈ ਉਹਨੂੰ ਆਖਦਾ, ਤੇਰੇ ਸੁਫ਼ਨਿਆ ਦਾ ਪੰਜਾਬ ਤੈਨੂੰ ਦੇ ਦਿੰਦੇ ਹਾਂ, ਤੂੰ ਆਪਣਾ ਸੀਸ ਦੇ ਦੇ, ਉਹਨੇ ਇਕ ਪਲ ਵੀ ਗੁਆਏ ਬਿਨਾਂ ਆਪਣਾ ਸੀਸ ਆਪ ਕੱਟ ਕੇ ਅਗਲੇ ਦੀ ਹਥੇਲ਼ੀ ਉੱਤੇ ਰੱਖ ਦੇਣਾ ਸੀ!

ਜਗਤ-ਪ੍ਰਸਿੱਧ ਫ਼ਿਲਮ 'ਗੋਟਸ ਹਾਰਨ' (ਬੱਕਰੀ ਦਾ ਸਿੰਗ) ਵਿਚ ਨਾਇਕ ਸਭ ਸੁਪਨਿਆਂ ਦੇ ਟੁੱਟਣ ਮਗਰੋਂ ਸੁੰਨੇ ਪਹਾੜੀ ਇਲਾਕੇ ਵਿਚ ਇਕ ਪਹਾੜੀ ਦੀ ਟੀਸੀ ਉੱਤੇ ਚੜ੍ਹ ਕੇ ਖਿਝਦਾ-ਖਪਦਾ ਤੇ ਗੁੱਸੇ ਹੁੰਦਾ ਚਾਰ-ਚੁਫੇਰੇ ਪੱਥਰ ਵਗਾਹੁੰਦਿਆਂ ਖਾਲੀ ਹਵਾ ਵਿਚ ਫੋਕੇ ਲਲਕਾਰੇ ਮਾਰਦਾ ਹੈ। ਕੰਵਲ ਗਰਕਦੇ ਜਾਂਦੇ ਪੰਜਾਬ ਨੂੰ ਠੱਲ੍ਹ ਪਾਉਣ ਵਾਸਤੇ ਅਪਣੱਤ ਬਣਾਉਂਦਾ, ਮੇਰ ਜਤਾਉਂਦਾ, ਹੰਮਾ ਦਿਖਾਉਂਦਾ ਤੇ ਆਸ ਲਾਉਂਦਾ। ਪਰ ਇਹ ਸਭ ਅੱਜ ਦੇ ਸਿਆਸੀ ਮਾਹੌਲ ਵਿਚ ਖੋਟੇ ਸਿੱਕੇ ਸਨ, ਜੋ ਚੱਲਣ ਦੀ ਥਾਂ ਵਾਪਸ ਉਹਦੀ ਝੋਲ਼ੀ ਵਿਚ ਹੀ ਆ ਡਿਗਦੇ। ਉਹਦੀ ਹਾਲਤ ਉਸ ਤਿਹਾਏ ਰਾਹੀ ਵਰਗੀ ਸੀ ਜੋ ਨਲਕਾ ਦੇਖ ਕੇ ਬੁੱਲ੍ਹਾਂ ਉੱਤੇ ਜੀਭ ਫੇਰਦਾ ਉਧਰ ਭੱਜੇ, ਪਰ ਉਹਦੀ ਹੱਥੀ ਕਿਸੇ ਨੇ ਚੋਰੀ ਕਰ ਲਈ ਹੋਵੇ ਤੇ ਪਾਣੀ ਡੂੰਘਾ ਉੱਤਰ ਚੁੱਕਿਆ ਹੋਵੇ। ਅੱਗੇ ਜਾ ਕੇ ਉਹਨੂੰ ਖੂਹ ਨਜ਼ਰ ਪਵੇ, ਨੇੜੇ ਜਾ ਕੇ ਉਸ ਵਿਚ ਝਾਕੇ ਤਾਂ ਸੁੱਕ ਚੁੱਕੇ ਪਾਣੀ ਦੀ ਥਾਂ ਕੂੜਾ-ਕਬਾੜ ਤੇ ਇੱਟਾਂ-ਵੱਟੇ ਪਏ ਹੋਣ। ਹੋਰ ਅੱਗੇ ਤੁਰ ਕੇ ਦਰਖ਼ਤਾਂ ਤੋਂ ਛੱਪੜ ਦਾ ਅੰਦਾਜ਼ਾ ਲਾਉਂਦਿਆਂ ਉਧਰ ਜਾਵੇ ਤਾਂ ਉਹਦੀ ਸੁੱਕੀ ਮਿੱਟੀ ਪਾਟੀ ਪਈ ਹੋਵੇ!

ਜਦੋਂ ਪ੍ਰਕਾਸ਼ ਸਿੰਘ ਬਾਦਲ ਬੀਜੇਪੀ ਨਾਲ ਗੰਢ-ਚਿਤਰਾਵਾ ਕਰਨ ਲਗਿਆ, ਕੰਵਲ ਨੇ ਇਕ ਲੇਖ ਵਿਚ ਇਹਦੇ ਨੁਕਸਾਨ ਗਿਣਾ ਕੇ ਤੋੜਾ ਕੁਝ ਅਜਿਹੇ ਸ਼ਬਦਾਂ ਵਿਚ ਝਾੜਿਆ, "ਬਾਦਲ ਸਾਹਿਬ, ਇਕ ਗੱਲ ਸੁਣ ਲਵੋ, ਇਹ ਸਮਝੌਤਾ ਤਾਂ ਮੈਂ ਤੁਹਾਨੂੰ ਕਰਨ ਨਹੀਂ ਦੇਣਾ!" ਮੈਂ ਬਾਦਲ ਬਾਰੇ ਉਹਦੀ ਇਹ ਅਪਣੱਤ ਤੇ ਮੇਰ ਪੜ੍ਹ ਕੇ ਦੰਗ ਰਹਿ ਗਿਆ। ਪਰ ਮੇਰ ਉਥੇ ਚਲਦੀ ਹੈ ਜਿਥੇ ਅਗਲਾ ਵੀ ਏਨਾ ਕੁ ਹੱਸਾਸ ਹੋਵੇ ਕਿ ਇਕ ਪਲ ਰੁਕ ਕੇ ਸੋਚ ਸਕਦਾ ਹੋਵੇ ਕਿ ਇਹ ਬੰਦਾ ਕਿਸ ਦਰਦ ਨਾਲ, ਕਿਸ ਦਾਈਏ ਨਾਲ ਏਨਾ ਹੰਮਾ ਦਿਖਾ ਰਿਹਾ ਹੈ! ਏਨਾ ਸਿਆਣਾ ਹੋਣ ਦੇ ਬਾਵਜੂਦ ਬਾਈ ਕੰਵਲ ਇਹ ਨਾ ਸਮਝ ਸਕਿਆ ਕਿ ਅਗਲਾ ਆਪਣੇ ਪਰਿਵਾਰ ਦੀ ਖ਼ੁਸ਼ਹਾਲੀ ਤੇ ਬਸੰਤ-ਬਹਾਰ ਦੇਖੇ ਕਿ ਤੇਰਾ ਪੰਜਾਬ ਦੇਖੇ! ਸਮਝੌਤਾ ਹੋਏ ਤੋਂ ਮਗਰੋਂ ਇਕ ਦਿਨ ਮਿਲਿਆ ਤਾਂ ਮੈਂ ਚਿਤਾਰਿਆ, "ਬਾਈ, ਤੁਹਾਡਾ ਹੰਮਾ ਤਾਂ ਕਿਸੇ ਕੰਮ ਆਇਆ ਨਾ!" ਉਹਦੀਆਂ ਅੱਖਾਂ ਵਿਚ ਉਦਾਸੀ ਸਿੱਲ੍ਹ ਬਣ ਕੇ ਫਿਰ ਗਈ ਤੇ ਇਕ ਬੇਮਾਲੂਮੇ ਹਉਕੇ ਤੋਂ ਵੱਧ ਉਹ ਕੋਈ ਜਵਾਬ ਨਾ ਦੇ ਸਕਿਆ।

ਅਜਿਹੀਆਂ ਅਨੇਕ ਹਾਲਤਾਂ ਤੇ ਘਟਨਾਵਾਂ ਵਿਚੋਂ, ਸਗੋਂ ਬੇਵਫ਼ਾਈਆਂ ਵਿਚੋਂ ਲੰਘਦਿਆਂ ਤੇ ਟੁੱਟੀਆਂ ਆਸਾਂ ਦੀਆਂ ਕੀਚਰਾਂ ਮਿਧਦਿਆਂ ਆਖ਼ਰ ਉਹ ਜਿਸ ਪੜਾਅ ਉੱਤੇ ਪਹੁੰਚ ਗਿਆ, ਉਹਦਾ ਜ਼ਿਕਰ ਉਹਦੇ ਪਿਆਰੇ ਮਿੱਤਰ ਸਰਵਣ ਸਿੰਘ ਨੇ ਉਹਦੇ ਜਿਉਂਦੇ-ਜੀਅ ਇਹਨਾਂ ਸ਼ਬਦਾਂ ਵਿਚ ਕੀਤਾ ਸੀ: "ਅੱਜ-ਕੱਲ੍ਹ ਉਹਦੇ ਬੋਲਾਂ ਤੇ ਲਿਖਤਾਂ ਵਿਚ ਉਲਾਂਭੇ ਹਨ, ਮਿਹਣੇ ਹਨ, ਵੈਣ ਹਨ ਤੇ ਕੀਰਨੇ ਹਨ। ਤੜਪ ਹੈ, ਝੋਰਾ ਹੈ ਤੇ ਝੁੰਜਲਾਹਟ ਹੈ। ਉਹ ਸਿਆਸੀ ਨੇਤਾਵਾਂ ਨੂੰ ਆਰਾਂ ਲਾਉਂਦਾ ਹੈ ਤੇ ਕਈ ਵਾਰ ਬੋਲ-ਕੁਬੋਲ ਬੋਲਦਾ ਉਖੜਿਆ ਲਗਦਾ ਹੈ। ਉਹਨਾਂ ਦੇ ਨਾਂ ਖੁੱਲ੍ਹੀਆਂ ਚਿੱਠੀਆਂ ਛਪਵਾਉਂਦਾ ਹੈ।"

27 ਜੂਨ 1919 ਨੂੰ ਜਨਮਿਆ ਕੰਵਲ ਸਦੀ ਪੂਰੀ ਕਰ ਕੇ ਇਕੋਤਰ ਸੌਵੇਂ ਸਾਲ ਵਿਚ ਸੀ। ਪਰ ਵਧੀਆ ਗੱਲ ਇਹ ਰਹੀ ਕਿ ਬੁਢਾਪੇ ਦੇ ਵਰ੍ਹੇ ਵੀ ਉਹਨੇ ਕੋਈ ਮੰਜੀ ਮੱਲ ਕੇ ਮੌਤ ਉਡੀਕਦਿਆਂ ਨਹੀਂ ਸਨ ਲੰਘਾਏ। ਅੰਤ ਤੱਕ ਸੁਰਤ ਟਿਕਾਣੇ, ਹੱਡ-ਗੋਡੇ ਸਿੱਧੇ, ਅੱਖ-ਕੰਨ ਕਾਇਮ! ਲਓ, ਉਹਦੀ ਸਿਹਤ ਤੇ ਹਿੰਮਤ ਦੀ ਇਕ ਗੱਲ ਸੁਣ ਲਵੋ। ਕੋਈ ਬਹੁਤੀ ਪੁਰਾਣੀ ਨਹੀਂ, ਉਹਦੇ ਚਲਾਣੇ ਤੋਂ ਪੰਜ ਕੁ ਸਾਲ ਪਹਿਲਾਂ ਦੀ ਗੱਲ ਹੈ। ਦਿੱਲੀ ਵਸਦੇ ਸਾਡੇ ਸਾਂਝੇ ਮਿੱਤਰ ਚੰਨੀ ਨੂੰ, ਜੋ ਕੰਵਲ ਤੋਂ ਦਸ ਸਾਲ ਛੋਟਾ ਸੀ, ਭੁੱਲਣ-ਰੋਗ ਹੋ ਗਿਆ। ਪਹਿਲਾਂ ਉਹ ਬਾਹਰ ਤੇ ਬਾਹਰਲਿਆਂ ਨੂੰ ਭੁੱਲਿਆ, ਫੇਰ ਘਰ ਤੇ ਘਰਵਾਲਿਆਂ ਨੂੰ ਭੁੱਲਣ ਲੱਗ ਪਿਆ ਤੇ ਅੰਤ ਨੂੰ ਆਪਣੇ ਆਪ ਨੂੰ ਵੀ ਭੁੱਲ ਗਿਆ। ਇਕ ਵਾਰ ਮੈਂ ਕੰਵਲ ਨੂੰ ਫੋਨ 'ਤੇ ਉਹਦੀ ਹਾਲਤ ਦੱਸ ਕੇ ਕਿਹਾ ਕਿ ਉਹਦਾ ਚੇਤਾ ਪੂਰੀ ਤਰ੍ਹਾਂ ਸਾਫ਼ ਹੋ ਜਾਣ ਤੋਂ ਪਹਿਲਾਂ ਤੁਸੀਂ ਇਕ ਵਾਰ ਮਿਲ ਜਾਉ, ਅਜੇ ਸ਼ਾਇਦ ਉਹ ਤੁਹਾਨੂੰ ਪਛਾਣ ਲਵੇ। ਕਹਿੰਦਾ, ਮੈਂ ਦੇਖਦਾ ਹਾਂ ਜਿਸ ਦਿਨ ਕਾਰ 'ਤੇ ਲਿਆਉਣ ਵਾਲ਼ੇ ਕਿਸੇ ਮੁੰਡੇ ਨੂੰ ਵਿਹਲ ਹੋਈ। ਪਰ ਤੀਜੇ ਹੀ ਦਿਨ ਚੰਨੀ ਦੇ ਘਰੋਂ ਫੋਨ ਆ ਗਿਆ, ਭਾਈ ਸਾਹਿਬ ਢੁੱਡੀਕੇ ਤੋਂ ਬਸਾਂ ਫੜਦੇ ਦਿੱਲੀ ਬਾਈਪਾਸ ਉੱਤਰ ਕੇ ਰਿਕਸ਼ਾ ਲੈ ਘਰ ਆ ਪਧਾਰੇ ਸਨ।

ਜਸਵੰਤ ਸਿੰਘ ਕੰਵਲ ਦੇ ਜਾਣ ਪਿੱਛੋਂ ਇਕ ਘਟਨਾ ਕੁਝ ਸਾਹਿਤਕ ਲੋਕਾਂ ਦੇ ਚੇਤੇ ਵਿਚ ਸੱਜਰੀ ਹੋ ਗਈ। ਇਕ ਸਾਹਿਤਕ ਇਕੱਠ ਦੇ ਵਿਹਲੇ ਵੇਲੇ ਵਿਚ ਦਲੀਪ ਕੌਰ ਟਿਵਾਣਾ ਨੇ ਪੁੱਛਿਆ, "ਬਾਈ, ਤੇਰੀ ਉਮਰ ਕਿੰਨੀ ਹੋ ਗਈ?"

ਕੰਵਲ ਕਹਿੰਦਾ, "ਦਲੀਪ ਕੁਰੇ, ਤੈਥੋਂ ਮਗਰੋਂ ਮਰੂੰ!"

ਟਿਵਾਣਾ ਹੱਸ ਕੇ ਕਹਿੰਦੀ, "ਇਹ ਕੌਲ ਨਿਭਾ ਕੇ ਦਿਖਾਈਂ।"

ਤੇ ਕੰਵਲ ਸੱਚੀਉਂ ਹੀ ਇਹ ਕੌਲ ਨਿਭਾ ਗਿਆ। ਸਗੋਂ ਉਹ ਤਾਂ ਜਿਵੇਂ ਆਪਣਾ ਕੌਲ ਨਿਭਾਉਣ ਖ਼ਾਤਰ ਟਿਵਾਣਾ ਦਾ ਜਾਣਾ ਹੀ ਉਡੀਕਦਾ ਹੋਵੇ। 31 ਜਨਵਰੀ 2020 ਨੂੰ ਉਹ ਗਈ, ਅਗਲੇ ਦਿਨ 1 ਫ਼ਰਵਰੀ 2020 ਨੂੰ ਉਹਦੇ ਪਿੱਛੇ-ਪਿੱਛੇ ਇਹ ਤੁਰ ਗਿਆ!

# ਗੁਰਬਾਣੀ ਤੇ ਮਾਰਕਸਵਾਦ: ਕੁਝ ਖਾਸ ਪਹਿਲੂ

ਇਨ੍ਹਾਂ ਨੂੰ ਕੋਈ ਵੀ ਪਰਖ ਸਕਦਾ ਹੈ। ਉਦਾਹਰਨ ਲਈ ਕਰਤਾ ਨਿਰਵੈਰ ਇਸ ਲਈ ਹੈ ਕਿ ਉਹ ਕਿਸੇ ਨਾਲ ਵੈਰ ਵਿਰੋਧ ਜਾਂ ਪੱਖ ਪਾਤ ਨਹੀਂ ਕਰਦਾ। ਜੇ ਉਹ ਇਕਨਾਂ ਨੂੰ ਗੱਡੀ ਵਿਚ ਵੜਨ ਦੇਵੇ ਤੇ ਇਕਨਾਂ ਨੂੰ ਦਰਵਾਜ਼ਾ ਭੀੜਾ ਕਰ ਕੇ ਰੋਕ ਦੇਵੇ ਤਾਂ ਉਹ ਦਵੈਸ਼ ਕਰਦਾ ਹੈ, ਭਾਵ ਨਿਰਵੈਰ ਨਹੀਂ ਹੈ ਪਰ ਉਹ ਅਜਿਹਾ ਕਦੇ ਨਹੀਂ ਕਰਦਾ, ਇਸ ਲਈ ਨਿਰਵੈਰ ਹੈ। ਇਸ ਦੇ ਉਲਟ ਅਧਿਆਤਮਿਕ ਵਿਧੀ ਨਾਲ ਖੋਜੀ ਕੋਈ ਗੱਲ ਪ੍ਰੱਤਖ ਨਹੀਂ ਹੁੰਦੀ ਕਿਉਂਕਿ ਇਸ ਨੂੰ ਹਰ ਖੋਜੀ ਨੇ ਅੱਖਾਂ ਬੰਦ ਕਰ ਕੇ, ਭਾਵ ਯਥਾਰਥ ਤੋਂ ਵੱਖ ਹੋ ਕੇ ਆਪੋ-ਆਪਣੀ ਕਲਪਨਾ ਨਾਲ ਘੜਿਆ ਹੁੰਦਾ ਹੈ। ਇਸ ਲਈ ਉਹ ਮੰਨੀ ਜਾਂਦੇ ਹਨ ਕਿ ਕਰਤਾ ਆਪਣੇ ਸ਼ਰਧਾਲੂਆਂ 'ਤੇ ਦਿਆਲ ਹੁੰਦਾ ਹੈ ਤੇ ਉਹ ਉਹਨਾਂ ਦੀਆਂ ਦੁਆਵਾਂ, ਭਾਵ ਅਰਦਾਸਾਂ ਨੂੰ ਸੁਣਦਾ ਹੈ ਪਰ ਜੇ ਉਹ ਆਪਣੇ ਭਗਤਾਂ ਤੋਂ ਬਿਨਾ ਕਿਸੇ ਹੋਰ ਦੀ ਬੇਨਤੀ ਨਹੀਂ ਸੁਣਦਾ ਤਾਂ ਉਹ ਉਨ੍ਹਾਂ ਨਾਲ ਵੈਰ ਕਮਾਉਂਦਾ ਹੈ ਤੇ ਨਿਰਵੈਰ ਨਹੀਂ ਹੈ। ਇਸੇ ਤਰ੍ਹਾਂ ਦੂਜੇ ਗੁਣ ਵੀ ਪਰਖ ਰਾਹੀਂ ਪ੍ਰਮਾਣਿਤ ਕੀਤੇ ਜਾ ਸਕਦੇ ਹਨ। ਜੇ ਇਹ ਇਹ ਗੁਣ ਪ੍ਰੱਤਖ ਹਨ ਤੇ ਪਰਖ-ਪੜਚੋਲ 'ਤੇ ਪੂਰੇ ਉਤਰਦੇ ਹਨ ਤਾਂ ਇਹ ਯਥਾਰਥਕ, ਭਾਵ ਪਦਾਰਥਕ ਹੋਏ। ਅਧਿਆਤਮਿਕ ਅਨੁਭਵ ਤਾਂ ਨਾ ਦੂਜਿਆਂ ਨਾਲ ਸਾਂਝੇ ਕੀਤੇ ਜਾ ਸਕਦੇ ਹਨ ਤੇ ਨਾ ਹੀ ਪਰਖ ਪੜਤਾਲ ਰਾਹੀਂ ਸਿੱਧ ਕੀਤੇ ਜਾ ਸਕਦੇ ਹਨ। ਇਸ ਲਈ ਕਰਤੇ ਦੇ ਗੁਣ ਪਦਾਰਥਕ ਹਨ ਤੇ ਕਰਤਾ ਪਦਾਰਥ ਰੂਪ ਹੈ। ਇਸ ਤਰ੍ਹਾਂ ਜੌਹਨ ਡਾਲਟਨ ਤੋਂ ਤਿੰਨ ਸਦੀਆਂ ਪਹਿਲਾਂ ਕਰਤੇ ਨੂੰ ਪਦਾਰਥ ਨਾਲ ਜੋੜ ਕੇ ਵੀ ਗੁਰੂ ਸਾਹਿਬ ਨੇ ਮਾਰਕਸ ਨਾਲੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

ਉਂਝ, ਇਹ ਵੀ ਹਾਲੇ ਪੂਰੀ ਪ੍ਰਾਪਤੀ ਨਹੀਂ। ਆਪਣੇ ਗਣਿਤੀ ਗੁਰ '੧ਓ' ਰਾਹੀਂ ਕਰਤੇ ਦੇ ਪ੍ਰੱਤਖ ਗੁਣ ਬਿਆਨ ਕਰ ਕੇ ਗੁਰੂ ਸਾਹਿਬ ਨੇ ਉਪ-ਨਿਸ਼ਕਰਸ਼ (Corollary) ਵਜੋਂ ਉਸ ਦੇ ਕੁਝ ਹੋਰ ਗੁਣ ਦੱਸੇ ਹਨ। ਉਨ੍ਹਾਂ ਲਿਖਿਆ ਹੈ: ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਇਸ ਦਾ ਅਰਥ ਹੈ ਕਿ ਉਹ ਸਦਾ ਸਦੀਵੀ ਹੈ, ਭਾਵ ਸ੍ਰਿਸ਼ਟੀ ਦੇ ਆਦਿ ਅੰਤ ਤੋਂ ਪਰ੍ਹੇ ਸਥਿਰ ਅਵਸਥਾ ਵਿਚ ਰਹਿਣ ਵਾਲਾ ਹੈ। ਇਨ੍ਹਾਂ ਗੁਣਾਂ ਵਾਲਾ ਕੋਈ ਮਨੁੱਖ ਜਾਂ ਜੀਵ ਜੰਤੂ ਤਾਂ ਹੁੰਦਾ ਨਹੀਂ, ਭਾਵ ਨਾ ਹੈ ਤੇ ਨਾ ਹੋਇਆ ਹੈ। ਜੇ ਹੋਇਆ ਹੁੰਦਾ ਤਾਂ ਇੱਥੇ ਹੀ ਹੁੰਦਾ ਪਰ ਨਹੀਂ ਹੈ। ਗਣਿਤੀ ਨਿਸਕਰਸ਼ ਰਾਹੀਂ ਇਹ ਵੀ ਗਿਆਨ ਲਗਦਾ ਹੈ ਕਿ ਅਜਿਹਾ ਕੋਈ ਭਵਿਖ ਵਿਚ ਵੀ ਨਹੀਂ ਹੋਵੇਗਾ। ਦੂਜੇ ਪਾਸੇ ਧਰਤੀ, ਪੱਥਰ, ਸੂਰਜ, ਚੰਦ, ਤਾਰੇ ਜੋ ਅਜੈਵਿਕ ਪ੍ਰਕ੍ਰਿਤੀ ਦੇ ਹਨ, ਕਰੋੜਾਂ ਸਾਲਾਂ ਤੋਂ ਵਧ ਸਥਾਈ ਰੂਪ ਵਿਚ ਬਣੇ ਹੋਏ ਹਨ। ਇਹ ਸਭ ਮਾਦਿਕ ਕਿਸਮ ਦੇ ਹਨ। ਇਸ ਲਈ ਕਰਤਾ ਜੀਵ ਰੂਪੀ ਨਾ ਹੋ ਕੇ ਪਦਾਰਥ ਰੂਪੀ ਹੈ ਤੇ ਹੈ ਵੀ ਅਜੈਵਿਕ (Inorganic) ਪ੍ਰਕ੍ਰਿਤੀ ਦਾ ਹੈ। ਪਦਾਰਥ ਰੂਪੀ ਹੋ ਕੇ ਹੀ ਉਹ ਬ੍ਰਹਿਮੰਡ ਦੇ ਕਣ ਕਣ ਵਿਚ ਮੌਜੂਦ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਸ਼ਬਦਾਂ ਵਿਚ ਇਹ ਸਪਸ਼ਟ ਹੀ ਕਹਿ ਦਿੱਤਾ ਹੈ ਕਿ ਕਰਤਾ ਪਦਾਰਥਕ ਗੁਣਾਂ ਦਾ ਹੈ, ਅਰਥਾਤ ਉਹ ਪਦਾਰਥ ਹੀ ਹੈ। ਆਧੁਨਿਕ ਵਿਗਿਆਨ ਵੀ ਮਾਦੇ ਨੂੰ ਸਦੀਵੀ ਦੱਸਦਾ ਹੈ। ਇਸ ਅਨੁਸਾਰ ਮਾਦਾ ਸਦਾ ਸਦੀਵੀ ਹੈ, ਭਾਵ ਇਹ ਰੂਪ ਬਦਲ ਸਕਦਾ ਹੈ ਪਰ ਕਦੇ ਖਤਮ ਨਹੀਂ ਹੁੰਦਾ। ਕਾਰਲ ਮਾਰਕਸ ਵਿਗਿਆਨ ਦੇ 'ਕੰਜ਼ਰਵੇਸ਼ਨ ਆਫ ਮੈਟਰ' ਦੇ ਸਿਧਾਂਤ ਨਾਲ ਪੱਕਾ ਸਹਿਮਤ ਹੈ। ਇਸ ਲਈ ਗੁਰੂ ਸਾਹਿਬ ਦਾ ਕਰਤਾ ਤੇ ਵਿਗਿਆਨ ਦਾ ਮਾਦਾ ਤੇ ਮਾਰਕਸ ਦਾ ਡਾਇਲੈਕਟੀਕਲ ਮੈਟਰ ਸਭ ਇਕੋ ਤਰ੍ਹਾਂ ਦੇ (Congruent) ਸੰਕਲਪ ਹਨ ਪਰ ਅਚੰਭੇ ਦੀ ਗੱਲ ਹੈ ਕਿ ਸਿੱਖ ਸਿਧਾਂਤ ਦੇ ਆਧੁਨਿਕ ਪੈਰੋਕਾਰ ਪਦਾਰਥ ਵਿਗਿਆਨ ਤੇ ਮਾਰਕਸਵਾਦ ਕਿਸੇ ਨੂੰ ਚਿਮਟੇ ਨਾਲ ਵੀ ਨਹੀਂ ਛੂੰਹਦੇ!

ਪਦਾਰਥਵਾਦੀ ਕਰਤੇ ਦਾ ਇਹ ਨਿਸਕਰਸ਼ ਕੋਈ ਅਟਕਲ-ਪੱਚੂ ਨਹੀਂ ਹੈ ਕਿਉਂਕਿ ਜੇ ਇਹ ਮਨਘੜਤ ਹੋਵੇ ਤਾਂ ਜਪੁਜੀ ਦੀ ਵਿਆਖਿਆ ਕਰਦਿਆਂ ਰਾਹ ਵਿਚ ਜਵਾਬ ਦੇ ਦੇਵੇ। ਅਸਲੀਅਤ ਸਗੋਂ ਇਹ ਹੈ ਕਿ ਕਰਤੇ ਦੇ ਭੌਤਿਕਵਾਦੀ ਸੰਕਲਪ ਤੋਂ ਬਿਨਾ ਇਸ ਬਾਣੀ ਦੀ ਬੌਧਿਕ ਵਿਆਖਿਆ ਕਰਨੀ ਹੀ ਅਸੰਭਵ ਹੈ। ਇਸ ਦੀ ਇਕ-ਇਕ ਤੁਕ ਵਿਚ ਭੌਤਿਕਵਾਦ ਸਮਾਇਆ ਹੋਇਆ ਹੈ। ਇਸ ਵਿਚ ਸਮੋਏ ਵਿਚਾਰ ਵਿਗਿਆਨਕ ਵਿਚਾਰਧਾਰਾ ਵਾਲੇ ਚਿੰਤਕ ਦੇ ਹੀ ਹੋ ਸਕਦੇ ਹਨ, ਕਿਸੇ ਭਗਤੀ ਲਹਿਰ ਵਾਲੇ ਅਧਿਆਤਮਵਾਦੀ ਦੇ ਨਹੀਂ। ਜੋ ਗੱਲ ਯੂਰਪ ਵਿਚ ਜੌਹਨ ਡਾਲਟਨ ਨੇ ਵਿਗਿਆਨਕ ਸ਼ਬਦਾਂ ਵਿਚ 1803 ਵਿਚ ਆਖੀ ਤੇ ਮਾਰਕਸ ਨੇ 1844 ਵਿਚ ਸਵੀਕਾਰੀ, ਉਹੀ ਗੁਰੂ ਸਾਹਿਬ ਨੇ ਆਪਣੇ ਸਮੇਂ ਦੀ ਸ਼ਬਦਾਵਲੀ ਵਿਚ ਉਨ੍ਹਾਂ ਤੋਂ ਸਦੀਆਂ ਪਹਿਲਾਂ ਕਹੀ ਪਰ ਨਾ ਗੁਰੂ ਸਾਹਿਬ ਦੇ ਸ਼ਰਧਾਲੂਆਂਅਤੇਨਾਹੀ'ਕਾਮਰੇਡਾਂ' ਨੇ ਇਸ ਦੀ ਸਹੀ ਕੀਮਤ ਪਾਈ।

(ਬਾਕੀ ਅਗਲੇ ਸਫੇ 'ਤੇ)

# ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੇਰੇ ਘਰ ਆਉਣ ਦਾ ਸੁਨੇਹਾ ਭੇਜਿਆ...



ਗਿੱਲਾ ਪੀਣ

ਐਸ ਅਸ਼ੋਕ ਭੌਰਾ

ਤਜ਼ਰਬੇ ਤੋਂ ਬਿਨਾਂ ਕੋਈ ਵੀ ਬੰਦਾ ਕਿਸੇ ਵੀ ਖੇਤਰ ਦਾ ਕਦੇ ਵੀ ਮਾਹਰ ਨਹੀਂ ਬਣ ਸਕਦਾ, ਖਾਸ ਤੌਰ 'ਤੇ ਰਾਜਨੀਤੀ 'ਚ ਤਾਂ ਮਾਹਰ ਬਣਨ ਦੀ ਕੋਈ ਸੀਮਾਂ ਹੁੰਦੀ ਹੀ ਨਹੀਂ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਕੋਈ ਰਾਜਨੀਤੀ ਦਾ ਬਾਬਾ ਬੋਹੜ ਮੰਨਦਾ ਹੈ, ਕੋਈ ਮਾਹਰ ਆਖ ਰਿਹਾ ਹੈ। ਚਲੋ ਅਲੋਚਨਾ ਕਰਨ ਵਾਲੇ ਕਰੀ ਵੀ ਜਾਣ ਪਰ ਪ੍ਰਕਾਸ਼ ਸਿੰਘ ਬਾਦਲ ਬਹੁਤ ਕੁਝ ਨਾ ਸਹੀ ਪਰ ਕੁਝ ਨਾ ਕੁਝ ਤਾਂ ਸੀ ਜਿਸ ਕਰ ਕੇ ਉਸਦੇ ਸੋਗ 'ਚ ਰਾਸ਼ਟਰੀ ਝੰਡੇ ਝੁਕੇ ਰਹੇ।

ਜਿਹੜੀ ਗੱਲ ਮੈਂ ਕਰਨ ਲੱਗਾ ਹਾਂ ਉਹ ਸਰਦਾਰ ਬਾਦਲ ਹੁਰਾਂ ਦੀ ਯਾਦਾਸ਼ਤ ਦੀ ਖਾਸੀਅਤ ਨਾਲ ਜੁੜੀ ਹੋਈ ਹੈ। ਸਾਲ 2000 'ਚ ਨਵਾਂ ਸ਼ਹਿਰ ਵਿਧਾਨ ਸਭਾ ਹਲਕਾ ਦੀ ਜ਼ਿਮਨੀ ਚੋਣ ਹੋ ਰਹੀ ਸੀ। ਜਦੋਂ ਸਾਬਕਾ ਮੰਤਰੀ ਦਿਲਬਾਗ ਸਿੰਘ ਨਵਾਂ ਸ਼ਹਿਰ ਦੇ ਸਪੁੱਤਰ ਚਰਨਜੀਤ ਸਿੰਘ ਚੰਨੀ ਦੇ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਬਣਨ ਨਾਲ ਇਹ ਸੀਟ ਖਾਲੀ ਹੋਈ ਸੀ। ਇੱਥੋਂ ਸ. ਜਤਿੰਦਰ ਸਿੰਘ ਕਰੀਹਾ ਵਿਧਾਇਕ ਬਣੇ ਅਤੇ ਆਮ ਵਾਂਗ ਜ਼ਿਮਨੀ ਚੋਣਾਂ 'ਚ ਜਿਵੇਂ ਰਾਜ ਕਰ ਰਹੀ ਪਾਰਟੀ ਜਿੱਤ ਨੂੰ ਮੁੱਛ ਦਾ ਸਵਾਲ ਬਣਾ ਕੇ ਚੱਲਦੀ ਹੈ, ਉਹੀ ਸਥਿਤੀ ਅਕਾਲੀ-ਭਾਜਪਾ ਸਰਕਾਰ ਨੇ ਨਵਾਂ ਸ਼ਹਿਰ ਹਲਕੇ 'ਚ ਬਣਾਈ ਹੋਈ ਸੀ। ਮੇਰੇ ਪਿੰਡ ਸਮੇਤ ਪੰਜ ਪਿੰਡਾਂ ਦੀ ਵਾਗਡੋਰ ਸ੍ਰ. ਸੋਹਣ ਸਿੰਘ ਠੰਡਲ ਹੁਰਾਂ ਕੋਲ ਸੀ। ਉਨ੍ਹੀਂ ਦਿਨੀਂ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਗਾ ਵਿਖੇ ਪੜ੍ਹਾ ਰਿਹਾ ਸੀ। ਸਮਾਂ ਕੋਈ ਦੁਪਹਿਰ 12 ਵਜੇ ਦਾ ਹੋਵੇਗਾ ਜਦੋਂ ਥਾਣਾ ਮੁਖੀ, ਨਾਮ ਤਾਂ ਮੈਨੂੰ ਯਾਦ ਨਹੀਂ, ਮੇਰੇ ਸਕੂਲ ਆਇਆ ਅਤੇ ਕਹਿਣ ਲੱਗਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਤੁਹਾਡੇ ਘਰ 4 ਵਜੇ ਚਾਹ ਪੀਣਗੇ।

ਮੈਂ ਥਾਣੇਦਾਰ ਨੂੰ ਹੈਰਾਨ ਹੋ ਕੇ ਪੁੱਛਿਆ ਕਿ ਮੈਂ ਤੇ ਬਾਦਲ ਸਾਹਿਬ ਨੂੰ ਕੋਈ ਸੱਦਾ ਨਹੀਂ ਦਿੱਤਾ ਤੇ ਉਂਝ ਵੀ ਸਾਡਾ ਪਿੰਡ ਬਹੁਤਾ ਕਰ ਕੇ ਸ੍ਰ. ਦਿਲਬਾਗ ਸਿੰਘ ਨਵਾਂ ਸ਼ਹਿਰ ਦਾ ਪਿੰਡ ਹੋਣ ਕਰਕੇ ਕਾਂਗਰਸ ਪੱਖੀ ਹੈ। ਥਾਣੇਦਾਰ ਦਾ ਜਵਾਬ ਸੀ, ਅਸੀਂ ਉਪਰਲਾ ਹੁਕਮ ਤੁਹਾਡੇ ਤੱਕ ਪਹੁੰਚਾ ਦਿੱਤਾ ਹੈ, ਹੁਣ ਪ੍ਰਬੰਧ ਕਿਵੇਂ ਕਰਨਾ ਹੈ, ਇਹ ਤੁਹਾਡੇ 'ਤੇ ਹੈ। ਮੇਰੇ ਲਈ ਹੈਰਾਨੀ ਵਾਲੀ ਗੱਲ ਇਹ ਸੀ ਕਿ ਕੋਈ ਮੁੱਖ ਮੰਤਰੀ ਮੇਰੇ



ਮੇਰੇ ਘਰ 'ਚ ਉਸ ਮੌਕੇ ਦੀ ਸ. ਬਾਦਲ ਹੁਰਾਂ ਨਾਲ ਤਸਵੀਰ

ਘਰ ਪਹਿਲੀ ਵਾਰ ਆ ਰਿਹਾ ਸੀ। ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਚਾਹ ਦੇ ਨਾਲ ਕੀ ਖੁਆਉਣਾ ਪਿਆਉਣਾ ਹੁੰਦਾ ਹੈ। ਚਲੋ ਫਿਰ ਵੀ ਮੈਂ ਦੋ ਕੁ ਘੰਟੇ 'ਚ ਯਤਨ ਕਰ ਕੇ ਡਰਾਈ ਫਰੂਟ ਅਤੇ ਚਾਹ ਪਕੌੜਿਆਂ ਦਾ ਪ੍ਰਬੰਧ ਕਰ ਹੀ ਲਿਆ। ਹਾਂ ਮੈਨੂੰ ਇਹ ਜ਼ਰੂਰ ਪਤਾ ਲੱਗ ਗਿਆ ਸੀ ਕਿ ਬਾਦਲ ਸਾਬ੍ਹ ਦੁੱਧ 'ਚ 'ਬੋਰਨਵਿਟਾ' ਪਾ ਕੇ ਪੀਂਦੇ ਹਨ।

ਦੁਪਹਿਰ ਢਾਈ ਕੁ ਵਜੇ ਦਾ ਸਮਾਂ ਹੋਵੇਗਾ, ਮੈਂ ਘਰ ਪੁੱਜਿਆ ਤਾਂ ਸਾਡਾ ਘਰ ਪੁਲਿਸ ਛਾਉਣੀ 'ਚ ਬਦਲਿਆ ਹੋਇਆ ਸੀ। ਅੱਜ ਕੱਲ ਏ.ਸੀ.ਪੀ. ਅਤੇ ਉਦੋਂ ਥਾਣਾ ਰਾਹੋਂ ਦੇ ਮੁਖੀ ਸੁਰਿੰਦਰ ਮੋਹਨ ਹੁਰੀਂ ਸਾਡੇ ਘਰ ਦੇ ਸੁਰੱਖਿਆ ਇੰਚਾਰਜ ਸਨ। ਜਾਣ ਪਛਾਣ ਸੀ ਉਨ੍ਹਾਂ ਨਾਲ, ਸਾਰਾ ਕੁਝ ਤਿਆਰ ਹੋ ਗਿਆ, ਬਾਦਲ ਸਾਬ੍ਹ ਦੀ ਉਡੀਕ ਕੀਤੀ ਜਾਣ ਲੱਗੀ, ਕਈ ਅਫ਼ਸਰ ਘਰ ਆ ਕੇ ਬੈਠੇ ਸਨ, ਸਾਡੇ ਹਲਕੇ ਦੇ ਕੁਝ ਨਾਮੀ ਲੋਕ ਜਿਨ੍ਹਾਂ ਵਿਚ ਉਮੀਦਵਾਰ ਜਤਿੰਦਰ ਸਿੰਘ ਕਰੀਹਾ ਅਤੇ ਸੀਨੀਅਰ ਅਕਾਲੀ ਆਗੂ ਹਰਦੇਵ ਸਿੰਘ ਕਾਹਮਾ ਵੀ ਸ਼ਾਮਿਲ ਸਨ।

ਮੇਰੇ ਲਈ ਹੈਰਾਨੀ ਵਾਲੀ ਗੱਲ ਇਹ ਵੀ ਸੀ ਮੇਰਾ ਕੋਈ ਰਾਜਨੀਤਕ ਪਿਛੋਕੜ ਵੀ ਨਹੀਂ ਸੀ, ਮੈਂ ਪਿੰਡ ਦਾ ਪੰਚ, ਸਰਪੰਚ ਜਾਂ ਨੰਬਰਦਾਰ ਵੀ ਨਹੀਂ ਸੀ, ਪਿੰਡ ਦੀ ਸਿਆਸਤ ਵਿਚ ਦਖਲ ਵੀ ਨਹੀਂ ਦਿੰਦਾ ਸੀ, ਕੋਈ ਧਨਾਢ ਵੀ ਨਹੀਂ ਸੀ ਤੇ ਬਾਦਲ ਸਾਬ੍ਹ ਦਾ ਏਦਾਂ ਮੇਰੇ ਘਰ ਆਉਣਾ ਅਚੰਭਾ ਜਿਹਾ ਲੱਗਦਾ ਸੀ। ਕਰੀਬ ਛੇ ਕੁ ਵਜੇ ਬਾਦਲ ਸਾਬ੍ਹ ਘਰ ਪਹੁੰਚੇ, ਉਨ੍ਹਾਂ ਨਾਲ ਜਥੇਦਾਰ ਤੋਤਾ ਸਿੰਘ, ਚੌਧਰੀ ਸਵਰਨਾ ਰਾਮ, ਮੁੱਖ ਸਕੱਤਰ ਰਮੇਸ਼ ਇੰਦਰ ਸਿੰਘ, ਬੰਗਾ ਤੋਂ ਵਿਧਾਇਕ ਚੌਧਰੀ ਮੋਹਣ ਸਿੰਘ ਤੇ ਹੋਰ ਸਰਕਾਰੀ ਅਮਲਾ ਫੈਲਾ ਵੀ ਨਾਲ ਸੀ। ਚਾਹ ਪੀਣ ਉਪਰੰਤ ਬਾਦਲ ਸਾਬ੍ਹ ਨੇ ਮੈਨੂੰ ਕੋਲ ਬਿਠਾ ਕੇ, ਮੇਰੀ ਪਿੱਠ 'ਤੇ ਹੱਥ ਰੱਖ ਕੇ ਕਿਹਾ, 'ਕਾਕਾ ਸਾਨੂੰ ਪਤਾ ਕਿ ਪਿਛਲੀ ਕਾਂਗਰਸ ਸਰਕਾਰ ਤੈਨੂੰ ਸਭਿਆਚਾਰ ਵਿਭਾਗ 'ਚ ਕਿਸੇ ਵੱਡੇ ਅਹੁਦੇ 'ਤੇ ਲਾਉਣਾ ਚਾਹੁੰਦੀ ਸੀ ਪਰ ਉਨ੍ਹਾਂ ਤਾਂ ਨਹੀਂ ਲਾਇਆ, ਅਸੀਂ ਤੈਨੂੰ ਜ਼ਰੂਰ ਲਾ ਦੇਵਾਂਗੇ। ਬਸ ਹੁਣ ਤੂੰ ਸਾਡਾ ਖਿਆਲ ਰੱਖੀਂ ਅਤੇ ਆਪਣਾ ਅਸਰ ਰਸੂਖ ਵਰਤੀਂ।' ਇਸ ਤਰ੍ਹਾਂ ਸ਼ੁਗਲ ਮੇਲੇ ਵਾਲੇ ਚੰਗੇ ਮਹੌਲ 'ਚ ਪ੍ਰਕਾਸ਼ ਸਿੰਘ ਬਾਦਲ ਸਾਡੇ ਘਰ ਚਾਲੀ-ਪੰਤਾਲੀ ਮਿੰਟ ਰਹਿ ਕੇ ਰਵਾਨਾ ਹੋ ਗਏ। ਉਨ੍ਹਾਂ ਦੇ ਜਾਣ ਉਪਰੰਤ ਭੇਦ ਖੁੱਲ੍ਹਿਆ ਸੀ ਕਿ ਇਹ ਸਬੱਬ ਕਿਵੇਂ ਬਣਿਆ?

ਮੈਨੂੰ ਇਕ ਆਹਲਾ ਅਫ਼ਸਰ ਤੇ ਇਕ ਜਥੇਦਾਰ ਨੇ ਦੱਸਿਆ ਕਿ ਬਾਦਲ ਸਾਬ੍ਹ ਇਨ੍ਹਾਂ ਪਿੰਡਾਂ 'ਚ ਆਪ ਸਰਗਰਮੀ ਨਾਲ ਚੋਣ ਪ੍ਰਚਾਰ ਕਰ ਰਹੇ ਸਨ। ਜਦੋਂ ਉਹ ਤੁਹਾਡੇ ਪਿੰਡ 'ਚੋਂ ਲੰਘਣ ਲੱਗੇ ਤਾਂ ਇਕ ਮੋੜ 'ਤੇ ਭੌਰਾ ਪਿੰਡ ਦਾ ਬੋਰਡ ਲੱਗਿਆ ਹੋਇਆ ਸੀ। ਉਨ੍ਹਾਂ ਆਪਣੇ ਓ.ਐਸ.ਡੀ. ਨੂੰ ਮੇਰਾ ਨਾਮ ਲੈ ਕੇ ਕਿਹਾ ਕਿ ਇਸ ਪਿੰਡ ਦਾ ਇਕ ਮੁੰਡਾ ਬੜਾ ਅੱਛਾ ਪੱਤਰਕਾਰ ਹੈ, ਲੇਖਕ ਹੈ, ਲੰਬੇ ਸਮੇਂ ਤੋਂ 'ਅਜੀਤ' 'ਚ ਲਿਖਦਾ ਹੈ। ਉਹਦੇ ਘਰ ਚਾਹ ਪੀਣ ਦਾ ਸੁਨੇਹਾ ਘੱਲੋ।

ਮੇਰੇ ਲਈ ਖੁਸ਼ੀ ਵਾਲੀ ਗੱਲ ਵੀ ਤੇ ਹੈਰਾਨੀ ਵਾਲੀ ਵੀ ਗੱਲ ਇਹ ਹੈ ਕਿ ਸ਼ਾਇਦ ਉਦੋਂ ਮੈਨੂੰ ਜਾਣਨ ਵਾਲਿਆਂ ਦੀ ਗਿਣਤੀ ਘੱਟ ਹੋਵੇਗੀ ਪਰ ਜੇਕਰ ਇਕ ਮੁੱਖ ਮੰਤਰੀ ਦੀਆਂ ਨਜ਼ਰਾਂ 'ਚ ਮੈਂ ਸੀ ਤਾਂ ਇਹ ਮੇਰਾ ਮਾਣ ਵੀ ਸੀ ਤੇ ਸਤਿਕਾਰ ਵੀ। ਬਾਦਲ ਸਾਬ੍ਹ ਦੀ ਯਾਦਾਸ਼ਤ ਕਿ ਉਨ੍ਹਾਂ ਨੂੰ ਮੇਰੇ ਕੰਮ ਕਾਜ ਦਾ ਹੀ ਨਹੀਂ ਪਤਾ ਸੀ ਸਗੋਂ ਇਹ ਵੀ ਪਤਾ ਸੀ ਕਿ ਪਿਛਲੀ ਸਰਕਾਰ ਵੇਲੇ ਜਗਦੇਵ ਜੱਸੋਵਾਲ ਹੁਰਾਂ ਨੇ ਮੇਰੀਆਂ ਸਭਿਆਚਾਰਕ ਸਰਗਰਮੀਆਂ ਕਰ ਕੇ ਮੇਰੇ ਲਈ ਕਿਸੇ ਅਹੁਦੇ ਦੀ ਗੱਲ ਚਲਾਈ ਸੀ।

ਸੰਪੂਰਨ ਤਾਂ ਭਾਵੇਂ ਕੋਈ ਵੀ ਨਹੀਂ ਹੁੰਦਾ ਪਰ ਕਿਸੇ ਨਾ ਕਿਸੇ ਪੱਖ ਤੋਂ ਬੰਦਾ ਪੂਰਨ ਜ਼ਰੂਰ ਹੋ ਸਕਦਾ ਹੈ।

# ਇਹ ਅਕਾਸ਼ਵਾਣੀ ਦਾ ਜਲੰਧਰ ਕੇਂਦਰ ਏ...

ਅਕਾਸ਼ਵਾਣੀ ਜਲੰਧਰ ਨੇ ਪ੍ਰਸਾਰਨ ਦੇ ਇਤਿਹਾਸ ਵਿਚ ਪੰਝੱਤਰ ਸਾਲ ਮੁਕੰਮਲ ਕਰ ਲਏ ਹਨ। ਇਹ ਪੁਰਾਣੇ ਤੇ ਅੱਜ ਦੇ ਪੰਜਾਬ ਦੀ ਬੇਸ਼ਕੀਮਤੀ ਵਿਰਾਸਤ ਹੈ ਜਿਸ ਉੱਤੇ ਅਸੀਂ ਮਾਣ ਕਰ ਸਕਦੇ ਹਾਂ। ਇਹ ਸਾਡੇ ਦੇਸ਼ ਦੀ ਪੰਜਾਬੀਅਤ ਦੇ ਰੰਗ ਵਾਲੀ ਪਛਾਣ ਹੈ।

ਸ਼ਾਮ ਦੇ ਸਾਢੇ ਪੰਜ ਵਜੇ ਗੁਰਬਾਣੀ ਵਿਚਾਰ ਸੁਣਦੇ ਬਜ਼ੁਰਗ, ਮੋਢੇ 'ਤੇ ਰੇਡੀਓ ਲਟਕਾਈ ਆਇਆ ਪ੍ਰਾਹੁਣਾ, ਰੇਡੀਓ ਦੁਆਲੇ ਝੁਰਮਟ ਪਾਈ ਬੈਠੇ ਬੱਚੇ, ਕੰਧ 'ਤੇ ਰੱਖੇ ਰੇਡੀਓ ਤੋਂ ਫਿਲਮੀ ਗਾਣੇ ਸੁਣਦੇ ਨੌਜਵਾਨ, ਰੇਡੀਓ ਕੰਨ ਨੂੰ ਲਾਈ ਕਮੈਂਟਰੀ ਸੁਣਦੇ ਕਾਲਜੀਏਟ ਤੇ ਚੋਣ ਨਤੀਜੇ ਸੁਣਨ ਲਈ ਉਤਾਵਲੇ ਰੇਡੀਓ ਨੂੰ ਕੰਨਾਂ ਨਾਲ ਦੇਖਦੇ ਸਿਆਸੀ ਲੰਬੜ, ਹਾਲੇ ਕੱਲ੍ਹ ਦੀਆਂ ਗੱਲਾਂ ਹਨ। 'ਇਹ ਅਕਾਸ਼ਵਾਣੀ ਦਾ ਜਲੰਧਰ ਕੇਂਦਰ ਹੈ' ਹਜ਼ਾਰਾਂ ਵਾਰੀ ਕੰਨਾਂ 'ਚ ਪਿਆ



ਅਵਤਾਰ ਸਿੰਘ (ਪ੍ਰੋ.)
ਫੋਨ: +91-94175-18384

ਵਾਕ, ਮਹਾਂਵਾਕ ਲੱਗਦਾ ਹੈ। ਅਕਾਸ਼ਵਾਣੀ ਦਾ ਜਲੰਧਰ ਕੇਂਦਰ ਆਪਣੇ ਆਰੰਭ ਕਾਲ ਤੋਂ, ਸਵੇਰ ਸਾਰ, ਸਾਡੇ ਮਨਾਂ ਅੰਦਰ ਧਾਰਮਿਕ ਆਸਥਾ ਜਗਾਉਂਦਾ ਅਤੇ ਸ਼ਰਧਾ ਸਰਸ਼ਾਰ ਕਰ ਰਿਹਾ ਹੈ। ਇਸ ਕੇਂਦਰ ਤੋਂ ਸੁਣੇ ਸ਼ਬਦ ਅਤੇ ਭਜਨ ਮਨ ਨੂੰ ਰੂਹਾਨੀਅਤ ਦੀ ਪਾਹ ਚਾੜ੍ਹਦੇ ਰਹੇ ਹਨ ਤੇ ਇਸ ਕੇਂਦਰ ਦੀ ਇਹ ਸੇਵਾ ਅੱਜ ਵੀ ਜਾਰੀ ਹੈ।

ਕੌਣ ਭੁੱਲ ਸਕਦਾ ਹੈ ਇੱਥੋਂ ਸੁਣੀ ਹੋਈ ਭਾਈ ਸੁਰਜਣ ਸਿੰਘ, ਸਮੁੰਦ ਸਿੰਘ, ਬਖਸ਼ੀਸ਼ ਸਿੰਘ ਤੇ ਦਵਿੰਦਰ ਸਿੰਘ ਦੀ ਆਸਾ ਦੀ ਵਾਰ ਤੇ ਭਾਈ ਗੁਰਮੇਲ ਸਿੰਘ ਜੀ ਦੇ ਗਾਏ ਸ਼ਬਦ 'ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ' ਤੇ 'ਬੇਗਮ ਪੁਰਾ ਸਹਰ ਕੋ ਨਾਉ'। ਹਰ ਧਰਮ ਦੇ ਦਿਨ-ਦਿਹਾੜੇ 'ਤੇ ਸੁਣੇ ਭਜਨ, ਨਾਤਾਂ ਤੇ ਕੱਵਾਲੀਆਂ ਦਾ ਚੇਤਾ ਕਰ ਕੇ ਅੱਜ ਵੀ ਮਨ ਵਿਚ ਉਹੀ ਸ਼ਰਧਾ ਭਾਵ ਉਪਜ ਪੈਂਦਾ ਹੈ। ਸ਼ਨਿੱਚਰਵਾਰ ਦੀ ਸ਼ਾਮ ਤੇ ਐਤਵਾਰ ਦੀ ਸਵੇਰ ਨੂੰ ਬੱਚਿਆਂ ਦੇ ਪ੍ਰੋਗਰਾਮ ਵਿਚ ਅੱਲੜ ਚੁਟਕਲੇ, ਮਾਸੂਮ ਗੱਲਾਂ, ਤੋਤਲੇ ਬੋਲ ਤੇ ਬਾਲ ਨਾਟਕ ਕਿਹਨੂੰ ਭੁੱਲ ਸਕਦੇ ਹਨ! ਬੱਚਿਆਂ ਨੂੰ ਹੱਦ ਦਰਜੇ ਤੱਕ ਪ੍ਰਭਾਵਿਤ ਕਰਨ ਵਾਲਾ ਨਾਟਕ 'ਡਾਂਗੂ ਮਾਂਗੂ' ਚੇਤਿਆਂ ਵਿਚ ਇਸ ਕਦਰ ਧਸਿਆ ਹੋਇਆ ਹੈ ਕਿ ਸ਼ਾਇਦ ਹੀ ਕਦੇ ਭੁੱਲ ਸਕੇ।

ਦੁਪਹਿਰ ਵੇਲੇ ਆਉਣ ਵਾਲਾ 'ਭੈਣਾਂ ਦਾ ਪ੍ਰੋਗਰਾਮ' ਤਾਂ ਪੰਜਾਬੀ ਦਾ ਮੁਹਾਵਰਾ ਬਣ ਗਿਆ ਹੈ। ਦੋ ਔਰਤਾਂ ਗੱਲਾਂ ਕਰਦੀਆਂ ਹੋਣ ਤਾਂ ਲੋਕ ਕਹਿੰਦੇ ਹਨ- 'ਭੈਣਾਂ ਦਾ ਪ੍ਰੋਗਰਾਮ ਚੱਲ ਰਿਹਾ ਹੈ'। ਇਸ ਪ੍ਰੋਗਰਾਮ ਵਿਚ ਔਰਤਾਂ ਦੇ ਨਿਜੀ, ਅ-ਨਿਜੀ, ਮਾਨਸਿਕ, ਪਰਿਵਾਰਕ ਤੇ ਸਮਾਜਿਕ ਮਸਲੇ ਬੜੀ ਹੀ ਸਮਝਦਾਰੀ ਤੇ ਰੋਚਿਕ ਗੱਲਾਂ ਬਾਤਾਂ ਰਾਹੀਂ ਸਮਝੇ ਤੇ ਵਿਚਾਰੇ ਜਾਂਦੇ ਰਹੇ ਹਨ; ਇਨ੍ਹਾਂ ਸਦਕਾ ਸ਼ਾਇਦ ਸਾਨੂੰ ਵੀ ਪਤਾ ਨਾ ਹੋਵੇ ਕਿ ਜਾਣੇ ਅਣਜਾਣੇ ਹੋਈਆਂ ਨਿੱਕੀਆਂ ਨਿੱਕੀਆਂ ਬੇਧਿਆਨੀਆਂ ਤੋਂ ਪੈਦਾ ਹੋਏ ਮਨ ਮੁਟਾਵ ਕਿਸ ਤਰ੍ਹਾਂ ਸੁਲਝਦੇ ਰਹੇ ਹਨ। ਇਨ੍ਹਾਂ ਭੈਣਾਂ ਕੋਲੋਂ ਸੁਣੀ ਪੇਂਡੂ ਸਾਦਗੀ ਦੀ ਚਾਸ਼ਣੀ ਵਿਚ ਰਸੀ ਹੋਈ ਤੇ ਚੁਸਤ ਅੰਦਾਜ਼ ਨਾਲ ਕੱਸੀ ਹੋਈ ਸ਼ਹਿਰੀ ਬੋਲੀ ਦੇ ਨਮੂਨੇ ਅੱਜ ਵੀ ਦਿਲ ਨੂੰ ਹੁਲਾਰਾ ਦਿੰਦੇ ਹਨ।

ਦੁਪਹਿਰ ਵੇਲੇ ਦੇਸ਼ ਦੀਆਂ ਸਰਹੱਦਾਂ 'ਤੇ ਸਖ਼ਤ ਮੌਸਮਾਂ 'ਚ ਜਾਨ ਹੂਲ ਕੇ ਪਹਿਰਾ ਦੇਣ ਵਾਲੇ ਫੌਜੀ ਭਾਈਆਂ ਦਾ ਫ਼ਰਮਾਇਸ਼ੀ ਪ੍ਰੋਗਰਾਮ ਸਰੋਤਿਆਂ ਨੂੰ ਮਾਨਸਿਕ ਤੌਰ 'ਤੇ ਸਰਹੱਦਾਂ 'ਤੇ ਲੈ ਜਾਂਦਾ, ਅਸੀਂ ਘਰ ਬੈਠੇ ਦੇਸ਼ ਪਿਆਰ ਦੇ ਰੰਗ 'ਚ ਰੰਗੇ ਮਹਿਸੂਸ ਕਰਦੇ। ਇਸ ਪ੍ਰੋਗਰਾਮ ਵਿਚ ਫ਼ਰਮਾਇਸ਼ ਕਰਨ ਵਾਲੇ ਫ਼ੌਜੀਆਂ ਦੇ ਨਾਵਾਂ ਤੋਂ ਮਨ ਵਿਚ ਸੱਭਿਅਤਾ ਦੀ ਅਜਿਹੀ ਝਲਕ ਸਾਕਾਰ ਹੁੰਦੀ ਸੀ ਜਿਹਦੇ ਨਾਲ ਏਕਤਾ ਵਿਚ ਅਨੇਕਤਾ ਦੀ ਅਹਿਮੀਅਤ ਉਜਾਗਰ ਹੁੰਦੀ ਸੀ ਤੇ ਪਤਾ ਲੱਗਦਾ ਸੀ ਕਿ ਦੇਸ਼ ਕਿਸੇ ਇਕ ਦਾ ਨਹੀਂ, ਸਭ ਦਾ ਸਾਂਝਾ ਤੇ ਕਿੰਨਾ ਵੰਨ-ਸਵੰਨਾ ਹੈ।

ਯੁਵਕ ਯੁਵਤੀਆਂ ਦੇ ਨਵਰੋਜ਼ ਅਤੇ ਨਵਰੰਗ ਦਿਲਾਂ ਵਿਚ ਗਿਆਨਮਈ ਸੰਵੇਦਨਾ ਤੇ ਸੰਵੇਦਨਸ਼ੀਲ ਉਤਸ਼ਾਹ ਭਰਨ ਲਈ ਯੁਵਵਾਣੀ ਪ੍ਰੋਗਰਾਮ ਦੀ ਵੱਡੀ ਦੇਣ ਰਹੀ ਹੈ। ਚੜ੍ਹਦੀ ਉਮਰ ਦੇ ਹੋਣਹਾਰ ਨੌਜਵਾਨ ਇਸ ਪ੍ਰੋਗਰਾਮ ਵਿਚ ਆਪਣੇ ਵਿਚਾਰ ਪ੍ਰਗਟ ਕਰ ਕੇ ਨੌਜਵਾਨ ਦਿਲਾਂ ਲਈ ਆਸ ਦੀ ਕਿਰਨ ਬਣਦੇ ਰਹੇ ਹਨ। ਸਕੂਲ ਸਮੇਂ ਆਪਣੇ ਕਿਸੇ ਅਧਿਆਪਕ ਨੂੰ 'ਯੁਵਵਾਣੀ ਪ੍ਰੋਗਰਾਮ' ਵਿਚ ਵਾਰਤਾ ਪ੍ਰਸਾਰਤ ਕਰਦੇ ਹੋਏ ਸੁਣਨਾ ਇੰਨਾ ਅੱਛਾ ਅਨੁਭਵ ਹੁੰਦਾ ਸੀ ਕਿ ਉਨ੍ਹਾਂ ਅਧਿਆਪਕਾਂ ਦੀ ਇੱਜ਼ਤ ਵਿਚ ਸ਼ੁਕਰਾਤ ਜਿੰਨਾ ਵਾਧਾ ਹੋ ਜਾਂਦਾ ਸੀ।





ਇਸ ਕੇਂਦਰ ਦੇ ਦੇਹਾਤੀ ਪ੍ਰੋਗਰਾਮ ਦੀ ਗੱਲ ਕਰਦਿਆਂ ਇਕ ਯੁੱਗ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ। ਠੰਡੂ ਰਾਮ, ਭਾਈਆ ਜੀ, ਫੌਜਾ ਸਿੰਘ ਤੇ ਮਾਸਟਰ ਜੀ ਦੀਆਂ ਆਵਾਜ਼ਾਂ ਪੰਜਾਬੀਆਂ ਲਈ ਇਸ ਤਰ੍ਹਾਂ ਹਨ ਜਿਵੇਂ ਇਹ ਸਾਡੇ ਹੀ ਚਾਚੇ, ਤਾਏ ਤੇ ਦਾਦੇ ਪੜਦਾਦੇ ਹੋਣ। ਕਦੇ ਕਦੇ ਭਾਈਆ ਜੀ ਮਚਮਚੀਆਂ ਕਰਦੇ, ਕਦੇ ਮੱਤਾਂ ਦਿੰਦੇ, ਕਦੇ ਸਿਆਣੇ ਬਣਦੇ ਤੇ ਕਦੇ ਅਨਪੜ੍ਹ ਬਣ ਕੇ ਗੱਲ ਅੱਗੇ ਤੋਰਦੇ। ਠੰਡੂ ਰਾਮ ਦੀ ਠੰਢੀ ਆਵਾਜ਼ ਵਿਚ ਨਿੱਕੀ ਨਿੱਕੀ ਨੋਕ ਝੋਕ, ਕਟਾਕਸ਼ ਤੇ ਹਾਸਾ ਠੱਠਾ ਪ੍ਰੋਗਰਾਮ ਨੂੰ ਕਦੇ ਵੀ ਨੀਰਸ ਨਾ ਹੋਣ ਦਿੰਦਾ। ਫੌਜਾ ਸਿੰਘ ਜਿਵੇਂ ਕੋਈ ਰੋਬੀਲਾ ਗੱਲਕਾਰ ਹੋਵੇ ਤੇ ਕਿਸੇ ਨੂੰ ਗੱਲ ਨਾ ਆਉਣ ਦਿੰਦਾ ਹੋਵੇ। ਮਾਸਟਰ ਜੀ ਪੜ੍ਹੇ ਲਿਖੇ ਪਾਤਰ ਹੋਣ ਕਾਰਨ ਹਰ ਗੱਲ ਦੀ ਵਾਜਬੀਅਤ ਖੋਲ੍ਹ ਕੇ ਸਮਝਾ ਦਿੰਦੇ। ਉਹ ਹਰ ਵਕਤ ਪ੍ਰੌੜ ਵਿਦਵਾਨ ਤੇ ਮੰਝੇ ਹੋਏ ਗੱਲਕਾਰ ਵਾਂਗ ਹਰ ਗੱਲ ਸਿਰੇ ਲਾਉਂਦੇ। ਉਹ ਅਕਸਰ ਭਾਈਆ ਜੀ, ਠੰਡੂ ਰਾਮ ਤੇ ਫ਼ੌਜਾ ਸਿੰਘ ਦੀ ਉਛਾਲੀ ਹੋਈ ਧੂੜ ਸ਼ਾਂਤ ਕਰ ਦਿੰਦੇ ਤੇ ਵਿਚਾਰਾਂ ਦੀ ਬੱਦਲਵਾਈ ਨੂੰ ਨਿੰਬਲ ਵਿਚ ਤਬਦੀਲ ਕਰ ਦਿੰਦੇ। ਇਸ ਪ੍ਰੋਗਰਾਮ ਵਿਚ ਕੋਈ ਵੀ ਮਸਲਾ ਹਲਕੀ ਜਿਹੀ ਗੱਲਬਾਤ ਤੋਂ ਆਰੰਭ ਹੁੰਦਾ, ਅਣਭੋਲ ਜਿਹੇ ਕਟਾਕਸ਼ ਨਾਲ ਅੱਗੇ ਵਧਦਾ ਤੇ ਗੰਭੀਰਤਾ ਨਾਲ ਨਜਿੱਠ ਕੇ ਖੇਤੀਬਾੜੀ ਨਾਲ ਜੋੜ ਦਿੱਤਾ ਜਾਂਦਾ। ਪਤਾ ਵੀ ਨਾ ਲੱਗਦਾ ਜਦ ਉਸੇ ਵਿਸ਼ੇ ਦੇ ਕਿਸੇ ਮਾਹਿਰ ਦਾ ਨਾਂ ਲਿਆ ਜਾਂਦਾ ਤੇ ਉਸ ਦੀ ਵਾਰਤਾ ਆਰੰਭ ਹੋ ਜਾਂਦੀ।

ਪ੍ਰੋਗਰਾਮ ਵਿਚ ਖੂਬ ਮਨੋਰੰਜਨ ਹੁੰਦਾ, ਵੰਨ-ਸਵੰਨੇ ਗਾਣੇ, ਮਾਹਿਰਾਨਾ ਗੱਲਬਾਤ, ਵਿਸ਼ੇਸ਼ ਵਾਰਤਾ, ਮੰਡੀਆਂ ਦੇ ਭਾਅ ਤੇ ਕਦੇ ਕਦੇ ਨਾਟਕ। ਨਾਟਕ ਕਾਹਦੇ, ਦੂਰਦਰਸ਼ਨ ਤੋਂ ਵੀ ਵਧ ਕੇ ਹੁੰਦੇ। ਡੱਬੀ ਖੋਸੀ, ਪੱਥਰ ਰੋ ਪਏ, ਵੱਡਾ ਮੂਰਖ ਕੌਣ ਤੇ ਉਰਲੀਆਂ ਪਰਲੀਆਂ ਵਰਗੇ ਨਾਟਕ ਦਿਲੋ-ਦਿਮਾਗ 'ਤੇ ਛਾਏ ਹੋਏ ਹਨ। ਸਿਰਫ਼ ਆਵਾਜ਼ਾਂ ਦੇ ਬਲਬੂਤੇ ਵੰਨ-ਸਵੰਨੇ ਭਾਵ ਤੇ ਦ੍ਰਿਸ਼ ਸਾਕਾਰ ਕਰ ਦੇਣੇ ਇਸ ਕੇਂਦਰ ਦੇ ਉਨ੍ਹਾਂ ਕਲਾਕਾਰਾਂ ਦੀ ਕਰਾਮਾਤ ਸੀ ਜਿਨ੍ਹਾਂ ਅਕਾਸ਼ਵਾਣੀ ਦੀ ਬੁਲੰਦੀ ਸੱਚਮੁਚ ਅਕਾਸ਼ ਤੱਕ ਫੈਲਾ ਦਿੱਤੀ ਸੀ।

ਰਹੀ ਗੱਲ ਖਬਰਾਂ ਦੀ; ਸੁਰਿੰਦਰ ਬਤਰਾ ਦੀ ਰੇਸ਼ਮੀ ਆਵਾਜ਼ ਖਬਰਾਂ ਨੂੰ ਧੁਰ ਅੰਦਰ ਤੱਕ ਉਤਾਰ ਦਿੰਦੀ ਤੇ ਮਨਜੀਤ ਕੋਛੜ ਦੇ ਗਲੇ ਦੀ ਖਰਾਸ਼ ਖਬਰਾਂ ਵਿਚ ਵੀ ਪ੍ਰੇਮ ਰੰਗ ਘੋਲ ਦਿੰਦੀ। ਉਨ੍ਹਾਂ ਦੀਆਂ ਆਵਾਜ਼ਾਂ ਸਿਰਫ਼ ਦੱਸਦੀਆਂ ਹੀ ਨਹੀਂ ਸਨ ਬਲਕਿ ਮਹਿਸੂਸ ਕਰਾਉਂਦੀਆਂ ਸਨ। ਖਬਰਾਂ ਚਾਹੇ ਸਿਆਸੀ ਹੋਣ, ਸਮਾਜਿਕ ਹੋਣ, ਖੇਡ ਖਿਡਾਰੀਆਂ ਦੀਆਂ ਹੋਣ ਜਾਂ ਕਿਸੇ ਘਟਨਾ ਦੁਰਘਟਨਾ ਦੀਆਂ, ਉਨ੍ਹਾਂ ਦੀਆਂ ਆਵਾਜ਼ਾਂ ਉਸੇ ਰੰਗ ਵਿਚ ਘੁਲਦੀਆਂ ਪ੍ਰਤੀਤ ਹੁੰਦੀਆਂ। ਆਵਾਜ਼ਾਂ ਰਾਹੀਂ ਉਨ੍ਹਾਂ ਦੇ ਚਿਹਰੇ 'ਤੇ ਉੱਤਰੇ ਖਬਰਾਂ ਦੇ ਹਾਵ ਭਾਵ ਸਾਕਾਰ ਹੁੰਦੇ। ਜਿਵੇਂ ਉਹ ਖੁਦ ਖਬਰਾਂ ਜਾਂ ਖਬਰਾਂ ਦੀਆਂ ਭੈਣਾਂ ਹੋਣ। ਕਦੀ ਖ਼ਬਰਾਂ ਸੁਣ ਕੇ ਵੀ ਕਿਸੇ ਨੂੰ ਅਨੰਦ ਆਉਂਦਾ ਹੈ? ਉਨ੍ਹਾਂ ਨੂੰ ਸੁਣ ਕੇ ਜ਼ਰੂਰ ਆਉਂਦਾ ਸੀ ਤੇ ਉਨ੍ਹਾਂ ਦਾ ਨਾਂ ਸੁਣ ਕੇ ਹੀ ਖ਼ਬਰੀ ਜਿਗਿਆਸਾ ਪੱਬਾਂ ਭਾਰ ਹੋ ਜਾਂਦੀ ਸੀ।

ਅਜੋਕੀ ਪੀੜ੍ਹੀ ਬੇਸ਼ੱਕ ਦੂਰਦਰਸ਼ਨ ਨੇ ਮੋਹ ਲਈ ਹੋਵੇ, ਪੁਰਾਣੀ ਪੀੜ੍ਹੀ ਦੇ ਲੋਕਾਂ ਲਈ ਅਕਾਸ਼ਵਾਣੀ ਜਲੰਧਰ ਅੱਜ ਵੀ ਦੂਰਦਰਸ਼ਨ ਹੈ। ਉਹ ਲੋਕ ਅੱਜ ਵੀ ਅਕਾਸ਼ਵਾਣੀ ਜਲੰਧਰ ਸੁਣਦੇ ਨਹੀਂ, ਦੇਖਦੇ ਹਨ। ਅੱਜ ਵੀ ਇਸ ਕੇਂਦਰ ਨੇ ਆਪਣੀ ਪੁਰਾਤਨ ਸ਼ਾਨ ਆਪਣੇ ਤਰੀਕੇ ਨਾਲ ਕਾਇਮ ਰੱਖੀ ਹੋਈ ਹੈ। ਇਹ ਕੇਂਦਰ ਕੇਵਲ ਪੰਜਾਬ ਨਹੀਂ ਬਲਕਿ ਦੇਸ਼ ਦੀ ਵਿਰਾਸਤ ਹੈ। ਇਸ ਨੂੰ ਬਣਾਉਣ ਅਤੇ ਕਮਾਉਣ ਵਿਚ ਹਜ਼ਾਰਾਂ ਕਾਮਿਆਂ ਤੇ ਕਲਾਕਾਰਾਂ ਨੇ ਆਪਣੀ ਸੰਵੇਦਨਸ਼ੀਲਤਾ ਤੇ ਕਲਾਤਮਿਕ ਕੁਸ਼ਲਤਾ ਕੁਰਬਾਨ ਕੀਤੀ ਹੈ। ਇਹ ਵਿਰਾਸਤ ਹਰ ਹਾਲ, ਹਰ ਹੀਲੇ ਕਾਇਮ ਰਹਿਣੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੀ ਸੱਭਿਅਤਾ ਦੀ ਸਮਾਜਿਕ, ਸਿਆਸੀ, ਇਤਿਹਾਸਕ ਅਤੇ ਕਲਾਤਮਿਕ ਵਿਰਾਸਤ ਨਾਲ ਜੁੜੇ ਰਹੀਏ। ਅਕਾਸ਼ਵਾਣੀ ਦਾ ਜਲੰਧਰ ਕੇਂਦਰ ਅੱਜ ਵੀ ਉਸੇ ਉਤਸ਼ਾਹ ਅਤੇ ਸੇਵਾ-ਭਾਵ ਨਾਲ ਤੁਹਾਡੀ ਤਵੱਜੋਂ ਦੀ ਉਡੀਕ ਵਿਚ ਹੈ। ਸਮੂਹ ਪੰਜਾਬੀਆਂ ਤੇ ਦੇਸ਼ ਵਾਸੀਆਂ ਨੂੰ ਅਕਾਸ਼ਵਾਣੀ ਜਲੰਧਰ ਦੇ ਪੰਝੱਤਰ ਸਾਲ ਮੁਕੰਮਲ ਹੋਣ 'ਤੇ ਲੱਖ ਲੱਖ ਮੁਬਾਰਕਾਂ!

## ਸ਼ਹੀਦੀ ਗੁਰੂ ਅਰਜਨ ਦੇਵ ਜੀ

ਲਾਲ ਭਾਨੀ ਜੀ ਦਾ ਦੇਖੋ,
ਕਰਦਾ ਕਮਾਲ ਜੀ।
ਤੱਤੀ ਤਵੀ ਉੱਤੇ ਬੈਠਾ,
ਨਾਮੁ ਜਪਦਾ ਨਾਲ ਜੀ।

ਉੱਤੋਂ ਜੇਠ ਪਿਆ ਤਪੇ,
ਹੇਠਾਂ ਅੱਗ ਪਈ ਮਚੇ,
ਸਿਰ ਤੱਤੀ ਰੇਤ ਪਵੇ,
ਸ਼ਾਂਤੀ ਨਾਲ ਬੈਠਾ ਜਚੇ।
'ਤੇਰਾ ਭਾਣਾ ਮੀਠਾ ਲਾਗੇ'
ਆਖੇ ਨਾਲੋ ਨਾਲ ਜੀ।
ਲਾਲ ਭਾਨੀ ਜੀ ਦਾ ਦੇਖੋ...

*************

ਮੂੰਹੋਂ ਸੀ ਨਾ ਉਚਾਰੇ,
ਛਾਲੇ ਜਿਸਮ 'ਤੇ ਸਾਰੇ।
ਲਾਹੌਰ ਤੱਕਦਾ ਨਜ਼ਾਰੇ,
ਹਾਅ ਮੀਆਂ ਮੀਰ ਮਾਰੇ।
ਐਹ ਜ਼ਾਲਿਮ ਸਰਕਾਰੇ!
ਦੀਨ ਅਸੀਂ ਹੈ ਬਚਾਉਣਾ,
ਘੱਟ ਹੋਣਾ ਨਾ ਜਲਾਲ ਜੀ।
ਲਾਲ ਭਾਨੀ ਜੀ ਦਾ ਦੇਖੋ...

**************

ਜਹਾਂਗੀਰ ਦੇ ਦਰਬਾਰੇ,
ਕੱਚੇ ਕੰਨਾਂ ਵਾਲੇ ਸਾਰੇ।
ਚੰਦੂ ਚੰਦਰੇ ਦੇ ਕਾਰੇ,
ਜਿਨ੍ਹੇ ਕੰਨ ਭਰੇ ਸਾਰੇ।
ਮਿੱਟੀ ਹੋ ਜਾਣਾ ਹੈ ਮਿੱਟੀ,
ਤੂੰ ਕਰ ਪੂਰੇ ਮਲਾਲ ਜੀ।
ਲਾਲ ਭਾਨੀ ਜੀ ਦਾ ਦੇਖੋ...

**************

ਇਹ ਤਾਂ ਸ਼ੁਰੂਆਤ ਹਾਲੇ,
ਹੈ ਕਾਫ਼ਿਲਾ ਬਹੁ ਲੰਬਾ।
ਕਿਤੇ ਚੱਲਣੀ ਕਟਾਰੀ,
ਕਿਤੇ ਚੱਲਣਾ ਹੈ ਰੰਬਾ।
ਚੜ੍ਹ ਚਰੱਖੜੀਆਂ ਜਾਣਾ,
ਨੀਹਾਂ ਵਿੱਚ ਖੜ੍ਹ ਲਾਲ ਜੀ।
ਲਾਲ ਭਾਨੀ ਜੀ ਦਾ ਦੇਖੋ...

ਸੇਵਾ ਸਿੰਘ "ਨੂਰਪੁਰੀ"

## ਮਦਰ'ਜ਼ ਡੇਅ 'ਤੇ ਵਿਸ਼ੇਸ਼

ਮਾਂ ਦੇ ਅਹਿਸਾਨ ਨਹੀ ਮੁੱਕਦੇ,
ਜੇ ਗਿਣ ਗਿਣ ਕਰੀਏ ਹਿਸਾਬ,
ਦਿਲ ਅੰਦਰ ਚੀਸ ਹੈ ਉੱਠਦੀ,
ਜਦੋਂ ਪੜ੍ਹਦੇ ਹਾਂ ਖੋਲ੍ਹ ਕਿਤਾਬ।

ਹਰ ਸਫ਼ੇ ਉੱਤੇ ਦਿਨ ਰਾਤ ਦਾ,
ਮਾਂ ਦੇ ਦੁੱਖਾਂ ਦਾ ਪਿਆ ਹੈ ਲੇਖਾ,
ਉਦਰ ਤੋਂ ਪਾਲਣ ਪੋਸਣ ਤੱਕ,
ਜੇ ਝਾਤ ਮਾਰ ਪਿਛਾਂਹ ਵੱਲ ਦੇਖਾਂ।

ਜਿਗਰ ਦਾ ਖ਼ੂਨ ਪਿਲਾਵੇ ਨਾਲ਼ੇ,
ਫਿਰ ਜਣਨ ਪੀੜਾਂ ਹੈ ਸਹਿੰਦੀ,
ਬੱਚਿਆਂ ਦੀ ਸੁੱਖ ਸਦਾ ਹੀ ਮੰਗੇ,
ਭੀੜ ਪਵੇ ਪਿੱਛੇ ਨਾ ਰਹਿੰਦੀ।

ਜੇ ਕਿਧਰੇ ਸੱਟ ਬੱਚੇ ਦੇ ਲਗਦੀ,
ਆਪਣੇ ਮਨ ਦੀ ਪੀੜ ਲੁਕਾਵੇ ,
ਦੇ ਦੇ ਦਿਲਾਸੇ ਅੰਮ੍ਰਿਤ ਬੋਲਾਂ ਦੇ,
ਝੱਟ ਮਲਹੰਮ ਜ਼ਖਮ 'ਤੇ ਲਾਵੇ।

ਸਬਰ ਸੰਤੋਖ ਦੀ ਹੈ ਉਹ ਮੂਰਤ,
ਪਹਿਲਾਂ ਸਾਰਾ ਟੱਬਰ ਰਜਾਂਦੀ,
ਜੋ ਬੱਚ ਜਾਏ ਪਿੱਛੇ ਰੁੱਖਾ-ਮਿੱਸਾ,
ਲੈ ਕੇ ਰੱਬ ਦਾ ਨਾਂ ਫਿਰ ਖਾਂਦੀ।

ਪਰਿਵਾਰ ਦੇ ਵਿੱਚ ਮੁਹੱਬਤ ਲੋੜੇ,
ਬਰਕਤ ਲਈ ਕਰੇ ਅਰਦਾਸ,
ਜੁੱਗ ਜੁੱਗ ਜਿਉਣ ਜਿਉਣ ਜੋਗੇ,
ਚਰਨਾਂ ਵਿੱਚ ਈਸ਼ਵਰ ਪਾਸ।

ਨਾ ਕੋਈ ਸੇਵਾ ਦਾ ਮੁੱਲ ਚਾਹੁੰਦੀ,
ਚਾਹਵੇ ਨ ਕੋ' ਮੁਲਖ਼ ਜਗੀਰ,
ਦੇਹ ਅਸੀਸਾਂ ਭਰ ਦਏ ਵਿਹੜਾ,
ਦੇਵੇ ਘਰ ਦੀ ਬਦਲ ਤਕਦੀਰ।
ਸੇਵਾ ਸਿੰਘ 'ਨੂਰਪੁਰੀ'

*ਮਾਂ ਬੇਸ਼ੱਕ ਇੱਕ ਮੁਰਗੀ ਹੀ ਕਿਉਂ ਨਾ ਹੋਵੇ, ਚੂਚਿਆਂ ਨੂੰ ਬਚਾਉਣ ਖ਼ਾਤਰ ਬਾਜ਼ ਨਾਲ਼ ਭਿੜ ਜਾਂਦੀ ਏ, ਫ਼ਨੀਅਰ ਸੱਪ ਨਾਲ਼ ਆਢਾ ਲਾ ਲੈਂਦੀ ਏ, ਆਂਡੇ ਪੀ ਕੀ ਉੱਡੇ ਜਾਂਦੇ ਕਾਂ ਦਾ ਘੁੱਗੀ ਉਦੋਂ ਤੱਕ ਖਹਿੜਾ ਨੀਂ ਛੱਡਦੀ ਜਦੋਂ ਤੱਕ ਹਫ ਨੀਂ ਜਾਂਦੀ!*
*ਘਰ ਨੂੰ ਅੱਗ ਲੱਗੀ ਸੀ, ਆਲ੍ਹਣੇ 'ਚ ਆਪਣੇ ਪਰਾਂ ਹੇਠ ਆਂਡੇ ਸਮੇਟ ਕੇ ਬੈਠੀ ਹੋਈ ਇੱਕ ਚਿੜੀ ਆਪ ਸਤੀ ਹੋ ਗਈ ਪਰ ਹਿੱਲੀ ਨਹੀਂ, ਏਨੀ ਹਿੰਮਤ, ਏਨਾ ਜੇਰਾ ਮਾਂ ਪਤਾ ਨੀਂ ਕਿੱਥੋਂ ਲਿਆਉਂਦੀ ਏ, ਏਸ ਤਾਕਤ ਦਾ ਸ੍ਰੋਤ ਸਿਆਣੇ ਕਹਿੰਦੇ ਮਮਤਾ ਏ!*
*ਤੇ ਬਾਪ ਉਹ ਹਸਤੀ ਏ ਜੋ ਜਵਾਕਾਂ ਲਈ ਕਮਾਈ ਕਰਦਾ ਥੱਕਿਆ ਹੋਇਆ ਵੀ ਕੰਮ 'ਚ ਜੁਟਿਆ ਰਹਿੰਦਾ ਏ, ਜੀਹਦੇ ਹੱਥਾਂ 'ਤੇ ਪਏ ਅੱਟਣ ਨਿਆਣਿਆਂ ਦੀ ਕਿਸਮਤ 'ਚ ਚਮਕਦੇ ਸਿਤਾਰੇ ਬਣਦੇ ਨੇ।*
*ਪਰ ਖ਼ੇਦ, ਜਿੰਨ੍ਹਾਂ ਨੇ ਬਚਪਨ 'ਚ ਲਾ਼ਲਾਂ ਚੱਟੀਆਂ, ਨ਼ਲੀਆਂ ਪੂੰਝੀਆਂ ਤੇ ਟੱਟੀ ਆ਼ਲੇ ਹੱਥ ਧੋਤੇ ਹੁੰਦੇ ਨੇ, ਔਲਾਦ ਨੂੰ ਜਵਾਨੀ 'ਚ ਪੈਰ ਧਰਦਿਆਂ ਸਾਰ, ਉਹੀ ਮਹਾਂਰਥੀ ਪੁਰਾਣੇ ਖਿਆਲਾਤ ਵਾ਼ਲੇ, ਅਣਪੜ੍ਹ, ਆਊਟਡੇਟਡ ਲੱਗਣ ਲੱਗ ਪੈਂਦੇ ਨੇ, ਕਈ ਧੀ-ਪੁੱਤ ਅਗਾਂਹ ਆਪਣੀਆਂ ਕਬੀਲਦਾਰੀਆਂ 'ਚ ਰੁੱਝ ਕੇ ਮਾਪਿਆਂ ਨਾ਼ਲ ਬੇਲੋੜੀ ਸ਼ੈਅ ਵਾ਼ਲਾ ਵਿਹਾਰ ਕਰਦੇ ਨੇ।*
*ਕੋਈ ਪੁੱਛਣ ਵਾ਼ਲਾ ਹੋਵੇ, ਨਦੀ ਕਿਨਾਰੇ ਇਹ ਰੁੱਖੜੇ ਥੋਡੇ ਤੋਂ ਦੋ ਪ਼ਲ ਕੋ਼ਲ ਬਹਿ ਕੇ ਚਾਰ ਗੱਲਾਂ ਕਰਨ ਤੋਂ ਵੱਧ ਹੋਰ ਕੀ ਭਾ਼ਲਦੇ ਨੇ?*
*ਦੇਖਿਉ, ਕਿਤੇ ਮਾਂ ਦੀ ਮਮਤਾ ਨੂੰ ਪਿਛਲੇ ਪਹਿਰੇ ਮਾਯੂਸ ਨਾ ਹੋਣਾ ਪਵੇ ਤੇ ਬੁਢਾਪੇ 'ਚ ਬਾਪ ਦੀ ਅਣਗੌ਼ਲੀ ਗਈ ਮਿਹਨਤ-ਤਪੱਸਿਆ ਉਹਦੇ ਹੱਡਾਂ 'ਚ ਬਾਕੀ ਬਚੀ ਜਾਨ-ਸੱਤਿਆ ਨੂੰ ਸੂਤ ਨਾ ਲਵੇ।*
*ਯਾਦ ਰੱਖਿਉ, ਨੀਹਾਂ ਨੂੰ ਛੋਟਾ ਕਹਿਣ ਵਾ਼ਲਾ ਮਕਾਨ ਨਾਸ਼ੁਕਰਾ, ਬੇਲੱਜ ਏ।*

# ਲਹਿਰਾਂ ਸੰਗ ਗੁਫ਼ਤਗੂ

ਖ਼ੌਲਦਾ ਸਮੁੰਦਰ। ਲ਼ਹਿਰ ਲਹਿਰ ਹੋਇਆ ਇਸਦਾ ਤਲ। ਲਹਿਰਾਂ ਦੇ ਸੰਗੀਤ ਵਿਚ ਵਿਸਮਾਦੀ ਹੋਇਆ ਚਾਰ-ਚੁਫੇਰਾ। ਜ਼ਿੰਦਗੀ ਦੀ ਭੱਜ-ਦੌੜ ਤੋਂ ਅੱਕੇ-ਥੱਕੇ ਲੋਕ ਕੁਝ ਸਮਾਂ ਰਾਹਤ ਲੈਣ ਲਈ

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਮੁੰਦਰ ਦੇ ਕੋਲ ਟਹਿਲਦਿਆਂ, ਸਮੁੰਦਰ ਹੋਣਾ ਲੋਚਦੇ। ਸਮੁੰਦਰ ਨਾਲ ਗੱਲਾਂ ਕਰਨਾ। ਕੁਦਰਤ ਨਾਲ ਇਕਸੁਰ ਹੋਣ ਲਈ, ਸਮੁੰਦਰ ਵਿਚੋਂ ਉਗਦੇ ਸੂਰਜ ਦੇ ਹਰ ਪਲ ਨੂੰ ਚੇਤਿਆਂ ਵਿਚ ਸੰਭਾਲਣਾ ਲੋਚਦੇ। ਉਨ੍ਹਾਂ ਦਾ ਮਨ ਕਰਦਾ ਕਿ ਉਹ ਦੇਖਣ ਕਿ ਕਿਵੇਂ ਲਾਲ ਸੂਹੇ ਅੰਬਰ ਵਿਚੋਂ ਹੌਲੀ-ਹੌਲੀ ਲਾਲ ਸੂਹੀ ਕਾਤਰ ਉਗਦੀ। ਹੌਲੀ ਹੌਲੀ ਇਹ ਅੱਗ ਦਾ ਗੋਲਾ ਬਣ ਕੇ ਸਮੁੱਚੇ ਸਮੁੰਦਰ ਨੂੰ ਲਾਲ ਸੂਹੀ ਰੰਗਤ ਬਖਸ਼ਦਾ ਅਤੇ ਸਮੁੰਦਰ ਕੋਲੋਂ ਆਗਿਆ ਲੈ ਕੇ ਸੂਰਜ ਆਪਣੇ ਦਿਨ ਦੀ ਯਾਤਰਾ ਆਰੰਭ ਕਰਦਾ।

ਗਿੱਲੀ ਗਿੱਲੀ ਰੇਤ 'ਤੇ ਨੰਗੇ ਪੈਰੀਂ ਤੁਰਨ ਦਾ ਵੱਖਰਾ ਹੀ ਵਿਸਮਾਦ। ਇਉਂ ਲੱਗਾ ਜਿਵੇਂ ਪੋਹ ਮਾਘ ਦੇ ਮਹੀਨੇ ਤ੍ਰੇਲੀਆਂ ਵੱਟਾਂ 'ਤੇ ਤੁਰਨਾ ਅਤੇ ਕਿਆਰੇ ਮੋੜਨਾ। ਰੇਤ ਪੈਰਾਂ ਨੂੰ ਠੰਢਕ ਅਤੇ ਮਿੱਟੀ-ਰੱਤੀ ਛੋਹ ਪ੍ਰਦਾਨ ਕਰਦੀ, ਮੇਰੇ ਕੋਲੋਂ ਧਰਤੀ ਨਾਲ ਜੁੜਨ ਦਾ ਅਹਿਦ ਲੈਂਦੀ। ਅਹਿਸਾਸ ਹੁੰਦਾ ਕਿ ਬੰਦਿਆ! ਤੂੰ ਮਿੱਟੀ ਏਂ ਅਤੇ ਮਿੱਟੀ ਲਈ ਮਿੱਟੀ ਦਾ ਮੋਹ ਪਾਲਣਾ ਜ਼ਰੂਰੀ। ਮਿੱਟੀ ਦੀ ਸੁਗੰਧ ਅਤੇ ਸਬੰਧ ਨੂੰ ਸਦਾ ਚੇਤਿਆਂ ਵਿਚ ਰੱਖਣ ਵਾਲੇ ਧਰਤੀ ਮਾਂ ਦੇ ਲਾਡਲੇ ਪੁੱਤ ਹੁੰਦੇ।

ਬੀਚ ਦਾ ਆਲਾ-ਦੁਆਲਾ ਕੁਦਰਤੀ ਸੁੰਦਰਤਾ ਨਾਲ ਲਬਰੇਜ਼। ਇਸ ਵਿਚੋਂ ਸੈਲਾਨੀ ਜਿਊਣ ਜੋਗੇ ਪਲ ਭਾਲਦੇ ਅਤੇ ਇਨ੍ਹਾਂ ਪਲਾਂ ਨਾਲ ਜ਼ਿੰਦਗੀ ਨੂੰ ਨਵੇਂ ਅਰਥ ਦਿੰਦੇ।

ਸਿੱਲੀ ਰੇਤ 'ਤੇ ਤੁਰਦਿਆਂ ਸੋਚਦਾ ਹਾਂ ਕਿ ਬੰਦੇ ਨੂੰ ਸਮਝ ਲੱਗਦੀ ਹੈ ਕਿ ਕੁਦਰਤ ਨਾਲ ਇਕਸੁਰਤਾ ਕਿੰਨੀ ਅਹਿਮ ਹੈ ਅਤੇ ਜ਼ਿੰਦਗੀ ਨੂੰ ਕਿਵੇਂ ਕੁਦਰਤੀ ਰੰਗ ਵਿਚ ਮਾਣਿਆ ਜਾ ਸਕਦਾ ਹੈ।

ਕਦੇ ਕਦੇ ਤੁਰਦਿਆਂ ਤੁਰਦਿਆਂ ਲਹਿਰਾਂ ਪੈਰਾਂ ਨੂੰ ਚੁੰਮਦੀਆਂ, ਮਨ ਨੂੰ ਲਰਜ਼ਾ ਜਾਂਦੀਆਂ। ਮੋਹ ਦਾ ਇਹ ਨਿਉਂਦਾ ਮਾਨਸਿਕਤਾ ਨੂੰ ਨਵਾਂ ਹੁਲਾਰ। ਲਹਿਰਾਂ ਸੰਗ ਲਹਿਰ ਬਣਨ ਦਾ ਹੁਲਾਸ ਅਚੇਤ ਮਨ ਵਿਚ ਧਰ ਜਾਂਦਾ ਕਿ ਬੰਦਿਆ! ਕਦੇ ਲਹਿਰ ਬਣ ਕੇ ਲਹਿਰਾਂ ਵਰਗਾ ਸੰਗੀਤ ਬਣ। ਸ਼ਾਂਤ ਸਮੁੰਦਰ ਨੂੰ ਧੜਕਣ ਦੇਣ ਵਰਗਾ ਕੁਝ ਤਾਂ ਕਰ ਤਾਂ ਕਿ ਤੇਰੇ ਸਾਹ ਰੁਕਣ ਤੋਂ ਬਾਅਦ ਤੇਰੀ ਪੈਦਾ ਕੀਤੀ ਧੜਕਣ ਜੀਵਨ ਦਾ ਸੰਦੇਸ਼ ਬਣਦੀ ਰਹੇ। ਪੈਰਾਂ ਵਿਚ ਲਹਿਰਾਂ ਦੀ ਪੈਦਾ ਹੋਈ ਸਰਸਰਾਹਟ ਹੀ ਹੁੰਦੀ ਜਿਹੜੀ ਸਫ਼ਰ-ਸਿਰਜਣਾ ਦਾ ਸਬੱਬ ਹੁੰਦੀ। ਮਨ ਕਰਦਾ ਕਿ,

ਲਹਿਰਾਂ ਦੇ ਸੰਗ ਲਹਿਰ ਬਣ ਜਾਵਾਂ,
ਖੁੱਲ੍ਹ ਕੇ ਨੱਚਾਂ ਤੇ ਉਚੀ ਉਚੀ ਗਾਵਾਂ
ਅਤੇ ਚੱਲਦੇ ਸਾਹਾਂ ਦਾ ਜਸ਼ਨ ਮਨਾਵਾਂ
ਲਹਿਰਾਂ ਦੀ ਹੋਂਦ ਮੇਰੇ ਸਾਹੀਂ ਨੱਚੇ
ਅੱਖੀਂ ਅਟਕਿਆ ਹੰਝੂ ਉਚੀ ਹੱਸੇ।

**ਮਾਂ-ਦਿਵਸ ਲਈ ਵਿਸ਼ੇਸ਼**

## ਮਾਂ

ਮਾਂ ਤੇ ਰੱਬ ਦਾ ਦੂਜਾ ਨਾਂ ਹੈ
ਜਿਸ ਕਰਕੇ ਮੇਰਾ ਵਜੂਦ ਹੈ,
ਸੱਚੀ ਉਸ ਬਿਨ੍ਹਾਂ ਕੁੱਝ ਨਹੀਂ
ਇਹ ਦੱਸਣਾ ਸਭ ਨੂੰ ਜ਼ਰੂਰ ਹੈ

ਮਾਂ ਬਾਰੇ ਦੱਸਣਾ ਬਹੁਤ ਚਾਹੁੰਨਾ ਆਂ
ਪਰ ਡਰ ਲੱਗਦਾ ਹੈ ਦੱਸਣ ਵੇਲੇ ਨੂੰ,
ਕੀ ਸਿਫ਼ਤ ਕਰਾਂ ਮੈਂ ਉਸ ਰੱਬ ਦੀ
ਜਿਹੜੀ ਤੁਰਦੀ ਹੈ ਚਿੰਤਾ ਦੇ ਮੇਲੇ ਨੂੰ

ਔਲਾਦ ਦੇ ਦੁੱਖ ਲਈ ਆਪੇ ਨੂੰ ਭੁੱਲਦੀ
ਸ਼ੈਅ ਦੇਣ ਲਈ ਹਰ ਵਾਰ ਹੈ ਡੁੱਲਦੀ,
ਕਦੇ ਕੋਈ ਸ਼ਿਕਵਾ ਨਾ ਕਰਦੀ ਕਿਸੇ ਤੋਂ
ਮਾੜੇ ਵਚਨਾਂ ਨੂੰ ਹਰ ਵਾਰ ਹੈ ਭੁੱਲਦੀ

ਦੇਖੀ ਕਿਸੇ ਦੇ ਕਹੇ ਭੁੱਲ ਨਾ ਜਾਵੀਂ
ਮਾਂ ਨੂੰ ਬੋਲ ਕੇ ਉੱਚਾ ਰੁੱਲ ਨਾ ਜਾਵੀਂ,
ਦੁਨੀਆਂ ਤੇ ਵਿੱਥਾਂ ਪਾਉਂਦੀ ਹੈ ਸੱਚੀਂ
ਇਹ ਗੱਲ ਆਪੇ ਨੂੰ ਤੂੰ ਆਪ ਸਮਝਾਵੀਂ,

ਢਿੱਲੋਂ ਨੇ ਮਾਂ ਦਾ ਅਜਿਹਾ ਰੂਪ ਹੈ ਦੇਖਿਆ
ਜਿਹੜੀ ਦਿਲ ਦੀ ਗੱਲ ਕਹਿਣ ਨੂੰ ਡਰਦੀ ਹੈ,
ਮਾਂ ਇੰਝ ਦੀ ਵੀ ਹੋ ਸਕਦੀ ਹੈ ਸਰਦਾਰਾ
ਜਿਹੜੀ ਔਲਾਦ ਦੀ ਖੁਸ਼ੀ ਲਈ ਮਰਦੀ ਹੈ ॥

ਅਵਤਾਰ ਸਿੰਘ ਢਿੱਲੋਂ
ਕਰੋਲ ਬਾਗ਼, ਨਵੀਂ ਦਿੱਲੀ
ਮੋਬਾਈਲ ਨੰਬਰ : 97189-31882

For Ad Call
847-359-0746

# ਟੌਰੇ ਵਾਲੀ ਪੱਗ

"ਮੈਂ ਤੈਨੂੰ ਵਾਟੋਂ ਮੋੜ ਲਿਆਵਾਂ ਵੇ ਮੇਰੇ ਮਾਂ ਜਾਇਆ ਭਾਈਆ। ਤੇਰੀ ਪੱਗ ਮੈਂ ਰੱਖਾਂ ਸਾਂਭ ਵੇ ਭਾਈਆ, ਤੇਰੀ ਨਾਰ ਨੇ ਕਦਰ ਨਾ ਜਾਣੀ ਵੇ ਮੇਰੇ ਬਾਬਲ ਦਿਆ ਜਾਇਆ।" ਸੀਤੋ ਆਪਣੇ ਇਕਲੌਤੇ ਭਰਾ ਬੋਘੀ ਦੇ ਸਸਕਾਰ 'ਤੇ ਆਈ

ਅੰਮ੍ਰਿਤਪਾਲ ਕਲੇਰ ਚੀਦਾ (ਮੋਗਾ)
ਫੋਨ: 99157-80980

ਸੀ। ਸੀਤੋ ਦੇ ਪੇਕੇ ਜੰਡਾਵਾਲੇ ਸਨ ਤੇ ਸਹੁਰੇ ਗਿੱਦੜੀਂ। ਉਸ ਸਮੇਂ ਲੋਕ ਟਾਂਗਿਆਂ 'ਤੇ ਜਾਂ ਤੁਰ ਕੇ ਆਉਂਦੇ-ਜਾਂਦੇ ਸਨ। ਕਈ ਵਾਰ ਉਹ ਟਾਂਗੇ ਨੂੰ ਉਡੀਕੇ ਬਿਨਾ ਹੀ ਚਾਰ ਕੋਹ ਵਾਟ ਤੁਰ ਕੇ ਜੰਡਾਵਾਲੇ ਪਹੁੰਚ ਜਾਂਦੀ। ਵਿਸਾਖ ਮਹੀਨੇ ਕਣਕਾਂ ਵੇਲੇ ਪੇਕੇ ਪਿੰਡੋਂ ਆਉਂਦੀ ਸੀਤੋ ਕਈ ਵਾਰ ਰਾਹ ਵਿਚ ਖੇਤੋਂ ਚੁੰਨੀ ਦਾ ਝਲੂੰਗਾ ਬਣਾ ਬੱਲੀਆਂ ਚੁਗ ਕੇ ਪੰਡ ਬੰਨ੍ਹ ਲਿਆਉਂਦੀ। ਜਰਵਾਣੀ ਹੋਣ ਕਰਕੇ ਉਹ ਕੰਮ ਨੂੰ ਹੱਥਾਂ ਪੈਰਾਂ ਨਾਲ਼ ਲਾ ਲੈ ਜਾਂਦੀ।

ਸੀਤੋ ਮਾਈ ਮੇਰੀ ਭਰਵਾਣੀ (ਪਤਨੀ) ਰਲੌਅ ਦੀ ਭੂਆ ਲੱਗਦੀ ਸੀ। ਸੀਤੋ ਮਾਈ ਦੇ ਆਪਣੇ ਕੋਈ ਬਾਲ ਬੱਚਾ ਨਾ ਹੋਣ ਕਰਕੇ ਰਲੌਅ ਨੂੰ ਉਹਨੇ ਹੀ ਪਾਲਿਆ ਅਤੇ ਵਿਆਹਿਆ ਸੀ। ਸੀਤੋ ਮਾਈ ਦਾ ਵਿਆਹ ਛੋਟੀ ਉਮਰ ਵਿਚ ਹੀ ਆਪਣੇ ਤੋਂ ਤਿੱਗਣੀ ਉਮਰ ਦੇ ਦਹਾਜੂ ਨਾਲ ਹੋ ਗਿਆ ਸੀ। ਜਦੋਂ ਉਹ ਭਰ ਜਵਾਨ ਹੋਈ ਤਾਂ ਸਿਰੋਂ ਰੰਡੀ ਹੋ ਗਈ ਸੀ। ਦਸਵੇਂ ਤੇ ਆਏ ਪੇਕੇ ਉਸਦੇ ਦਿਓਰ ਹਰੀ ਨੂੰ ਸੀਤੋ ਦੇ ਸਿਰ ਪੱਗ ਦੇ ਗਏ ਸਨ। ਹਰੀ ਵੀ ਸੀਤੋ ਤੋਂ ਵੀਹ ਪੱਚੀ ਵਰ੍ਹੇ ਵੱਡਾ ਸੀ। ਹਰੀ ਦਾ ਸਾਥ ਵੀ ਬਹੁਤਾ ਚਿਰ ਨਸੀਬ ਨਾ ਹੋਇਆ। 1917-18 ਦੀ ਪਲੇਗ ਦੀ ਬਿਮਾਰੀ ਅਤੇ ਗ਼ਰੀਬੀ ਨੇ ਹਰੀ ਨੂੰ ਵੀ ਨਿਗਲ ਲਿਆ। ਸੀਤੋ ਮਾਈ ਫਿਰ ਤੋਂ ਵਣ ਦੀ ਲੱਕੜੀ ਬਣ ਰਹਿ ਗਈ ਸੀ। ਲੰਬਾ ਕੱਦ, ਮੁਸ਼ਕੀ ਰੰਗ, ਤਿੱਖੇ ਨੈਣ ਨਕਸ਼ ਦੀ ਸੀਤੋ ਕਹਿੰਦੇ-ਕਹਾਉਂਦੇ ਨੂੰ ਗੱਲ ਨਹੀਂ ਸੀ ਕਰਨ ਦਿੰਦੀ। ਟਿੱਚਰ ਵਿਚ ਗੱਲ ਕਰਨੀ ਉਹਦਾ ਸੁਭਾਅ ਸੀ। ਹਰੀ ਦੇ ਫੌਤ ਹੋਣ ਮਗਰੋਂ ਉਹ ਆਪਣੇ ਸਹੁਰੇ ਘਰ ਗਿੱਦੜੀਂ ਹੀ ਰਹਿ ਪਈ ਸੀ, ਭਾਵੇਂ ਕਿ ਉਹਦੇ ਭਰਾ ਬੋਘੀ ਤੇ ਹੋਰ ਸ਼ਰੀਕੇ ਕਬੀਲੇ ਨੇ ਉਹਨੂੰ ਪੇਕੀਂ ਜੰਡਾਵਾਲੇ ਲਿਜਾਣ ਦੀ ਗੱਲ ਕਹੀ ਸੀ ਪਰ ਉਸ ਨੇ ਪੇਕਿਆਂ ਨਾਲ ਜਾਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਇੱਕ ਕੱਚਾ ਕੋਠਾ ਨਾਲ ਛੱਤੜਾ, ਦੋ ਬੱਕਰੀਆਂ ਤੇ ਪਠੋਰਾ ਬਸ ਇਹ ਹੀ ਉਸਦਾ ਜੀਵਨ ਸੀ।

ਸੀਤੋ ਤੋਂ ਵੱਡਾ ਉਸਦਾ ਭਰਾ ਬੋਘੀ ਸੀ। ਭਰਾ ਦਾ ਵਿਆਹ ਸਰਦਾ ਸੋਹਿੰਦਾ ਕੀਤਾ। ਭਰਜਾਈ ਸਾਲ ਮਗਰੋਂ ਬੋਘੀ ਨੂੰ ਛੱਡ ਲਾਗਲੇ ਪਿੰਡ ਦੇ ਕਿਸੇ ਟਰੱਕ ਡਰਾਈਵਰ ਨਾਲ ਹੋ ਤੁਰੀ ਸੀ। ਬੋਘੀ ਨੇ ਪੰਚਾਇਤਾਂ ਲਿਜਾ ਬਥੇਰੀਆਂ ਲੇਲੜ੍ਹੀਆਂ ਕੱਢੀਆਂ, ਨੱਕ ਰਗੜੇ ਪਰ ਉਹ ਨਾ ਮੁੜੀ। ਧਨ ਕੁਰ ਗੁਆਂਢਣ ਨੇ ਪੁੱਛਿਆ ਸੀ, "ਵੇ ਬੋਘੀ, ਉਤਰੀ ਨਹੀਂ ਫਿਰ ਤੇਰੀ ਕਾਟੋ ਹਿਰਨਾਂ ਦੇ ਸਿੰਗਾਂ ਤੋਂ?"

ਸ਼ਰੀਕਣੀ ਦੀ ਕਹੀ ਗੱਲ ਬੋਘੀ ਦਾ ਸੀਨਾ ਚੀਰ ਗਈ ਸੀ। "ਨਹੀਂ ਧਨ ਕੁਰੇ, ਆਪੇ ਆਜੂ ਧੱਕੇ ਖਾ ਕੇ!" ਬੋਘੀ ਨੇ ਕੁਨੱਖਾ ਜਿਹਾ ਝਾਕ ਕੇ ਉੱਤਰ ਦਿੱਤਾ ਸੀ। ਬੋਘੀ ਦੋ-ਤਿੰਨ ਵਰ੍ਹੇ ਮੇਲੋ ਨੂੰ ਉਡੀਕਦਾ ਰਿਹਾ ਪਰ ਉਹ ਕਦੇ ਨਾ ਮੁੜੀ।

"ਮੱਥਾ ਟੇਕਦਾਂ ਮਾਤਾ" ਮੈਂ ਸੀਤੋ ਦੇ ਕੋਲ ਬੈਠਦਿਆਂ ਕਿਹਾ। "ਕਿਹੜਾ ਮੁੰਡਾ?" ਹੁਣ ਸੀਤੋ ਦੀ ਨਜ਼ਰ ਕਮਜ਼ੋਰ ਹੋ ਗਈ ਸੀ। "ਭੂਆ, ਤੇਰਾ ਜਮਾਈ ਆ" ਕੋਲ਼ ਬੈਠੀ ਰਲੌਅ ਨੇ ਕਿਹਾ।

"ਮੈਂ ਸਦਕੇ ਜਾਵਾਂ ਵੇ ਪੁੱਤਾ, ਮੈਂ ਤੈਨੂੰ ਲੱਖਾਂ 'ਚੋਂ ਇੱਕ ਚੁਣਿਆ ਵੇ ਪੁੱਤਾ" ਸੀਤੋ ਮਾਈ ਨੇ ਮੇਰਾ ਸਿਰ ਟੋਹ ਕੇ ਕੰਬਦੀਆਂ ਬਾਹਾਂ ਨਾਲ ਬੁੱਕਲ ਵਿਚ ਲੈ ਲਿਆ।

"ਮਾਤਾ, ਬਜ਼ੁਰਗਾਂ ਦੀ ਜਾਣ ਦੀ ਅਜੇ ਉਮਰ ਤਾਂ ਨਹੀਂ ਸੀ, ਪਰ ਪਰਮਾਤਮਾ ਨੂੰ ਜੋ ਚੰਗਾ ਲੱਗੇ।" ਰਲੌਅ ਦੀਆਂ ਮੇਰੇ ਵੱਲ ਦੇਖ ਕੇ ਭੁੱਬਾਂ ਨਿਕਲ ਗਈਆਂ ਅਤੇ ਧਾਹਾਂ ਮਾਰ ਕੇ ਰੋਣ ਲੱਗ ਪਈ। ਸੀਤੋ ਮਾਈ ਨੇ ਉਸ ਨੂੰ ਚੁੱਪ ਕਰਾਇਆ ਅਤੇ ਵਜ਼ਮ ਵਿਚ ਆ ਕੇ ਕਹਿਣ ਲੱਗੀ,

"ਗੱਲ ਤਾਂ ਇਉਂ ਸੀ ਪੁੱਤ, ਜਦੋਂ ਉਹ ਪਲੇਗ ਦੇ ਜਾਣੀ, ਭਰਾਵਾਂ ਪਿੱਟੀ, ਮੇਲੋ ਬੋਘੀ ਨੂੰ ਛੱਡ ਉੱਧਲ'ਗੀ ਸੀ, ਉਦੋਂ ਤੋਂ ਹੀ ਬੋਘੀ ਨਿੰਮੋਝੂਣਾ ਜਿਹਾ ਰਹਿਣ ਲੱਗ ਪਿਆ ਸੀ। ਮੈਂ ਬਥੇਰਾ ਕਿਹਾ ਕਰਨਾ, ਭਾਈ ਰੰਨਾਂ ਨੂੰ ਐਵੇਂ ਬਹੁਤਾ ਨੀ ਸਿਰ ਚੜ੍ਹਾਈ ਦਾ, ਸਿਰ 'ਚ ਗਲੀਆਂ ਕਰਦੀਆਂ ਨੇ। ਫਿਰ ਸਾਊ, ਬੁੱਧਾਂ ਨੇ ਭਰਮਾ ਲਿਆ। ਕਹਿੰਦੀ ਮੇਰੀ ਭੈਣ ਆ, ਦੋ ਥਾਈਂ ਤੋਰੀ ਸੀ...ਉੱਥੇ ਰਹੀ ਨਾ। ਕਹਿੰਦੀ, ਬੰਦੇ ਚੰਗੇ ਨਹੀਂ...ਬੋਘੀ ਜੇ ਤੂੰ ਹਾਂ ਕਰੇ ਤਾਂ ਮੈਂ ਗੱਲ ਕਰਾਂ ਉਹਦੇ ਨਾਲ? ਰੁਪੀਏ ਤਾਂ ਲੱਗਣਗੇ ਇਕ ਸੌ ਵੀਹ ਪੂਰੇ...ਇੱਕ ਨਵਾਂ ਪੈਸਾ ਘੱਟ ਨਹੀਂ ਲੈਣਾ"। ਉਨ੍ਹਾਂ ਵੇਲਿਆਂ ਵਿਚ ਇੱਕ ਸੌ ਵੀਹ ਰੁਪਏ ਲੱਖਾਂ ਦੇ ਹਿਸਾਬ ਨਾਲ ਹੁੰਦੇ ਸਨ। ਪਾਣੀ ਪੀ ਕੇ ਸੀਤੋ ਮਾਈ ਨੇ ਫਿਰ ਗੱਲ ਸ਼ੁਰੂ ਕੀਤੀ।

"ਪੁੱਤ ਥੋੜ੍ਹੇ ਬਹੁਤੇ ਤਾਂ ਚਾਂਦੀ ਦੇ ਰੁਪੀਏ ਬੋਘੀ ਕੋਲ ਸੀ, ਜਿਹੜੇ ਘਟਦੇ ਸੀ, ਉਹ ਮੈਨੂੰ ਜੈਲੂ ਦੇ ਹੱਥ ਸੁਨੇਹਾ ਘੱਲ ਦਿੱਤਾ ਕਿ ਸੀਤੋ ਨੂੰ ਕਹੀਂ...ਚੜ੍ਹਦੇ ਵਾਰ ਮੈਨੂੰ ਮਿਲ ਕੇ ਜਾਵੇ...ਨਾਲੇ ਪੰਜਾਹ

ਰੁਪੀਏ ਲਿਆਵੇ। ਮੈਂ ਸਾਊ ਜਿਉਂ ਸਾਜਰੇ ਚੱਲੀ...ਮੈਂ ਤਾਂ ਚਾਂਦੀ ਦੇ ਰੁਪੀਏ ਲੈ ਕੇ ਨੌਂ ਵਜਦੇ ਨੂੰ ਅੱਪੜ ਗਈ ਜੰਡਾਵਾਲੇ। ਮੇਰੇ ਜਾਂਦੀ ਨੂੰ ਬੋਘੀ ਦੇ ਨਵਾਂ ਕੁੜਤਾ-ਚਾਦਰਾ, ਨੋਕਾਂ ਵਾਲੇ ਜੋੜੇ, ਟੌਰੇ ਵਾਲੀ ਪੱਗ ਤੇ ਦੋ ਸਿਗਰਟਾਂ ਜੋੜ ਕੇ ਧੂੰਏਂ ਦੇ ਬੱਦਲ ਬਣਾ-ਬਣਾ ਛੱਡੀ ਜਾਵੇ। ਮੈਂ ਕਿਹਾ, ਵੇ ਬੋਘੀ ਤੂੰ ਤਾਂ...ਹੈਂ! ਕਿਵੇਂ ਲਾੜ੍ਹਾ ਬਣਿਆ ਫਿਰਦਾ ਵੇ? ਸਿਰਗਟ ਪਾਈ ਮੂੰਹ 'ਚ ਤੇ ਮਾਰੀ ਚੁਟਕੀ ਕਹਿੰਦਾ ਸੀਤੋ, ਬੁੱਧਾਂ ਦੀ ਭੈਣ ਆ...ਉਹ ਕਰਾਅ ਲਿਆਉਂਦੀ ਆ...ਕਹਿੰਦੀ ਛੇ ਵੀਹਾਂ ਲੱਗਣਗੇ। ਮੈਂ ਹਾਂ ਕਰ'ਤੀ...ਹੁਣ ਤੂੰ ਦੱਸ। ਮੈਨੂੰ ਪੰਜਾਹ ਰੁਪੀਏ ਦੇਹ, ਮੈਂ ਤੈਨੂੰ ਦਿਹਾੜੀ ਕਮਾ ਕੇ ਮੋੜਦੂੰ। ਮੈਂ ਸਾਊ ਚਾਂਦੀ ਦੇ ਰੁਪੀਏ ਉਹਦੀ ਝੋਲੀ ਪਾ'ਤੇ। ਕਹਿੰਦਾ ਸੀਤੋ ਤੂੰ ਐਤਵਾਰ ਨੂੰ ਆਜੀਂ। ਮੈਂ ਭਾਈ ਐਤਵਾਰ ਨੂੰ ਆਥਣੇ ਵੱਗਾਂ ਵੇਲੇ ਤੁਰ'ਪੀ। ਜਦੋਂ ਮੈਂ ਘਰੇ ਵੜੀ...ਨਾ ਟੂਣੀਆ ਨਾ ਪੱਤ। ਬੈਠਾ ਬਾਣ ਦੇ ਮੰਜੇ ਤੇ ਜਿਵੇਂ ਕੁੜੀ ਦੱਬ ਕੇ ਆਇਆ ਹੁੰਦੈ। ਮੈਂ ਭਾਈ ਮੰਜੇ 'ਤੇ ਹੀ ਕੋਲ ਬੈਠ ਗੀ । ਜੁੱਤੀ 'ਚੋਂ ਝਾੜ ਕੇ ਰੋੜੀ ਕੱਢੀ। ਵੇ ਬੋਘੀ; ਕਿੱਥੇ ਗਏ ਵੇ ਤੇਰੇ ਨੋਕਾਂ ਵਾਲੇ ਜੋੜੇ ਤੇ ਤੇਰੀ ਟੌਰੇ ਵਾਲੀ ਪੱਗ? ਓ ਸੀਤੋ, ਮੈਂ ਮੋੜਦੂੰ ਤੇਰੇ ਪੈਸੇ। ਵੇ ਤੇਰੇ ਭਾਜੜਾਂ ਨੂੰ ਵੇ, ਮੈਂ ਚਾਰ ਪੰਜ ਜੁੱਤੀਆਂ ਸਿਰ 'ਚ ਦੇ ਮਾਰੀਆਂ। ਕੰਨ ਜੇ ਝਾੜ ਕੇ ਕਹਿੰਦਾ, ਸੀਤ...ਉਹਦਾ ਪਿਉ ਦਸ ਰੁਪੀਏ ਹੋਰ ਮੰਗਦ...ਕਹਿੰਦੈ ਫੇਰ ਤੋਰੂੰ। ਮੈਂ ਸਾਊ ਵਾਸ਼ਣੀ 'ਚੋਂ ਚਾਂਦੀ ਦੇ ਰੁਪੀਏ ਪੰਦਰਾਂ ਕੱਢੇ ਤੇ ਬੋਘੀ ਦੀ ਥੇਲ਼ੀ 'ਤੇ ਧਰ ਕਿਹਾ, ਜਾਹ ਬੁੱਧਾਂ ਨੂੰ ਕਹਿ ਹੁਣੇ ਕਰਾਅ ਲਿਆ। ਬੋਘੀ ਨੇ ਤਾਂ ਪੁੱਤ ਪੈਰ ਜੁੱਤੀ ਨਾ ਪਾਈ, ਨੂਹ ਵੱਜਿਆ ਬੁੱਧਾਂ ਦੇ ਘਰੇ। ਤਾਂ ਪੁੱਤਾ ਬੋਘੀ ਦਾ ਘਰ ਵਸਾਇਆ ਸੀ। ਆਹ ਰਲੌਅ ਪਹਿਲੇ ਪਹਿਰ ਦੀ ਸੀ, ਇਹਨੂੰ ਮੈਂ ਪਾਲ ਲਿਆ। ਪਿੱਛੋਂ ਰੁਲਦੂ ਹੋਇਆ। ਇਹ ਵੀ ਰੁਲ ਖੁਲ ਕੇ ਪਲ ਗਿਆ। ਬੋਘੀ ਦੀ ਦੁਰਦਸ਼ਾ ਹੋਣ ਲੱਗੀ ਪੁੱਤ, ਪਿਆ ਮੰਜੇ ਤੇ ਚੂਕੀ ਜਾਂਦਾ, ਕਲਛਣੀ ਨੇ ਪਾਣੀ ਦੀ ਘੁੱਟ ਨਾ ਫੜਾਈ। ਬੋਘੀ ਮੇਰਾ ਮਾਂ ਜਾਇਆ ਹੀਰਾ ਸੀ ਹੀਰਾ। ਕੱਲੀ ਹੋਵੇ ਨਾ ਵਣਾਂ ਦੇ ਵਿਚ ਲੱਕੜੀ, ਕੱਲਾ ਨਾ ਹੋਵੇ..."।

ਕਹਿੰਦੀ ਕਹਿੰਦੀ ਸੀਤੋ ਮਾਈ ਮੇਰੇ ਮੋਢੇ ਨਾਲ ਲੁਟਕ ਗਈ।

"ਮਾਤਾ ਮਾਤਾ..." ਮੈਂ ਦੋ-ਤਿੰਨ ਅਵਾਜ਼ਾਂ ਮਾਰੀਆਂ ।

"ਭੂਆ ਭੂਆ..."। ਮੇਰੀ ਪਤਨੀ ਰਲੌਅ, ਸੀਤੋ ਮਾਈ ਨੂੰ ਹਲੂਣਾ ਦੇ ਰਹੀ ਸੀ ਤੇ ਸੀਤੋ ਮਾਈ ਆਪਣੇ ਇਕਲੌਤੇ ਭਰਾ ਬੋਘੀ ਦੇ ਨਾਲ ਜਾ ਰਲੀ ਸੀ।

# 'ਰਾਗਾਂਜਲੀ' ਤੇ ਉਹਦਾ ਲੇਖਕ ਗੁਰਬਖ਼ਸ਼ ਸਿੰਘ

ਜਿੱਥੋਂ ਤੱਕ ਬਣਾਈਆਂ ਬੰਧਿਸ਼ਾਂ ਦਾ ਸਵਾਲ ਹੈ, ਬਹੁਤੀਆਂ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਨਿਰਧਾਰਤ ਰਾਗਾਂ 'ਤੇ ਆਧਾਰਿਤ ਹੀ ਹਨ, ਪਰ ਕੁਝ ਨਿਰੋਲ ਉਹਨੇ ਆਪ ਬਣਾਈਆਂ ਹਨ। ਉਹ ਇਹ ਵੀ ਕਹਿੰਦਾ ਹੈ ਕਿ ਪਿਛਲੇ ਦਸ ਕੁ ਸਾਲ ਤੋਂ ਦਰਬਾਰ ਸਾਹਿਬ ਵਿਚ ਰਾਗੀਆਂ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਸਦਾ ਨਿਰਧਾਰਤ ਰਾਗਾਂ ਵਿਚ ਹੀ ਗਾਇਨ ਕੀਤਾ ਜਾਵੇ। ਪਰ ਜਿਹੜੀਆਂ ਬੀਬੀਆਂ ਜਾਂ ਬਾਬੇ ਢੋਲਕੀ-ਛੈਣੇ ਨਾਲ ਕੀਰਤਨ ਕਰਦੀਆਂ/ਕਰਦੇ ਹਨ ਤੇ ਉਸ ਵਿਚੋਂ ਆਨੰਦ ਲੈਂਦੇ ਨੇ ਤਾਂ ਕੀ ਉਹ ਹੁਣ ਗਾਇਆ ਹੀ ਨਾ ਕਰਨ? ਪ੍ਰਭੂ ਦਾ ਗੁਣ-ਗਾਇਨ ਜੇ ਨਿਰਧਾਰਤ ਰਾਗਾਂ ਵਿਚ ਕੀਤਾ ਜਾ ਸਕਦਾ ਹੈ ਤਾਂ ਜ਼ਰੂਰ ਕੀਤਾ ਜਾਵੇ, ਪਰ ਜੇ ਕੋਈ ਇਸ ਵਿਚ ਨਿਪੁੰਨ ਨਹੀਂ ਤਾਂ ਉਹਦੀ ਗੁਰਬਾਣੀ ਗਾਉਣ ਦੀ ਖ਼ੁਸ਼ੀ ਖੋਹਣੀ ਨਹੀਂ ਚਾਹੀਦੀ।

ਉਹਨੇ ਲਗਭਗ ਸੱਠ ਫ਼ੀ-ਸਦੀ ਬੰਧਿਸ਼ਾਂ ਤਾਂ ਨਿਰਧਾਰਤ ਰਾਗਾਂ ਵਿਚ ਹੀ ਬਣਾਈਆਂ ਨੇ, ਪਰ ਬਹੁਤ ਸਾਰੀਆਂ ਬੰਧਿਸ਼ਾਂ ਅਜਿਹੀਆਂ ਵੀ ਹਨ, ਜੋ ਮੌਲਿਕ ਹਨ ਪਰ ਜਿਸ ਵਿਚ ਗੁਰਬਾਣੀ ਬੜੇ ਸਹਿਜ ਨਾਲ ਗਾਈ ਜਾ ਸਕਦੀ ਹੈ। ਹੁਣ ਤੱਕ ਜੋ ਬੰਧਿਸ਼ਾਂ ਲਿਖੀਆਂ ਗਈਆਂ ਨੇ ਉਹ ਪੁਰਾਣੇ ਰਾਗੀਆਂ-ਰਬਾਬੀਆਂ ਦੇ ਗਾਇਨ ਨੂੰ ਆਧਾਰ ਬਣਾ ਕੇ ਲਿਖੀਆਂ ਗਈਆਂ ਹਨ। ਇਸ ਕਿਤਾਬ ਵਿਚ ਬਹੁਤ ਸਾਰੇ ਅਜਿਹੇ ਰਾਗ ਵੀ ਹਨ, ਜਿਹੜੇ ਪਹਿਲਾਂ ਲਿਖੇ ਨਹੀਂ ਗਏ। ਦੋ ਨਵੇਂ ਰਾਗ ਉਹਨੇ ਖ਼ੁਦ ਵੀ ਬਣਾਏ ਹਨ।

'ਰਾਗਾਂਜਲੀ' ਦੇ ਸਰਵਰਕ ਉੱਤੇ ਲਿਖੀ ਜਾਣਕਾਰੀ ਮੁਤਾਬਕ:

ਕਿਤਾਬ ਬਾਰੇ

ਰਾਗਾਂਜਲੀ ਪੁਸਤਕ ਗੁਰਬਖਸ਼ ਸਿੰਘ ਜੀ ਦੀ ਲਗਨ ਅਤੇ ਵਿਹਾਰਕ ਰਚਨਾ ਦਾ ਨਤੀਜਾ ਹੈ, ਜੋ ਉੱਤਰੀ ਭਾਰਤ ਦੇ ਜਾਣੇ-ਅਣਜਾਣੇ ਰਾਗਾਂ ਦਾ ਸੁਮੇਲ ਹੈ। ਇਸ ਪੁਸਤਕ ਵਿਚਲੇ ਦਿਸ਼ਾ-ਨਿਰਦੇਸ਼ਾਂ ਦਾ ਸੰਗ੍ਰਹਿ ਐਨਾ ਸਪਸ਼ਟ ਹੈ ਕਿ ਇਹ ਰਾਗ ਦੀ ਜਾਣ-ਪਛਾਣ ਨੂੰ ਪਾਠਕ/ਗਾਇਕ ਲਈ ਆਸਾਨੀ ਨਾਲ ਸਮਝਣ ਯੋਗ ਬਣਾਉਂਦਾ ਹੈ। ਇਸ ਪੁਸਤਕ ਵਿਚ ਧਾਰਮਿਕ ਸੰਤਾਂ ਜਿਵੇਂ ਕਿ ਭਗਤ ਕਬੀਰ, ਨਾਮਦੇਵ, ਰਵਿਦਾਸ, ਬਾਬਾ ਫਰੀਦ ਅਤੇ ਸਿੱਖ ਧਰਮ ਗ੍ਰੰਥਾਂ ਤੋਂ ਬਾਣੀ ਦੁਆਰਾ ਮਿੱਠੀਆਂ ਬੰਦਸ਼ਾਂ ਦਾ ਇੱਕ ਵਿਲੱਖਣ ਸੰਗ੍ਰਹਿ ਹੈ।


ਲੇਖਕ ਨੇ ਇਸ ਪੁਸਤਕ ਵਿਚ 160 ਤੋਂ ਵੱਧ ਰਾਗਾਂ ਵਿਚ 350 ਤੋਂ ਵੱਧ ਬੰਦਸ਼ਾਂ ਦਾ ਵਰਣਨ ਕੀਤਾ ਹੈ, ਜੋ ਕਿ ਸ਼ੁੱਧ ਅਤੇ ਗੁੰਝਲਦਾਰ ਸ਼ੈਲੀ ਵਿਚ ਹੋਣ ਦੇ ਬਾਵਜੂਦ ਸਰਲ ਅਤੇ ਆਸਾਨੀ ਨਾਲ ਸਮਝਣਯੋਗ ਹਨ। ਲੇਖਕ ਨੇ ਇਸ ਗੱਲ ਵੱਲ ਵੀ ਉਚਿਤ ਧਿਆਨ ਦਿੱਤਾ ਹੈ ਕਿ ਸ਼ਬਦਾਂ ਦੀ ਚੋਣ ਸਹੀ ਹੋਣੀ ਚਾਹੀਦੀ ਹੈ ਅਤੇ ਬੰਦਸ਼ਾਂ ਦੀ ਲੈ ਅਤੇ ਤਾਲਾਂ ਅਨੁਸਾਰ ਅਨੁਕੂਲ ਹਨ।


ਰਾਗਾਂਜਲੀ ਦੇ ਕੁਝ ਦੁਰਲਭ ਰਾਗ ਹਨ ਜਿਵੇਂ ਕਿ ਅੱਸ਼ਾਕ, ਉੱਤਰੀ ਗੁਣਕਲੀ, ਅਹੀਰ ਵਿਭਾਸ, ਚੰਦਰ ਪ੍ਰਭਾ, ਬਾਖਜ਼ਰ, ਲੀਲਾਵਤੀ, ਸ਼ੋਭਾਵਰੀ, ਆਨੰਦ ਭੈਰਵੀ, ਪਰਮੇਸ਼ਰੀ, ਓਢਵ ਬਾਗੇਸ਼ਰੀ, ਆਦਿ।


ਸੰਗੀਤਕਾਰਾਂ ਤੇ ਸੰਗੀਤ-ਪ੍ਰੇਮੀਆਂ ਨੂੰ ਇਸ ਵਿਲੱਖਣ ਕਿਤਾਬ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ।

# ਸੰਤਾਲੀ ਵਾਲੀ ਵੰਡ ਦੀ ਤ੍ਰਾਸਦੀ: ਟ੍ਰੇਨ ਟੂ ਪਾਕਿਸਤਾਨ

**'ਟਰੇਨ ਟੂ ਪਾਕਿਸਤਾਨ' ਦੀ ਨਿਰਦੇਸ਼ਕਾ ਪਾਮੇਲਾ ਰੂਕਸ ਹੈ ਜੋ ਕਲਕੱਤੇ ਦੀ ਜੰਮਪਲ ਸੀ ਅਤੇ ਇਹ ਫਿਲਮ ਉਸ ਦੇ ਕਰੀਅਰ ਦੀ ਸਭ ਤੋਂ ਮਹੱਤਵਪੂਰਨ ਫਿਲਮ ਕਹੀ ਜਾਂਦੀ ਹੈ। ਫਿਲਮ ਉਘੇ ਲਿਖਾਰੀ ਖੁਸ਼ਵੰਤ ਸਿੰਘ ਦੇ ਚਰਚਿਤ ਨਾਵਲ 'ਟਰੇਨ ਟੂ ਪਾਕਿਸਤਾਨ' ਉਤੇ ਆਧਾਰਿਤ ਹੈ। ਫਿਲਮ ਵਿਚ ਨਿਰਮਲ ਪਾਂਡੇ, ਮੋਹਨ ਆਗਾਸ਼ੇ , ਦਿਵਿਆ ਦੱਤਾ, ਰਜਤ ਕਪੂਰ, ਮੰਗਲ ਢਿੱਲੋਂ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਅੰਦਰ ਵੰਡ ਦਾ ਦਰਦ ਪਰੋਇਆ ਹੋਇਆ ਹੈ।**








*ਫਿਲਮ 'ਟ੍ਰੇਨ ਟੂ ਪਾਕਿਸਤਾਨ' ਦੇ ਦੋ ਪੋਸਟਰ, ਅੰਗਰਜ਼ੀ ਨਾਵਲ 'ਟ੍ਰੇਨ ਟੂ ਪਾਕਿਸਤਾਨ' ਜਿਸ ਉਤੇ ਇਹ ਫਿਲਮ ਆਧਾਰਿਤ ਹੈ, ਨਾਵਲ ਦੇ ਲੇਖਕ ਖੁਸ਼ਵੰਤ ਸਿੰਘ ਅਤੇ ਫਿਲਮ ਦੀ ਨਿਰਦੇਸ਼ਕਾ ਪਾਮੇਲਾ ਰੂਕਸ।*

ਪਹਿਲਾਂ ਤਾਂ ਇਹ ਸਪਸ਼ਟ ਹੋ ਜਾਵੇ ਕਿ 'ਟਰੇਨ ਟੂ ਪਾਕਿਸਤਾਨ' (1998) ਕੋਈ ਇਤਿਹਾਸਕ ਦਸਤਾਵੇਜ਼ ਨਹੀਂ, ਇਹ ਕਾਲਪਨਿਕ ਕਹਾਣੀ ਹੈ ਜੋ ਸੱਚ ਦੇ ਨੇੜੇ ਹੈ। ਮਨੁੱਖਤਾ ਦੇ ਇਤਿਹਾਸ ਵਾਪਰੀ ਅਨੋਖੀ ਵੰਡ ਦੇ ਦੁਖਾਂਤ ਨੂੰ ਜੀਵੰਤ ਤੌਰ 'ਤੇ ਦਰਸਾਉਂਦੀ ਹੈ ਖੁਸ਼ਵੰਤ ਸਿੰਘ ਦੀ ਮਹਾਨ ਰਚਨਾ।



ਖੁਸ਼ਵੰਤ ਸਿੰਘ ਦੀ ਇਹ ਕਹਾਣੀ ਵੰਡ ਦੀ ਸਿਰਫ ਕਤਲੋਗਾਰਤ ਹੀ ਨਹੀਂ ਦਰਸਾਉਂਦੀ ਬਲਕਿ ਇਹ ਸਮਝਣ ਵਿਚ ਵੀ ਮਦਦ ਕਰਦੀ ਹੈ ਕਿ ਕਿਸ ਤਰ੍ਹਾਂ

**ਤਰਸੇਮ ਬਸ਼ਰ**

ਆਮ ਸਮਾਜਿਕ ਮਨੁੱਖ ਹਾਲਾਤ ਦਾ ਸ਼ਿਕਾਰ ਹੋ ਜਾਂਦਾ ਹੈ; ਹਾਲਾਤ ਕਿਵੇਂ ਕਿਸੇ ਚੰਗੇ ਭਲੇ ਕੋਮਲ ਭਾਵੀ ਮਨੁੱਖ ਨੂੰ ਦਰਿੰਦਾ ਬਣਾ ਦਿੰਦੇ ਹਨ। ਕਹਾਣੀ ਇਸ ਕਰ ਕੇ ਵੀ ਮਹਾਨ ਹੈ ਕਿ ਇਸ ਵਿਚ ਕੁਝ ਵੀ ਅਚਾਨਕ ਕੁਝ ਨਹੀਂ ਵਾਪਰਦਾ ਜਿਸ ਦਾ ਮਕਸਦ ਕਤਲੋ-ਗਾਰਤ ਨਾਲ ਜਾ ਜੁੜਦਾ ਹੋਵੇ। ਇਸ ਦੇ ਪਾਤਰ ਆਮ ਸਾਧਾਰਨ ਜ਼ਿੰਦਗੀ 'ਚੋਂ ਹਨ, ਉਹ ਆਮ ਜ਼ਿੰਦਗੀ ਜੀ ਵੀ ਰਹੇ ਹਨ ਤੇ ਫਿਰ ਕਦਮ-ਦਰ-ਕਦਮ ਵੰਡ ਦੀ ਜ਼ਹਿਰ ਉਹਨਾਂ ਦੀ ਜ਼ਿੰਦਗੀ ਵਿਚ ਘੁਲ ਜਾਂਦੀ ਹੈ। ਜ਼ਿੰਦਗੀਆਂ ਬਦਸੂਰਤ ਹੋ ਜਾਂਦੀਆਂ ਹਨ ਤੇ ਸਮਾਜ ਜ਼ਹਿਰੀਲਾ ਹੋ ਜਾਂਦਾ ਹੈ।

'ਟਰੇਨ ਟੂ ਪਾਕਿਸਤਾਨ' ਦੀ ਨਿਰਦੇਸ਼ਕਾ ਪਾਮੇਲਾ ਰੂਕਸ ਹੈ ਜੋ ਕਲਕੱਤੇ ਦੀ ਜੰਮਪਲ ਸੀ ਅਤੇ ਇਹ ਫਿਲਮ ਉਹਨਾਂ ਦੇ ਕਰੀਅਰ ਦੀ ਸਭ ਤੋਂ ਮਹੱਤਵਪੂਰਨ ਫਿਲਮ ਕਹੀ ਜਾਂਦੀ ਹੈ। ਫਿਲਮ ਦੀਆਂ ਮੁੱਖ ਭੂਮਿਕਾਵਾਂ ਵਿਚ ਨਿਰਮਲ ਪਾਂਡੇ, ਮੋਹਨ ਆਗਾਸ਼ੇ , ਦਿਵਿਆ ਦੱਤਾ, ਰਜਤ ਕਪੂਰ, ਮੰਗਲ ਢਿੱਲੋਂ ਆਦਿ ਹਨ। ਫਿਲਮ ਵਿਚ ਪ੍ਰਤਿਭਾਸ਼ਾਲੀ ਕਲਾਕਾਰ ਗੁਰਿੰਦਰ ਮਕਣਾ ਦੀ ਛੋਟੀ ਜਿਹੀ ਭੂਮਿਕਾ ਸੀ। ਉਹਨਾਂ ਅਨੁਸਾਰ ਇਹ ਉਹਨਾਂ ਦੀ ਪਹਿਲੀ ਫਿਲਮ ਸੀ ਤੇ ਇਸ ਵਿਚ ਪੰਜਾਬ ਦੇ ਕਈ ਰੰਗਕਰਮੀਆਂ ਨੇ ਕੰਮ ਕੀਤਾ ਸੀ।

ਫਿਲਮ ਦੇ ਕੁਝ ਦ੍ਰਿਸ਼ ਪਾਤਰਾਂ ਦੀ ਅੰਦਰੂਨੀ ਟੁੱਟ-ਭੱਜ ਕਾਰਨ ਸਦਾ ਲਈ ਤੁਹਾਡੇ ਚੇਤਿਆਂ ਵਿਚ ਰਹਿ ਜਾਣਗੇ। ਤੁਸੀਂ ਰੇਲ ਗੱਡੀ ਦੇ ਡਰਾਇਵਰ ਦਾ ਉਹ ਧੁਆਂਖਿਆ ਚਿਹਰਾ ਕਦੇ ਨਹੀਂ ਭੁੱਲ ਸਕੋਗੇ ਜੋ ਲਾਸ਼ਾਂ ਨਾਲ ਭਰੀ ਗੱਡੀ ਪਾਕਿਸਤਾਨ ਤੋਂ ਲਿਆਉਂਦਾ ਹੈ, ਦੰਗਈਆਂ ਨੇ ਸਿਰਫ ਉਸ ਨੂੰ ਛੱਡ ਦਿੱਤਾ ਹੈ ਤਾਂ ਕਿ ਉਹ ਗੱਡੀ ਲਿਜਾ ਕੇ ਦੂਜੇ ਪਾਸੇ ਉਸ ਬੇਰਹਿਮੀ ਨੂੰ ਦਿਖਾ ਦੇਵੇ।... ਤੁਸੀਂ ਹਿਜਰਤ ਕਰ ਕੇ ਆ ਰਹੇ ਖਾਲੀ ਹੱਥ ਲੋਕਾਂ ਦੇ ਸਮੂਹ ਨੂੰ ਵੀ ਨਹੀਂ ਭੁੱਲ ਸਕੋਗੇ।

ਇਕ ਹੋਰ ਦ੍ਰਿਸ਼ ਇਸ ਫਿਲਮ ਨੂੰ ਦੇਖਣ ਤੋਂ ਕਈ ਦਿਨਾਂ ਬਾਅਦ ਵੀ ਤੁਹਾਡੇ ਜ਼ਿਹਨ ਵਿਚ ਵਾਰ-ਵਾਰ ਆਉਂਦਾ ਰਹੇਗਾ; ਉਹ ਦ੍ਰਿਸ਼ ਜਦੋਂ ਪਿੰਡ ਵਾਲੇ ਅਚਾਨਕ ਦੇਖਦੇ ਹਨ ਕਿ ਪਿੰਡ ਦੇ ਨਾਲ ਲੰਘਦਾ ਸਤਲੁਜ ਦਰਿਆ ਲਾਸ਼ਾਂ ਨਾਲ ਭਰਿਆ ਹੋਇਆ ਹੈ।

ਖੁਸ਼ਵੰਤ ਸਿੰਘ ਦੇ ਇਸੇ ਨਾਂ ਵਾਲੇ ਨਾਵਲ ਵਿਚ ਦਰਜ ਇਹ ਕਹਾਣੀ ਹੱਦ ਦੇ ਨੇੜੇ ਵਸੇ ਪਿੰਡ ਮਨੂ ਮਾਜਰਾ ਦੀ ਹੈ ਜੋ ਵੰਡ ਦਾ ਅਧਿਕਾਰਤ ਐਲਾਨ ਹੋਣ ਤੋਂ ਬਾਅਦ ਵੀ ਸ਼ਾਂਤ ਹੈ। ਸਦੀਆਂ ਤੋਂ ਰਲ-ਮਿਲ ਰਹਿ ਰਹੇ ਲੋਕ ਸੋਚ ਵੀ ਨਹੀਂ ਰਹੇ ਕਿ ਅਜਿਹਾ ਕੁਝ ਵਾਪਰ ਗਿਆ ਹੈ ਕਿ ਉਸ ਸਰਜ਼ਮੀਂ ਛੱਡ ਕੇ ਉਸ ਥਾਂ ਜਾਣਾ ਪਵੇਗਾ ਜਿਸ ਨੂੰ ਹੁਣ ਪਾਕਿਸਤਾਨ ਕਿਹਾ ਜਾਂਦਾ ਹੈ। ਅਸਲ ਵਿਚ ਉਹ ਸੱਚ ਬਣ ਚੁੱਕੇ ਇਹਨਾਂ ਹਾਲਾਤ ਨੂੰ ਕਬੂਲਣਾ ਵੀ ਨਹੀਂ ਚਾਹੁੰਦੇ। ਕਿਸੇ ਅਨਜਾਣ ਥਾਂ ਜਿੱਥੇ ਕਦੇ ਉਹ ਗਏ ਵੀ ਨਹੀਂ, ਅਚਾਨਕ ਪਿਓ ਦਾਦਿਆਂ ਦੀ ਜਗ੍ਹਾ ਛੱਡ ਕੇ ਉਹ ਕਿਵੇਂ ਬੇਗਾਨੀ ਥਾਂ ਚਲੇ ਜਾਣ!

ਜ਼ਿਲ੍ਹਾ ਅਧਿਕਾਰੀ ਹੁਕਮ ਚੰਦ (ਮੋਹਨ ਆਗਾਸ਼ੇ) ਅੱਯਾਸ਼ ਹੈ ਪਰ ਸਖ਼ਤ ਪ੍ਰਸ਼ਾਸਕ ਵੀ ਹੈ। ਉਸ ਨੂੰ ਚੌਗਿਰਦੇ ਦੇ ਹਾਲਾਤ ਦਾ ਇਲਮ ਹੈ ਪਰ ਉਸ ਨੂੰ ਨਹੀਂ ਲਗਦਾ ਕਿ ਵੰਡ ਲਾਗੂ ਹੋ ਜਾਵੇਗੀ, ਕਤਲੋ-ਗਾਰਤ ਤੱਕ ਨੌਬਤ ਪਹੁੰਚੇਗੀ। ਉਹ ਤਵਾਇਫਾਂ ਨੂੰ ਮਹਿਫ਼ਲ ਲਈ ਬੁਲਾਉਂਦਾ ਰਹਿੰਦਾ ਹੈ, ਉਦੋਂ ਅਫਸਰ ਇਸ ਤਰ੍ਹਾਂ ਕਰਦੇ ਹੀ ਸਨ। ਅਜਿਹੇ ਹੀ ਇਕ ਮੌਕੇ 'ਤੇ ਉਸ ਦੇ ਮਨਪ੍ਰਚਾਵੇ ਲਈ ਲੜਕੀ ਪੇਸ਼ ਕੀਤੀ ਜਾਂਦੀ ਹੈ ਜਿਸ ਦਾ ਨਾਮ ਹਸੀਨਾ ਹੈ। ਇਹ ਭੂਮਿਕਾ ਦਿਵਿਆ ਦੱਤਾ ਨੇ ਨਿਭਾਈ ਹੈ। ਉਹ ਤਵਾਇਫ਼ ਹੈ ਪਰ ਮਾਸੂਮ ਹੈ। ਹੁਕਮ ਚੰਦ ਉਸ ਨੂੰ ਚਾਹੁਣ ਲਗਦਾ ਹੈ ਪਰ ਹੁਕਮ ਚੰਦ ਅੰਦਰ ਇਹ ਡਰ ਹੈ ਕਿ ਉਹ ਮੁਸਲਮਾਨ ਹੈ। ਉਧਰ ਮਨੂ ਮਾਜਰੇ ਦੇ ਜੱਗੇ (ਨਿਰਮਲ ਪਾਂਡੇ) ਨੇ ਪਿੰਡ ਵਿਚ ਊਧਮ ਮਚਾਇਆ ਹੋਇਆ ਹੈ। ਉਹ ਅੱਖੜ ਬਦਮਾਸ਼ ਹੈ। ਪਿੰਡ ਦੀ ਇੱਕ ਮੁਸਲਮਾਨ ਕੁੜੀ ਨਾਲ ਇਸ਼ਕ ਵੀ ਕਰਦਾ ਹੈ। ਜੱਗੇ ਦੀਆਂ ਦੁਸ਼ਮਣੀਆਂ ਵੀ ਹਨ।

ਸਭ ਕੁਝ ਸੁਭਾਵਿਕ ਚਲ ਰਿਹਾ ਹੈ, ਜਿਵੇਂ ਆਮ ਪਿੰਡਾਂ ਵਿਚ ਹੁੰਦਾ ਹੈ। ਮੰਗਲ ਢਿੱਲੋਂ ਪੁਲਿਸ ਅਧਿਕਾਰੀ ਹੈ। ਉਹ ਵੀ ਜ਼ਿਲ੍ਹਾ ਅਫਸਰ ਦਾ ਖਾਸ ਬੰਦਾ ਹੈ, ਤੇ ਉਸ ਨੂੰ ਵੀ ਲਗਦਾ ਹੈ ਕਿ ਸਭ ਕੁਝ ਠਕਿ-ਠਾਕ ਹੈ, ਸਿਵਾਇ ਛੋਟੇ-ਮੋਟੇ ਜੁਰਮ ਤੋਂ; ਉਹ ਤਾਂ ਹਰ ਜਗ੍ਹਾ ਹੀ ਹੁੰਦੇ ਨੇ। ਸਰਹੱਦੀ ਇਲਾਕੇ 'ਚ ਵੰਡ ਦੀ ਤ੍ਰਾਸਦੀ ਦੇਖਣ ਲਈ ਮਨੁੱਖੀ ਅਧਿਕਾਰ ਤਨਜ਼ੀਮ ਦਾ ਕਾਰਕੁਨ ਇਕਬਾਲ (ਰਜਤ ਕਪੂਰ) ਮਨੂ ਮਾਜਰਾ ਆਉਂਦਾ ਹੈ।

ਹਾਲਾਤ ਬਿਲਕੁਲ ਠੀਕ ਹਨ, ਕਿਤੇ ਕੋਈ ਕੁੜੱਤਣ ਨਹੀਂ। ਇਕਬਾਲ ਆਪਣੀ ਠਹਿਰ ਪਿੰਡ ਦੇ ਗੁਰਦੁਆਰੇ 'ਚ ਰੱਖਦਾ ਹੈ, ਗੁਰਦੁਆਰੇ ਦਾ ਭਾਈ ਨੇਕ ਇਨਸਾਨ ਹੈ, ਉਹ ਉਸ ਨੂੰ ਆਸਰਾ ਦਿੰਦਾ ਹੈ। ਇਸੇ ਦਰਮਿਆਨ ਮਨੂੰ ਮਾਜਰਾ 'ਚ ਹੀ ਲੁਟੇਰੇ ਇੱਕ ਹਿੰਦੂ ਸ਼ਾਹੂਕਾਰ ਦਾ ਘਰ ਲੁੱਟਣ ਪੈ ਜਾਂਦੇ ਹਨ। ਉਸ ਹਿੰਦੂ ਸ਼ਾਹੂਕਾਰ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪੁਲਿਸ ਨੂੰ ਸ਼ੱਕ ਹੈ ਕਤਲ ਜੱਗੇ ਨੇ ਕੀਤਾ ਹੈ। ਜੱਗਾ ਵੀ ਫੜ ਲਿਆ ਜਾਂਦਾ ਹੈ ਤੇ ਇਕਬਾਲ ਨੂੰ ਵੀ ਜੋ ਕੁਝ ਦਿਨਾਂ ਤੋਂ ਗੁਰਦੁਆਰੇ 'ਚ ਰਹਿ ਰਿਹਾ ਸੀ। ਇਹ ਉਸੇ ਤਰ੍ਹਾਂ ਦੀਆਂ ਘਟਨਾਵਾਂ ਹਨ, ਮਾਮੂਲ ਹੈ ਜਿਸ ਤਰ੍ਹਾਂ ਆਮ ਹਾਲਾਤ 'ਚ ਹੁੰਦਾ ਹੈ। ਕੋਈ ਫਿਰਕੂ ਫਰਕ ਨਹੀਂ, ਹਾਲਾਂਕਿ ਵੰਡ ਹੋ ਵੀ ਚੁੱਕੀ ਹੈ, ਭਾਵੇਂ ਕਤਲ ਵੀ ਹੋ ਗਿਆ ਹੈ।

ਫਿਰ ਇੱਕ ਦਿਨ ਅਜਿਹਾ ਕੁਝ ਵਾਪਰਦਾ ਹੈ ਕਿ ਸਭ ਕੁਝ ਬਦਲ ਜਾਂਦਾ ਹੈ। ਪਿੰਡ ਦੇ ਸਟੇਸ਼ਨ 'ਤੇ ਰੇਲ ਗੱਡੀ ਆਉਂਦੀ ਹੈ ਜਿਸ ਵਿਚ ਹਿੰਦੂ ਸਿੱਖਾਂ ਔਰਤਾਂ ਬੱਚਿਆਂ ਦੀਆਂ ਲਾਸ਼ਾਂ ਹਨ, ਇਹ ਗੱਡੀ ਨਵੇਂ ਬਣੇ ਪਾਕਿਸਤਾਨ ਤੋਂ ਆਈ ਹੈ। ਮੌਕੇ 'ਤੇ ਫ਼ੌਜ ਵੀ ਆ ਜਾਂਦੀ ਹੈ। ਜ਼ਿਲ੍ਹਾ ਅਧਿਕਾਰੀ ਦੇ ਨਾ ਚਾਹੁੰਦਿਆਂ ਵੀ ਫ਼ੌਜ ਆਪਣੇ ਮੁਤਾਬਿਕ ਸਭ ਕੁਝ ਕਰਦੀ ਹੈ। ਫ਼ੌਜ ਦੇ ਅਧਿਕਾਰੀ ਪਿੰਡ ਵਾਲਿਆਂ ਨੂੰ ਬਾਲਣ ਤੇ ਮਿੱਟੀ ਦੇ ਤੇਲ ਦਾ ਇੰਤਜ਼ਾਮ ਕਰਨ ਨੂੰ ਕਹਿੰਦੇ ਹਨ। ਪਿੰਡ ਦੇ ਹਿੰਦੂ ਮੁਸਲਮਾਨ ਤੇ ਸਿੱਖ ਘਰ ਇਹ ਇੰਤਜ਼ਾਮ ਕਰਦੇ ਹਨ ਹਾਲਾਂਕਿ ਉਹ ਨਹੀਂ ਜਾਣਦੇ ਕਿ ਇਸ ਬਾਲਣ ਦਾ ਕੀ ਕੀਤਾ ਜਾਣਾ ਹੈ। ਉਹਨਾਂ ਨੂੰ ਨਹੀਂ ਪਤਾ ਕਿ ਇਸ ਤੋਂ ਬਾਅਦ ਭਾਂਬੜ ਉਹਨਾਂ ਦੇ ਘਰਾਂ ਤੋਂ ਵੀ ਉੱਠਣ ਵਾਲੇ ਹਨ!

ਉਸ ਬਾਲਣ ਨਾਲ ਫ਼ੌਜ ਉਹਨਾਂ ਅਣਗਿਣਤ ਲਾਸ਼ਾਂ ਦਾ ਅੰਤਿਮ ਸੰਸਕਾਰ ਕਰਦੀ ਹੈ, ਧੂੰਆਂ ਤੇ ਲਾਸ਼ਾਂ ਦੀ ਗੰਧ ਕਾਰਨ ਪਿੰਡ ਵਾਲੇ ਵੀ ਉਥੇ ਪਹੁੰਚ ਜਾਂਦੇ ਹਨ। ਇਹ ਕਤਲੋ-ਗਾਰਤ ਦਾ ਅਸਰ ਹੈ ਕਿ ਫ਼ੌਜ ਤੇ ਪੁਲਿਸ ਅਧਿਕਾਰੀ ਮੁਸਲਮਾਨਾਂ ਪ੍ਰਤੀ ਨਫਰਤ ਨਾਲ ਭਰ ਚੁੱਕੇ ਹਨ। ਕੁਝ ਕੁ ਨੂੰ ਛੱਡ ਕੇ ਪਿੰਡ ਵਾਲਿਆਂ ਵਿਚ ਵੀ ਨਫਰਤ ਆ ਚੁੱਕੀ ਹੈ। ਪਿੰਡ ਦੇ ਸਿਆਣੇ ਬੰਦੇ ਫੈਸਲਾ ਕਰਦੇ ਹਨ ਕਿ ਹੁਣ ਮੁਸਲਮਾਨਾਂ ਦਾ ਪਿੰਡ ਵਿਚ ਸੁਰੱਖਿਅਤ ਨਹੀਂ।

ਕੁਝ ਹੀ ਸਮੇਂ ਵਿਚ ਸਭ ਕੁਝ ਬਦਲ ਜਾਂਦਾ ਹੈ। ਮੁਸਲਮਾਨ ਪਿੰਡ ਛੱਡਣ ਲਈ ਤਿਆਰ ਹਨ। ਇਹਨਾਂ 'ਚ ਜੱਗੇ ਦੀ ਪ੍ਰੇਮਿਕਾ ਵੀ ਹੈ। ਉਹ ਹੁਣ ਮਾਂ ਬਣਨ ਵਾਲੀ ਹੈ। ਪਿੰਡ ਛੱਡਣ ਦੇ ਇਨ੍ਹਾਂ ਦ੍ਰਿਸ਼ਾਂ ਵਿਚ ਕੁਝ ਭਾਵਪੂਰਨ ਦ੍ਰਿਸ਼ ਦੇਖਣ ਨੂੰ ਮਿਲਦੇ ਹਨ। ਪਿੰਡ ਦੇ ਸੰਜੀਦਾ ਸਿੱਖ ਜ਼ਿੰਮੇਵਾਰੀ ਲੈਂਦੇ ਹਨ ਕਿ ਉਹਨਾਂ ਦੀ ਜ਼ਿੰਮੇਵਾਰੀ 'ਤੇ ਮੁਸਲਮਾਨਾਂ ਨੂੰ ਪਿੰਡ ਵਿਚ ਹੀ ਰਹਿਣ ਦਿੱਤਾ ਜਾਵੇ ਪਰ ਫ਼ੌਜ ਦੇ ਅਧਿਕਾਰੀ ਮੰਨਣ ਨੂੰ ਤਿਆਰ ਨਹੀਂ।

ਮਾਹੌਲ ਵਿਚ ਜ਼ਹਿਰ ਘੁੱਲ ਚੁਕੀ ਹੈ। ਸਿਆਣੇ ਬੰਦੇ ਇਹ ਭਾਂਪ ਚੁੱਕੇ ਹਨ, ਸੋ ਉਹ ਇਸੇ ਵਿਚ ਬਿਹਤਰੀ ਸਮਝਦੇ ਹਨ ਕਿ ਉਹਨਾਂ ਨੂੰ ਭੇਜ ਦਿੱਤਾ ਜਾਵੇ। ਸੂਚਨਾ ਹੈ ਕਿ ਨਾਲ ਦੇ ਪਿੰਡੋਂ ਉਹਨਾਂ ਨੂੰ ਪਾਕਿਸਤਾਨ ਭੇਜ ਦਿੱਤਾ ਜਾਵੇਗਾ ਪਰ ਫ਼ੌਜ ਦੇ ਅਧਿਕਾਰੀ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਸਮਾਨ ਨਾਲ ਲਿਜਾਣ ਦੀ ਇਜਾਜ਼ਤ ਨਹੀਂ ਦਿੰਦੇ ਬਲਕਿ ਹੁਕਮ ਦਿੰਦੇ ਹਨ ਜੇ ਪੰਜ ਮਿੰਟਾਂ 'ਚ ਉਹ ਗੱਡੀਆਂ ਵਿਚ ਸਵਾਰ ਨਾ ਹੋਏ, ਉਹਨਾਂ ਦਾ ਅੰਜਾਮ ਬੁਰਾ ਹੋਵੇਗਾ।

ਪੰਜ ਮਿੰਟ ਵਾਲਾ ਇਹ ਦ੍ਰਿਸ਼ ਵੀ ਵਿਚਲਿਤ ਕਰਦਾ ਹੈ। ਜਨਮ ਭੂਮੀ, ਘਰ-ਬਾਰ ਛਡਣ ਦਾ ਫੈਸਲਾ ਤੇ ਸਿਰਫ ਪੰਜ ਮਿੰਟ!

ਸ਼ਾਮ ਨੂੰ ਪਿੰਡ ਦੇ ਲੋਕ ਉਦਾਸ ਹਨ। ਉਹ ਭਜਨ ਸਿਮਰਨ ਕਰ ਰਹੇ ਹਨ ਕਿ ਕੁਝ ਸਿੱਖ ਨੌਜਵਾਨ ਗੁੱਸੇ ਨਾਲ ਭਰ ਹੋਏ ਆਉਂਦੇ ਹਨ। ਹਿੰਦੂ ਸਿੱਖਾਂ ਦੇ ਕਤਲੇਆਮ ਕਾਰਨ ਨਫਰਤ ਨਾਲ ਭਰੇ ਹੋਏ ਹਨ। ਉਹ ਪਿੰਡ ਵਾਲਿਆਂ ਨੂੰ ਕਹਿੰਦੇ ਹਨ ਕਿ ਉਹ ਬੁਜ਼ਦਿਲ ਹਨ ਜਿਨ੍ਹਾਂ ਨੇ ਮੁਸਲਮਾਨਾਂ ਨੂੰ ਚੰਗੇ ਭਲੇ ਪਿੰਡ ਵਿਚੋਂ ਕੱਢ ਦਿੱਤਾ ਹੈ, ਉਧਰ ਉਹ ਸਾਰੇ ਹਿੰਦੂ ਸਿੱਖਾਂ ਨੂੰ ਮਾਰ ਰਹੇ ਹਨ। ਉਹ ਬਦਲਾ ਲੈਣ ਦੀ ਗੱਲ ਕਰਦੇ ਹਨ ਤਾਂ ਪਿੰਡ ਦੇ ਕੁਝ ਲੁਟੇਰੇ ਕਿਸਮ ਦੇ ਅਤੇ ਕੁਝ ਗੁੱਸੇ ਨਾਲ ਭਰੇ ਪੀਤੇ ਨੌਜਵਾਨ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹੋ ਜਾਂਦੇ ਹਨ। ਉਹ ਯੋਜਨਾ ਬਣਾ ਲੈਂਦੇ ਹਨ ਕਿ ਜਦੋਂ ਪਾਕਿਸਤਾਨ ਨੂੰ ਗੱਡੀ ਜਾਵੇਗੀ ਤਾਂ ਹਮਲਾ ਕਰ ਦਿੱਤਾ ਜਾਵੇਗਾ। ਫਿਲਮ ਦੀ ਕਹਾਣੀ ਦਾ ਸਿਰਲੇਖ ਵੀ ਉਸੇ ਗੱਡੀ ਤੋਂ ਲਿਆ ਗਿਆ ਹੈ; ਰੇਲ ਜੋ ਮੁਸਲਮਾਨਾਂ ਨਾਲ ਭਰੀ ਹੋਵੇਗੀ ਤੇ ਨਵੇਂ ਬਣੇ ਦੇਸ਼ ਵੱਲ ਜਾਵੇਗੀ। ਉਹ ਜਾਣਦੇ ਹਨ ਕਿ ਪਾਕਿਸਤਾਨ ਜਾਣ ਵਾਲੀ ਗੱਡੀ ਛੱਤ ਉਪਰ ਵੀ ਪੂਰੀ ਤਰ੍ਹਾਂ ਭਰੀ ਹੋਵੇਗੀ। ਉਹ ਯੋਜਨਾ ਬਣਾ ਲੈਂਦੇ ਹਨ ਕਿ ਪੁਲ ਉਪਰ ਮਜ਼ਬੂਤ ਰੱਸਾ ਬੰਨ੍ਹ ਦਿੱਤਾ ਜਾਵੇਗਾ, ਰੱਸੇ ਕਰ ਕੇ ਉਪਰ ਬੈਠੇ ਸਾਰੇ ਲੋਕ ਆਪਣੇ ਆਪ ਖਤਮ ਹੋ ਜਾਣਗੇ। ਨਾਲ ਹੀ ਗੱਡੀ ਉੱਪਰ ਵੀ ਹਮਲਾ ਕਰ ਦਿੱਤਾ ਜਾਵੇਗਾ ਅਤੇ ਬਾਕੀ ਰਹਿੰਦੇ ਲੋਕਾਂ ਨੂੰ ਮਾਰ ਦਿੱਤਾ ਜਾਵੇਗਾ।

ਪੁਲਿਸ ਪ੍ਰਸ਼ਾਸਨ ਤੱਕ ਉਨ੍ਹਾਂ ਦੀ ਇਹ ਯੋਜਨਾ ਪਹੁੰਚ ਜਾਂਦੀ ਹੈ ਪਰ ਪੁਲਿਸ ਹੁਣ ਬੇਵਸ ਹੈ ਅਤੇ ਪਾਕਿਸਤਾਨ ਜਾ ਰਹੀ ਗੱਡੀ ਵਿਚ ਹੋਣ ਵਾਲੀ ਕਤਲੋ-ਗਾਰਤ ਰੋਕਣ ਤੋਂ ਅਸਮਰਥ ਹੈ। ਹਾਲਾਤ ਕਾਬੂ ਤੋਂ ਬਾਹਰ ਹੁੰਦੇ ਦੇਖ ਜ਼ਿਲ੍ਹਾ ਅਧਿਕਾਰੀ ਜੱਗੇ ਅਤੇ ਇਕਬਾਲ ਨੂੰ ਛੱਡਣ ਦਾ ਹੁਕਮ ਦੇ ਦਿੰਦਾ ਹੈ। ਰਿਹਾ ਹੋਣ ਤੋਂ ਬਾਅਦ ਜੱਗਾ ਜਦੋਂ ਘਰੇ ਪਹੁੰਚਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਪ੍ਰੇਮਿਕਾ ਵੀ ਉਸ ਕਾਫਲੇ ਵਿਚ ਗਈ ਹੈ ਜਿਸ ਨੂੰ ਮਾਰੇ ਜਾਣ ਦੀ ਯੋਜਨਾ ਬਣਾਈ ਹੈ। ਉਹ ਕਤਲੇਆਮ ਰੋਕਣ ਲਈ ਆਪਣੀ ਜਾਨ ਦੀ ਬਾਜ਼ੀ ਲਾਉਣ ਲਈ ਤਿਆਰ ਹੋ ਜਾਂਦਾ ਹੈ। ਫਿਲਮ ਦੇ ਅੰਤ ਵਿਚ ਉਹ ਆਪਣੀ ਜਾਨ 'ਤੇ ਖੇਡ ਕੇ ਵੀ ਉਸ ਰੱਸੇ ਨੂੰ ਕੱਟਦਾ ਹੈ ਜਿਸ ਕਾਰਨ ਹਜ਼ਾਰਾਂ ਲੋਕਾਂ ਨੇ ਮਾਰਿਆ ਜਾਣਾ ਸੀ। ਉਸ ਦੇ ਅੰਦਰ ਦਾ ਕਿਰਦਾਰ ਬਦਲ ਜਾਂਦਾ ਹੈ। ਉਹ ਆਪਣੀ ਪ੍ਰੇਮਿਕਾ ਨੂੰ ਹੀ ਨਹੀਂ ਬਚਾਉਣਾ ਚਾਹੁੰਦਾ ਬਲਕਿ ਗੱਡੀ ਵਿਚ ਸਵਾਰ ਹਰ ਮਨੁੱਖ ਨੂੰ ਬਚਾਉਣਾ ਚਾਹੁੰਦਾ ਹੈ।

ਜੱਗਾ ਰੱਸਾ ਕੱਟ ਦਿੰਦਾ ਹੈ ਪਰ ਉਹ ਆਪ ਮਾਰਿਆ ਜਾਂਦਾ ਹੈ। ਫਿਲਮ ਦੀ ਕਹਾਣੀ ਇਥੇ ਹੀ ਖਤਮ ਹੋ ਜਾਂਦੀ ਹੈ ਪਰ ਵੰਡ ਦੀ ਖੂਨੀ ਲੜਾਈ 'ਚ ਭਿੱਜੀ ਧਰਤੀ, ਉੱਜੜੇ, ਡਰੇ, ਉਦਾਸ ਲੋਕਾਂ ਦੇ ਚਿਹਰੇ ਤੁਹਾਡੇ ਜ਼ਿਹਨ ਚ ਤੈਰਦੇ ਰਹਿ ਜਾਂਦੇ ਹਨ। ਕਹਾਣੀ ਦੀ ਇੱਕ ਵਿਸ਼ੇਸ਼ਤਾ ਇਹ ਵੀ ਕਿ ਕਿਰਦਾਰ ਸੰਤੁਲਿਤ ਤੇ ਸੁਭਾਵਿਕ ਨਜ਼ਰ ਆਉਂਦੇ ਹਨ, ਸਮੇਂ ਤੇ ਹਾਲਾਤ ਮੁਤਾਬਿਕ ਹੀ ਪ੍ਰਤੀਕਿਰਿਆ ਕਰਦੇ ਪ੍ਰਤੀਤ ਹੁੰਦੇ ਹਨ।

ਫਿਲਮ ਦੀ ਵਿਸ਼ੇਸ਼ਤਾ ਇਸ ਦੀ ਚੁਸਤ ਸੰਪਾਦਨਾ ਵਿਚ ਹੈ। ਹਰ ਨਵਾਂ ਦ੍ਰਿਸ਼ ਨਵੀਂ ਜਗਿਆਸਾ ਲੈ ਕੇ ਆਉਂਦਾ ਹੈ। ਨਿਰਦੇਸ਼ਨ ਸੰਤੋਖਜਨਕ ਹੈ। ਨਿਰਮਲ ਪਾਂਡੇ, ਮੋਹਨ ਆਗਾਸ਼ੇ, ਦਿਵਿਆ ਦੱਤਾ ਦਾ ਕੰਮ ਪ੍ਰਭਾਵਿਤ ਕਰਦਾ ਹੈ। ਸੰਗੀਤ ਦੇ ਨਾਂ 'ਤੇ ਜ਼ਿਆਦਾ ਕੁਝ ਨਹੀਂ ਹੈ। ਕਾਸ਼! ਨਿਰਮਲ ਪਾਂਡੇ ਦੇ ਸ਼ਬਦਾਂ ਵਿਚ ਪੰਜਾਬੀ ਦੀ ਮੌਲਿਕ ਪੁੱਠ ਹੁੰਦੀ! ਬਹਰਹਾਲ, ਵੰਡ ਦੀ ਤ੍ਰਾਸਦੀ ਨੂੰ ਨੇੜਿਓਂ ਸਮਝਣਾ ਹੋਵੇ ਤਾਂ ਇਹ ਫਿਲਮ ਦੇਖਣੀ ਚਾਹੀਦੀ ਹੈ। ਫਿਲਮ ਦੇਖਦਿਆਂ ਇਹ ਦੇਖ ਕੇ ਹੋਰ ਉਦਾਸ ਹੋ ਗਿਆ ਹਾਂ ਕਿ ਉਜੜਨ ਵੇਲੇ ਦੇ ਆਖਰੀ ਪਲਾਂ ਤੱਕ ਉਦੋਂ ਲੋਕਾਂ ਨੂੰ ਲਗਦਾ ਹੀ ਨਹੀਂ ਸੀ ਕਿ ਵੰਡ ਲਾਗੂ ਹੋ ਜਾਵੇਗੀ।

*ਫਿਲਮ ਦੇ ਕੁਝ ਦ੍ਰਿਸ਼ ਪਾਤਰਾਂ ਦੀ ਅੰਦਰੂਨੀ ਟੁੱਟ-ਭੱਜ ਕਾਰਨ ਸਦਾ ਲਈ ਤੁਹਾਡੇ ਚੇਤਿਆਂ ਵਿਚ ਰਹਿ ਜਾਣਗੇ। ਤੁਸੀਂ ਰੇਲ ਗੱਡੀ ਦੇ ਡਰਾਇਵਰ ਦਾ ਉਹ ਧੁਆਂਖਿਆ ਚਿਹਰਾ ਕਦੇ ਨਹੀਂ ਭੁੱਲ ਸਕੋਗੇ ਜੋ ਲਾਸ਼ਾਂ ਨਾਲ ਭਰੀ ਗੱਡੀ ਪਾਕਿਸਤਾਨ ਤੋਂ ਲਿਆਉਂਦਾ ਹੈ, ਦੰਗਈਆਂ ਨੇ ਸਿਰਫ ਉਸ ਨੂੰ ਛੱਡ ਦਿੱਤਾ ਹੈ ਤਾਂ ਕਿ ਉਹ ਗੱਡੀ ਲਿਜਾ ਕੇ ਦੂਜੇ ਪਾਸੇ ਉਸ ਬੇਰਹਿਮੀ ਨੂੰ ਦਿਖਾ ਦੇਵੇ।... ਤੁਸੀਂ ਹਿਜਰਤ ਕਰ ਕੇ ਆ ਰਹੇ ਖਾਲੀ ਹੱਥ ਲੋਕਾਂ ਦੇ ਸਮੂਹ ਨੂੰ ਵੀ ਨਹੀਂ ਭੁੱਲ ਸਕੋਗੇ। ਇਕ ਹੋਰ ਦ੍ਰਿਸ਼ ਇਸ ਫਿਲਮ ਨੂੰ ਦੇਖਣ ਤੋਂ ਕਈ ਦਿਨਾਂ ਬਾਅਦ ਵੀ ਤੁਹਾਡੇ ਜ਼ਿਹਨ ਵਿਚ ਆਉਂਦਾ ਰਹੇਗਾ; ਉਹ ਦ੍ਰਿਸ਼ ਜਦੋਂ ਪਿੰਡ ਵਾਲੇ ਅਚਾਨਕ ਦੇਖਦੇ ਹਨ ਕਿ ਪਿੰਡ ਦੇ ਨਾਲ ਲੰਘਦਾ ਸਤਲੁਜ ਦਰਿਆ ਲਾਸ਼ਾਂ ਨਾਲ ਭਰਿਆ ਹੋਇਆ ਹੈ। ਖੁਸ਼ਵੰਤ ਸਿੰਘ ਦੇ ਇਸੇ ਨਾਂ ਵਾਲੇ ਨਾਵਲ ਵਿਚ ਦਰਜ ਇਹ ਕਹਾਣੀ ਹੱਦ ਦੇ ਨੇੜੇ ਵਸੇ ਪਿੰਡ ਮਨੂ ਮਾਜਰਾ ਦੀ ਹੈ ਜੋ ਵੰਡ ਦੇ ਐਲਾਨ ਤੋਂ ਬਾਅਦ ਵੀ ਸ਼ਾਂਤ ਹੈ। ਸਦੀਆਂ ਤੋਂ ਰਲ-ਮਿਲ ਰਹਿ ਰਹੇ ਲੋਕ ਸੋਚ ਵੀ ਨਹੀਂ ਰਹੇ ਕਿ ਅਜਿਹਾ ਕੁਝ ਵਾਪਰ ਗਿਆ ਹੈ ਕਿ ਉਸ ਸਰਜ਼ਮੀਂ ਛੱਡ ਕੇ ਉਸ ਥਾਂ ਜਾਣਾ ਪਵੇਗਾ ਜਿਸ ਨੂੰ ਹੁਣ ਪਾਕਿਸਤਾਨ ਕਿਹਾ ਜਾਂਦਾ ਹੈ।*

# Golden State Realty

Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2023*

**Ph: 510-304-9292 or 408-666-8279**



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 48 Terra Vista Ave Apt D San Francisco CA 94115
2. 2411 Bentley Lane Tracy CA 95376
3. 150 Yolo Ct San Bruno CA 94066
4. 5079 Brett Court CA, 94538
5. 1379 Michael Dr Tracy, CA, 95337
6. 3055 Bernard Ave San Ramon, CA, 94583
7. 380 cardona Cir Pleasanton CA 94583
8. 5788 Arlene way Livermore CA 94550
9. 2569 Bennett ct Tracy CA 95377
10. 3055 Bernard Ave San Ramon, CA, 94583
11. 1693 Corpsman St Manteca, CA, 95337
12. 5177 Roycroft Way Fremont, CA, 94538
13. 2925 Mabury Rd San Jose, CA, 95133
14. 105 Machado Ct Tracy, CA, 95376
15. 3315 Mount Everest dr San Jose ca 95127
16. 16765 oak view Cir Morgan hill ca 95037

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095